
The Fall *of the* Kingdom *of the* Punjab

ਸਿੱਖ ਰਾਜ ਦਾ ਅੰਤ



ਖੁਸ਼ਵੰਤ ਸਿੰਘ

ਖੁਸ਼ਵੰਤ ਸਿੰਘ ਦੀਆਂ ਹੋਰ ਪੁਸਤਕਾਂ :

- ਸਿੱਖ ਰਾਜ ਦਾ ਅੰਤ
- ਚੰਗੇ, ਮਾੜੇ, ਬੁਤਕੇ
- ਖੁਸ਼ਵੰਤਨਾਮਾ ਮੇਰੇ ਜੀਵਨ ਦੇ ਸਬਕ
- ਰੱਬ ਦੀ ਲੋੜ ਹੈ
- ਔਰਤ ਪਿਆਰ ਅਤੇ ਖਿੱਚ
- ਮੌਜ ਮੇਲਾ
- ਸੈਕਸ, ਸਕਾੱਚ, ਸਕਾਲਰਸ਼ਿਪ
- ਪੰਜਾਬ ਦਾ ਦੁਖਾਂਤ
- ਮਾਂ ਦੁਰਗੇਸ਼ਵਰੀ
- ਰੰਨਾਂ ਵਿਚ ਧੰਨਾਂ
- ਪਾਕਿਸਤਾਨ ਮੇਲ
- ਮੇਰੇ ਜੀਵਨ ਵਿਚ ਆਈਆਂ ਔਰਤਾਂ ਅਤੇ ਮਰਦ
- ਖੁਸ਼ਵੰਤ ਸਿੰਘ ਦੇ ਲਤੀਫ਼ੇ-1-6

ਸਿੱਖ ਰਾਜ ਦਾ ਅੰਤ

ਖੁਸ਼ਵੰਤ ਸਿੰਘ

UNiSTAR

Sikh History/Punjab History/Ranjit Singh

ISBN : 978-93-5113-484-8

Sikh Raaj Da Antt

by

Khushwant Singh

Translated by

Abhai Singh

2015
Unistar Books Pvt. Ltd.
S.C.O. 26-27, Sector 34 A, Chandigarh-160022
India
Ph. +91-172-5077427, 5077428
email : unistarbooks@gmail.com
Printed & bound at Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
email : unistarbooks@gmail.com
website : www.unistarbooks.com

Produced and bound in India

ਸਮਰਪਣ

ਇਹ ਕਿਤਾਬ
ਸਰਦਾਰ ਬਹਾਦਰ ਸਰ ਤੇਜਾ ਸਿੰਘ ਮਲਿਕ, ਸੀ. ਆਈ. ਈ.
ਤੇ ਉਹਨਾਂ ਦੀ ਪਤਨੀ ਲੇਡੀ ਰਾਜ ਮਲਿਕ ਨੂੰ ਸਮਰਪਿਤ ਹੈ
ਜਿਹਨਾਂ ਨੇ ਆਪਣੀ ਜ਼ਿੰਦਗੀ ਦਾ ਬਹੁਤ ਵੱਡਾ ਹਿੱਸਾ
ਆਪਣੇ ਗੁਰੂਆਂ ਦੀ ਸੇਵਾ ਵਿਚ ਲਗਾਇਆ

ਤਤਕਰਾ

ਲੇਖਕ ਦੀ ਭੂਮਿਕਾ

ਇਹ ਛੋਟੀ ਜਿਹੀ ਕਿਤਾਬ ਪੰਜਾਬ ਦੇ ਖਾਲਸਾ ਰਾਜ ਦੇ ਅੰਤ ਦੀ ਕਹਾਣੀ ਹੈ। ਇਹ ਦੁਪਹਿਰ ਬਾਅਦ 27 ਜੂਨ, 1839 ਨੂੰ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਲੈ ਕੇ 14 ਮਾਰਚ, 1849 ਨੂੰ ਪੰਜਾਬੀ ਫੌਜਾਂ ਵੱਲੋਂ ਹਥਿਆਰ ਸੁੱਟਣ ਤੱਕ ਦੇ ਦਸ ਸਾਲਾਂ ਦੀ ਕਹਾਣੀ ਹੈ। ਇਸ ਕਹਾਣੀ ਦੇ ਪਾਤਰਾਂ ਤੇ ਘਟਨਾਵਾਂ ਦਾ ਜ਼ਿਕਰ ਉਸ ਵੇਲੇ ਦੀਆਂ ਇਤਿਹਾਸਕ ਦਸਤਾਵੇਜ਼ਾਂ ਉਪਰ ਅਧਾਰਤ ਹੈ।

ਮੈਂ ਰਾਕਫੈਲਰ ਫਾਊਂਡੇਸ਼ਨ ਦਾ ਬਹੁਤ ਧੰਨਵਾਦੀ ਹਾਂ ਜਿਹਨਾਂ ਦੀ ਸਹਾਇਤਾ ਤੋਂ ਬਿਨਾਂ ਮੈਂ ਸਿੱਖ ਇਤਹਾਸ ਦੀ ਖੋਜ ਵਾਸਤੇ ਉਚੇਚੇ ਤਿੰਨ ਸਾਲ ਨਹੀਂ ਲਗਾ ਸਕਦਾ ਸੀ। ਇਹ ਕਿਤਾਬ ਉਸ ਖੋਜ ਦੀ ਪੈਦਾਵਾਰ ਹੈ। ਮੈਂ ਰਾਸ਼ਟਰੀ ਪੁਰਾਲੇਖ ਸੰਸਥਾ, ਨੈਸ਼ਨਲ ਆਰਕੀਵੀਜ਼, ਦੇ ਐਮ. ਐਲ. ਆਹਲੂਵਾਲੀਆ ਦਾ ਬਹੁਤ ਧੰਨਵਾਦੀ ਹਾਂ। ਮੈਂ ਆਪਣੀ ਸਹਾਇਕ ਮਿਸ ਯਵੋਨੀ ਦਾ ਵੀ ਆਭਾਰੀ ਹਾਂ ਜਿਸ ਨੇ ਇਸ ਕਿਤਾਬ ਨੂੰ ਸਿਰੇ ਲਗਾਉਣ ਵਿਚ ਮੇਰੀ ਮਦਦ ਕੀਤੀ।

ਖੁਸ਼ਵੰਤ ਸਿੰਘ

ਔਥਰਜ਼ ਕਲੱਬ
ਲੰਡਨ ਐਸ. ਡਬਲਯੂ. ਆਈ.

The Fall *of the* Kingdom *of the* Punjab

ਸਿੱਖ ਰਾਜ ਦਾ ਅੰਤ



ਖ਼ੁਸ਼ਵੰਤ ਸਿੰਘ

ਦੋ ਲ.ਫਜ਼ ਅਨੁਵਾਦਕ ਵੱਲੋਂ

ਇਨਸਾਨ ਨੂੰ ਆਪਣਾ ਵਰਤਮਾਨ ਤੇ ਭਵਿੱਖ ਸਮਝਣ ਵਾਸਤੇ ਇਤਿਹਾਸ ਦੀ ਜਾਣਕਾਰੀ ਜ਼ਰੂਰੀ ਗਿਣੀ ਗਈ ਹੈ। ਲਾਹੌਰ ਦੇ ਸਿੱਖ ਦਰਬਾਰ ਦੇ ਆਖਰੀ ਸਾਲਾਂ ਦੀਆਂ ਕਹਾਣੀਆਂ ਬਹੁਤ ਦਿਲਚਸਪ ਹਨ। ਇਤਨੀ ਛੋਟੀ ਕਿਤਾਬ ਵਿਚ ਉਸ ਦਾ ਇਤਨਾ ਵੱਡਾ ਵੇਰਵਾ ਹੋਰ ਕਿਧਰੇ ਨਹੀਂ ਮਿਲਦਾ। ਇਤਿਹਾਸ ਬਾਰੇ ਬਹੁਤ ਵਾਰ ਸੁਣਿਆ ਜਾਂਦਾ ਹੈ ਕਿ ਇਹ ਫਲਾਨੇ ਕਿਸਮ ਦੇ ਬੰਦਿਆਂ ਨੇ ਆਪਣੇ ਹੱਕ ਵਿਚ ਮੋੜਾ ਦੇਣ ਵਾਸਤੇ ਜਾਂ ਕਿਸੇ ਦੂਸਰੇ ਫਿਰਕੇ ਨੂੰ ਬਦਨਾਮ ਕਰਨ ਵਾਸਤੇ ਤਰੋੜ ਮਰੋੜ ਕੇ ਲਿਖਿਆ ਹੈ। 'ਸੱਚਾਈ' ਪੇਸ਼ ਕਰਨ ਵਾਸਤੇ ਇਤਿਹਾਸ ਨੂੰ ਨਵੇਂ ਸਿਰੇ ਤੋਂ ਲਿਖਣ ਦੀਆਂ ਗੱਲਾਂ ਹੁੰਦੀਆਂ ਰਹਿੰਦੀਆਂ ਹਨ। ਦਰ ਅਸਲ ਉਸ ਦਾ ਮਕਸਦ ਵੀ ਸੱਚਾਈ ਨਹੀਂ ਇਕ ਵੱਖਰੀ ਕਿਸਮ ਦਾ ਰੁਖ ਪੇਸ਼ ਕਰਨਾ ਹੁੰਦਾ ਹੈ। ਦਸਤਾਵੇਜ਼ਾਂ ਬਹੁਤ ਕੁਝ ਦੱਸਦੀਆਂ ਹਨ ਪਰ ਉਹਨਾਂ ਦੇ ਪ੍ਰਮਾਣਿਤ ਹੋਣ ਬਾਰੇ ਸ਼ੰਕੇ ਪੈਦਾ ਹੁੰਦੇ ਰਹਿੰਦੇ ਹਨ। ਇਸ ਵਾਸਤੇ ਅਖੀਰਲੀ ਕਸਵੱਟੀ ਅੰਦਾਜ਼ਾ ਹੈ ਕਿ ਕੀ ਖਾਸ ਵਕਤ ਦੇ ਹਲਾਤ ਵਿਚ ਖਾਸ ਕਿਸਮ ਦੀ ਘਟਨਾ ਸੰਭਵ ਸੀ ਕਿ ਨਹੀਂ। ਇਸੇ ਤਰ੍ਹਾਂ ਵਕਤ ਦੇ ਕਿਸੇ ਖਾਸ ਦੌਰ ਵਿਚ ਇਕ ਇਤਿਹਾਸਕ ਹਸਤੀ ਦੀ ਕਿਸ ਤਰ੍ਹਾਂ ਦੀ ਭੂਮਿਕਾ ਸੰਭਵ ਹੋ ਸਕਦੀ ਸੀ, ਇਹ ਜਾਨਣ ਵਾਸਤੇ ਵੀ ਅੰਦਾਜ਼ੇ ਦੀ ਬਹੁਤ ਸ਼ਕਤੀ ਹੁੰਦੀ ਹੈ। ਖੁਸ਼ਵੰਤ ਸਿੰਘ ਨੇ ਦਾਅਵਾ ਕੀਤਾ ਹੈ ਕਿ ਉਸ ਦੀ ਇਹ ਕਿਤਾਬ ਉਸ ਵੇਲੇ ਦੀਆਂ ਦਸਤਾਵੇਜ਼ਾਂ ਉਪਰ ਅਧਾਰਤ ਹੈ। ਜ਼ਰੂਰ ਹੋਵੇਗੀ ਕਿਉਂਕਿ ਕਿਤਾਬ ਨੂੰ ਪੜ੍ਹਦਿਆਂ ਮਨ ਕਾਇਲ ਹੁੰਦਾ ਹੈ ਕਿ ਇਹ ਬਿਲਕੁੱਲ ਏਸੇ ਤਰ੍ਹਾਂ ਹੋਇਆ ਹੋਵੇਗਾ ਜਿਸ ਤਰ੍ਹਾਂ ਲਿਖਿਆ ਗਿਆ।

ਇਤਿਹਾਸ ਦੇ ਲੰਮੇ ਦੌਰ ਵਿਚ ਦਸਾਂ ਸਾਲਾਂ ਦਾ ਵਕਫ਼ਾ ਇਕ ਚੁਟਕੀ ਭਰ ਹੈ ਲੇਕਿਨ ਇਸ ਛੋਟੇ ਜਿਹੇ ਵਕਤ ਦੀਆਂ ਘਟਨਾਵਾਂ ਬਹੁਤ ਹੀ ਡੂੰਘੀਆਂ ਤੇ ਲੰਮੀਆਂ ਚੌੜੀਆਂ ਹਨ। ਉਨੀਂਵੀਂ ਸਦੀ ਦੇ ਵਿਚਕਾਰ ਦਾ ਇਹ ਵਕਤ ਸਾਨੂੰ ਜਾ ਰਹੇ ਮੱਧ ਕਾਲ ਤੇ ਆ ਰਹੇ ਅਧੁਨਿਕ ਯੁੱਗ ਦੀ ਕਹਾਣੀ ਦਰਸਾਉਂਦਾ ਹੈ। ਸੱਤ ਸਮੁੰਦਰ ਤੇ ਹਜ਼ਾਰਾਂ ਮੀਲਾਂ ਦਾ ਪੰਧ ਪਾਰ ਕਰਕੇ ਆਏ ਅੰਗਰੇਜ਼, ਇਕ ਵੱਖਰੀ ਕੌਮ ਹੀ ਨਹੀਂ ਜੋ ਲੜਾਈਆਂ ਦਾ ਵੱਡਾ ਹੁਨਰ ਰੱਖਦੀ ਸੀ, ਉਹ ਇਕ ਵੱਖਰੇ ਸਮਾਜ ਦੀ ਪ੍ਰਤੀਨਿਧਤਾ ਕਰਦੇ ਸਨ। ਨਿਰਸੰਦੇਹ ਉਹ ਸਮਾਜ ਏਸ਼ੀਆ ਦੇ ਹਰ ਸਮਾਜ ਨਾਲੋਂ ਜ਼ਿਆਦਾ ਵਿਕਸਿਤ ਅਤੇ ਅਗਲੀਆਂ ਪੌੜੀਆਂ ਉਪਰ ਸੀ। ਉਹ ਸਭਿਅਕ ਤੌਰ 'ਤੇ ਵੀ ਜ਼ਿਆਦਾ ਵਿਕਸਤ ਸੀ।

ਇਸ ਕਿਤਾਬ ਦੇ ਵਰਕੇ ਥੱਲਦਿਆਂ ਅਸੀਂ ਹੈਰਾਨੀ ਤੇ ਦੁੱਖ ਨਾਲ ਵੀ ਵੇਖਦੇ ਹਾਂ ਕਿ ਕਿਸ ਤਰ੍ਹਾਂ ਲਾਹੌਰ ਦਰਬਾਰ ਦੇ ਪਾਤਰਾਂ ਵਿਚ ਅੱਤ ਦੇ ਦਰਜੇ ਦੀਆਂ ਬੇਈਮਾਨੀ ਭਰੀਆਂ ਸਾਜਿਸ਼ਾਂ, ਵਿਸ਼ਵਾਸ ਘਾਤ, ਗੱਦਾਰੀਆਂ ਤੇ ਇਖਲਾਕ ਤੋਂ ਡਿੱਗੀਆਂ ਹੋਈਆਂ ਹਿੰਸਕ ਘਟਨਾਵਾਂ ਵੇਖਦੇ ਹਾਂ। ਅਤੇ ਇਹ ਵੀ ਵੇਖਦੇ ਹਾਂ ਕਿ ਐਹੋ ਜਿਹੀ ਕੋਈ ਗੱਲ ਅੰਗਰੇਜ਼ੀ ਬੰਦੋਬਸਤ ਵਿਚ ਨਹੀਂ ਪਾਈ ਗਈ। ਉਹਨਾਂ ਦੇ ਸਿਪਾਹੀਆਂ ਤੇ ਅਫਸਰਾਂ ਵਿਚ ਵੀ ਇਕ ਦੂਜੇ ਪ੍ਰਤੀ ਇਮਾਨਦਾਰੀ ਵੇਖੀ ਗਈ ਹੈ।

ਸ਼ੇਰ ਸਿੰਘ ਦਾ ਪਹਿਲਾਂ ਧੋਖੇ ਨਾਲ ਸਿਰ ਵੱਢਣਾ ਤੇ ਫਿਰ ਉਸ ਦੇ ਨਾਬਾਲਗ ਪੁੱਤਰ ਦਾ ਤੇ ਉਸ ਤੋਂ ਬਾਅਦ ਦੋਹਾਂ ਦੇ ਸਿਰ ਨੇਜ਼ੇ ਉਪਰ ਢੰਗ ਕੇ ਘੁੰਮਣਾ ਕ੍ਰਿਤਘਣਤਾ ਦਾ ਘਿਣਾਉਣਾ ਰੂਪ ਹੈ। ਲੰਮੀ ਦੇਰ ਤੱਕ ਦਰਬਾਰ ਦੀ ਸੇਵਾ ਕਰਦੇ ਹੀਰਾ ਸਿੰਘ ਦੇ ਸਿਰ ਦਾ ਵੀ ਇਹੀ ਹਸ਼ਰ ਕੀਤਾ ਗਿਆ ਤੇ ਜਦੋਂ ਮੁਲਤਾਨ ਵਿਚ ਅੰਗਰੇਜ਼ਾਂ ਦੇ ਸਿੱਰ ਵੱਢੇ ਤਾਂ ਉਹਨਾਂ ਨੂੰ ਫੁੱਟਬਾਲ ਦੀ ਤਰ੍ਹਾਂ ਕਿੱਕਾਂ ਮਾਰੀਆਂ ਗਈਆਂ ਤੇ ਉਹਨਾਂ ਉਪਰ ਪੇਸ਼ਾਬ ਕੀਤਾ ਗਿਆ। ਇਹ ਕਿਸੇ ਦੋ ਚਾਰ ਵਿਅਕਤੀਆਂ, ਕਿਸੇ ਫਿਰਕੇ ਜਾਂ ਕੌਮ ਦੇ ਲੋਕਾਂ ਦੇ ਕਿਰਦਾਰ ਦੀ ਗੱਲ ਨਹੀਂ, ਸਾਡੇ ਸਭਿਅਕ ਵਿਕਾਸ ਦੀ ਸਤਰ ਹੀ ਉਹ ਸੀ।

ਸਮਾਜਕ ਪਿਛੜੇਪਣ ਦੀ ਤਸਵੀਰ ਇਸ ਤੱਥ ਤੋਂ ਸਾਹਮਣੇ ਆਉਂਦੀ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਮਰਨ ਵੇਲੇ ਉਸ ਦੀ ਚਿਤਾ ਵਿਚ ਰਾਣੀਆਂ ਤੇ ਦਾਸੀਆਂ ਮਿਲਾ ਕੇ ਅੱਠ ਔਰਤਾਂ ਸਤੀ ਹੋਈਆਂ। ਇਸੇ ਤਰ੍ਹਾਂ ਉਸੇ ਜਗ੍ਹਾ ਸਤੀ ਦੀਆਂ ਹੋਰ ਰਸਮਾਂ ਹੋਈਆਂ। ਹਰ ਬਾਦਸ਼ਾਹ, ਸ਼ਹਿਜ਼ਾਦੇ ਤੇ ਦਰਬਾਰ ਦੇ ਸਰਦਾਰਾਂ ਦੀਆਂ ਕਈ ਕਈ ਪਤਨੀਆਂ ਤੇ ਰਖੈਲਾਂ ਸਨ। ਓਧਰ ਸਿਰਫ਼ ਅੰਗਰੇਜ਼ ਹੀ ਨਹੀਂ ਯੂਰਪ ਦੇ ਕਿਸੇ ਬਾਦਸ਼ਾਹ ਦੀਆਂ ਰਖੇਲਾਂ ਦੇ ਗਿਰੋਹ ਨਹੀਂ ਹੁੰਦੇ ਸਨ।

ਭਾਰਤ ਦੇ ਅੰਗਰੇਜ਼ ਗਵਰਨਰ ਜਨਰਲ ਤੇ ਵਾਇਸਰਾਵਾਂ ਕੋਲ ਇਕ ਵੇਲੇ ਇਕੋ ਪਤਨੀ ਹੁੰਦੀ ਸੀ।

ਸ਼ਾਹ ਮੁਹੰਮਦ ਨੇ ਭਾਵੇ ਓਦੋਂ ਦੀਆਂ ਲੜਾਈਆਂ ਨੂੰ ਜੰਗ ਹਿੰਦ ਪੰਜਾਬ ਦਾ ਦੱਸਿਆ ਹੈ ਪਰ ਉਹ ਜੰਗ ਵੇਲਾ ਹੰਢਾ ਚੁਕੇ ਜਗੀਰਦਾਰੀ ਯੁੱਗ ਤੇ ਆ ਰਹੇ ਪੂੰਜੀਵਾਦ ਦੀ ਸੀ। ਤੇ ਪੂੰਜੀਵਾਦ ਨੇ ਜਿੱਤਣਾ ਹੀ ਸੀ ਚਾਹੇ ਸਰਕਾਰ ਹੁੰਦੀ ਤੇ ਚਾਹੇ ਨਾ ਹੁੰਦੀ। ਹਾਂ ਜੇ ਸਰਕਾਰ ਦੇ ਹੁੰਦੇ ਫੌਜਾਂ ਹਾਰ ਜਾਂਦੀਆਂ ਤਾਂ ਮਹਾਰਾਜਾ ਰਣਜੀਤ ਸਿੰਘ ਨਾਲ ਸਤੀ ਹੋਣ ਵਾਲੀਆਂ ਅੱਠ ਔਰਤਾਂ ਬਚ ਜਾਣੀਆਂ ਸਨ ਤੇ ਦਲੀਪ ਸਿੰਘ ਦੀ ਚਾਰ ਮਾਮੀਆਂ ਵੀ ਜੋ ਉਸ ਦੇ ਮਾਮੇ ਜਵਾਹਰ ਸਿੰਘ ਦੀ ਚਿਤਾ ਉਪਰ ਬੈਠੀਆਂ ਸਨ। ਉਹ ਲੜਾਈਆਂ ਪਿਛੜੇ ਤੇ ਮੁਕਾਬਲਤਨ ਅਗਾਂਹਵਧੂ ਸਮਾਜ ਦੇ ਵਿਚਕਾਰ ਸਨ।

ਸਾਡੇ ਕਈ ਭੈਣ ਭਰਾ ਸਭਰਾਵਾਂ ਵਰਗੀਆਂ ਲੜਾਈਆਂ ਵਿਚੋਂ ਇਹ ਲੱਭਣ ਦੀ ਕੋਸ਼ਿਸ਼ ਕਰਦੇ ਹਨ ਕਿ ਕਿਹੜੀਆਂ ਨਸਲਾਂ ਜਾਂ ਫਿਰਕੇ ਬਹਾਦਰ ਹੁੰਦੇ ਹਨ ਤੇ ਕਿਹੜੇ ਨਹੀਂ। ਦਰ ਅਸਲ ਅਜਿਹਾ ਕੁਝ ਨਹੀਂ ਲੱਭਿਆ ਜਾ ਸਕਦਾ ਹੈ। ਦੁਨੀਆ ਦੀ ਹਰ ਲੜਾਈ ਵਿਚ ਹਰ ਫੌਜ ਵਿਰੋਧੀ ਫੌਜ ਨਾਲੋਂ ਵੱਧ ਬਹਾਦਰੀ ਨਾਲ ਲੜਦੀ ਰਹੀ ਹੈ ਤੇ ਹਰ ਸਿਪਾਹੀ ਆਪਣੇ ਸਾਹਮਣੇ ਵਾਲੇ ਨਾਲੋਂ ਵੱਧ ਬਹਾਦਰੀ ਨਾਲ ਲੜਦਾ ਰਿਹਾ ਹੈ। ਉਹ ਸਮਝਦਾ ਰਿਹਾ ਕਿ ਉਹ ਇਤਨੀ ਦੇਰ ਹੀ ਜ਼ਿੰਦਾ ਹੈ ਜਿਤਨੀ ਦੇਰ ਉਸ ਦੀ ਬਹਾਦਰੀ ਦੂਜੇ ਨਾਲੋਂ ਵੱਧ ਹੈ। ਬਹਾਦਰੀਆਂ ਦਾ ਜਾਤਾਂ, ਨਸਲਾਂ, ਮਜ਼ਹਬਾਂ ਤੇ ਕੌਮਾਂ ਨਾਲ ਕੋਈ ਰਿਸ਼ਤਾ ਨਹੀਂ ਹੁੰਦਾ।

ਜੋ ਉਹਨਾਂ ਲੜਾਈਆਂ ਦੇ ਇਤਿਹਾਸ ਵਿਚੋਂ ਲੱਭਦਾ ਹੈ ਤੇ ਲੱਭਿਆ ਜਾਣਾ ਚਾਹੀਦਾ ਹੈ, ਉਹ ਹੈ ਘੋਰ ਦਰਜੇ ਦਾ ਮਨੁੱਖੀ ਦੁਖਾਂਤ। ਉਹਨਾਂ ਲੜਾਈਆਂ ਵਿਚ ਮੌਤਾਂ ਦੇ ਕਿਹੋ ਜਿਹੇ ਦ੍ਰਿਸ਼ ਬਣੇ, ਇਸ ਦੀ ਤਸਵੀਰ ਇਤਿਹਾਸਕਾਰ ਨਹੀਂ ਖਿਚ ਸਕਦੇ, ਸਾਡਾ ਕਿਆਸ ਖਿਚਦਾ ਹੈ। ਖਿਦਰਾਣੇ ਦੀ ਢਾਬ ਤੇ ਮੁਦਕੀ ਦੇ ਜੰਗਲਾਂ ਦੀਆਂ ਗੱਲਾਂ ਚੱਲਦੀਆਂ ਹਨ ਜਿੱਥੇ ਪੋਹ ਦੀ ਕੜਕਦੀ ਰਾਤ ਹਜ਼ਾਰਾਂ ਜ਼ਖਮੀ ਚਿੱਕੜ ਵਿਚ ਤੜਫਦੇ ਰਹੇ। ਕਿਹਾ ਜਾਂਦਾ ਹੈ ਕਿ ਉਥੋਂ ਅਜੇ ਵੀ 'ਪਾਣੀ, ਪਾਣੀ' ਦੀਆਂ ਆਵਾਜ਼ਾਂ ਆ ਰਹੀਆਂ ਹਨ। ਓਦੋਂ ਇਹ ਆਵਾਜ਼ਾਂ ਕਿਸੇ ਨੇ ਨਹੀਂ ਸੁਣੀਆਂ ਤੇ ਜੇ ਹੁਣ ਵੀ ਸੁਣ ਲਈਆਂ ਜਾਣ ਤਾਂ ਬਹੁਤ ਚੰਗਾ। ਇਹਨਾਂ ਆਵਾਜ਼ਾਂ ਨਾਲ ਧਰਤੀ ਦਾ ਚੱਪਾ ਚੱਪਾ ਭਰਿਆ ਪਿਆ ਹੈ।

ਇਹਨਾਂ ਆਵਾਜ਼ਾਂ ਨੂੰ ਹੁਣ ਪਾਣੀ ਨਹੀਂ ਪਿਆ ਸਕਦੇ ਪਰ ਇਹਨਾਂ ਦੀਆਂ ਢੁਕਵੀਆਂ ਯਾਦਗਾਰਾਂ ਦੁਖਦੇ ਬੁੱਲਾਂ ਉਪਰ ਪਾਣੀ ਦਾ ਫੰਬਾ ਹੋ ਸਕਦੀਆਂ ਹਨ,

ਬਸ਼ਰਤੇ ਕਿ ਉਹ ਯਾਦਾਂ ਕਿਸੇ ਦੀਆਂ ਸ਼ਹੀਦੀਆਂ ਤੇ ਬਹਾਦਰੀਆਂ ਦੀਆਂ ਨਾ ਹੋਣ, ਕਿਸੇ ਦੀ ਜਿੱਤ ਤੇ ਕਿਸੇ ਦੀ ਹਾਰ ਦੀਆਂ ਨਾ ਹੋਣ, ਉਹ ਇਨਸਾਨੀ ਦੁਖਾਂਤ ਦੀਆਂ ਸੋਗਮਈ ਯਾਦਾਂ ਹੋਣ। ਇਕੋ ਮਿੱਟੀ ਵਿਚ ਸਮਾ ਕੇ ਉਹਨਾਂ ਦੀਆਂ ਦੁਸ਼ਮਣੀਆਂ ਖਤਮ ਹੋ ਗਈਆਂ ਹਨ, ਸਾਡਾ ਕੋਈ ਹੱਕ ਨਹੀਂ ਉਹਨਾਂ ਨੂੰ ਦੋਬਾਰਾ ਪੈਦਾ ਕਰਨ ਦੀ ਕੋਸ਼ਿਸ਼ ਕਰਨ ਦਾ। ਸਾਡੀਆਂ ਯਾਦਾਂ ਕਿਸੇ ਬਹਾਦਰੀ ਦੀ ਪ੍ਰੇਰਨਾ ਵਾਲੀਆਂ ਨਹੀਂ ਇਨਸਾਨ ਵੱਲੋਂ ਇਨਸਾਨ ਨੂੰ ਮਾਰਦੇ ਆ ਰਹੇ ਇਤਿਹਾਸ ਪ੍ਰਤੀ ਇਕ ਹਉਕਾ ਹੋਣੀ ਚਾਹੀਦੀਆਂ ਹਨ, ਜਿਥੋਂ ਇਕੋ ਪ੍ਰੇਰਨਾ ਮਿਲੇ ਕਿ ਇਹ ਦੁਖਾਂਤ ਹੁਣ ਰੁਕ ਜਾਣ।

1

ਚੰਗਿਆਂ ਸਮਿਆਂ ਵਿਚ ਇਕ ਡਰਾਉਣਾ ਸੁਪਨਾ

"ਇਸ ਲਾਲ ਰੰਗ ਦਾ ਕੀ ਮਤਲਬ ਹੈ?" ਮਹਾਰਾਜਾ ਰਣਜੀਤ ਸਿੰਘ ਨੇ ਇਕ ਅੰਗਰੇਜ਼ ਨਕਸ਼ਾ ਨਵੀਸ ਤੋਂ ਪੁੱਛਿਆ ਜੋ ਉਸ ਨੂੰ ਹਿੰਦੁਸਤਾਨ ਦਾ ਨਕਸ਼ਾ ਵਿਖਾ ਰਿਹਾ ਸੀ।

"ਜਹਾਂ ਪਨਾਂਹ, ਲਾਲ ਰੰਗ ਉਸ ਇਲਾਕੇ ਨੂੰ ਦਰਸਾਉਂਦਾ ਹੈ ਜਿੱਥੇ ਅੰਗਰੇਜ਼ਾਂ ਦਾ ਰਾਜ ਹੈ।"

ਮਹਾਰਾਜਾ ਨੇ ਸਾਰੇ ਨਕਸ਼ੇ ਨੂੰ ਆਪਣੀ ਇਕੋ ਅੱਖ ਵਰਤ ਕੇ ਧਿਆਨ ਨਾਲ ਵੇਖਿਆ ਤੇ ਜਾਣਿਆ ਕਿ ਸਿਰਫ਼ ਪੰਜਾਬ ਨੂੰ ਛੱਡ ਕੇ ਬਾਕੀ ਸਾਰਾ ਹਿੰਦੁਸਤਾਨ ਲਾਲ ਹੋਇਆ ਪਿਆ ਹੈ। ਉਹ ਕੁਝ ਦੇਰ ਰੁਕ ਕੇ ਸੋਚਦਾ ਰਿਹਾ ਤੇ ਫਿਰ ਦਰਬਾਰੀਆਂ ਵੱਲ ਮੂੰਹ ਕਰਕੇ ਕਿਹਾ ਕਿ "ਇਕ ਦਿਨ ਇਹ ਸਭ ਲਾਲ ਹੋ ਜਾਣਾ ਹੈ।"

ਨਕਸ਼ੇ ਦੀ ਕਹਾਣੀ, ਮਹਾਰਾਜਾ ਰਣਜੀਤ ਸਿੰਘ ਨਾਲ ਜੁੜਦੀਆਂ ਸਾਰੀਆਂ ਕਹਾਣੀਆਂ ਦੀ ਤਰ੍ਹਾਂ, ਉਸ ਦੀ ਦੂਰ ਦ੍ਰਿਸ਼ਟੀ ਦਰਸਾਉਂਦੀ ਸੀ। ਲੇਕਿਨ ਜਿੱਥੋਂ ਤੱਕ ਅੰਗਰੇਜ਼ਾ ਦਾ ਸਵਾਲ ਹੈ, ਇਹਨਾਂ ਦੀ ਮਨਸ਼ਾ ਦਾ ਅੰਦਾਜ਼ਾ ਲਗਾਉਣ ਵਾਸਤੇ ਕਿਸੇ ਮਾਹਿਰ ਜੋਤਸ਼ੀ ਦੀ ਜ਼ਰੂਰਤ ਨਹੀਂ ਸੀ। ਹਰ ਕੋਈ ਜਾਣਦਾ ਸੀ ਕਿ ਇਕ ਨਾ ਇਕ ਦਿਨ ਅੰਗਰੇਜ਼ ਸਾਰੇ ਹਿੰਦੁਸਤਾਨ 'ਤੇ ਆਪਣਾ ਕਬਜ਼ਾ ਕਰ ਹੀ ਲੈਣਗੇ, ਜੇ ਹੋ ਸਕਿਆ ਤਾਂ ਇਸ ਤੋ ਵੀ ਅੱਗੇ ਤੱਕ ਜਾ ਕੇ। ਚਾਲੀ ਸਾਲ ਤੱਕ ਮਹਾਰਾਜਾ ਰਣਜੀਤ ਸਿੰਘ ਪੰਜਾਬ ਦਾ ਹਾਕਮ ਸੀ, ਉਸ ਨੇ ਵੇਖਿਆ ਕਿ ਅੰਗਰੇਜ਼ਾਂ ਨੇ ਹਿੰਦੁਸਤਾਨ ਦੀਆਂ ਸਾਰੀਆਂ ਰਿਆਸਤਾਂ ਉਪਰ ਕਬਜ਼ਾ ਕਰ ਲਿਆ ਹੈ। ਬੰਗਾਲ ਤੇ ਅਵਧ ਦੇ ਨਵਾਬ, ਰਾਜਪੂਤ, ਰੋਹਿਲਾ, ਜਾਟ ਤੇ ਗੋਰਖਾ ਵਰਗੀਆਂ ਮਜ਼ਬੂਤ ਹਿੰਦੁਸਤਾਨੀ ਤਾਕਤਾਂ ਖ਼ਤਮ ਹੋ ਚੁਕੀਆਂ ਸਨ। ਸਭ ਤੋਂ ਵੱਡੀ ਤਾਕਤ

ਮਰਹੱਟਾ ਵੀ ਖ਼ਤਮ ਹੋ ਚੁਕੀ ਸੀ ਜਿਸ ਤੋਂ ਮੁਗਲ ਬਾਦਸ਼ਾਹਾਂ ਦੇ ਨਾਲ ਹੀ ਅੰਗਰੇਜ਼ਾਂ ਨੇ ਦਿੱਲੀ ਹਾਸਿਲ ਕੀਤੀ ਸੀ। ਹਿੰਦੁਸਤਾਨ ਵਿਚ ਇਕੋ ਇਕ ਆਜ਼ਾਦ ਬਾਦਸ਼ਾਹੀ ਪੰਜਾਬ ਦੀ ਬਾਦਸ਼ਾਹੀ ਸੀ, ਲਾਹੌਰ ਦਰਬਾਰ।

ਅੰਗਰੇਜ਼ਾਂ ਨੇ ਆਪਣਾ ਇਹ ਇਰਾਦਾ ਕਦੇ ਪਰਦੇ ਵਿਚ ਨਹੀਂ ਰੱਖਿਆ। ਉਹ 1809 ਵਿਚ ਹੀ ਆਪਣੀ ਸਰਹੱਦ ਨੂੰ ਜਮਨਾ ਤੋਂ ਸਤਲੁਜ ਦਰਿਆ ਤੱਕ ਲੈ ਗਏ ਸਨ ਤੇ ਮਾਲਵੇ ਦੇ ਸਭ ਸਿੱਖ ਰਾਜਿਆਂ ਨੂੰ ਆਪਣੀ ਸੁਰੱਖਿਆ ਹੇਠ ਲੈ ਆਂਦਾ ਸੀ। ਜਮਨਾ ਨੂੰ ਅੰਗਰੇਜ਼ੀ ਰਾਜ ਦੀ ਪੱਛਮੀ ਹੱਦ ਮੰਨਣ ਦੇ ਪਹਿਲੇ ਫੈਸਲੇ ਦੇ ਮੁਕਾਬਲੇ ਇਹ ਉਹਨਾਂ ਦਾ ਅਗਲੇ ਹਮਲਿਆਂ ਦੀ ਯੋਜਨਾ ਦਾ ਹਿਸਾ ਸੀ। ਇਸ ਵਿਚ ਇਸ ਗੱਲ ਦੀ ਪਰਵਾਹ ਨਹੀਂ ਕੀਤੀ ਗਈ ਕਿ ਮਹਾਰਾਜਾ ਰਣਜੀਤ ਸਿੰਘ ਮਾਲਵੇ ਦੇ ਬਹੁਤ ਇਲਾਕਿਆਂ ਉਪਰ ਆਪਣਾ ਅਸਰ ਰੱਖਦਾ ਹੈ ਤੇ ਇਹਨਾਂ ਸਿੱਖ ਰਿਆਸਤਾਂ ਉਪਰ ਆਪਣਾ ਕਾਬੂ ਜਮਾ ਰਿਹਾ ਹੈ। ਮਹਾਰਾਜਾ ਰਣਜੀਤ ਸਿੰਘ ਅੰਗਰੇਜ਼ਾਂ ਦੇ ਇਸ ਦਖਲ ਨੂੰ ਰੋਕਣ ਦੀ ਕੋਸ਼ਿਸ਼ ਕਰਦਾ ਰਿਹਾ ਪਰ ਜਲਦੀ ਅਹਿਸਾਸ ਕਰ ਲਿਆ ਕਿ ਅੰਗਰੇਜ਼ਾਂ ਤੇ ਉਹਨਾਂ ਦੇ ਹਿੰਦੁਸਤਾਨੀ ਸਾਥੀਆਂ ਦੀ ਤਾਕਤ ਉਸ ਨਾਲੋਂ ਕਾਫ਼ੀ ਜ਼ਿਆਦਾ ਹੈ। ਉਸ ਨੇ ਸਬਰ ਦਾ ਘੁੱਟ ਭਰ ਲਿਆ ਤੇ ਮਾਲਵਾ ਛੱਡ ਦੇਣ ਦੇ ਦਸਤਖਤ ਕਰ ਦਿੱਤੇ।

ਬਾਰ ਬਾਰ ਅੰਗਰੇਜ਼ ਉਸ ਨੂੰ ਲੜਾਈ ਵਾਸਤੇ ਉਕਸਾਉਂਦੇ ਰਹੇ ਤੇ ਬਾਰ ਬਾਰ ਉਹ ਵੀ ਲੜਾਈ ਦੀਆਂ ਗੱਲਾਂ ਕਰਦਾ ਰਿਹਾ ਪਰ ਅਖੀਰ ਅੰਗਰੇਜ਼ਾਂ ਦੀਆਂ ਸ਼ਰਤਾਂ ਮੰਨ ਲੈਂਦਾ ਰਿਹਾ। ਉਹਨਾਂ ਨੇ ਰਣਜੀਤ ਸਿੰਘ ਦਾ ਦੱਖਣ ਵਾਲੇ ਪਾਸੇ ਸਿੰਧ ਅਤੇ ਅਰਬ ਸਾਗਰ ਤੱਕ ਪਹੁੰਚਣ ਦਾ ਰਸਤਾ ਬੰਦਾ ਕਰ ਦਿੱਤਾ। ਅੰਗਰੇਜ਼ ਅਫ਼ਗਾਨਿਸਤਾਨ ਦੇ ਮਾਮਲਿਆਂ ਵਿਚ ਲਗਤਾਰ ਦਖਲ ਦੇਂਦੇ ਰਹੇ ਤੇ ਉਸ ਵਿਚ ਮਹਾਰਾਜਾ ਰਣਜੀਤ ਸਿੰਘ ਨੂੰ ਵੀ ਸ਼ਾਮਿਲ ਕਰਦੇ ਰਹੇ। ਇਸ ਤਰ੍ਹਾਂ ਅੰਗਰੇਜ਼ਾਂ ਨੇ ਕਾਬਲ ਉਪਰ ਆਪਣਾ ਕਠਪੁਤਲੀ ਬਦਾਸ਼ਾਹ ਸ਼ਾਹ ਸ਼ੁਜ਼ਾ ਨੂੰ ਤਖ਼ਤ ਉਪਰ ਬਿਠਾ ਦਿੱਤਾ। ਇਸ ਤੋਂ ਬਾਅਦ ਅੰਗਰੇਜ਼ਾਂ ਨੇ ਮਹਾਰਾਜਾ ਰਣਜੀਤ ਸਿੰਘ ਉਪਰ ਲਾਹੌਰ ਅੰਦਰ ਬ੍ਰਿਟਿਸ਼ ਰੈਜ਼ੀਡੈਂਸੀ ਰੱਖਣ ਦੀ ਮੰਗ ਰੱਖੀ ਜਿਸ ਨੂੰ ਮਹਾਰਾਜਾ ਸਿਰੇ ਤੋਂ ਇਨਕਾਰ ਕਰ ਦੇਂਦਾ ਰਿਹਾ ਪਰ ਉਸ ਨੂੰ ਪਤਾ ਸੀ ਕਿ ਇਹ ਸਿਰਫ਼ ਵਕਤ ਦੀ ਹੀ ਗੱਲ ਹੈ।

ਅੰਗਰੇਜ਼ਾਂ ਨੂੰ ਦੂਰ ਰੱਖਣ ਦੀ ਖਾਤਰ ਮਹਾਰਾਜਾ ਨੇ ਆਪਣੀ ਫੌਜ ਨੂੰ ਵੱਡੀ ਬਣਾਉਣ ਤੇ ਅਧੁਨਿਕ ਬਣਾਉਣ ਦਾ ਫੈਸਲਾ ਕੀਤਾ। ਸੰਨ 1822 ਤੋਂ ਬਾਅਦ ਉਸ ਦੀ ਫੌਜ ਵਿਚ ਯੂਰਪੀਨ ਅਫ਼ਸਰ ਜਿਵੇਂ ਕਿ ਫਰਾਂਸੀਸੀ, ਇਟਾਲੀਅਨ, ਗਰੀਕ, ਸਪੇਨਿਸ਼ ਇਥੋਂ ਤੱਕ ਕਿ ਕੁਝ ਅੰਗਰੇਜ਼ ਤੇ ਪੂਰਬੀ ਯੂਰਪ ਦੇ ਲੋਕ ਵੀ ਭਰਤੀ ਕੀਤੇ ਗਏ। ਸਿਖ ਫੌਜ ਨੇ ਵੱਡੀਆਂ ਜਿੱਤਾਂ ਪ੍ਰਾਪਤ ਕਰ ਲਈਆਂ ਪਰ

ਇਹਨਾਂ ਯੂਰਪੀਨ ਅਫਸਰਾਂ ਨੂੰ ਤਨਖਾਹਾਂ ਦੇਣ ਤੇ ਫੌਜ ਵਾਸਤੇ ਅਧੁਨਿਕ ਹਥਿਆਰ ਖਰੀਦਣ ਵਾਸਤੇ ਆਮਦਨ ਦੀ ਕਮੀ ਆ ਗਈ। ਨਵੇਂ ਜਿੱਤਣ ਵਾਲੇ ਇਲਾਕੇ ਵੀ ਨਹੀਂ ਬਚੇ ਸਨ। ਮਹਾਰਾਜਾ ਰਣਜੀਤ ਸਿੰਘ ਨੇ ਇਹ ਅਸੂਲ ਹੀ ਬਣਾ ਲਿਆ ਕਿ ਆਪਣੀਆਂ ਫੌਜਾਂ ਦੀਆਂ ਤਨਖਾਹਾਂ ਕੁਝ ਦੇਰ ਦੀਆਂ ਬਕਾਇਆ ਹੀ ਰੱਖਣੀਆਂ ਹਨ ਤਾਂ ਜੋ ਉਹ ਐਨ ਮੌਕੇ 'ਤੇ ਸਾਥ ਨਾ ਛੱਡ ਜਾਣ। ਪੈਸੇ ਦੀ ਭਾਰੀ ਕਮੀ ਆ ਜਾਣ ਤੋਂ ਬਾਅਦ, 1822 ਤੋਂ ਬਾਅਦ ਇਹ ਫੌਲਾਦੀ ਅਨੁਸਾਸ਼ਨ ਹੀ ਸੀ ਜਿਸ ਦੀ ਵਜ੍ਹਾ ਨਾਲ ਮਹਾਰਾਜਾ ਦੀ ਫੌਜ ਵਿਚ ਕੋਈ ਵੱਡੀ ਬਗਾਵਤ ਨਹੀਂ ਹੋਈ। ਲੇਕਿਨ ਅਨੁਸਾਸ਼ਨ ਹੀਨਤਾ ਦੇ ਬੀਜ ਜ਼ਰੂਰ ਪੈਦਾ ਹੋ ਗਏ ਸਨ ਜਿਸ ਕਰਕੇ ਉਸ ਦੇ ਵਾਰਸਾਂ ਨੂੰ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਣਾ ਸੀ। ਸਿਪਾਹੀਆਂ ਨੇ ਬਕਾਇਆ ਤਨਖਾਹਾਂ ਮੰਗਣੀਆਂ ਸ਼ੁਰੂ ਕਰ ਦਿੱਤੀਆਂ ਸਨ ਤੇ ਲੜਾਈ ਤੇ ਜਾਣ ਤੋਂ ਪਹਿਲਾਂ ਤਰੱਕੀਆਂ ਤੇ ਇਨਾਮਾਂ ਦੀ ਮੰਗ ਰੱਖਣ ਲੱਗ ਪਏ ਸਨ। ਉਹਨਾਂ ਆਪਣੇ ਅਫਸਰਾਂ ਦੇ ਹੁਕਮ ਮੰਨਣ ਤੋਂ ਇਨਕਾਰ ਕਰਨਾ ਸ਼ੁਰੂ ਕਰ ਦਿੱਤਾ ਤੇ ਕਈਆਂ ਦੇ ਖਿਲਾਫ਼ ਹਿੰਸਾ ਦਾ ਪ੍ਰਯੋਗ ਵੀ ਕਰਨ ਲੱਗੇ। ਯੂਰਪੀਨ ਅਫਸਰ ਜੋ 40 ਦੀ ਗਿਣਤੀ ਵਿਚ ਲਾਹੌਰ ਦਰਬਾਰ ਦੇ ਮੁਲਾਜ਼ਮ ਸਨ, ਛੱਡ ਕੇ ਜਾਣ ਵਾਲਿਆਂ ਵਿਚੋਂ ਪਹਿਲੇ ਸਨ। ਜਿਹੜੇ ਰੁਕੇ ਰਹੇ, ਉਹ ਵੱਡੀਆਂ ਤਨਖਾਹਾਂ ਲੈਂਦੇ ਰਹੇ, ਜਿਵੇਂ ਵੈਨਤੁਰਾ 2500 ਰੁਪੈ ਮਹੀਨਾ ਤਨਖਾਹ ਤੇ ਜ਼ਗੀਰ ਦਾ ਮਾਲਿਕ ਸੀ ਤੇ ਅਵੀਤੇਬਾਈਲ ਦੀ ਵੀ 1600 ਰੁਪੈ ਤਨਖਾਹ ਤੇ ਜ਼ਗੀਰ ਸੀ। ਇਸ ਦੇ ਬਾਵਜੂਦ ਉਹਨਾਂ ਦੀ ਵਫਾਦਾਰੀਆਂ ਪੰਜਾਬ ਹਕੂਮਤ ਨਾਲ ਨਹੀਂ ਰਹਿੰਦੀਆਂ ਸਨ, ਉਹ ਪੈਸੇ ਦੀ ਖ਼ਾਤਿਰ ਅੰਗਰੇਜ਼ਾਂ ਨੂੰ ਜਾਣਕਾਰੀਆਂ ਵੇਚ ਸਕਦੇ ਸਨ। ਰਣਜੀਤ ਸਿੰਘ ਨੇ ਇਹਨਾਂ ਅਫਸਰਾਂ ਨੂੰ ਉਚੇ ਰੁਤਬੇ ਵਾਲੇ 'ਡਰਿਲ ਸਾਰਜੈਂਟ' ਦੇ ਤੌਰ 'ਤੇ ਹੀ ਰੱਖਿਆ ਸੀ ਤੇ ਕਦੇ ਵੀ ਵਫਾਦਰੀ ਦੀ ਪਰਖ ਵਾਲੀ ਜ਼ਿੰਮੇਦਾਰੀ ਦਾ ਕੰਮ ਨਹੀਂ ਦੇਂਦਾ ਸੀ। ਇਕ ਵਾਰ ਉਹਨਾਂ ਨੇ ਮਹਾਰਾਜਾ ਦੀ ਲਗਾਈ ਲੇਵੀ ਦੇਣ ਤੋਂ ਇਨਕਾਰ ਕਰ ਦਿੱਤਾ ਤੇ ਮਹਾਰਾਜਾ ਨੇ ਇਹ ਸਾਰੇ ਯੂਰਪੀਨ 'ਹਰਾਮਜ਼ਾਦਿਆਂ', ਜਰਮਨਾਂ, ਅੰਗਰੇਜ਼ਾਂ ਤੇ ਸਾਰਿਆਂ ਨੂੰ ਕੱਢ ਦਿੱਤਾ ਸੀ।

ਰਣਜੀਤ ਸਿੰਘ ਦੀ ਫੌਜ ਵਿਚ ਯੂਰਪੀਨਾਂ ਵੱਲੋਂ ਸਿਖਲਾਈ ਪ੍ਰਾਪਤ ਪਿਆਦਾ ਫੌਜ ਤੋਂ ਇਲਾਵਾ 50 ਹਜ਼ਾਰ ਘੋੜਸਵਾਰ ਸਿਪਾਹੀ ਤੇ 300 ਦੇ ਕਰੀਬ ਤੋਪਾਂ ਸਨ। ਇਸ ਤੋਂ ਇਲਾਵਾ ਜਗੀਰਦਾਰਾਂ ਦੇ ਤਹਿਤ ਵੱਖਰੇ ਸਿਪਾਹੀ ਸਨ। ਫੌਜ ਦਾ ਇਕ ਸਾਲ ਦਾ ਖਰਚਾ ਕਰੀਬ ਇਕ ਕਰੋੜ ਰੁਪੈ ਸੀ ਤੇ ਇਸ ਤਰ੍ਹਾਂ ਏਸ਼ੀਆ ਦੀ ਇਹ ਬਹੁਤ ਤਾਕਤਵਰ ਸਲਤਨਤ ਆਪਣੀ ਆਮਦਨ ਦਾ ਇਕ ਤਿਹਾਈ ਫੌਜ ਉਪਰ ਖਰਚਾ ਕਰਦੀ ਸੀ। ਆਪਣੀਆਂ ਨੌਕਰੀਆਂ ਕਾਇਮ ਰੱਖਣ ਦੀ ਖਾਤਿਰ ਯੂਰਪੀਨ ਅਫਸਰ ਫੌਜ ਵਿਚ ਅੰਗਰੇਜ਼ਾਂ ਪ੍ਰਤੀ ਨਫਰਤ ਦੀਆਂ ਗੱਲਾਂ ਕਰਦੇ ਰਹੇ

ਜਦੋਂ ਕਿ ਉਹਨਾਂ ਦੇ ਦਿਲਾਂ ਵਿਚ ਅਜਿਹੀ ਕੋਈ ਨਫ਼ਰਤ ਨਹੀਂ ਸੀ। ਇਸ ਵਾਸਤੇ ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਸੀ ਕਿ ਜਦੋਂ ਅਹਿਸਾਸ ਹੋਇਆ ਕਿ ਇਹ ਚਿੱਟੀ ਚਮੜੀ ਵਾਲੇ ਪੰਜਾਬ ਦੇ ਖੈਰ ਖਵਾਹ ਨਹੀਂ ਤਾਂ ਆਮ ਸਿਪਾਹੀਆਂ ਵਿਚ ਵਖਰੇਵਾਂ ਪੈ ਗਿਆ।

ਮਹਾਰਾਜਾ ਰਣਜੀਤ ਸਿੰਘ ਦੀ ਸਭ ਤੋਂ ਵੱਡੀ ਭੁੱਲ ਇਹ ਸੀ ਕਿ ਉਸ ਨੇ ਆਪਣੇ ਕਿਸੇ ਵੀ ਪੁੱਤਰ ਨੂੰ ਉਸ ਦੀ ਜਗ੍ਹਾ ਲੈਣ ਦੀ ਸਿਖਲਾਈ ਨਹੀਂ ਦਿੱਤੀ। ਜਦੋਂ 27 ਜੂਨ, 1839 ਦੀ ਸ਼ਾਮ ਨੂੰ ਉਹ ਮਰਿਆ ਤਾਂ ਉਸ ਦੀਆਂ ਲੀਹਾਂ 'ਤੇ ਚੱਲਣ ਵਾਲਾ ਕੋਈ ਵੀ ਨਹੀਂ ਸੀ। ਕੋਈ ਵੀ ਹਕੂਮਤ ਦੀਆਂ ਜ਼ਿੰਮੇਵਾਰੀਆਂ ਸੰਭਾਲਣ ਦੇ ਕਾਬਿਲ ਨਹੀਂ ਸੀ। ਇਹ ਗੱਲ ਸਿਰਫ਼ ਉਸ ਦੇ ਪੁੱਤਰਾਂ 'ਤੇ ਹੀ ਨਹੀਂ, ਉਸ ਦੇ ਚੋਟੀ ਦੇ ਦਰਬਾਰੀਆਂ ਤੇ ਵਜ਼ੀਰਾਂ 'ਤੇ ਵੀ ਢੁਕਦੀ ਸੀ।

ਰਣਜੀਤ ਸਿੰਘ ਆਪਣੇ ਪਿੱਛੇ 7 ਪੁੱਤਰ ਛੱਡ ਕੇ ਗਿਆ। ਕਿਉਂਕਿ ਉਹ ਵੱਖ ਵੱਖ ਔਰਤਾਂ ਦੇ ਪੇਟ ਵਿਚੋਂ ਪੈਦਾ ਹੋਏ ਸਨ, ਉਹਨਾਂ ਵਿਚ ਆਪਸੀ ਮੋਹ ਪਿਆਰ ਨਹੀਂ ਸੀ। ਉਹਨਾਂ ਵਿਚੋਂ ਖੜਕ ਸਿੰਘ, ਜਿਸ ਦੀ ਉਮਰ ਉਸ ਵੇਲੇ 37 ਸਾਲ ਸੀ, ਆਪਣੇ ਪਿਤਾ ਵੱਲੋਂ ਵਾਰਸ ਦੀ ਚੋਣ ਸੀ। ਵੈਸੇ ਉਹ ਆਪਣੇ ਸਾਰੇ ਭਰਾਵਾਂ ਦੇ ਮੁਕਾਬਲੇ ਸਭ ਤੋਂ ਘੱਟ ਕਾਬਲ ਸੀ। ਉਸ ਨੇ ਆਪਣੇ ਪਿਤਾ ਤੋਂ ਹੋਰ ਕੋਈ ਖੂਬੀਆਂ ਨਹੀਂ ਹਾਸਲ ਕੀਤੀਆਂ ਸਨ, ਸਿਵਾਏ ਅਫੀਮ ਖਾਣ ਤੇ ਸ਼ਰਾਬ ਪੀਣ ਦੇ। ਸ਼ਾਹੀ ਹਕੀਮ ਮਾਰਟਿਨ ਹੌਨੀਗਬਰਗਰ ਦੇ ਮੁਤਾਬਕ ਉਹ ਆਪਣੇ ਪਿਤਾ ਨਾਲੋਂ ਵੱਡਾ ਅਫੀਮੀ ਸੀ। ਖੜਕ ਸਿੰਘ ਨੂੰ ਨੌਕਰਾਂ ਨੇ ਪਾਲਿਆਂ ਹੋਇਆ ਸੀ ਜੋ ਉਸ ਵਿਚ ਕੋਈ ਚੰਗੀ ਅਕਲਮੰਦੀ ਨਹੀਂ ਪੈਦਾ ਕਰ ਸਕੇ। ਉਹ ਆਰਾਮ ਤਲਬ ਸੀ ਤੇ ਆਪਣੇ ਪਿਤਾ ਜਿਤਨੀ ਵੀ ਮੇਹਨਤ ਨਹੀਂ ਸੀ ਕਰ ਸਕਦਾ। ਉਸ ਦੇ ਆਲਸੀਪਣੇ ਦਾ ਇਕੋ ਹਾਂ ਪੱਖੀ ਪਹਿਲੂ ਸੀ ਕਿ ਉਹ ਪ੍ਰਸ਼ਾਸਨ ਦੇ ਕੰਮ ਵਾਸਤੇ ਕਿਸੇ ਕਾਬਲ ਬੰਦੇ ਦੀ ਤਲਾਸ਼ ਕਰਕੇ, ਸਭ ਕੁਝ ਉਸ ਦੇ ਸਪੁਰਦ ਕਰਨ ਵਾਲਾ ਨਹੀਂ ਸੀ।

ਖੜਕ ਸਿੰਘ ਦੇ ਪੁੱਤਰ ਨੌ ਨਿਹਾਲ ਸਿੰਘ ਵਿਚ ਉਹ ਸਾਰੀਆਂ ਖੂਬੀਆਂ ਸਨ ਜਿਹਨਾਂ ਦੀ ਉਸ ਦੇ ਪਿਤਾ ਵਿਚ ਘਾਟ ਸੀ। ਆਪਣੇ ਦਾਦਾ ਦੀ ਮੌਤ ਵੇਲੇ ਉਹ ਉਤਰ-ਪੱਛਮੀ ਸਰਹੱਦ ਉਪਰ ਲਾਹੌਰ ਦਰਬਾਰ ਵੱਲੋਂ ਅਫ਼ਗਾਨਾਂ ਦੇ ਖਿਲਾਫ ਵਿੱਢੀ ਜੰਗ ਦੀ ਅਗਵਾਈ ਕਰ ਰਿਹਾ ਸੀ। ਉਹ ਪੂਰੀ ਤਰ੍ਹਾਂ ਜਾਣਦਾ ਸੀ ਕਿ ਉਸ ਦਾ ਪਿਤਾ ਰਾਜ ਦਾ ਕੰਮ ਕਾਜ ਨਹੀਂ ਚਲਾ ਸਕਦਾ ਤੇ ਇਹ ਵੀ ਪਤਾ ਸੀ ਕਿ ਉਸ ਦੇ ਦਵਾਲੇ ਬੇਈਮਾਨ ਕਿਸਮ ਦੇ ਦਰਬਾਰੀਆਂ ਦਾ ਘੇਰਾ ਹੈ।

ਰਾਜ ਤਖਤ ਦਾ ਬਰਾਬਰ ਦਾ ਦਾਵੇਦਾਰ ਰਣਜੀਤ ਸਿੰਘ ਦਾ ਦੂਜੇ ਨੰਬਰ ਦਾ ਪੁੱਤਰ ਸ਼ੇਰ ਸਿੰਘ ਵੀ ਸੀ। ਸ਼ੇਰ ਸਿੰਘ ਨੇ ਆਪਣੀ ਖਾਹਿਸ਼ ਗੁਪਤ ਨਹੀਂ ਰੱਖੀ

ਸੀ, ਮਹਾਰਾਜਾ ਰਣਜੀਤ ਸਿੰਘ ਦੀ ਪਹਿਲੇ ਵਿਆਹ ਦੀ ਬੀਵੀ ਮਹਿਤਾਬ ਕੌਰ ਦਾ ਪੁੱਤਰ ਹੋਣ ਕਰਕੇ ਉਹ ਆਪਣੇ ਆਪ ਨੂੰ ਪਹਿਲਾ ਹੱਕਦਾਰ ਦੱਸਦਾ ਸੀ। ਓਧਰ ਖੜਕ ਸਿੰਘ ਦਾ ਕਹਿਣਾ ਸੀ ਕਿ ਸਿਰਫ ਉਹ ਹੀ ਆਪਣੇ ਪਿਤਾ ਦਾ ਅਸਲੀ ਪੁੱਤਰ ਹੈ, ਸ਼ੇਰ ਸਿੰਘ, ਉਸ ਦੇ ਜੌੜੇ ਭਰਾ ਤਾਰਾ ਸਿੰਘ ਤੇ ਕਸ਼ਮੀਰਾ ਸਿੰਘ, ਪਿਸ਼ੌਰਾ ਸਿੰਘ, ਮੁਲਤਾਨ ਸਿੰਘ ਤੇ ਇਕ ਸਾਲ ਦਾ ਦਲੀਪ ਸਿੰਘ ਸਾਰਿਆਂ ਦੇ ਅਸਲੀ ਪਿਤਾ ਬਾਰੇ ਸ਼ੰਕਾ ਹੋ ਸਕਦੀ ਹੈ।

ਸ਼ਾਹੀ ਖਾਨਦਾਨ ਵੱਲੋਂ ਕੋਈ ਅਗਵਾਈ ਨਾ ਹੋਣ ਕਰਕੇ ਦਰਬਾਰੀ ਤੇ ਜਗੀਰਦਾਰੀ ਗਰੁੱਪ ਦਾ ਮਹੱਤਵ ਵਧਦਾ ਜਾਂਦਾ ਸੀ। ਉਹਨਾਂ ਦਾ ਨਿਸ਼ਾਨਾ ਆਪਣਾ ਰੁਤਬਾ ਤੇ ਆਮਦਨ ਵਗੈਰਾ ਵਧਾਉਣ ਦਾ ਸੀ ਇਸ ਵਾਸਤੇ ਉਹ ਤਖਤ ਦੇ ਵਾਰਸਾਂ ਵਿਚਕਾਰ ਇਕ ਦੂਜੇ ਦੀ ਮਦਦ ਦਾ ਕੰਮ ਵੀ ਕਰਦੇ ਸਨ। ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਦੋ ਮੁੱਖ ਗਰੁੱਪ ਪੈਦਾ ਹੋ ਗਏ ਸਨ। ਤਿੰਨ ਡੋਗਰਾ ਭਰਾ: ਗੁਲਾਬ ਸਿੰਘ, ਧਿਆਨ ਸਿੰਘ ਤੇ ਸੁਚੇਤ ਸਿੰਘ ਤੋਂ ਇਲਾਵਾ ਧਿਆਨ ਸਿੰਘ ਦੇ ਪੁੱਤਰ ਹੀਰਾ ਸਿੰਘ ਦਾ ਪ੍ਰਭਾਵ ਬਹੁਤ ਵੱਡਾ ਸੀ ਕਿਉਂਕਿ ਇਹ ਸਾਰੇ ਮਹਾਰਾਜਾ ਦੇ ਜਿਉਂਦਿਆਂ ਉਸ ਦੇ ਵੱਡੇ ਚਹੇਤੇ ਸਨ। ਇਹਨਾਂ ਭਰਾਵਾਂ ਦਾ ਆਪਸ ਵਿਚ ਪੂਰਾ ਪਿਆਰ ਨਹੀਂ ਸੀ। ਇਕ ਜਾ ਦੂਜਾ ਭਾਈ ਲਾਹੌਰ ਦਰਬਾਰ ਵਿਚ ਆਪਣੀ ਚੜ੍ਹਤ ਬਣਾਉਣ ਵਾਸਤੇ ਸਰਗਰਮ ਰਹਿੰਦੇ ਤਾਂ ਤੀਸਰਾ ਜੰਮੂ ਕਸ਼ਮੀਰ ਵਿਚ ਆਪਣੀ ਆਜ਼ਾਦ ਰਿਆਸਤ ਕਾਇਮ ਕਰਨੀ ਚਾਹੁੰਦਾ।

ਡੋਗਰਿਆਂ ਦਾ ਵਿਰੋਧ ਕਰਨ ਵਾਲੇ ਮਹਾਰਾਜਾ ਦੇ ਖਾਨਦਾਨ ਨਾਲ ਜੁੜੇ ਸਿੱਖ ਸਰਦਾਰ ਸਨ ਜਿਵੇਂ ਕਿ ਸੰਧਾਵਾਲੀਏ, ਅਟਾਰੀਵਾਲੀਏ ਤੇ ਮਜੀਠੀਏ। ਇਹਨਾਂ ਵਿਚੋਂ ਸਭ ਤੋਂ ਵੱਧ ਪ੍ਰਭਾਵਸ਼ਾਲੀ ਸੰਧਾਵਾਲੀਆ ਸਰਦਾਰ ਲਹਿਣਾ ਸਿੰਘ, ਅਜੀਤ ਸਿੰਘ ਤੇ ਅਤਰ ਸਿੰਘ ਸਨ ਜਿਹਨਾਂ ਦੇ ਖੜਕ ਸਿੰਘ ਦੀ ਪਤਨੀ ਚਾਂਦ ਕੌਰ ਨਾਲ ਵੀ ਸੰਪਰਕ ਸਨ। ਉਸ ਵਕਤ ਅਹਿਮ ਅਟਾਰੀਵਾਲੀਏ ਸ਼ਾਮ ਸਿੰਘ, ਚਤਰ ਸਿੰਘ ਤੇ ਉਸ ਦੇ ਪੁੱਤਰ, ਸ਼ੇਰ ਸਿੰਘ ਤੇ ਗੁਲਾਬ ਸਿੰਘ ਸਨ। ਮਜੀਠੀਆ ਪਰਿਵਾਰ ਦਾ ਮੁਖੀ ਲਹਿਣਾ ਸਿੰਘ ਸੀ ਜੋ ਵਿਦਵਾਨ ਬੰਦਾ ਸੀ ਪਰ ਸੁਸਤ ਸੁਭਾਅ ਵਾਲਾ ਸੀ ਤੇ ਨੌਜਵਾਨ ਰਣਜੋਧ ਸਿੰਘ ਮਿਲਟਰੀ ਕਮਾਂਡਰ ਸੀ। ਕਿਉਂਕਿ ਡੋਗਰੇ ਹਿੰਦੂ ਸਨ, ਇਸ ਵਾਸਤੇ ਕੁਦਰਤੀ ਸੀ ਤੇ ਉਹਨਾਂ ਅਤੇ ਸਿੱਖ ਸਰਦਾਰਾਂ ਦੇ ਵਿਚਕਾਰ ਦੀ ਕਸ਼ਮਕੱਸ਼ ਕੁਝ ਫਿਰਕੂ ਰੰਗਤ ਲੈ ਲੈਂਦੀ। ਲੇਕਿਨ ਇਹਨਾਂ ਸਾਰਿਆਂ ਵਿਚ ਇਕ ਗੱਲ ਸਾਂਝੀ ਸੀ ਕਿ ਇਹ ਸਾਰੇ ਰਾਜ ਵਿਚ ਵੱਡੇ ਤੋਂ ਵੱਡਾ ਹਿੱਸਾ ਹਾਸਿਲ ਕਰਨਾ ਚਾਹੁੰਦੇ ਸਨ। ਇਸ ਵਾਸਤੇ ਇਕ ਦੂਜੇ ਦਾ ਕਤਲ ਕਰਨਾ, ਜ਼ਹਿਰ ਦੇਣਾ ਤੇ ਜਾਂ ਝੂਠੀਆਂ ਫਰਦਾਂ ਬਣਾ ਕੇ ਬਦਨਾਮ ਕਰਨਾ ਤੇ ਇਸ ਤੋਂ ਵੱਧ ਕੇ ਅੰਗਰੇਜ਼ਾਂ ਨਾਲ ਸਾਂਠ ਗਾਂਠ ਕਰਨੀ ਜੋ ਉਸ ਵਕਤ ਪੰਜਾਬ ਨੂੰ

ਅੰਗਰੇਜ਼ੀ ਰਾਜ ਵਿਚ ਸ਼ਾਮਿਲ ਕਰਨਾ ਸੋਚ ਰਹੇ ਸਨ।

ਇਹਨਾਂ ਵੱਖ ਵੱਖ ਲਾਲਚੀ ਗਰੁੱਪਾਂ ਦੇ ਬਾਵਜੂਦ ਕੁਝ ਐਸੇ ਲੋਕ ਵੀ ਸਨ ਜੋ ਬਿਨਾਂ ਕਿਸੇ ਲਾਲਚ ਤੇ ਇਮਾਨਦਾਰੀ ਨਾਲ ਲਾਹੌਰ ਰਾਜ ਦੀ ਖਿਦਮਤ ਕਰਨਾ ਚਾਹੁੰਦੇ ਸਨ। ਇਹਨਾਂ ਵਿਚ ਫਕੀਰ ਭਾਈ ਸਨ ਜਿਹਨਾਂ ਵਿਚੋਂ ਵੱਡਾ ਭਰਾ ਫਕੀਰ ਅਜ਼ੀਜ਼ੁਦੀਨ ਅਹਿਮ ਸੀ, ਜੋ ਵਿਦੇਸ਼ੀ ਮਾਮਲਿਆਂ ਦਾ ਸਲਾਹਕਾਰ ਸੀ। ਇਹਨਾਂ ਵਿਚ ਹੀ ਇਕ ਕਸ਼ਮੀਰੀ ਪੰਡਤ ਦੀਨਾ ਨਾਥ ਸੀ ਜੋ ਮਾਲਗੁਜ਼ਾਰੀ ਤੇ ਖ਼ਜ਼ਾਨੇ ਦੇ ਮਹਿਕਮੇ ਦੀ ਦੇਖ ਭਾਲ ਕਰਦਾ ਸੀ। ਫਕੀਰ ਅਜ਼ੀਜ਼ੁਦੀਨ ਤੇ ਦੀਨਾ ਨਾਥ ਵਰਗੇ ਬੰਦੇ ਰਾਜ ਦੇ ਕੰਮ ਕਾਜ ਵਿਚ ਸਲਾਹਕਾਰੀ ਤਾਂ ਕਰਦੇ ਸਨ ਪਰ ਤਾਕਤ ਵਾਸਤੇ ਲੜਨ ਵਾਲੇ ਕਿਸੇ ਗਰੁੱਪ ਵਿਚ ਸ਼ਾਮਿਲ ਨਹੀਂ ਹੁੰਦੇ ਸਨ।

ਖਿੱਚੋਤਾਣ ਓਦੋਂ ਹੀ ਪੈ ਗਈ ਸੀ ਜਦੋਂ ਅਜੇ ਮਹਾਰਾਜਾ ਰਣਜੀਤ ਸਿੰਘ ਦੀ ਦੇਹ ਸਸਕਾਰ ਵਾਸਤੇ ਤਿਆਰ ਕੀਤੀ ਜਾ ਰਹੀ ਸੀ। ਉਸ ਵਕਤ ਇਕੱਠੇ ਹੋਏ ਸਾਰੇ ਦਰਬਾਰੀਆਂ ਵਿਚ ਆਮ ਸਹਿਮਤੀ ਸੀ ਕਿ ਕੁੰਵਰ ਖੜਕ ਸਿੰਘ ਤੇ ਕੁੰਵਰ ਨੌ ਨਿਹਾਲ ਸਿੰਘ ਨੂੰ ਅੱਗੋਂ ਇਸ ਗੱਦੀ ਦੇ ਮਾਲਕ ਬਣਾਏ ਜਾਣ ਬਾਰੇ ਆਮ ਰਾਏ ਨਹੀਂ ਬਣਾਈ ਜਾ ਸਕੇਗੀ। ਅਗਲੇ ਦਿਨ ਸਭ ਦਰਬਾਰੀ ਮਹਿਲ ਵਿਚ ਇਕੱਠੇ ਹੋਏ ਤੇ ਕਿਹਾ ਗਿਆ ਕਿ ਤਖਤ ਤੇ ਸਾਰੇ ਦਾਅਵੇਦਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਆਪਣੀ ਆਸਥਾ ਪ੍ਰਗਟ ਕਰਨ ਜਿਸ ਤਰ੍ਹਾਂ ਮਹਾਰਾਜ ਕਰਦੇ ਰਹੇ ਸਨ। ਇਸ ਦੇ ਬਾਵਜੂਦ ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਅਗਲੇ ਕੁਝ ਦਿਨ ਸ਼ਾਹੀ ਮਹਿਲ ਵਿਚ ਤਖਤ ਦੇ ਮਾਲਕ ਦਾ ਮੁੱਦਾ ਹੀ ਅਹਿਮ ਰਿਹਾ।

ਮਹਾਰਾਜਾ ਖੜਕ ਸਿੰਘ ਨੇ ਦਰਬਾਰੀਆਂ ਨੂੰ ਜ਼ਰੂਰੀ ਵਿਸ਼ਵਾਸ ਦਿਲਵਾ ਦਿੱਤੇ ਤੇ ਇਕ ਵਕਤ ਤਾਂ ਆਪਣੇ ਤਾਨਾਸ਼ਾਹ ਹੋ ਜਾਣ ਦੇ ਡਰ ਨੂੰ ਵੀ ਕੱਢਣ ਦੀ ਕੋਸ਼ਿਸ਼ ਕੀਤੀ। ਲੇਕਿਨ ਉਸ ਦੇ ਆਪਣੇ ਭਰਾ ਸ਼ੇਰ ਸਿੰਘ ਨਾਲ ਸੰਬੰਧ ਚੰਗੇ ਨਾ ਬਣ ਸਕੇ। ਸ਼ੇਰ ਸਿੰਘ ਤਾਂ ਆਖਰੀ ਵਕਤਾਂ ਵਿਚ ਆਪਣੇ ਪਿਤਾ ਦੇ ਬੀਮਾਰੀ ਵਾਲੇ ਬਿਸਤਰ ਦੇ ਕੋਲ ਵੀ ਨਹੀਂ ਆ ਸਕਦਾ ਸੀ ਕਿ ਕਿਤੇ ਖੜਕ ਸਿੰਘ ਇਸ ਦਾ ਫਾਇਦਾ ਉਠਾ ਕੇ ਉਸ ਨੂੰ ਕਾਬੂ ਵਿਚ ਨਾ ਕਰ ਲਵੇ। ਉਸ ਦੀ ਪਹਿਲੀ ਤਰਜੀਹ ਇਹ ਸੀ ਕਿ ਉਹ ਪਹਾੜਾਂ ਵੱਲ ਨਿਕਲ ਜਾਵੇ ਤੇ ਕਾਂਗੜਾ ਦੇ ਕਿਲੇ ਉਪਰ ਆਪਣਾ ਕਬਜ਼ਾ ਜਮਾ ਕੇ ਰੱਖੇ। ਉਸ ਨੇ ਓਦੋਂ ਇਹ ਇਰਾਦਾ ਛੱਡ ਦਿੱਤਾ ਜਦੋਂ ਆਪਣੇ ਪਿਤਾ ਦੀ ਮੌਤ ਦੀ ਖ਼ਬਰ ਸੁਣੀ ਤੇ ਆਪਣੀ ਬਟਾਲਾ ਵਾਲੀ ਜਗੀਰ ਨੂੰ ਸੰਭਾਲਣ ਲੱਗ ਪਿਆ। ਉਸ ਨੇ ਦਰਬਾਰ ਨੂੰ ਇਤਲਾਹ ਵੀ ਭੇਜ ਦਿੱਤੀ ਕਿ ਉਹ ਆਪਣੇ ਪਿਤਾ ਦੀਆਂ ਅੰਤਮ ਰਸਮਾਂ ਵਿਚ ਸ਼ਾਮਿਲ ਨਹੀਂ ਹੋਵੇਗਾ ਜਿਤਨੀ ਦੇਰ ਤੱਕ ਉਸ ਨੂੰ ਤਸੱਲੀ ਨਹੀਂ ਦਵਾ ਦਿੱਤੀ ਜਾਂਦੀ ਹੈ ਕਿ ਇਸ ਦੌਰਾਨ ਉਸ ਨੂੰ ਗਿਰਫ਼ਤਾਰ ਨਹੀਂ ਕੀਤਾ ਜਾਵੇਗਾ। ਮਹਾਰਾਜਾ ਖੜਕ

ਸਿੰਘ ਨੇ ਇਹ ਵਚਨ ਦੇ ਦਿੱਤਾ, ਰਾਜਾ ਸਚੇਤ ਸਿੰਘ ਤੇ ਜਮਾਦਾਰ ਖ਼ੁਸ਼ਾਲ ਸਿੰਘ ਨੇ ਇਸ ਵਾਅਦੇ ਦੀ ਜਾਤੀ ਜਮਾਨਤ ਦਿੱਤੀ। ਇਸ ਤਰ੍ਹਾਂ ਸ਼ਹਿਜ਼ਾਦਾ ਲਾਹੌਰ ਆਇਆ ਤੇ ਅੰਤਮ ਰਸਮਾਂ ਦੇ ਆਖਰੀ ਦਿਨ ਉਸ ਵੇਲੇ ਸ਼ੁਰੂ ਹੋ ਚੁਕੇ ਇਕ ਅਖ਼ਬਾਰ 'ਪੰਜਾਬ ਅਖ਼ਬਾਰ' ਨੇ ਖ਼ਬਰ ਛਾਪੀ ਕਿ ਸ਼ਾਹੀ ਪਰਿਵਾਰ ਅੰਦਰ ਆਮ ਸਹਿਮਤੀ ਪਾਈ ਜਾ ਰਹੀ ਹੈ। ਮਹਾਰਾਜਾ ਖੜਕ ਸਿੰਘ ਨੇ 16 ਜੁਲਾਈ 1839 ਨੂੰ ਆਪਣੇ ਮਤਰੇਏ ਭਰਾ ਸ਼ੇਰ ਸਿੰਘ ਨੂੰ 'ਸ੍ਰੀ ਵਾਹਿਗੁਰੂ ਜੀ ਕੇ ਪਿਆਰੇ, ਉਜੱਲ ਦੀਦਾਰ, ਨਿਰਮਲ ਬੁੱਧ, ਆਖਰੀ ਅਰਸ਼ਦੀ ਤੇ 'ਐਤਜ਼ਾਦੀ' ਯਾਨੀ ਕਿ ਸਾਡੇ ਆਪਣੇ ਭਰਾ ਦੀਆਂ ਉਪਾਧੀਆਂ ਨਾਲ ਨਿਵਾਜ਼ਿਆ।

ਲੇਕਿਨ ਸ਼ਾਹੀ ਪਰਿਵਾਰ ਦੀ ਇਹ 'ਆਮ ਸਹਿਮਤੀ' ਜ਼ਿਆਦਾ ਦੇਰ ਨਹੀਂ ਚੱਲ ਸਕੀ। ਮਹਾਰਾਜਾ ਖੜਕ ਸਿੰਘ ਦੇ ਪੁੱਤਰ ਨੌ ਨਿਹਾਲ ਸਿੰਘ ਨੇ ਰਾਜ ਨੂੰ ਆਪਣੇ ਹੱਥ ਵਿਚ ਲੈਣ ਦਾ ਫੈਸਲਾ ਕਰ ਲਿਆ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਦੇ 19 ਦਿਨ ਬਾਅਦ 'ਪੰਜਾਬ ਅਖਬਾਰ' ਨੇ ਖ਼ਬਰ ਦਿੱਤੀ ਕਿ ਸ਼ਹਿਜ਼ਾਦਾ ਨੌਨਿਹਾਲ ਸਿੰਘ ਨੇ ਸਾਰੇ ਸਰਦਾਰਾਂ ਨੂੰ ਇਕ ਦਸਤਾਵੇਜ਼ ਉਪਰ ਦਸਤਖ਼ਤ ਕਰਨ ਵਾਸਤੇ ਕਿਹਾ ਜਿਸ ਵਿਚ ਲਿਖਿਆ ਸੀ ਕਿ ਨੌਨਿਹਾਲ ਸਿੰਘ ਨੂੰ ਮਹਾਰਾਜਾ ਖੜਕ ਸਿੰਘ ਦੀ ਗੱਦੀ ਦਾ ਹੁਣ ਤੋਂ ਵਾਰਸ ਐਲਾਨਿਆ ਜਾਵੇ ਤੇ ਹੁਣ ਉਹ ਉਸ ਦਾ ਮੁਖ਼ਤਾਰ ਹੋਵੇਗਾ। ਉਸ ਨੇ ਆਪਣੇ ਵੱਲੋਂ ਹੁਕਮ ਜਾਰੀ ਕੀਤਾ ਕਿ ਉਸ ਦੇ ਪਿਤਾ ਦੇ ਰਾਜ ਤਿਲਕ ਸਮਾਰੋਹ ਨੂੰ ਉਸ ਦੇ ਲਾਹੌਰ ਪਹੁੰਚਣ ਤੱਕ ਰੋਕ ਦਿੱਤਾ ਜਾਵੇ। ਇਸ ਤੋਂ ਇਲਾਵਾ ਉਸ ਨੇ ਸ਼ਾਹੀ ਖ਼ਜ਼ਾਨੇ ਦੇ ਸਾਰੇ ਪੈਸੇ, ਜ਼ੇਵਰਾਤ ਤੇ ਘੋੜਿਆਂ ਦੀ ਗਿਣਤੀ ਦਾ ਹਿਸਾਬ ਵੀ ਬਣਾਉਣ ਨੂੰ ਕਿਹਾ ਜਿਸ ਦੀ ਜਾਂਚ ਉਹ ਆ ਕੇ ਕਰੇਗਾ। ਰਾਜਾ ਧਿਆਨ ਸਿੰਘ ਇਸ ਪਰਵਾਨੇ ਬਾਰੇ ਸੁਣ ਕੇ ਘਬਰਾ ਗਿਆ। ਤਿਲਕ ਸਮਾਰੋਹ ਅਕਤੂਬਰ ਤੱਕ ਮੁਲਤਵੀ ਕਰ ਦਿੱਤਾ ਗਿਆ ਸੀ। ਕੁਝ ਵਜ਼ੀਰ ਸ਼ਹਿਜ਼ਾਦੇ ਦੀ ਹਿਮਾਇਤ ਵਿਚ ਖੜੇ ਹੋਏ ਤੇ ਹੋਰ, ਸੰਧਾਵਾਲੀਏ ਸਮੇਤ, ਧਿਆਨ ਸਿੰਘ ਡੋਗਰਾ ਦੇ ਸਮਰਥਕ ਹੋ ਗਏ। ਕੁਝ ਹੋਰ ਫਕੀਰ ਭਰਾਵਾਂ ਤੇ ਰਾਜਾ ਦੀਨਾ ਨਾਥ ਵਰਗੇ ਨਿਰਪੱਖ ਰਹੇ।

ਧਿਆਨ ਸਿੰਘ ਡੋਗਰਾ ਨੇ ਨੌਨਿਹਾਲ ਸਿੰਘ ਨੂੰ ਜਲਦਬਾਜ਼ੀ ਤੋਂ ਰੋਕਣ ਵਾਸਤੇ ਸੁਨੇਹਾ ਭੇਜਿਆ ਕਿ ਉਹ ਬਣਾਈ ਗਈ ਵਿਉਂਤ ਨੂੰ ਖ਼ਰਾਬ ਨਾ ਕਰੇ। ਉਸ ਨੇ ਨੌਨਿਹਾਲ ਸਿੰਘ ਦੇ ਇਸ ਹੱਕ ਨੂੰ ਮੰਨ ਲਿਆ ਕਿ ਰਾਜ ਦੇ ਕੰਮਕਾਜ ਵਿਚ ਉਸ ਦੀ ਪਹਿਲ ਸਭ ਤੋਂ ਅਹਿਮ ਹੋਵੇਗੀ ਤੇ ਉਸ ਨੂੰ ਮੁਖ਼ਤਾਰ ਵੀ ਮੰਨਿਆ ਜਾਵੇਗਾ। ਮਹਾਰਾਜਾ ਖੜਕ ਸਿੰਘ ਨੇ ਪਹਿਲਾਂ ਇਸ ਸਾਰੀ ਗੱਲ ਨੂੰ ਬਿਨਾ ਕਿਸੇ ਝਿਜਕ ਮੰਨ ਲਿਆ ਪਰ ਬਾਅਦ ਵਿਚ ਚੇਤ ਸਿੰਘ ਬਾਜਵਾ ਦੇ ਕਹਿਣ ਉਪਰ ਆਪਣੇ ਵਿਚਾਰ ਬਦਲੇ ਜੋ ਉਸ ਦਾ ਰਿਸ਼ਤੇਦਾਰ ਸੀ ਤੇ ਉਸ ਦੀ ਜਾਤੀ ਜਗੀਰ

ਦੀ ਦੇਖਭਾਲ ਕਰਦਾ ਸੀ। ਚੇਤ ਸਿੰਘ ਬਾਜਵਾ ਨੇ ਮਹਾਰਾਜਾ ਨੂੰ ਮਨਾਇਆ ਕਿ ਉਹ ਆਪਣੇ ਸ਼ਾਹੀ ਹੱਕ ਆਸਾਨੀ ਨਾਲ ਨਾ ਛੱਡੇ ਤੇ ਉਸ ਨੂੰ ਨੌਨਿਹਾਲ ਸਿੰਘ ਨੂੰ ਜ਼ਿਆਦਾ ਹਵਾ ਦੇਣ ਤੋਂ ਰੋਕਿਆ। ਇਸ ਤਰ੍ਹਾਂ ਇਕ ਤਰਫ਼ ਮਹਾਰਾਜਾ ਖੜਕ ਸਿੰਘ ਤੇ ਚੇਤ ਸਿੰਘ ਬਾਜਵਾ ਤੇ ਦੂਸਰੀ ਤਰਫ਼ ਸ਼ਹਿਜ਼ਾਦਾ ਨੌਨਿਹਾਲ ਸਿੰਘ ਤੇ ਧਿਆਨ ਸਿੰਘ ਡੋਗਰਾ ਦੇ ਵਿਚਕਾਰ ਤਣਾਓ ਪੈਦਾ ਹੋ ਗਿਆ। ਮਹਾਰਾਜਾ ਖੜਕ ਸਿੰਘ ਨੇ ਆਪਣੇ ਪੁੱਤਰ ਨੂੰ ਉਸ ਦੀ ਸੀਮਾ ਵਿਚ ਰੱਖਣ ਦਾ ਫੈਸਲਾ ਕੀਤਾ ਪਰ ਇਹ ਸਾਰਿਆਂ ਨੂੰ ਸਪਸ਼ਟ ਹੋ ਗਿਆ ਕਿ ਇਹ ਸਭ ਕੁਝ ਚੇਤ ਸਿੰਘ ਬਾਜਵਾ ਦੇ ਕਹਿਣ ਉਪਰ ਹੋ ਰਿਹਾ ਹੈ ਜੋ ਮਹਾਰਾਜਾ ਦੇ ਕੰਧੇ ਉਪਰ ਰੱਖ ਕੇ ਆਪਣੀ ਬੰਦੂਕ ਉਹਨਾਂ ਦੇ ਖਿਲਾਫ਼ ਚਲਾਉਣੀ ਚਾਹੁੰਦਾ ਹੈ ਜਿਹਨਾਂ ਨੂੰ ਉਹ ਪਸੰਦ ਨਹੀਂ ਕਰਦਾ। ਬਾਜਵਾ ਤਖ਼ਤ ਦੇ ਪਿੱਛੇ ਇਕ ਤਾਕਤ ਬਣਨ ਵਿਚ ਕਾਮਯਾਬ ਹੋ ਗਿਆ। ਉਸ ਨੇ ਕਿਲ੍ਹੇ ਦੇ ਡੋਗਰਾ ਰਖਵਾਲੇ ਹਟਾ ਦਿੱਤੇ ਤੇ ਧਿਆਨ ਸਿੰਘ ਜਿਸ ਕੋਲ 'ਡਿਓਢੀਦਾਰ' ਦਾ ਖ਼ਿਤਾਬ ਹਾਸਿਲ ਸੀ, ਨੂੰ ਆਪਣੇ ਪੁੱਤਰ ਹੀਰਾ ਸਿੰਘ ਦੇ ਸਮੇਤ ਮਹਾਰਾਜਾ ਦੀ ਰਿਹਾਇਸ਼ਗਾਹ 'ਤੇ ਆਉਣਾ ਜਾਣਾ ਰੋਕ ਦਿੱਤਾ। ਤਾਕਤ ਨੇ ਬਾਜਵਾ ਨੂੰ ਹੰਕਾਰੀ ਬਣਾ ਦਿੱਤਾ ਤੇ ਉਹ ਕਿਸੇ ਦੀ ਗੱਲ ਸੁਣਨ ਵਾਸਤੇ ਤਿਆਰ ਨਹੀਂ ਸੀ। ਨੌਨਿਹਾਲ ਸਿੰਘ ਬਾਜਵਾ ਦੀ ਚੜ੍ਹਤ ਦੇ ਖਿਲਾਫ਼ ਉਸੇ ਤਰ੍ਹਾਂ ਸੀ ਜਿਸ ਤਰ੍ਹਾਂ ਧਿਆਨ ਸਿੰਘ ਡੋਗਰਾ ਦੇ ਪਰ ਉਹ ਅਫ਼ਗਾਨਾਂ ਵਿਰੁੱਧ ਮੁਹਿੰਮ ਵਿਚ ਫਸਿਆ ਹੋਇਆ ਸੀ। ਗੁਲਾਬ ਸਿੰਘ ਡੋਗਰਾ ਆਪਣੀ ਜਗੀਰ ਜੰਮੂ ਵਿਚ ਪਹੁੰਚ ਗਿਆ ਤੇ ਆਪਣੀ ਤਾਕਤ ਨੂੰ ਪਹਾੜੀ ਇਲਾਕਿਆਂ ਵਿਚ ਮਜ਼ਬੂਤ ਕਰਨ ਦੇ ਆਹਰ ਵਿਚ ਲੱਗ ਪਿਆ।

ਵਜ਼ੀਰਾਂ ਦੀ ਆਪਸੀ ਖਿੱਚੋਤਾਣ ਹੁਣ ਸਭ ਦੇ ਸਾਹਮਣੇ ਆਉਣ ਲੱਗ ਪਈ ਤੇ ਗੈਰ ਵਫ਼ਾਦਾਰ ਲੋਕ ਇਸ ਦਾ ਫਾਇਦਾ ਉਠਾ ਰਹੇ ਸਨ। ਮੀਆਂ ਰਤਨ ਚੰਦ ਤੇ ਉਸ ਦੇ ਪੁੱਤਰ ਪ੍ਰਿਥੀ ਚੰਦ ਨੇ ਨਗਰੋਟਾ ਦੇ ਇਰਦ ਗਿਰਦ ਕਈ ਪਹਾੜੀ ਇਲਾਕਿਆਂ 'ਤੇ ਕਬਜ਼ਾ ਕਰ ਲਿਆ ਸੀ। ਇਹ ਬਗਾਵਤ ਸੀ ਜਿਸ ਨੂੰ ਲਹਿਣਾ ਸਿੰਘ ਮਜੀਠੀਆ ਨੇ ਆਸਾਨੀ ਨਾਲ ਦਬਾ ਦਿੱਤਾ, ਰਾਜਪੂਤਾਂ ਨੂੰ ਹਰਾ ਦਿੱਤਾ ਤੇ ਰਤਨ ਚੰਦ ਤੇ ਪ੍ਰਿਥੀ ਚੰਦ ਨੂੰ ਸੰਗਲਾਂ ਵਿਚ ਬੰਨ ਕੇ ਲਾਹੌਰ ਲਿਆਂਦਾ ਗਿਆ। ਸ਼ਹਿਜ਼ਾਦਾ ਨੌਨਿਹਾਲ ਸਿੰਘ ਦੇ ਸਰਹੱਦੀ ਮੋਰਚੇ 'ਤੇ ਰਹਿਣ ਨਾਲ ਫੌਜਾਂ ਵਿਚ ਉਸ ਪ੍ਰਤੀ ਜੋਸ਼ ਸੀ। ਓਧਰ ਜਨਰਲ ਵੈਨਤੂਰਾ ਤੇ ਕੈਪਟਨ ਵਾਡੇ ਜੋ ਪੰਜਾਬੀਆਂ ਦਾ ਸਾਥ ਦੇ ਰਹੇ ਸਨ, ਆਪਸੀ ਝਗੜਿਆਂ ਵਿਚ ਉਲਝਦੇ ਰਹੇ ਜਿਸ ਕਰਕੇ ਕਬਾਇਲੀ ਲੋਕਾਂ ਨਾਲ ਯੁੱਧ ਕਮਜ਼ੋਰ ਪੈ ਰਿਹਾ ਸੀ। ਨੌਨਿਹਾਲ ਸਿੰਘ ਨੇ ਇਸ ਕੰਮ ਦਾ ਚਾਰਜ ਆਪਣੇ ਹੱਥ ਲੈ ਲਿਆ। ਉਸ ਨੇ ਕਰਨਲ ਸ਼ੇਖ ਬਾਸਵਾਨ ਨੂੰ ਕਮਾਨ ਸੰਭਾਲੀ ਤੇ ਅੱਗੇ ਵਧਣ ਦਾ ਹੁਕਮ ਦਿੱਤਾ। ਥੋੜੇ ਦਿਨਾਂ ਬਾਅਦ ਹੀ

ਪੰਜਾਬੀਆਂ ਨੇ ਦਰਾ ਖੈਬਰ ਪਾਰ ਕਰਕੇ ਅਲੀ ਮਸਜਿਦ ਉਪਰ ਕਬਜ਼ਾ ਕਰ ਲਿਆ। ਇਸ ਤੋਂ ਬਾਅਦ ਉਹ ਕਾਬਲ ਵੱਲ ਵਧਿਆ ਜਿਹੜਾ 9 ਅਗਸਤ 1839 ਨੂੰ ਇਹਨਾਂ ਦੇ ਕਬਜ਼ੇ ਵਿਚ ਆ ਗਿਆ।

ਅਗਸਤ 1839 ਦੇ ਅਖੀਰ ਵਿਚ ਸ਼ਹਿਜ਼ਾਦਾ ਨੌਨਿਹਾਲ ਸਿੰਘ ਤੇ ਗੁਲਾਬ ਸਿੰਘ ਡੋਗਰਾ ਦੋਵੇਂ ਲਾਹੌਰ ਪਹੁੰਚ ਗਏ ਸਨ। ਖਿੱਚੋਤਾਣ ਦੁਬਾਰਾ ਸ਼ੁਰੂ ਹੋ ਗਈ। ਸ਼ਹਿਜ਼ਾਦੇ ਨੇ ਬਾਦਸ਼ਾਹ ਨੂੰ ਕਿਹਾ ਕਿ ਸਾਰੇ ਸਲਾਹਕਾਰਾਂ ਦੀ ਰਾਏ ਹੈ ਕਿ ਬਾਜਵਾ ਨੂੰ ਕੱਢ ਦਿੱਤਾ ਜਾਵੇ। ਬਾਦਸ਼ਾਹ ਨੇ ਨਾ ਸਿਰਫ ਇਸ ਸਲਾਹ ਨੂੰ ਨਜ਼ਰ ਅੰਦਾਜ਼ ਕਰ ਦਿੱਤਾ, ਇਹ ਹੁਕਮ ਜਾਰੀ ਕੀਤਾ ਕਿ ਕੋਈ ਵੀ ਜਗੀਰ ਬਾਜਵਾ ਦੀ ਮੰਨਜ਼ੂਰੀ ਤੋਂ ਬਿਨਾਂ ਕਿਸੇ ਨੂੰ ਨਾ ਦਿੱਤੀ ਜਾਵੇ। 'ਪੰਜਾਬ ਅਖਬਾਰ' ਨੇ 25 ਸਤੰਬਰ 1839 ਨੂੰ ਲਿਖਿਆ ਕਿ ਮਹਾਰਾਜਾ ਨੇ ਰਾਮ ਸਿੰਘ ਤੇ ਗੋਬਿੰਦ ਸਿੰਘ ਨਾਮੀ ਦੋ ਭਰਾਵਾਂ ਦੀ ਗੈਰ ਹਾਜ਼ਰੀ ਦਾ ਕਾਰਨ ਪੁੱਛਿਆ। ਰਾਜਾ ਸੁਚੇਤ ਸਿੰਘ ਨੇ ਦੱਸਿਆ ਕਿ ਇਹ ਉਹਨਾਂ ਤੇ ਚੇਤ ਸਿੰਘ ਵਿਚ ਚੱਲਦੀ ਦੁਸ਼ਮਣੀ ਦੇ ਕਾਰਨ ਹੈ। ਖੜਕ ਸਿੰਘ ਬਹੁਤ ਗੁੱਸੇ ਵਿਚ ਆਇਆ। ਉਸ ਨੇ ਕਿਲੇ ਦੇ ਗਿਰਦ ਭਾਰੀ ਸੁਰੱਖਿਆ ਤੈਨਾਤ ਕੀਤੀ ਤੇ ਚੇਤ ਸਿੰਘ ਨੂੰ ਹੁਕਮ ਦਿੱਤਾ ਕਿ ਆਪਣੀਆਂ ਬੰਦੂਕਾਂ ਨੂੰ ਹਮੇਸ਼ਾ ਸਿੱਕੇ ਨਾਲ ਭਰ ਕੇ ਪਹਿਰਾ ਦੇਣ। ਉਸ ਨੇ ਆਪਣੇ ਪੁੱਤਰ ਨੂੰ ਇਕ ਜਗੀਰ ਲੈ ਕੇ ਉਥੇ ਆਰਾਮ ਨਾਲ ਰਹਿਣ ਦੀ ਆਗਿਆ ਨਹੀਂ ਦਿੱਤੀ। ਸ਼ਹਿਜ਼ਾਦਾ ਨੇ ਗੁੱਸੇ ਵਿਚ ਕਿਹਾ ਕਿ ਮੈਨੂੰ ਜਗੀਰ ਦੀ ਕੋਈ ਪਰਵਾਹ ਨਹੀ, ਮੈ ਸਾਰੀ ਸਲਤਨਤ ਦਾ ਫਿਕਰ ਕਰ ਰਿਹਾ ਹਾਂ। ਰਾਜਾ ਧਿਆਨ ਸਿੰਘ ਤਾਂ ਭਾਵੇਂ ਰਹੇ ਪਰ ਹਕੂਮਤ ਦੇ ਕੰਮਾਂ ਵਿਚ ਚੇਤ ਸਿੰਘ ਦਾ ਦਖਲ ਦਰੁਸਤ ਨਹੀਂ ਹੈ।

ਸ਼ਹਿਜ਼ਾਦਾ ਨੌਨਿਹਾਲ ਸਿੰਘ ਨੇ ਕੋਈ ਪੱਕਾ ਕਦਮ ਚੁੱਕਣ ਦਾ ਫੈਸਲਾ ਲਿਆ। ਉਸ ਨੇ ਲੁਧਿਆਣਾ ਦੇ ਬ੍ਰਿਟਿਸ਼ ਏਜੰਟ ਕਲੇਰਕ ਨੂੰ ਅਗਾਹ ਕੀਤਾ ਜੋ ਕਰਨਲ ਵਾਡੇ ਦੀ ਗੈਰ ਹਾਜ਼ਰੀ ਵਿਚ ਉਥੇ ਤੈਨਾਤ ਸੀ। ਇਸ ਗੱਲ ਦਾ ਯਕੀਨ ਮਿਲਣ ਤੋਂ ਬਾਅਦ ਕਿ ਅੰਗਰੇਜ਼ ਉਸ ਵਾਸਤੇ ਕੋਈ ਮੁਸੀਬਤ ਨਹੀਂ ਬਣਨਗੇ, ਉਹ ਤਖਤ ਦਾ ਕੰਮ ਸੰਭਾਲਣ ਲੱਗਾ। ਲਾਹੌਰ ਦੇ ਅਖ਼ਬਾਰ ਨੇ ਲਿਖਿਆ ਕਿ ਕੰਵਰ ਨੌਨਿਹਾਲ ਸਿੰਘ ਦਿਨ ਵਿਚ ਦੋ ਬਾਰ ਦਰਬਾਰ ਲਗਾਉਂਦਾ ਹੈ ਜਿਸ ਵਿਚ ਪਹਿਲੇ ਰੁਤਬਿਆਂ ਦੇ ਦਰਬਾਰੀ ਤੇ ਸੈਂਕੜੇ ਮੁਅੱਜ਼ਜ਼ ਲੋਕ ਸ਼ਾਮਿਲ ਹੁੰਦੇ ਹਨ।

ਮਹਾਰਾਜਾ ਖੜਕ ਸਿੰਘ ਨੇ ਆਪਣੀ ਖੋਈ ਹੋਈ ਸ਼ਾਨ ਬਚਾਉਣ ਵਾਸਤੇ ਬਾਜਵਾ ਤੇ ਧਿਆਨ ਸਿੰਘ ਨੂੰ ਇਕ ਦੂਜੇ ਦੀ ਸਹਿਮਤੀ ਨਾਲ ਕੰਮ ਕਰਨ ਅਤੇ ਬਾਜਵਾ ਨੂੰ ਸ਼ਹਿਜ਼ਾਦਾ ਦੇ ਰਹਿਮ ਨਾਲ ਚੱਲਣ ਦੀ ਸਲਾਹ ਦਿੱਤੀ। ਧਿਆਨ ਸਿੰਘ ਨੇ ਮਿਲਵਰਤਨ ਦੇਣ ਤੋਂ ਨਾਂਹ ਕਰ ਦਿੱਤੀ ਪਰ ਸ਼ਹਿਜ਼ਾਦਾ ਆਪਣੀ ਚਾਲ ਤੇ ਕਾਇਮ ਰਿਹਾ। ਬਾਜਵਾ ਨੇ ਮਹਿਸੂਸ ਕੀਤਾ ਕਿ ਹੁਣ ਉਸ ਦੇ ਦਿਨ ਥੋੜ੍ਹੇ ਰਹਿ

ਗਏ ਹਨ। ਉਸ ਨੂੰ ਆਪਣੇ ਅੰਗ ਰਖਿਅਕਾਂ ਉਪਰ ਵੀ ਭਰੋਸਾ ਨਹੀਂ ਰਹਿ ਗਿਆ ਸੀ ਤੇ ਮਹਾਰਾਜਾ ਦੇ ਖੇਮੇਂ ਤੋਂ ਬਾਹਰ ਨਹੀਂ ਰਹਿਣਾ ਚਾਹੁੰਦਾ ਸੀ ਪਰ ਇਹ ਚੌਕਸੀ ਵੀ ਉਸਨੂੰ ਬਚਾ ਨਹੀਂ ਸਕੀ।

8 ਅਕਤੂਬਰ, 1839 ਦੀ ਤੜਕਸਾਰ ਨੂੰ ਅਗਲੇ ਦਿਨਾਂ ਵਿਚ ਹੋਣ ਵਾਲੇ ਮਹਿਲ ਦੇ ਅੰਦਰ ਦੇ ਕਤਲਾਂ ਦੀ ਪਹਿਲੀ ਲੜੀ ਸ਼ੁਰੂ ਹੋ ਗਈ। ਇਕ ਅਮਰੀਕਨ ਕਰਨਲ ਗਾਰਡਨਰ ਜਿਹੜਾ ਰਾਜਾ ਧਿਆਨ ਸਿੰਘ ਦੇ ਤੋਪਖਾਨੇ ਦਾ ਇਨਚਾਰਜ ਸੀ ਤੇ ਜਿਹੜਾ ਡੋਗਰਾ ਦੇ ਕਤਲ ਮਿਸ਼ਨ ਦਾ ਭਾਈਵਾਲ ਸੀ, ਇਸ ਤਰ੍ਹਾਂ ਦੇ ਸਭ ਵਾਕਿਆਤ ਦਾ ਵਰਨਣ ਕਰਦਾ ਹੈ।

ਗਾਰਡਨਰ ਦੇ ਮੁਤਾਬਕ ਚੇਤ ਸਿੰਘ ਬਾਜਵਾ ਨੇ ਜਨਰਲ ਵੈਨਤੂਰਾ ਨੂੰ ਆਪਣੇ ਨਾਲ ਰਲਾ ਲਿਆ ਸੀ ਤੇ ਹੁਣ ਪੂਰੀ ਤਰ੍ਹਾਂ ਡੋਗਰਿਆਂ ਦੇ ਵਿਰੁੱਧ ਖੜ੍ਹਾ ਹੋ ਗਿਆ। ਕਤਲ ਤੋਂ ਪਹਿਲਾਂ ਵਾਲੀ ਸ਼ਾਮ ਉਹ ਦਰਬਾਰ ਅੰਦਰ ਧਿਆਨ ਸਿੰਘ ਦੇ ਖਿਲਾਫ਼ ਬਹੁਤ ਭਖਿਆ ਤੇ ਅਖੀਰ ਧਮਕੀ ਦਿੱਤੀ ਕਿ ਦੇਖਣਾ ਅਗਲੇ 24 ਘੰਟਿਆਂ ਵਿਚ ਤੇਰੇ ਨਾਲ ਕੀ ਬੀਤਦੀ ਹੈ।

ਓਧਰ ਧਿਆਨ ਸਿੰਘ ਹੱਥ 'ਤੇ ਹੱਥ ਧਰ ਕੇ ਨਹੀਂ ਬੈਠਾ ਹੋਇਆ ਸੀ। ਉਹ ਪੂਰੀ ਮੇਹਨਤ ਨਾਲ ਅਫ਼ਵਾਹਾਂ ਉਡਾ ਰਿਹਾ ਸੀ ਕਿ ਚੇਤ ਸਿੰਘ ਨੇ ਪੰਜਾਬ ਨੂੰ ਅੰਗਰੇਜ਼ਾਂ ਹੱਥ ਵੇਚ ਦਿੱਤਾ ਹੈ ਅਤੇ ਅੰਗਰੇਜ਼ਾਂ ਨੇ ਉਸ ਦੇ ਪਰਿਵਾਰ ਨੂੰ ਲਗਾਨ ਦੇ ਹਰ ਰੁਪਈਏ ਵਿਚੋਂ 6 ਆਨੇ ਦੇਣ ਦਾ ਇਕਰਾਰ ਕੀਤਾ ਹੈ। ਉਸ ਨੇ ਵੱਡਾ ਹੱਥ ਪਾਉਣ ਤੋਂ ਪਹਿਲਾਂ ਖੜਕ ਸਿੰਘ ਦੀ ਪਤਨੀ ਚਾਂਦ ਕੌਰ, ਸ਼ਹਿਜ਼ਾਦਾ ਨੌਨਿਹਾਲ ਸਿੰਘ, ਸੰਧਾਵਾਲੀਏ, ਪੰਜਾਬ ਦੇ ਬਹੁਤ ਸਾਰੇ ਅਫਸਰ ਤੇ ਮਹੱਲ ਦੀ ਰਾਖੀ ਵਾਲੇ ਸਿਪਾਹੀ ਆਪਣੇ ਨਾਲ ਗੱਠ ਲਏ ਸਨ। ਸੱਤ ਅਕਤੂਬਰ ਦੀ ਸ਼ਾਮ ਨੂੰ ਮਹੱਲ ਦੇ ਰਖਵਾਲਿਆਂ ਨੂੰ ਗੁਪਤ ਹਿਦਾਇਤ ਕੀਤੀ ਕਿ ਅਗਰ ਦਰਵਾਜ਼ੇ ਉਪਰ ਕੁਝ ਵਾਪਰੇ ਤਾਂ ਉਹਨਾਂ ਨੇ ਵੇਖ ਕੇ ਅਣਡਿੱਠ ਕਰ ਦੇਣਾ ਹੈ। ਅਗਲੀ ਸਵੇਰ ਦੇ ਤਿੰਨ ਵਜੇ ਜਦੋਂ ਸ਼ਹਿਰ ਸੁੱਤਾ ਪਿਆ ਸੀ ਤੇ ਚੌਕੀਦਾਰ 'ਜਾਗਦੇ ਰਹੋ' ਦੀਆਂ ਆਵਾਜ਼ਾਂ ਕੱਢ ਰਿਹਾ ਸੀ, ਕਰੀਬ 15 ਆਦਮੀ ਸ਼ਾਹੀ ਮਹੱਲ ਵਿਚ ਸ਼ਾਮਿਲ ਹੋਏ।

"ਕੌਣ ਹੈ ?" ਇਕ ਆਵਾਜ਼ ਆਈ

ਧਿਆਨ ਸਿੰਘ ਡੋਗਰਾ ਨੇ ਜਵਾਬ ਦਿੱਤਾ, "ਮਹਾਰਾਜਾ ਅੰਮ੍ਰਿਤਸਰ ਦੇ ਇਸ਼ਨਾਨ ਵਾਸਤੇ ਜਾ ਰਹੇ ਹਨ ਤੇ ਅਸਾਂ ਉਸ ਦੀ ਤਿਆਰੀ ਕਰਵਾਉਣੀ ਹੈ।"

ਜਦੋਂ ਇਹ ਗਰੁੱਪ 'ਜ਼ਨਾਨਖਾਨਾ' ਪਹੁੰਚਿਆ ਜਿੱਥੇ ਮਹਾਰਾਜ ਦੇ ਸੌਣ ਦਾ ਮੁਕਾਮ ਹੈ, ਇਕ ਗੁਪਤ ਹੱਥ ਨੇ ਇਸ ਆਉਣ ਵਾਲੇ ਗਰੁੱਪ ਵਾਸਤੇ ਇਕ ਤੋਂ ਬਾਅਦ ਦੂਜਾ, ਸਭ, ਦਰਵਾਜ਼ੇ ਖੋਲ੍ਹੇ। ਉਹ ਆਰਾਮ ਨਾਲ 'ਬਾਦਸ਼ਾਹ ਏ ਤਖ਼ਤ' ਦੀਆਂ ਹਨੇਰੀਆਂ ਪੌੜੀਆਂ ਚੜ੍ਹ ਗਏ। ਉਸ ਤੋਂ ਅੱਗੇ ਸ਼ਾਹੀ ਖਵਾਬ ਗਾਹ ਯਾਨੀ

ਸੌਣ ਵਾਲਾ ਕਮਰਾ ਸੀ। ਧਿਆਨ ਸਿੰਘ ਡੋਗਰਾ ਤੇ ਗੁਲਾਬ ਸਿੰਘ ਡੋਗਰਾ ਨੇ ਕੁਝ ਘੁਸਰ ਮੁਸਰ ਕੀਤੀ ਤੇ ਉਸੇ ਵਕਤ ਇਕ ਆਦਮੀ ਨੀਂਦ ਤੋਂ ਜਾਗਿਆ, ਸ਼ੋਰ ਮਚਾਇਆ ਤੇ ਮਦਦ ਦੀ ਦੁਹਾਈ ਪਾਈ। ਸੁਚੇਤ ਸਿੰਘ ਡੋਗਰਾ ਨੇ ਗੋਲੀ ਚਲਾ ਕੇ ਉਸ ਨੂੰ ਹੇਠਾਂ ਡੇਗ ਲਿਆ। ਗੁਲਾਬ ਸਿੰਘ ਨੇ ਸੁਚੇਤ ਸਿੰਘ ਨੂੰ ਇਸ ਬੇਵਕੂਫ਼ੀ ਵਾਸਤੇ ਡਾਂਟਿਆ। ਇਸ ਨਾਲ ਹਲਚੱਲ ਮੱਚ ਗਈ ਤੇ ਸੁਰੱਖਿਆ ਗਾਰਡ ਦੌੜਨ ਲੱਗ ਪਏ। ਧਿਆਨ ਸਿੰਘ ਡੋਗਰਾ ਉਹਨਾਂ ਨੂੰ ਸ਼ਾਂਤ ਕਰਨ ਵਾਸਤੇ ਅੱਗੋਂ ਹੋ ਕੇ ਮਿਲਿਆ। ਕਮਾਂਡਰ ਸੂਬੇਦਾਰ ਨੇ ਪੁੱਛਿਆ 'ਤੁਸਾਂ ਗੋਲੀ ਕਿਉਂ ਚਲਾਈ ? ਧਿਆਨ ਸਿੰਘ ਨੇ ਉਸ ਨੂੰ ਸੱਜਾ ਹੱਥ ਵਿਖਾਇਆ ਜਿਸ ਉਪਰ ਦੋ ਅੰਗੂਠੇ ਸਨ ਤੇ ਚੁੱਪ ਰਹਿਣ ਵਾਸਤੇ ਕਿਹਾ। ਸੂਬੇਦਾਰ ਨੇ ਸ਼ਾਹੀ ਆਰਾਮ ਗਾਹ ਵੱਲ ਇਸ਼ਾਰਾ ਕੀਤਾ ਤੇ ਚੁੱਪ ਕਰਕੇ ਆਪਣੀ ਬੈਰਕ ਵੱਲ ਆ ਗਿਆ।

ਮਹਾਰਾਜਾ ਦੀ ਖ਼ਵਾਬ-ਗਾਹ ਦਾ ਦਰਵਾਜ਼ਾ ਵੀ ਬਿਨਾ ਕਿਸੇ ਹੁਕਮ ਦੇ ਖੁੱਲ੍ਹ ਗਿਆ ਤੇ ਇਹ ਸਾਰਾ ਗਰੁੱਪ ਅੰਦਰ ਚਲਾ ਗਿਆ। ਮਹਾਰਾਜਾ ਆਪਣੇ ਬਿਸਤਰ ਉਪਰ ਬੈਠਾ ਸੀ ਤੇ ਇਕ ਗੜਵਈਆ ਉਸ ਦੇ ਹੱਥਾਂ ਉਪਰ ਪਾਣੀ ਪਾ ਰਿਹਾ ਸੀ ਕਿ ਉਹ ਆਪਣਾ ਮੂੰਹ ਧੋ ਲਵੇ। ਉਹ ਤੜਕਸਾਰ ਦੀ ਪ੍ਰਾਰਥਨਾ ਦੀ ਤਿਆਰੀ ਕਰ ਰਿਹਾ ਸੀ। ਨਜ਼ਦੀਕ ਵਾਲਾ ਬਿਸਤਰਾ ਜਿਸ ਉਪਰ ਚੇਤ ਸਿੰਘ ਬਾਜਵਾ ਸੌਂਦਾ ਸੁਣਿਆ ਗਿਆ, ਖਾਲੀ ਸੀ। ਲੇਕਿਨ ਬਿਸਤਰੇ ਦੀ ਚਾਦਰ ਤੇ ਸਿਰਹਾਣੇ ਦੀ ਹਾਲਤ ਦੱਸ ਰਹੇ ਸਨ ਕਿ ਥੋੜੀ ਦੇਰ ਪਹਿਲੇ ਹੀ ਇਸ ਬਿਸਤਰੇ ਵਿਚ ਕੋਈ ਹੋਵੇਗਾ।

"ਤੁਹਾਡਾ ਖਾਸ ਵਫ਼ਾਦਾਰ ਕਿੱਥੇ ਹੈ ?" ਇਸ ਗਰੁੱਪ ਵਿਚੋਂ ਇਕ ਨੇ ਪੁੱਛਿਆ। ਮਹਾਰਾਜਾ ਨੇ ਸੱਚੀ ਗੱਲ ਦੱਸੀ ਕਿ ਉਹ ਗੋਲੀ ਦੀ ਆਵਾਜ਼ ਸੁਣ ਕੇ ਦੌੜ ਗਿਆ ਹੈ, ਕਿਥੇ ਦੌੜ ਗਿਆ, ਇਸ ਦਾ ਉਸ ਨੂੰ ਕੋਈ ਪਤਾ ਨਹੀਂ ਸੀ। ਉਸ ਨੇ ਤਰਲਾ ਵੀ ਲਿਆ ਕਿ ਚੇਤ ਸਿੰਘ ਦੀ ਜ਼ਿੰਦਗੀ ਨੂੰ ਬਖ਼ਸ਼ ਦਿੱਤਾ ਜਾਵੇ। ਉਸ ਨੇ ਬਿਸਤਰ ਤੋਂ ਓਠ ਕੇ ਵੀ ਇਸ ਗਰੁੱਪ ਨੂੰ ਹੋਰ ਅੱਗੇ ਜ਼ਨਾਨਖਾਨਾ ਵੱਲ ਜਾਣ ਤੋਂ ਰੋਕਣ ਦੀ ਕੋਸ਼ਿਸ਼ ਕੀਤੀ। ਉਸ ਨੂੰ ਰੁੱਖੇਪਣ ਨਾਲ ਬਿਸਤਰੇ ਵਿਚ ਦੁਬਾਰਾ ਸੁੱਟ ਦਿੱਤਾ ਤੇ ਚਾਰ ਆਦਮੀ ਉਸ ਦੇ ਪਹਿਰੇ ਉਪਰ ਲਗਾ ਕੇ ਬਾਕੀ ਗਰੁੱਪ ਦੂਜੇ ਕਮਰਿਆਂ ਦੀ ਤਲਾਸ਼ੀ ਲੈਣ ਨਿਕਲ ਗਿਆ। ਉਹਨਾਂ ਦੋ ਗਰੁੱਪ ਬਣਾ ਲਏ ਤੇ ਟਾਰਚਾਂ ਜਲਾ ਲਈਆਂ। ਇਸ ਤਰ੍ਹਾਂ ਲੱਗਦਾ ਸੀ ਕਿ ਬਾਜਵਾ ਸੱਚ ਮੁੱਚ ਨਿਕਲ ਗਿਆ ਹੈ। ਉਹ ਆਪਣੀ ਕੋਸ਼ਿਸ਼ ਛੱਡ ਦੇਣ ਲੱਗੇ ਸੀ ਕਿ ਇਕ ਗੈਲਰੀ ਵਿਚ ਕੁਝ ਚਮਕਦਾ ਦਿੱਸਿਆ। ਉਹ ਚੇਤ ਸਿੰਘ ਦੇ ਕੰਬਦੇ ਹੱਥਾਂ ਵਿਚ ਫੜੀ ਨੰਗੀ ਤਲਵਾਰ ਸੀ। ਉਹ ਇਤਨਾ ਡਰਿਆ ਹੋਇਆ ਸੀ ਕਿ ਉਸ ਤਲਵਾਰ ਨੂੰ ਚੁੱਕ ਵੀ ਨਹੀਂ ਸਕਿਆ ਜਿਸ ਦੀ ਚਮਕ ਨੇ ਉਸ ਨੂੰ ਪਕੜਵਾ ਦਿੱਤਾ ਸੀ। ਉਸ ਨੂੰ ਘਸੀਟ ਕੇ

ਉਸ ਦੇ ਸ਼ਾਹੀ ਦੋਸਤ, ਬਾਦਸ਼ਾਹ, ਪਾਸ ਲੈ ਗਏ। ਮਹਾਰਾਜਾ ਨੇ ਆਪਣੇ ਪੁੱਤਰ ਨੌਨਿਹਾਲ ਸਿੰਘ, ਸੰਧਾਵਾਲੀਏ ਤੇ ਡੋਗਰੇ ਭਰਾਵਾਂ ਅੱਗੇ ਚੇਤ ਸਿੰਘ ਨੂੰ ਮੁਆਫ਼ ਕਰਨ ਦੀ ਮੰਗ ਕੀਤੀ। ਮਹਾਰਾਜਾ ਦੇ ਹੱਥ ਪਿੱਛੇ ਬੰਨੇ ਹੋਏ ਸਨ ਜਿੱਥੇ ਉਹ ਬੈਠਾ ਹੋਇਆ ਸੀ।

ਧਿਆਨ ਸਿੰਘ ਦੀਆਂ ਅੱਖਾਂ ਆਪਣੇ ਜਾਨੀ ਦੁਸ਼ਮਣ ਉਪਰ ਗੋਲੀ ਚਲਾਉਣ ਦੇ ਇਰਾਦੇ ਨਾਲ ਚਮਕ ਰਹੀਆਂ ਸਨ, ਕਰਨਲ ਗਾਰਡਨ ਨੇ ਲਿਖਿਆ। ਗੁਲਾਬ ਸਿੰਘ ਅੱਗੇ ਵਧਿਆ ਤਾਂ ਜੋ ਚੇਤ ਸਿੰਘ ਨੂੰ ਆਪਣੇ ਹੱਥਾਂ ਨਾਲ ਰੁਖਸਤ ਕਰੇ ਪਰ ਧਿਆਨ ਸਿੰਘ ਨੇ ਉਸ ਨੂੰ ਇਕ ਤਰਫ਼ ਕਰ ਦਿੱਤਾ ਤੇ ਆਪਣਾ ਖੰਜਰ ਹੌਲੀ ਜਿਹੇ ਆਪਣੇ ਦੁਸ਼ਮਣ ਵੱਲ ਵਧਾਇਆ ਤੇ ਕਿਹਾ, "ਤੂੰ ਮੈਨੂੰ ਚੌਵੀ ਘੰਟੇ ਦੀ ਧਮਕੀ ਦਿੱਤੀ ਸੀ ਕਿ ਮੇਰੇ ਨਾਲ ਕੀ ਬਣੇਗੀ। ਉਹ 24 ਘੰਟੇ ਅਜੇ ਬੀਤੇ ਨਹੀਂ ਹਨ," ਉਸ ਨੇ ਦੰਦ ਕਰੀਚਦੇ ਹੋਏ ਆਖਿਆ। ਫਿਰ ਇਕ ਦਮ ਸ਼ੇਰ ਵਾਲੀ ਫੁਰਤੀ ਨਾਲ ਉਸ ਨੇ ਆਪਣਾ ਖੰਜਰ ਚੇਤ ਸਿੰਘ ਦੀ ਛਾਤੀ ਵਿਚ ਖੋਭ ਦਿੱਤਾ ਤੇ ਜ਼ੋਰ ਦੀ ਕਿਹਾ, "ਇਸ ਨੂੰ ਰਣਜੀਤ ਸਿੰਘ ਦੀ ਯਾਦ ਵਿਚ ਰੱਖ ਲੈ"।

2

ਦਰਵਾਜ਼ੇ ਉਪਰ ਮੌਤ

ਜਿਸ ਤਰੀਕੇ ਨਾਲ ਚੇਤ ਸਿੰਘ ਬਾਜਵਾ ਦਾ ਕਤਲ ਹੋਇਆ ਸੀ, ਮਹਾਰਾਜਾ ਖੜਕ ਸਿੰਘ ਦੇ ਸਾਹਮਣੇ ਕੋਈ ਸ਼ੰਕਾ ਨਹੀਂ ਰਹੀ ਕਿ ਜੇ ਉਹ ਆਪਣੇ ਆਪ ਸ਼ਾਹੀ ਤਖਤ ਤੋਂ ਪਾਸੇ ਨਹੀਂ ਹੋਇਆ ਤਾਂ ਉਸ ਦਾ ਅੰਤ ਵੀ ਇਸੇ ਤਰ੍ਹਾਂ ਦਾ ਹੋ ਸਕਦਾ ਹੈ। ਕਿਸੇ ਵੀ ਤਰ੍ਹਾਂ ਉਸ ਦੀਆਂ ਅਪੀਲਾਂ ਰੱਦ ਕਰਦਿਆਂ ਉਸ ਦੀਆਂ ਅੱਖਾਂ ਦੇ ਸਾਹਮਣੇ ਇਸ ਤਰ੍ਹਾਂ ਦੇ ਕਤਲ ਦੀ ਯਾਦ ਉਸ ਨੂੰ ਬਹੁਤ ਸਤਾਉਂਦੀ ਰਹਿੰਦੀ ਸੀ।

ਇਸ ਕਤਲ ਤੋਂ ਅਗਲੇ ਦਿਨ ਹੀ 'ਪੰਜਾਬ ਅਖ਼ਬਾਰ' ਨੇ ਛਾਪਿਆ ਕਿ ਮਹਾਰਾਜਾ ਖੜਕ ਸਿੰਘ ਮਹਿਸੂਸ ਕਰ ਰਹੇ ਹਨ ਕਿ ਉਹਨਾਂ ਦਾ ਹਕੂਮਤ ਤੇ ਤਖ਼ਤ ਨਾਲ ਕੋਈ ਵਾਸਤਾ ਨਹੀਂ ਰਿਹਾ, ਸਭ ਕੁਝ ਚੇਤ ਸਿੰਘ ਦੇ ਨਾਲ ਹੀ ਚਲਾ ਗਿਆ ਹੈ, ਉਹ ਆਪਣੀ ਪੁਰਾਣੀ ਜਗੀਰ ਨਾਲ ਹੀ ਤਸੱਲੀ ਕਰ ਲਵੇਗਾ ਤੇ ਸਭ ਕੁਝ ਰਾਜਾ ਧਿਆਨ ਸਿੰਘ ਤੇ ਕੁੰਵਰ ਨੌਨਿਹਾਲ ਸਿੰਘ ਦੇ ਸਪੁਰਦ ਕਰ ਦੇਵੇਗਾ।

ਬਾਜਵਾ ਦੇ ਕਤਲ ਤੋਂ ਬਾਅਦ ਉਸ ਦੀ ਜਾਏਦਾਦ ਵੀ ਜਬਤ ਕੀਤੀ ਗਈ, ਉਸ ਦੇ ਭਰਾ ਨੂੰ ਗਿਰਫ਼ਤਾਰ ਕੀਤਾ ਤੇ ਉਸ ਨਾਲ ਦੋਸਤਾਨਾਂ ਸਬੰਧ ਰੱਖਣ ਵਾਲਿਆਂ ਸਾਰਿਆਂ ਨੂੰ ਸਜ਼ਾਵਾਂ ਦਿੱਤੀਆਂ ਗਈਆਂ। ਦਰਬਾਰ ਦਾ ਮੁੱਖ ਮਨੀਮ ਮਿਸਤ ਬੇਲੀ ਰਾਮ ਜਿਹੜਾ ਕੋਹ ਏ ਨੂਰ ਹੀਰੇ ਦਾ ਇੰਚਾਰਜ ਸੀ ਤੇ ਜਲੰਧਰ ਤੋਂ ਉਸ ਦਾ ਭਰਾ ਰੂਪ ਲਾਲ ਕਰਦਾਰ ਤੇ ਮੇਘ ਰਾਜ ਜੋ ਕਿਲਾ ਗੋਬਿੰਦਗੜ੍ਹ ਦੇ ਖ਼ਜਾਨੇ ਦਾ ਇੰਚਾਰਜ ਸੀ, ਸਭ ਨੂੰ ਕਾਬੂ ਵਿਚ ਲੈ ਲਿਆ ਗਿਆ। ਕੁਝ ਦੇਰ ਵਾਸਤੇ ਇਹ ਬੱਦਲ ਜੈਨਰਲ ਵੈਨਤੂਰਾ ਅਤੇ ਸ਼ਹਿਜ਼ਾਦਾ ਸ਼ੇਰ ਸਿੰਘ ਉਪਰ ਵੀ ਛਾਏ ਰਹੇ ਜਿਹਨਾਂ ਨੇ ਚੇਤ ਸਿੰਘ ਦੇ ਖਿਲਾਫ਼ ਸਾਜਿਸ਼ ਵਿਚ ਸਾਥ ਦੇਣ ਤੋਂ ਇਨਕਾਰ ਕੀਤਾ ਸੀ।

ਫਕੀਰ ਅਜ਼ੀਜ਼ੁਦੀਨ ਨੂੰ ਇਕ ਗੁਪਤ ਮਿਸ਼ਨ ਵਾਸਤੇ ਸ਼ਿਮਲਾ ਭੇਜਿਆ ਗਿਆ ਸੀ ਕਿ ਉਹ ਅੰਗਰੇਜ਼ ਹਕੂਮਤ ਨੂੰ ਉਹਨਾਂ ਕਾਰਨਾਂ ਤੋਂ ਜਾਣੂ ਕਰਵਾ ਸਕੇ ਜਿਹਨਾਂ ਕਰਕੇ ਚੇਤ ਸਿੰਘ ਦਾ ਕਤਲ ਕੀਤਾ ਗਿਆ ਸੀ ਅਤੇ ਬੇਲੀ ਰਾਮ ਤੇ ਹੋਰਨਾਂ ਨੂੰ ਗਿਰਫ਼ਤਾਰ ਕੀਤਾ ਹੈ।

ਮਹਾਰਾਜਾ ਖੜਕ ਸਿੰਘ ਸ਼ਹਿਰ ਵਿਚਲੇ ਆਪਣੇ ਘਰ ਵਿਚ ਚਲਾ ਗਿਆ ਤੇ ਸ਼ਹਿਜ਼ਾਦਾ ਨੌਨਿਹਾਲ ਸਿੰਘ ਨੇ ਕਿਲੇ ਦੇ ਅੰਦਰਲੇ ਮਹੱਲ ਉਪਰ ਕਬਜ਼ਾ ਕਰ ਲਿਆ ਤੇ ਮਹਾਰਾਜਾ ਬਣ ਗਿਆ ਪਰ ਕੇਵਲ ਨਾਮ ਦਾ ਹੀ। ਉਸ ਦੀ ਉਮਰ ਅਜੇ 18 ਸਾਲ ਦੀ ਸੀ।

ਨੌਨਿਹਾਲ ਸਿੰਘ ਦਾ ਸੁੰਭਾਅ ਆਪਣੇ ਪਿਤਾ ਨਾਲੋਂ ਵੱਖਰਾ ਸੀ। ਉਸ ਨੂੰ ਬਾਦਸ਼ਾਹਾਂ ਵਾਲੀ ਚੜ੍ਹਕ ਫੜਕ ਪਸੰਦ ਨਹੀਂ ਸੀ ਤੇ ਸਾਰੀਆਂ ਰਵਾਇਤੀ ਸ਼ਾਨ ਦੀਆਂ ਰਸਮਾਂ ਨੂੰ ਉਸ ਨੇ ਆਪਣੇ ਪਿਤਾ ਦੇ ਵੇਲੇ ਦੀਆਂ ਗੱਲਾਂ ਰਹਿਣ ਦਿੱਤੀਆਂ ਜਿਸ ਦਾ ਨਾਮ ਉਹ ਬਹੁਤ ਇੱਜ਼ਤ ਨਾਲ ਲੈਂਦਾ ਸੀ। ਲੇਕਿਨ ਉਸ ਨੇ ਆਪਣੇ ਵਜ਼ੀਰਾਂ, ਸੂਬਿਆਂ ਦੇ ਸੂਬੇਦਾਰਾਂ ਤੇ ਜਰਨੈਲਾਂ ਨੂੰ ਸਾਫ਼ ਕਰ ਦਿੱਤਾ ਕਿ ਉਹ ਹਕੂਮਤ ਨੂੰ ਆਪਣੇ ਤਰੀਕੇ ਨਾਲ ਚਲਾਏਗਾ ਕਿਉਂਕਿ ਇਹ ਸਾਰੇ ਲੋਕ ਮਹਾਰਾਜਾ ਖੜਕ ਸਿੰਘ ਤੇ ਕੁਝ ਹੱਦ ਤੱਕ ਮਹਾਰਾਜਾ ਰਣਜੀਤ ਸਿੰਘ ਵੇਲੇ ਵੀ ਆਪਣੀਆਂ ਮਨ ਮਰਜੀਆਂ ਕਰਦੇ ਸਨ। ਉਹ ਛੇਤੀ ਹੀ ਮਹਾਰਾਜੇ ਦੇ ਸਖਤ ਹੁਕਮਾਂ ਤੋਂ ਖਿਝਣ ਲੱਗ ਪਏ ਸਨ। ਉਤਰੀ ਪੱਛਮੀ ਸਰਹੱਦ ਦੇ ਪਠਾਨਾਂ ਨੇ ਪੰਜਾਬ ਦੀ ਅਨਿਸਚਿਤ ਹਾਲਤ ਦਾ ਫਾਇਦਾ ਉਠਾਉਂਦਿਆਂ ਬਗਾਵਤ ਕਰ ਦਿੱਤੀ। ਧਿਆਨ ਸਿੰਘ ਡੋਗਰਾ ਨੇ ਕਿਹਾ ਕਿ ਕਿਤਨਾ ਚੰਗਾ ਹੁੰਦਾ ਕਿ ਉਹ ਮਹਾਰਾਜਾ ਰਣਜੀਤ ਸਿੰਘ ਦੀ ਦੇਹ ਦੇ ਨਾਲ ਹੀ ਸਤੀ ਹੋ ਜਾਂਦਾ। ਗੁਲਾਬ ਸਿੰਘ ਡੋਗਰਾ ਹਿੰਦੁਸਤਾਨ ਦੇ ਤੀਰਥ ਯਾਤਰਾਵਾਂ ਨੂੰ ਚਲਾ ਗਿਆ ਸੀ। ਵੈਨਤੂਰਾ ਨੇ ਵੀ ਘੁਟਨ ਮਹਿਸੂਸ ਕੀਤੀ ਤੇ ਅਸਤੀਫ਼ੇ ਦੀ ਧਮਕੀ ਦੇ ਦਿੱਤੀ।

ਨੌਨਿਹਾਲ ਸਿੰਘ ਨੇ ਇਹਨਾਂ ਸਾਰੀਆਂ ਹਾਲਤਾਂ ਨੂੰ ਆਪਣੇ ਵਾਸਤੇ ਇਕ ਚੈਲੰਜ ਸਮਝਿਆ। ਉਸ ਨੇ ਕਸ਼ਮੀਰ ਤੇ ਮੁਲਤਾਨ ਦੇ ਸੂਬੇਦਾਰਾਂ ਨੂੰ ਦਰਬਾਰ ਵਿਚ ਬੁਲਾਇਆ ਤੇ ਉਥੋਂ ਦਾ ਲਾਗਾਨ ਬਕਾਇਦਾ ਜਮਾ ਕਰਵਾਏ ਜਾਣ ਦੀ ਹਿਦਾਇਤ ਦਿੱਤੀ। ਉਸ ਨੇ ਗੁਲਾਬ ਸਿੰਘ ਨੂੰ ਵਾਪਸ ਮੁੜਨ ਦਾ ਹੁਕਮ ਦਿੱਤਾ ਤੇ ਵੈਨਤੂਰਾ ਨੂੰ ਪਹਾੜਾਂ ਵੱਲ ਭੇਜ ਦਿੱਤਾ। ਉਸ ਨੇ ਸ਼ਹਿਜ਼ਾਦਾ ਕਸ਼ਮੀਰਾ ਸਿੰਘ ਉਪਰ ਦਬਾਅ ਪਾ ਕੇ ਉਸ ਕੋਲੋਂ ਤਖਤ ਦੀ ਦਾਅਵੇਦਾਰੀ ਨਾ ਰੱਖਣ ਦਾ ਐਲਾਨ ਕਰਵਾਇਆ। ਊਨਾ ਦਾ ਬਿਕਰਮ ਸਿੰਘ ਬੇਦੀ ਆਪਣੇ ਆਪ ਨੂੰ ਗੁਰੂ ਨਾਨਕ ਦਾ ਵਾਰਸ ਦਰਸਾ ਕੇ ਕਾਨੂੰਨ ਨੂੰ ਹੱਥਾਂ ਵਿਚ ਲੈਂਦਾ ਸੀ, ਉਸ ਨੂੰ ਸਖਤੀ ਨਾਲ ਤਾੜਨਾ ਕਰ ਦਿੱਤੀ। ਲੋਕ ਭਲਾਈ ਦੇ ਕੰਮ ਮਹਾਰਾਜਾ ਨੇ ਆਪਣੇ ਹੱਥਾਂ ਵਿਚ ਲੈ ਲਏ। ਲਾਹੌਰ ਤੋਂ ਅੰਮ੍ਰਿਤਸਰ ਦੀ ਸੜਕ ਦੇ ਦੋਹਾਂ ਪਾਸੇ ਰੁੱਖ ਲਗਵਾਏ ਤੇ ਇਹਨਾਂ ਦੋਹਾਂ

ਸ਼ਹਿਰਾਂ ਦੇ ਬਾਹਰਲੇ ਪਾਸੇ ਬਾਗ਼ ਲਗਵਾਏ। ਧਿਆਨ ਸਿੰਘ ਆਪਣੇ ਤਰੀਕੇ ਨਾਲ ਮਹਾਰਾਜਾ ਦੇ ਨਜ਼ਦੀਕ ਆਇਆ ਜਿਸ ਨੂੰ ਮੰਨਜ਼ੂਰ ਕਰ ਲਿਆ ਗਿਆ ਹਾਲਾਂਕਿ ਉਸ ਨੂੰ ਸੱਤ ਹੋਰ ਵਜ਼ੀਰਾਂ ਨਾਲ ਬਰਾਬਰ ਦਾ ਦਰਜਾ ਦੇਣਾ ਪਸੰਦ ਨਹੀਂ ਆਇਆ। ਉਹ ਫਕੀਰ ਅਜ਼ੀਜ਼ੁਦੀਨ, ਖੁਸ਼ਹਾਲ ਸਿੰਘ, ਭਾਈਆ ਰਾਮ ਸਿੰਘ, ਅਜੀਤ ਸਿੰਘ ਸੰਧਾਵਾਲੀਆ ਤੇ ਲਹਿਣਾ ਸਿੰਘ ਮਜੀਠੀਆ ਨਾਲ ਬਰਾਬਰ ਦੀ ਹਸਤੀ ਰੱਖਦਾ ਸੀ। ਦੋ ਮਹੀਨੇ ਬਾਅਦ ਹੀ ਲੱਗਣ ਲੱਗ ਪਿਆ ਸੀ ਕਿ ਮਹਾਰਾਜਾ ਰਣਜੀਤ ਸਿੰਘ ਦੀ ਰੂਹ ਉਸ ਦੇ ਪੋਤਰੇ ਨੌਨਿਹਾਲ ਸਿੰਘ ਅੰਦਰ ਆ ਦਾਖਲ ਹੋਈ ਹੈ।

ਅੰਗਰੇਜ਼ ਪੰਜਾਬ ਅੰਦਰ ਇਸ ਤਰ੍ਹਾਂ ਹਕੂਮਤ ਦੀ ਤਬਦੀਲੀ ਨੂੰ ਮਾਨਤਾ ਦੇਣ ਵਾਸਤੇ ਤਿਆਰ ਨਹੀਂ ਸਨ ਪਰ ਉਹਨਾਂ ਦੀ ਝਿਜਕ ਇਸ ਕਰਕੇ ਦੱਬੀ ਰਹਿ ਗਈ ਕਿਉਂਕਿ ਉਹ ਅਫ਼ਗਾਨਿਸਤਾਨ ਤੋਂ ਆਪਣੀ ਫੌਜ ਪੰਜਾਬ ਦੇ ਵਿਚੋਂ ਦੀ ਲੰਘਾ ਕੇ ਵਾਪਸ ਬਲਾਉਣ ਦੀ ਇਜਾਜ਼ਤ ਚਾਹੁੰਦੇ ਸਨ। ਦਰਬਾਰ ਇਸ ਮੰਗ ਦੇ ਬਿਲਕੁਲ ਖਿਲਾਫ਼ ਸੀ ਪਰ ਮਹਾਰਾਜਾ ਨੌਨਿਹਾਲ ਸਿੰਘ ਨੇ ਸਭ ਦੀ ਰਾਏ ਰੱਦ ਕਰ ਦਿੱਤੀ ਅਤੇ ਇਸ ਤਰ੍ਹਾਂ ਆਪਣੇ ਮਜ਼ਬੂਤ ਪੜੋਸੀ ਦੀ ਹਿਮਾਇਤ ਜਿੱਤ ਲਈ। ਸਿਰਫ਼ ਇਕ ਹੀ ਸ਼ਰਤ ਰੱਖੀ ਕਿ ਅੰਗਰੇਜ਼ ਫਿਰ ਇਸ ਤਰ੍ਹਾਂ ਦੀ ਮੰਗ ਨਹੀਂ ਰੱਖਣਗੇ ਤੇ ਉਹਨਾਂ ਦੀ ਫੌਜ ਰਾਜਧਾਨੀ ਲਾਹੌਰ ਤੋਂ ਦੂਰ ਰਹੇਗੀ। ਫਿਰ ਵੀ ਵਾਪਸੀ ਉਪਰ ਅੰਗਰੇਜ਼ੀ ਫੌਜ ਦਾ ਕਮਾਂਡਰ ਲਾਰਡ ਕੀਨੇ ਲਾਹੌਰ ਆਇਆ ਤੇ ਮਹਾਰਾਜਾ ਨੌਨਿਹਾਲ ਸਿੰਘ ਦੇ ਸਾਹਮਣੇ ਪੇਸ਼ ਹੋ ਕੇ ਅੰਗਰੇਜ਼ਾਂ ਦੀ ਅਫ਼ਗਾਨ ਮੁਹਿੰਮ ਵਿਚ ਪੰਜਾਬ ਦੀ ਹਕੂਮਤ ਦੀ ਮਦਦ ਵਾਸਤੇ ਉਸ ਦਾ ਧੰਨਵਾਦ ਕੀਤਾ। ਉਸ ਨੂੰ ਤਰੀਕੇ ਨਾਲ ਦੱਸ ਦਿੱਤਾ ਗਿਆ ਸੀ ਕਿ ਉਹ ਆਪਣੀ ਹਕੂਮਤ ਨੂੰ ਅਗਾਹ ਕਰੇ ਕਿ ਕਰਨਲ ਵਾਡੇ ਵੱਲੋਂ ਮਹਾਰਾਜਾ ਖੜਕ ਸਿੰਘ ਦੀ ਮਦਦ ਜਾਰੀ ਰੱਖਣਾ ਇਸ ਦਰਬਾਰ ਦੇ ਵਜ਼ੀਰਾਂ ਨੂੰ ਪਸੰਦ ਨਹੀਂ ਹੈ। ਕੁਝ ਹਫ਼ਤੇ ਬਾਅਦ ਕਰਨਲ ਵਾਡੇ ਖੁਦ ਅਫ਼ਗਾਨਿਸਤਾਨ ਤੋਂ ਵਾਪਸ ਆਉਂਦਾ ਹੋਇਆ ਲਾਹੌਰ ਵਿਚ ਰੁਕਿਆ ਤਾਂ ਉਸ ਨੂੰ ਮਹਾਰਾਜਾ ਨਾਲ ਮਿਲਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਮਹਾਰਾਜਾ ਨੌਨਿਹਾਲ ਸਿੰਘ ਦੀ ਹਕੂਮਤ ਨੂੰ ਅੰਗਰੇਜ਼ਾਂ ਵੱਲੋਂ ਮਾਨਤਾ ਦੀ ਝਿਜਕ ਨਾਲ ਸ਼ਹਿਜ਼ਾਦੇ ਦੇ ਮਨ ਵਿਚ ਸ਼ੰਕੇ ਪੈਦਾ ਹੋ ਗਏ ਸਨ। ਬਾਅਦ ਵਿਚ ਅਜਿਹੇ ਸ਼ੰਕੇ ਦੋਹਾਂ ਪਾਸਿਓਂ ਪੈਦਾ ਹੋ ਗਏ ਸਨ। ਮਹਾਰਾਜਾ ਨੌਨਿਹਾਲ ਸਿੰਘ ਦਾ ਦੋਸਤ ਮੁਹੰਮਦ ਨੂੰ ਲਿਖਿਆ ਖ਼ਤ ਕਿ ਦੋਵੇਂ ਤਾਕਤਾਂ ਮਿਲ ਕੇ ਅੰਗਰੇਜ਼ਾਂ ਦਾ ਮੁਕਾਬਲਾ ਕਰਨ, ਕਲਕੱਤੇ ਪਹੁੰਚ ਗਿਆ ਸੀ। ਜਦੋਂ ਗੱਲ ਖੁੱਲੀ ਤਾਂ ਮਹਾਰਾਜਾ ਨੌਨਿਹਾਲ ਸਿੰਘ ਨੇ ਇਸ ਖਤ ਨੂੰ ਜਾਅਲੀ ਦੱਸਿਆ। ਇਸ ਦੇ ਨਾਲ ਹੀ ਮਹਾਰਾਜਾ ਨੂੰ ਸਮਝ ਆ ਗਈ ਸੀ ਕਿ ਸਾਰਾ ਭਰੋਸਾ ਅੰਗਰੇਜ਼ਾਂ 'ਤੇ ਨਹੀਂ ਛੱਡਿਆ ਜਾ ਸਕਦਾ। ਪੰਜਾਬੀ ਅਖ਼ਬਾਰ ਨੇ ਰੀਪੋਰਟ ਕੀਤੀ ਕਿ ਕੈਪਟਨ ਲਾਰੈਂਸ ਰਾਤ ਦਿਨ ਇਕ ਕਰਕੇ ਫਿਰੋਜ਼ਪੁਰ ਦੇ ਕਿਲੇ ਨੂੰ ਮਜ਼ਬੂਤ ਕਰਨ ਉਪਰ ਲੱਗਾ ਹੋਇਆ ਹੈ। ਸਰਦਾਰਾਂ ਨੇ

ਰਾਏ ਦਿੱਤੀ ਕਿ ਸਾਨੂੰ ਵੀ ਕਸੂਰ ਦਾ ਕਿਲਾ ਮਜ਼ਬੂਤ ਕਰਨਾ ਚਾਹੀਦਾ ਹੈ। ਓਧਰ ਅੰਗਰੇਜ਼ਾਂ ਦੇ ਇਤਰਾਜ਼ ਦੇ ਬਾਵਜੂਦ ਮਹਾਰਾਜਾ ਨੌਂ ਨਿਹਾਲ ਸਿੰਘ ਨੇ ਇਕ ਗੋਰਖਾ ਜਰਨੈਲ ਮਾਤਾਬਰ ਸਿੰਘ ਨੂੰ ਲਾਹੌਰ ਵਿਚ ਰੱਖਿਆ ਜੋ ਅੰਗਰੇਜ਼ਾਂ ਦਾ ਜਾਣਿਆ ਵਿਰੋਧੀ ਸੀ। ਇਸ ਤੋਂ ਬਾਅਦ ਅੰਗਰੇਜ਼ ਗਵਰਨਰ ਜਨਰਲ ਨੇ ਮਹਿਸੂਸ ਕੀਤਾ ਕਿ ਲਾਹੌਰ ਦਰਬਾਰ ਨੂੰ ਦਬਾਅ ਕੇ ਨਹੀਂ ਰੱਖਿਆ ਜਾ ਸਕਦਾ। ਉਸ ਨੇ ਅਪ੍ਰੈਲ 1840 ਨੂੰ ਕਰਨਲ ਵਾਡੇ ਨੂੰ ਹਟਾ ਦਿੱਤਾ ਤੇ ਉਸ ਦੀ ਜਗ੍ਹਾ ਮਿਸਟਰ ਕਲੇਰਕ ਨੂੰ ਨਾਮਜ਼ਦ ਕੀਤਾ ਜੋ ਲਾਹੌਰ ਦਰਬਾਰ ਨੂੰ ਮੰਨਜ਼ੂਰ ਸੀ। ਹੁਣ ਨੌਨਿਹਾਲ ਸਿੰਘ ਆਪਣੇ ਹੋਰਨਾਂ ਕੰਮਾਂ ਵੱਲ ਧਿਆਨ ਦੇ ਸਕਦਾ ਸੀ ਜਿਹਨਾਂ ਵਿਚੋਂ ਸਭ ਤੋਂ ਜ਼ਰੂਰੀ ਡੋਗਰਾ ਭਰਾਵਾਂ ਨੂੰ ਆਪਣੀ ਸੀਮਾਂ ਵਿਚ ਰੱਖਣਾ ਸੀ।

ਮਈ 1840 ਵਿਚ ਜ਼ੋਰਾਵਰ ਸਿੰਘ ਨੇ ਲੱਦਾਖ ਦੇ ਇਸਕਾਰਦੂ ਤੋਂ ਇਤਲਾਹ ਭੇਜੀ ਕਿ ਇਥੋਂ ਦੇ ਲੋਕਾਂ ਵਿਚ ਅਹਿਮਦ ਸ਼ਾਹ ਦੀ ਹਕੂਮਤ ਦੇ ਖਿਲਾਫ਼ ਵੱਡਾ ਰੋਸ ਹੈ ਤੇ ਉਸ ਨੇ ਉਸ ਦੇ ਪੁੱਤਰ ਮੁਹੰਮਦ ਸ਼ਾਹ ਦੀ ਮਦਦ ਕਰਕੇ ਉਸ ਨੂੰ ਤਖਤ ਉਪਰ ਬਿਠਾ ਦਿੱਤਾ ਹੈ। ਨੌਨਿਹਾਲ ਸਿੰਘ ਨਹੀਂ ਚਾਹੁੰਦਾ ਸੀ ਕਿ ਉਸ ਛੋਟੇ ਤਿੱਬਤ ਵਿਚ ਜ਼ੋਰਾਵਾਰ ਸਿੰਘ ਹਾਕਮ ਬਣਾਉਣ ਵਾਲਾ ਯਾਨੀ 'ਕਿੰਗਮੇਕਰ' ਬਣ ਜਾਵੇ। ਉਸ ਨੇ ਹੁਕਮ ਜਾਰੀ ਕੀਤਾ ਕਿ ਅਹਿਮਦ ਸ਼ਾਹ ਨੂੰ ਇਸ ਸ਼ਰਤ ਉਪਰ ਬਹਾਲ ਕਰ ਦਿੱਤਾ ਜਾਵੇ ਕਿ ਉਹ ਲਾਹੌਰ ਦਰਬਾਰ ਨੂੰ ਨਜ਼ਰਾਨਾ ਭੇਜਦਾ ਰਹੇ। ਜ਼ੋਰਾਵਾਰ ਸਿੰਘ ਨੇ ਇਹ ਇਤਲਾਹ ਆਪਣੇ ਰਹਿਨੁਮਾ ਗੁਲਾਬ ਸਿੰਘ ਡੋਗਰਾ ਨੂੰ ਦੇ ਦਿੱਤੀ ਤੇ ਉਹਨਾਂ ਦੋਹਾਂ ਨੇ ਮਿਲ ਕੇ ਇਕ ਰਸਤਾ ਬਣਾ ਲਿਆ ਕਿ ਮਹਾਰਾਜ ਦੀ ਖੁਲ੍ਹੀ ਹੁਕਮ ਅਦੂਲੀ ਤੋਂ ਬਿਨਾ ਹੀ ਆਪਣੀ ਮਰਜ਼ੀ ਦਾ ਕੰਮ ਕਰ ਲਿਆ ਜਾਵੇ।

ਮਹਾਰਾਜਾ ਨੌਨਿਹਾਲ ਸਿੰਘ ਮਹਿਸੂਸ ਕਰ ਰਿਹਾ ਸੀ ਕਿ ਡੋਗਰਾ ਭਰਾ ਹਿਸਾਬ ਤੋਂ ਵੱਧ ਤਾਕਤਵਰ ਹੋਈ ਜਾ ਰਹੇ ਹਨ। ਉਹਨਾਂ ਕੋਲ ਨਮਕ ਦੀਆਂ ਖਾਨਾਂ ਸਨ ਜਿਹਨਾਂ ਦਾ ਉਹ ਭਰਪੂਰ ਲਾਭ ਪ੍ਰਾਪਤ ਕਰਦੇ ਸਨ। ਸ਼ਹਿਜ਼ਾਦੇ ਨੇ ਆਪਣੀ ਖਾਹਿਸ਼ ਜ਼ਾਹਿਰ ਕੀਤੀ ਕਿ ਨਮਕ ਦੀ ਖਾਨਾਂ ਨੂੰ ਸਰਕਾਰੀ ਕਬਜ਼ੇ ਵਿਚ ਲੈ ਲਿਆ ਜਾਵੇ ਤਾਂ ਜੋ ਲੋਕਾਂ ਨੂੰ ਸਸਤਾ ਨਮਕ ਪ੍ਰਾਪਤ ਹੋ ਸਕੇ। ਇਸ ਤੋਂ ਪਹਿਲਾਂ ਕਿ ਨੌਨਿਹਾਲ ਸਿੰਘ ਨਮਕ ਦੀ ਇਜ਼ਾਰੇਦਾਰੀ ਨੂੰ ਹੱਥ ਪਾਏ ਡੋਗਰਿਆਂ ਨੇ ਆਪਣੇ ਪਹਾੜੀ ਪੜੋਸੀ ਮੰਡੀ ਦੇ ਬਲਬੀਰ ਸੈਨ ਨੂੰ ਬਗ਼ਾਵਤ ਦਾ ਸੱਦਾ ਦਿੱਤਾ। ਮਹਾਰਾਜਾ ਨੌਨਿਹਾਲ ਸਿੰਘ ਨੇ ਸੰਧਾਵਾਲੀਏ ਤੇ ਵੈਨਤੂਰਾ ਨੂੰ ਪਹਾੜੀ ਰਾਜਪੂਤ ਨੂੰ ਦਰੁਸਤ ਕਰਨ ਵਾਸਤੇ ਭੇਜਿਆ, ਜਿਹੜੇ ਦੋਵੇਂ ਹੀ ਡੋਗਰਾ ਭਰਾਵਾਂ ਦੇ ਵਿਰੁੱਧ ਸਨ। ਦਰਬਾਰ ਦੀਆਂ ਫੌਜਾਂ ਨੇ ਪਹਾੜੀ ਰਾਜਿਆਂ ਨੂੰ ਹਰਾ ਦਿੱਤਾ ਤੇ ਕਿਲਿਆਂ ਉਪਰ ਕਬਜ਼ਾ ਕਰ ਲਿਆ। ਬਲਬੀਰ ਸੈਨ ਨੂੰ ਕੈਦੀ ਬਣਾ ਕੇ ਅੰਮ੍ਰਿਤਸਰ ਦੇ ਗੋਬਿੰਦਗੜ੍ਹ ਕਿਲੇ ਵਿਚ ਕੈਦ ਕਰ ਲਿਆ। ਵੈਨਤੂਰਾ ਨੇ ਪਹਾੜਾਂ ਵਿਚ ਬਹੁਤ

ਜਗ੍ਹਾ ਪੁਲਿਸ ਥਾਣੇ ਵੀ ਕਾਇਮ ਕਰ ਦਿਤੇ। ਮਹਾਰਾਜਾ ਦੀ ਹਿਦਾਇਤਾਂ ਦੇ ਮੁਤਾਬਕ ਉਸ ਨੇ ਛੋਟੇ ਰਾਜਿਆਂ ਵੱਲੋਂ ਆਪਣੀ ਮਰਜ਼ੀ ਦੇ ਟੈਕਸ ਲਾਉਣ ਦੀ ਮਨਾਹੀ ਕਰ ਦਿੱਤੀ। ਔਰਤਾਂ ਤੇ ਬੱਚਿਆਂ ਨੂੰ ਵੇਚਣ ਉਪਰ ਵੀ ਪਾਬੰਦੀ ਲਗਾ ਦਿੱਤੀ ਗਈ ਜਿਸ ਦਾ ਓਦੋਂ ਇਹਨਾਂ ਪਹਾੜਾਂ ਵਿਚ ਰਿਵਾਜ ਸੀ। ਇਸ ਤਰ੍ਹਾਂ ਇਕ ਵਾਰ ਵੈਨਤੂਰਾ ਨੇ ਡੋਗਰਾ ਭਰਾਵਾਂ ਦੀ ਚਾਲ ਨੂੰ ਵੀ ਬਰੇਕਾਂ ਲਗਾ ਦਿੱਤੀਆਂ।

1840 ਦੀਆਂ ਗਰਮੀਆਂ ਵਿਚ ਲਾਹੌਰ ਦੇ ਕਿਲੇ ਦੀਆਂ ਤੋਪਾਂ ਸ਼ਾਹੀ ਫੌਜਾਂ ਦੀਆਂ ਜਿੱਤਾਂ ਦੇ ਜਸ਼ਨਾਂ ਵਾਸਤੇ ਗੋਲੇ ਦਾਗਣ ਵਿਚ ਰੁੱਝ ਗਈਆਂ। ਲੋਕਾਂ ਨੂੰ ਮਹਿਸੂਸ ਹੋਣ ਲੱਗਾ ਕਿ ਰਾਜ ਦੀ ਬੀਤੀ ਸ਼ਾਨ ਵਾਪਸ ਆ ਗਈ ਹੈ।

ਲੇਕਿਨ ਗਰਮੀਆਂ ਦੀਆਂ ਇਹ ਜਿੱਤਾਂ ਬੁਝਦੇ ਦੀਵੇ ਦੀ ਝਮਕਦੀ ਲੋਅ ਵਰਗੀਆਂ ਸਾਬਤ ਹੋਈਆਂ। ਬੁਰਾਈ ਉਪਰੋਂ ਸ਼ੁਰੂ ਹੋਈ ਤੇ ਸਾਰੇ ਸਰੀਰ ਵਿਚ ਹੇਠਾਂ ਤੱਕ ਫੈਲਦੀ ਗਈ। ਮਹਾਰਾਜਾ ਖੜਕ ਸਿੰਘ ਜੋ ਹੁਣ ਬਿਲਕੁੱਲ ਨਿਕਾਰਾ ਕਰ ਦਿੱਤਾ ਗਿਆ ਸੀ ਬਹੁਤ ਜ਼ਿਆਦਾ ਸ਼ਰਾਬ ਪੀਣ ਲੱਗ ਪਿਆ ਤੇ ਅਫੀਮ ਵੀ ਬਹੁਤ ਵਧ ਗਈ ਸੀ। ਮਹਾਰਾਜਾ ਨੌਨਿਹਾਲ ਸਿੰਘ ਵੀ ਲੋੜ ਤੋਂ ਵੱਧ ਸ਼ਰਾਬ ਪੀਣ ਲੱਗ ਪਿਆ। ਮੰਡੀ ਦੀ ਜਿੱਤ ਨੇ ਉਸ ਦਾ ਘੁਮੰਡ ਵਧਾ ਦਿੱਤਾ ਸੀ। ਉਹ ਜੋਤਸ਼ੀਆਂ ਤੇ ਚਾਪਲੂਸਾਂ ਵਿਚ ਘਿਰਿਆ ਰਹਿਣ ਲੱਗ ਪਿਆ ਜੋ ਭਵਿੱਸ਼ ਬਾਣੀ ਕਰਦੇ ਸਨ ਕਿ ਉਹ ਇਕ ਦਿਨ ਕਾਬਲ ਤੋਂ ਲੈ ਕੇ ਗੰਗਾ ਦਰਿਆ ਤੱਕ ਦੇ ਇਲਾਕੇ ਦਾ ਬਾਦਸ਼ਾਹ ਬਣੇਗਾ। ਸ਼ਹਿਜ਼ਾਦਾ ਇਹਨਾਂ ਸੁਪਨਿਆ ਵਿਚ ਖੋਹ ਜਾਣ ਨੂੰ ਬਹੁਤ ਪਸੰਦ ਕਰਦਾ।

ਅਫੀਮ ਤੇ ਸ਼ਰਾਬ ਨੇ ਖੜਕ ਸਿੰਘ ਨੂੰ ਲੈ ਲਿਆ। ਉਹ 5 ਨਵੰਬਰ ਦੀ ਸਵੇਰ ਨੂੰ ਪੂਰਾ ਹੋ ਗਿਆ। ਕਿਲੇ ਦੀਆਂ ਤੋਪਾਂ ਵਿਛੜੇ ਸ਼ਹਿਨਸ਼ਾਹ ਦੀ ਯਾਦ ਵਿਚ ਦਾਗੀਆਂ ਗਈਆਂ। ਕੁੰਵਰ ਨੌਨਿਹਾਲ ਸਿੰਘ ਜਿਹੜਾ ਉਸ ਵੇਲੇ ਸ਼ਹਿਰ ਤੋਂ ਕੁਝ ਮੀਲ ਹੀ ਦੂਰ ਬਿਲਾਵਲ ਵਿਚ ਸ਼ਿਕਾਰ ਖੇਡ ਰਿਹਾ ਸੀ, ਨੇ ਤੋਪਾਂ ਦੀ ਗਰਜ ਸੁਣੀ। ਥੋੜੀ ਦੇਰ ਬਾਅਦ ਹੀ ਇਕ ਘੋੜ ਸਵਾਰ ਸੁਨੇਹਾ ਲੈ ਕੇ ਆ ਗਿਆ ਤੇ ਸ਼ਹਿਜ਼ਾਦੇ ਦਾ ਡਰ ਸੱਚਾ ਹੋ ਗਿਆ। ਉਸ ਨੂੰ ਉਸ ਵੇਲੇ ਇਹ ਖਿਆਲ ਵੀ ਆਇਆ ਕਿ ਉਸ ਨੇ ਇਕ ਚੰਗੇ ਪੁੱਤਰ ਵਾਲੇ ਫਰਜ਼ ਨਹੀਂ ਨਿਭਾਏ। ਉਹ ਇਕ ਦਮ ਆਪਣੇ ਪਿਤਾ ਦੀ ਹਵੇਲੀ ਵਿਚ ਪਹੁੰਚਿਆ। ਰੋਜ਼ਨਾਮਚੀ ਸੋਹਣ ਲਾਲ ਨੇ ਇਸ ਮਾਮਲੇ ਵਿਚ ਤਿੰਨ ਗੱਲਾਂ ਲਿਖੀਆਂ। ਪਹਿਲੀ ਇਹ ਕਿ ਜਦੋਂ ਨੌਨਿਹਾਲ ਸਿੰਘ ਪਿਤਾ ਦੀ ਹਵੇਲੀ ਦੀਆਂ ਪੌੜੀਆਂ ਚੜ੍ਹ ਰਿਹਾ ਸੀ ਤਾਂ ਉਸ ਨੂੰ ਲੱਗਾ ਕਿ ਕਿਸੇ ਅਦਿੱਖ ਹੱਥਾਂ ਨੇ ਉਸ ਦੇ ਮੋਢਿਆਂ ਨੂੰ ਨੱਪਿਆ ਹੈ। ਜਦੋਂ ਉਸ ਨੇ ਮੁੜ ਕੇ ਵੇਖਿਆ ਤਾਂ ਉਥੇ ਕੋਈ ਨਹੀਂ ਸੀ। ਦੂਸਰਾ ਵਾਕਿਆ ਓਦੋਂ ਹੋਇਆ ਜਦੋਂ ਉਹ ਸੁਬ੍ਹਾ ਆਪਣੇ ਪਿਤਾ ਦੀ ਅਰਥੀ ਦੇ ਪਿੱਛੇ ਚੱਲ ਰਿਹਾ ਸੀ। ਜਦੋਂ ਇਹ ਮਾਤਮੀ ਜਲੂਸ ਟਕਸਾਲੀ ਗੇਟ ਦੇ ਲਾਗੋਂ ਲੰਘਿਆ ਤਾਂ ਸ਼ਹਿਜ਼ਾਦੇ ਨੇ ਆਪਣੇ ਸਿਰ ਉਪਰ

ਭਾਰੀ ਚੋਟ ਮਹਿਸੂਸ ਕੀਤੀ ਤੇ ਡਿੱਗ ਪਿਆ। ਉਸ ਨੇ ਕਿਹਾ ਕਿ ਕਿਸੇ ਨੇ ਉਸ ਨੂੰ ਜ਼ੋਰ ਦੀ ਸੋਟੀ ਮਾਰੀ ਹੈ ਪਰ ਉਥੇ ਕੁਝ ਵੀ ਵਿਖਾਈ ਨਹੀਂ ਦੇ ਰਿਹਾ ਸੀ। ਇਹ ਜਲੂਸ ਫਿਰ ਅੱਗੇ ਜਾ ਕੇ ਹਜ਼ੂਰੀ ਬਾਗ਼ ਪਹੁੰਚ ਗਿਆ ਜਿਥੇ ਮਹਾਰਾਜਾ ਰਣਜੀਤ ਸਿੰਘ ਦੀ ਸਮਾਧੀ ਸੀ।

ਖੜਕ ਸਿੰਘ ਦੀ ਦੇਹ ਨੂੰ ਸੰਦਲ ਦੀ ਲੱਕੜੀ ਵਾਲੀ ਚਿਤਾ ਉਪਰ ਰੱਖਿਆ ਗਿਆ। ਉਸ ਦੀਆਂ ਦੋ ਵਿਧਵਾਵਾਂ ਤੇ ਗਿਆਰਾਂ ਦਾਸੀਆਂ ਚਿਤਾ ਉਪਰ ਚੜ੍ਹ ਗਈਆਂ। ਵਿਧਵਾਵਾਂ ਨੇ ਨੌਨਿਹਾਲ ਸਿੰਘ ਤੇ ਧਿਆਨ ਸਿੰਘ ਡੋਗਰਾ ਨੂੰ ਕਿਹਾ ਕਿ ਉਹ ਮਹਾਰਾਜਾ ਦੀ ਛਾਤੀ 'ਤੇ ਹੱਥ ਰੱਖ ਕੇ ਕਸਮ ਖਾਣ ਕਿ ਉਹ ਰਾਜ ਪ੍ਰਤੀ ਵਫਾਦਾਰ ਰਹਿਣਗੇ। ਉਹਨਾਂ ਨਵੇਂ ਮਹਾਰਾਜਾ ਤੇ ਪ੍ਰਧਾਨ ਮੰਤਰੀ ਦੇ ਮੱਥੇ ਉਪਰ ਸੰਧੂਰ ਦਾ ਤਿਲਕ ਲਗਾਇਆ। ਅੰਤਮ ਅਰਦਾਸ ਕਹੀ ਗਈ ਤੇ ਫਿਰ ਵੈਦਿਕ ਮੰਤਰਾਂ ਦੇ ਉਚਾਰਣ ਨਾਲ ਨੌਨਿਹਾਲ ਸਿੰਘ ਨੇ ਚਿਤਾ ਨੂੰ ਅੱਗਨੀ ਭੇਂਟ ਕੀਤਾ।

ਸੰਸਕਾਰ ਤੋਂ ਬਾਅਦ ਮਹਾਰਾਜਾ ਰਾਵੀ ਦੇ ਕੰਢੇ ਗਿਆ ਜਿਹੜੀ ਓਦੋਂ ਕਿਲ੍ਹੇ ਦੇ ਨਜ਼ਦੀਕ ਹੀ ਵਹਿੰਦੀ ਸੀ। ਉਹ ਸੰਸਕਾਰ ਤੋਂ ਬਾਅਦ ਵਾਲਾ ਰਿਵਾਜਨ ਇਸ਼ਨਾਨ ਕਰ ਹੀ ਰਿਹਾ ਸੀ ਕਿ ਸ਼ਹਿਤੂਤ ਦਾ ਇਕ ਦਰਖਤ ਜੋ ਕੰਢੇ ਉਪਰ ਖੜਾ ਸੀ ਅਚਾਨਕ ਝਟਕੇ ਨਾਲ ਡਿੱਗ ਪਿਆ। ਇਹ ਇਕ ਪੁਰਾਣਾ ਰੁੱਖ ਸੀ ਜੋ ਪਾਣੀ ਨਾਲ ਜੜ੍ਹਾਂ ਗਿੱਲੀਆਂ ਹੋਣ ਕਰਕੇ ਆਪਣਾ ਵਜ਼ਨ ਨਾ ਸਹਾਰਦਾ ਡਿੱਗ ਪਿਆ ਪਰ ਨੌਨਿਹਾਲ ਸਿੰਘ ਬਹੁਤ ਬੇਚੈਨ ਹੋ ਗਿਆ ਕਿਉਂਕਿ ਉਸ ਨੇ ਡਿੱਗਦੇ ਰੁਖ ਵਿਚੋਂ ਇਨਸਾਨੀ ਆਵਾਜ਼ ਦੀਆਂ ਚੀਕਾਂ ਸੁਣੀਆਂ। ਮਹਾਰਾਜਾ ਦੀਆਂ ਦਿਮਾਗ ਦੀਆਂ ਨਸਾਂ ਤੇਜ਼ ਚੱਲਣ ਲੱਗ ਪਈਆਂ। ਵਾਪਸੀ ਉਪਰ ਉਸ ਨੇ ਗੁਲਾਬ ਸਿੰਘ ਡੋਗਰਾ ਦੇ ਪੁੱਤਰ ਊਧਮ ਸਿੰਘ ਦਾ ਹੱਥ ਫੜ ਲਿਆ। ਬਾਕੀ ਦੇ ਦਰਬਾਰੀ ਉਹਨਾਂ ਦੇ ਪਿੱਛੇ ਪਿੱਛੇ ਆ ਰਹੇ ਸਨ।

ਇਹ ਸਾਰਾ ਗਰੁੱਪ ਇਕ ਵਾਰ ਫਿਰ ਚਿਤਾ ਦੇ ਕੋਲੋਂ ਲੰਘਿਆ ਜੋ ਹੁਣ ਤੇਜ਼ ਲਪਟਾਂ ਵਿਚ ਜਲ ਰਹੀ ਸੀ। ਇਥੋਂ ਸਭ ਕਿਲ੍ਹੇ ਦੇ ਰੇਸ਼ਮੀ ਦਰਵਾਜ਼ੇ ਅੱਗੇ ਪਹੁੰਚੇ। ਜਿਉਂ ਹੀ ਨੌ ਨਿਹਾਲ ਸਿੰਘ ਗੇਟ ਦੇ ਹੇਠੋਂ ਲੰਘ ਰਿਹਾ ਸੀ ਕਿ ਪੱਥਰ ਦੀਆਂ ਸਲੈਬਾਂ ਟੁੱਟ ਗਈਆਂ ਤੇ ਮਲਬਾ ਉਪਰ ਆ ਡਿੱਗਿਆ। ਲਾਹੌਰ ਦਰਬਾਰ ਦੇ ਰੋਜ਼ਨਾਮਚੀ ਨੇ ਇਸ ਵਾਕਿਆ ਨੂੰ ਵਿਸਥਾਰ ਨਾਲ ਲਿਖਿਆ ਹੈ ਕਿ ਜਿਓਂ ਹੀ ਕੁੰਵਰ ਗੇਟ ਦੇ ਨਜ਼ਦੀਕ ਆਇਆ ਇਕ ਅਦਿੱਖ ਹੱਥ ਨੇ ਡਾਟ ਦੀਆਂ ਇੱਟਾਂ ਤੇ ਚੂਨਾ ਉਖੇੜ ਦਿੱਤਾ ਤੇ ਡਾਟ ਮੌਤ ਦੇ ਤੀਰ ਦੀ ਤਰ੍ਹਾਂ ਮਹਾਰਾਜਾ ਦੇ ਸਿਰ ਉਪਰ ਆ ਡਿੱਗੀ। ਇਸ ਨਾਲ ਦਿਮਾਗ ਦੇ ਇਕ ਦਮ ਟੋਟੇ ਹੋ ਗਏ। ਗਹਿਰਾ ਖ਼ੂਨ ਸਰੀਰ ਵਿਚੋਂ ਫੁੱਟ ਪਿਆ ਜੋ ਮਲਬੇ ਹੇਠ ਦੱਬਿਆ ਗਿਆ ਸੀ। ਊਧਮ ਸਿੰਘ ਨੇ ਆਪਣੀ ਜਾਨ ਉਥੇ ਹੀ ਦੇ ਦਿੱਤੀ ਤੇ ਬਹੁਤ ਸਾਰੇ ਹੋਰਨਾਂ ਸਮੇਤ ਧਿਆਨ ਸਿੰਘ ਡੋਗਰਾ, ਦੀਵਾਨ ਦੀਨਾ ਨਾਥ ਜ਼ਖਮੀ ਹੋਏ। ਇਹਨਾਂ ਦੇ ਸਿਰਾਂ, ਮੋਢਿਆਂ ਤੇ ਪਿੱਠਾਂ ਵਿਚ

ਸੱਟਾਂ ਲੱਗੀਆਂ ਸਨ। ਕਰਮਚਾਰੀਆਂ ਨੇ ਤੇਜ਼ੀ ਨਾਲ ਕੰਮ ਕਰਦੇ ਹੋਏ ਮਲਬਾ ਹਟਾਇਆ ਤੇ ਕੁੰਵਰ ਦੀ ਹਾਲਤ ਵੇਖ ਕੇ ਬਹੁਤ ਦੁਖੀ ਹੋਏ।

ਨੌਨਿਹਾਲ ਸਿੰਘ ਨੂੰ ਚੁੱਕ ਕੇ ਨਜ਼ਦੀਕ ਹੀ ਮਹਾਰਾਜਾ ਰਣਜੀਤ ਸਿੰਘ ਦੀ ਸਮਾਧੀ ਤੱਕ ਲਿਆਂਦਾ ਗਿਆ ਜਿੱਥੇ ਭਾਈ ਗੋਬਿੰਦ ਰਾਮ ਤੇ ਉਸ ਦੇ ਭਰਾ ਰਾਮ ਸਿੰਘ ਨੇ ਮਹਾਰਾਜਾ ਦੀ ਨਬਜ਼ ਵੇਖੀ। ਸਾਫ਼ ਸੀ ਕਿ ਜ਼ਿੰਦਗੀ ਨਿਕਲਦੀ ਜਾ ਰਹੀ ਹੈ। ਰਾਜਾ ਧਿਆਨ ਸਿੰਘ ਨੇ ਫੌਰੀ ਤੌਰ ਤੇ ਹਾਲਤ ਆਪਣੇ ਕਾਬੂ ਹੇਠ ਲਿਆਂਦੀ। ਉਸ ਨੇ ਸ਼ਹਿਜ਼ਾਦੇ ਨੂੰ ਇਕ ਪਾਲਕੀ ਵਿਚ ਮਹੱਲ ਦੇ ਅੰਦਰ ਲੈ ਜਾਣ ਦਾ ਹੁਕਮ ਦਿੱਤਾ ਨੇ ਨਾਲ ਹੀ ਗੇਟ ਬੰਦ ਕਰਨ ਦਾ ਤਾਂ ਜੋ ਹੋਰ ਕੋਈ ਅੰਦਰ ਨਾ ਆਵੇ ਤੇ ਹਾਂ ਸ਼ਾਹੀ ਹਕੀਮ, ਹੰਗਰੀ ਦੇ ਡਾਕਟਰ ਮਾਰਟਿਨ ਹੌਨਿਗਬਰਗਰ ਨੂੰ ਬੁਲਾ ਭੇਜਿਆ।

ਡਾਕਟਰ ਹੌਨਿਗਬਰਗਰ ਕੁਝ ਮਿੰਟਾਂ ਵਿਚ ਹੀ ਉਥੇ ਪਹੁੰਚ ਗਿਆ। ਬਾਅਦ ਵਿਚ ਉਸ ਨੇ ਹਜ਼ੂਰੀ ਬਾਗ ਵਿਚ ਆਪਣੇ ਇਸ ਦੌਰੇ ਦਾ ਸਾਰਾ ਹਾਲ ਲਿਖਿਆ ਕਿ "ਪ੍ਰਿੰਸ ਆਪਣੇ ਬਿਸਤਰ ਉਪਰ ਸੀ। ਉਸ ਦਾ ਸਿਰ ਬੁਰੀ ਤਰ੍ਹਾਂ ਫਿਸਿਆ ਪਿਆ ਸੀ ਤੇ ਉਸ ਦੇ ਬਚਣ ਦੀ ਕੋਈ ਵੀ ਗੁੰਜਾਇਸ਼ ਨਹੀਂ ਸੀ। ਇਹ ਵੇਖ ਕੇ ਮੈਂ ਟੈਂਟ ਵਿਚੋਂ ਬਾਹਰ ਆਇਆ ਤੇ ਵਜ਼ੀਰ ਦੇ ਕੰਨ ਵਿਚ ਫੁਸਫੁਸ ਕੀਤੀ ਕਿ ਹੋਰ ਨਾ ਸੁਣ ਲਵੇ। ਮੈਂ ਕਿਹਾ ਕਿ ਡਾਕਟਰੀ ਵਿੱਦਿਆ ਉਸ ਨੂੰ ਨਹੀਂ ਬਚਾ ਸਕਦੀ। ਇਸ ਤੋਂ ਬਾਅਦ ਵਜ਼ੀਰ ਨੇ ਮੈਨੂੰ ਉਥੇ ਰੁਕ ਕੇ ਇੰਤਜ਼ਾਰ ਕਰਨ ਵਾਸਤੇ ਕਿਹਾ ਤੇ ਆਪ ਟੈਂਟ ਅੰਦਰ ਚਲਾ ਗਿਆ। ਬਾਹਰ ਆ ਕੇ ਉਸ ਨੇ ਜ਼ਰਾ ਉਚੀ ਆਵਾਜ਼ ਵਿਚ ਕਿਹਾ ਤਾਂ ਜੋ ਬਾਕੀ ਵੀ ਸੁਣ ਲੈਣ ਕਿ ਕੀ ਉਹ ਮਹਾਰਾਜਾ ਨੂੰ ਸੂਪ ਦੇ ਸਕਦੇ ਹਨ ਜਿਸ ਦੀ ਉਹ ਮੰਗ ਕਰ ਰਹੇ ਹਨ। ਮੈਂ ਕਿਹਾ ਹਾਂ ਦੇ ਸਕਦੇ ਹੋ। ਉਸ ਨੂੰ ਸਿਰਫ਼ ਸਬਜ਼ੀ ਦੇ ਸੂਪ ਦੀ ਜ਼ਰੂਰਤ ਹੈ। ਮੈਂ ਸਮਝ ਗਿਆ ਕਿ ਮੈਨੂੰ ਇਹ ਪੁੱਛਣ ਵਿਚ ਵਜ਼ੀਰ ਦੀ ਮਨਸ਼ਾ ਇਹ ਹੈ ਕਿ ਮਹਾਰਾਜੇ ਦਾ ਮੌਤ ਦਾ ਐਲਾਨ ਇਸ ਤਰ੍ਹਾਂ ਨਹੀਂ ਹੋਣਾ ਚਾਹਦਾ ਕਿ ਸ਼ਾਂਤੀ ਭੰਗ ਹੋ ਜਾਵੇ। ਮਹਾਰਾਜ ਦੀ ਮੌਤ ਨੂੰ ਤਿੰਨ ਦਿਨ ਵਾਸਤੇ ਗੁਪਤ ਰੱਖਿਆ ਗਿਆ ਤੇ ਇਸ ਦਰਮਿਆਨ ਸ਼ੇਰ ਸਿੰਘ ਨੂੰ ਬੁਲਾ ਲਿਆ ਗਿਆ ਤੇ ਉਸ ਨੂੰ ਤਖ਼ਤ ਉਪਰ ਬੈਠਾ ਦਿੱਤਾ।

ਉਸ ਵਕਤ ਤੱਕ ਕਿਸੇ ਨੂੰ ਵੀ ਇਸ ਬਾਰੇ ਸ਼ੱਕ ਨਹੀਂ ਸੀ ਕਿ ਦਰਵਾਜ਼ੇ ਦੀ ਡਾਟ ਇਕ ਹਾਦਸੇ ਕਰਕੇ ਡਿੱਗੀ ਹੈ। ਧਿਆਨ ਸਿੰਘ ਡੋਗਰਾ ਵੱਲੋਂ ਮੌਤ ਨੂੰ ਤਿੰਨ ਦਿਨ ਵਾਸਤੇ ਗੁਪਤ ਰੱਖਣ ਕਰਕੇ ਕਈ ਲੋਕਾਂ ਵਿਚ ਸ਼ੰਕੇ ਪੈਦਾ ਹੋਏ। ਹੌਨਿਗਬਰਗਰ ਨੇ ਇਸ ਬਾਰੇ ਕਈ ਕਹਾਣੀਆਂ ਸੁਣੀਆਂ ਤੇ ਆਪਣੀਆਂ ਯਾਦਾਂ ਵਿਚ ਲਿਖਿਆ ਕਿ ਉਸ ਵਕਤ ਇਸ ਗੱਲ ਦੀ ਜ਼ਰੂਰ ਜਾਂਚ ਹੋਣੀ ਚਾਹੀਦੀ ਸੀ ਕਿ ਡਾਟ ਸੱਚਮੁੱਚ ਦੁਰਘਟਨਾ ਨਾਲ ਡਿੱਗੀ ਹੈ ਕਿ ਕਿਸੇ ਦੀ ਸ਼ਰਾਰਤ ਹੈ ਜਿਸ ਕਰਕੇ ਨੌਨਿਹਾਲ ਸਿੰਘ ਤੇ ਊਧਮ ਸਿੰਘ ਦੀ ਮੌਤ ਹੋਈ ਪਰ ਉਸ ਵਕਤ ਕਿਸੇ ਨੇ ਇਸ ਬਾਰੇ ਸੋਚਿਆ ਤੱਕ ਨਹੀਂ ਸੀ।

ਅੰਗਰੇਜ਼ਾਂ ਪਾਸ ਸਰਕਾਰੀ ਤੌਰ 'ਤੇ ਵੀ ਅਤੇ ਲਾਹੌਰ ਦੀਆਂ ਅਖਬਾਰੀ ਲਿਖਤਾਂ ਮੁਤਾਬਕ ਵੀ ਇਹੀ ਰੀਪੋਰਟ ਦਰਜ ਸੀ ਕਿ ਇਹ ਇਕ ਹਾਦਸਾ ਸੀ।

ਲੇਕਿਨ ਕਰਨਲ ਗਾਰਡਨਰ ਨੂੰ ਇਸ ਬਾਰੇ ਪੱਕਾ ਯਕੀਨ ਸੀ ਕਿ ਇਹ ਸਾਰਾ ਡਰਾਮਾ ਰਾਜਾ ਧਿਆਨ ਸਿੰਘ ਡੋਗਰਾ ਦਾ ਰਚਿਆ ਹੋਇਆ ਸੀ। ਕਿਉਂਕਿ ਉਸ ਵਕਤ ਉਹ ਉਥੇ ਹਾਜ਼ਿਰ ਸੀ ਇਸ ਵਾਸਤੇ ਉਸ ਦੇ ਕਥਨ ਨੂੰ ਬਹੁਤ ਸਾਰੇ ਇਤਿਹਾਸਕਾਰ ਮੰਨਦੇ ਹਨ, ਅੰਗਰੇਜ਼ ਵੀ ਤੇ ਪੰਜਾਬੀ ਵੀ। ਗਾਰਡਨਰ ਲਿਖਦਾ ਹੈ, "ਪਾਲਕੀ ਦੇ ਕੁਹਾਰ ਜੋ ਹਮੇਸ਼ਾ ਮਹਾਰਾਜਾ ਨੂੰ ਚੁੱਕ ਕੇ ਮਹੱਲ ਵਿਚ ਲੈ ਕੇ ਜਾਂਦੇ ਸਨ ਘਰ ਭੇਜ ਦਿੱਤੇ ਗਏ ਸਨ। ਉਹ ਮੇਰੇ ਤੋਪਖਾਨੇ ਦੇ ਮੁਲਾਜਮ ਸਨ ਤੇ ਗਿਣਤੀ ਵਿਚ ਪੰਜ ਸਨ। ਬਾਅਦ ਵਿਚ ਦੋ ਨੂੰ ਗੁਪਤ ਤਰੀਕੇ ਨਾਲ ਮਾਰ ਦਿੱਤਾ, ਦੋ ਹਿੰਦੁਸਤਾਨ ਦੌੜ ਗਏ ਤੇ ਇਕ ਦਾ ਪਤਾ ਨਹੀਂ ਲੱਗਾ। ਇਕ ਪਾਲਕੀ ਵਾਲੇ ਨੇ ਬਾਅਦ ਵਿਚ ਦੱਸਿਆ ਕਿ ਜਦੋਂ ਉਹ ਨੌਨਿਹਾਲ ਸਿੰਘ ਨੂੰ ਪਾਲਕੀ ਵਿਚ ਪਾ ਰਿਹਾ ਸੀ ਤਾਂ ਸਿਰਫ਼ ਉਸ ਦੇ ਕੰਨ ਕੋਲ ਹੀ ਇਕ ਛੋਟਾ ਜਿਹਾ ਜ਼ਖਮ ਸੀ ਜਿਸ ਵਿਚੋਂ ਜ਼ਰਾ ਕੁ ਹੀ ਖ਼ੂਨ ਸਿੰਮ ਰਿਹਾ ਸੀ। ਹੈਰਾਨੀ ਵਾਲੀ ਗੱਲ ਇਹ ਹੈ ਕਿ ਜਦੋਂ ਉਸ ਨੂੰ ਟੈਂਟ ਵਿਚ ਰੱਖਿਆ ਜਿੱਥੇ ਸਿਰਫ਼ ਧਿਆਨ ਸਿੰਘ ਡੋਗਰਾ ਸੀ ਤਾਂ ਖ਼ੂਨ ਚਾਰ ਚਫੇਰੇ ਡੁੱਲਿਆ ਪਿਆ ਸੀ।

ਇਸ ਦੇ ਬਾਵਜੂਦ ਇਸ ਵਿਚ ਕੋਈ ਸ਼ੱਕ ਨਹੀਂ ਕਿ ਕਰਨਲ ਗਾਰਡਨਰ ਦੀ ਇਹ ਕਹਾਣੀ ਮਨਘੜਤ ਹੈ। ਉਹ ਇਕ ਹਾਦਸੇ ਨੂੰ ਸਾਜਿਸ਼ ਬਣਾਉਣ ਦੀ ਕੋਸ਼ਿਸ਼ ਕਰਦਾ ਹੈ। ਇਹ ਗੱਲ ਅਣਹੋਣੀ ਨਹੀਂ ਕਿ ਰੇਸ਼ਮੀ ਗੇਟ ਦੀ ਇਹ ਡਾਟ ਲਗਾਤਾਰ ਤੋਪਾਂ ਦੇ ਗੋਲੇ ਦਾਗਣ ਨਾਲ ਤੇ ਉਸ ਦਿਨ ਸੰਸਕਾਰ ਦੇਖਣ ਵਾਲਿਆਂ ਦੀ ਭੀੜ ਕਰਕੇ ਪਹਿਲਾਂ ਹੀ ਕਮਜ਼ੋਰ ਹੋ ਗਈ ਸੀ। ਧਿਆਨ ਦੇਣ ਦੀ ਲੋੜ ਹੈ ਕਿ ਮਹਾਰਾਜਾ ਖੜਕ ਸਿੰਘ ਦੀ ਮੌਤ ਸਵੇਰ ਦੇ 9 ਵਜੇ ਹੁੰਦੀ ਹੈ ਤੇ ਕੁਝ ਘੰਟੇ ਬਾਅਦ ਹੀ ਉਸ ਦਾ ਸਸਕਾਰ ਉਸ ਜਗ੍ਹਾ ਹੁੰਦਾ ਹੈ ਜਿੱਥੇ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਹੈ। ਉਥੇ ਹੀ ਸਿੱਖ ਗੁਰਦੁਆਰਾ ਹੈ। ਲੋਕ ਸਾਰਾ ਵਕਤ ਉਥੋਂ ਦੀ ਗੁਜਰਦੇ ਰਹੇ, ਇਸ ਕਰਕੇ ਅਜਿਹੀ ਸਾਜਿਸ਼ ਕਰਨ ਦਾ ਨਾ ਕਿਸੇ ਕੋਲ ਵਕਤ ਹੋ ਸਕਦਾ ਸੀ ਤੇ ਨਾ ਲੋੜੀਂਦਾ ਓਹਲਾ। ਫਿਰ ਇਹ ਵੀ ਨਹੀਂ ਮੰਨਿਆ ਜਾ ਸਕਦਾ ਕਿ ਇਸ ਵਾਸਤੇ ਧਿਆਨ ਸਿੰਘ ਆਪਣੇ ਭਤੀਜੇ ਦੀ ਬਲੀ ਦੇ ਦੇਂਦਾ ਤੇ ਖੁਦ ਆਪਣੇ ਤੇ ਕਈ ਹੋਰ ਸਾਥੀਆਂ ਦੇ ਜ਼ਖਮੀ ਹੋਣ ਦਾ ਖਤਰਾ ਵੀ ਲੈਂਦਾ। ਫਿਰ ਉਹ ਉਸ ਮੌਕੇ ਲਾਹੌਰ ਦੀ ਜੰਤਾ ਦਾ ਗੁੱਸਾ ਵੀ ਨਹੀਂ ਸਹੇੜ ਸਕਦਾ ਸੀ।

ਸਪਸ਼ਟ ਹੈ ਕਿ ਨੌਨਿਹਾਲ ਸਿੰਘ ਦੀ ਮੌਤ ਰੱਬ ਦੀ ਰਜ਼ਾ ਸੀ ਪਰ ਸਮਝ ਨਹੀਂ ਆਉਂਦੀ ਕਿ ਗੁਰੂ ਨੇ ਕਿਉਂ ਸਲਤਨਤ ਨੂੰ ਅਜਿਹੇ ਆਦਮੀ ਤੋਂ ਮਹਿਰੂਮ ਕੀਤਾ ਜੋ ਮਹਾਰਾਜਾ ਰਣਜੀਤ ਸਿੰਘ ਦੀ ਗਵਾਚੀ ਸ਼ਾਨ ਬਹਾਲ ਕਰ ਰਿਹਾ ਸੀ।

3

ਅਭਿਲਾਖੀ ਵਿਧਵਾ

ਕੁਝ ਘੰਟਿਆਂ ਦੇ ਫਰਕ ਨਾਲ ਹੀ ਮਹਾਰਾਜਾ ਖੜਕ ਸਿੰਘ ਤੇ ਨੌਨਿਹਾਲ ਸਿੰਘ ਦੀਆਂ ਮੌਤਾਂ ਨੇ ਲਾਹੌਰ ਦਰਬਾਰ ਉਪਰ ਵੱਡੀਆਂ ਮੁਸੀਬਤਾਂ ਲਿਆ ਦਿੱਤੀਆਂ ਸਨ। ਵਜ਼ੀਰੇ ਆਜ਼ਮ ਧਿਆਨ ਸਿੰਘ ਡੋਗਰਾ ਨੇ ਇਸ ਹਾਲਤ ਨੂੰ ਬਹੁਤ ਚੰਗੀ ਤਰ੍ਹਾਂ ਸੰਭਾਲਿਆ ਸੀ। ਜਦੋਂ ਨੌਨਿਹਾਲ ਸਿੰਘ ਆਪਣੇ ਜਖਮਾਂ ਦੀ ਤੋੜ ਨਾ ਝੱਲਦਾ ਹੋਇਆ ਪੂਰਾ ਹੋ ਗਿਆ ਤਾਂ ਡੋਗਰਾ ਨੇ ਹੁਕਮ ਦਿੱਤਾ ਕਿ ਤਖਤ ਦੇ ਵਾਰਸ ਦਾ ਮਸਲਾ ਹੱਲ ਕੀਤੇ ਜਾਣ ਤੋਂ ਪਹਿਲਾਂ ਇਹ ਖ਼ਬਰ ਨਹੀਂ ਫੈਲਣੀ ਚਾਹੀਦੀ। ਉਸ ਨੇ ਸ਼ਾਹੀ ਰਸੋਈ ਖਾਨੇ ਵਿਚੋਂ ਠੰਡੇ ਹੋ ਚੁਕੇ ਮਹਾਰਾਜੇ ਵਾਸਤੇ ਖਾਣਾ ਮੰਗਵਾਇਆ ਤੇ ਫਿਰ ਖਾਲੀ ਪਲੇਟਾਂ ਵੀ ਬਾਹਰ ਭੇਜੀਆਂ। ਪਤਾ ਲੈਣ ਵਾਲਿਆਂ ਨੂੰ ਇਹ ਕਹਿ ਕੇ ਮੋੜ ਦਿੱਤਾ ਗਿਆ ਕਿ ਡਾਕਟਰਾਂ ਨੇ ਮੁਕੰਮਲ ਆਰਾਮ ਵਾਸਤੇ ਆਖਿਆ ਹੈ। ਇਥੋਂ ਤੱਕ ਕਿ ਨੌ ਨਿਹਾਲ ਸਿੰਘ ਦੀ ਮਾਂ ਜੋ ਕੁਝ ਦੇਰ ਪਹਿਲਾਂ ਹੀ ਵਿਧਵਾ ਹੋਈ ਸੀ ਅੰਦਰ ਨਹੀਂ ਆਉਣ ਦਿੱਤੀ ਗਈ। ਉਹ ਕਿਲੇ ਦੇ ਗੇਟ ਦੀਆਂ ਸੀਖਾਂ ਉਪਰ ਹੀ ਗੁੱਸਾ ਕੱਢਦੀ ਰਹੀ।

ਧਿਆਨ ਸਿੰਘ ਨੇ ਫਕੀਰ ਅਜ਼ੀਜ਼ੁਦੀਨ ਤੇ ਜਮੇਦਾਰ ਖੁਸ਼ਹਾਲ ਸਿਘ ਨੂੰ ਬੁਲਾ ਲਿਆ ਤੇ ਇਹਨਾਂ ਦੋਹਾਂ ਦੀ ਸਲਾਹਾਂ ਲਈਆਂ। ਫਿਰ ਭਾਈਆ ਰਾਮ ਸਿੰਘ ਨਾਲ ਵੀ ਗੱਲ ਬਾਤ ਕੀਤੀ ਤੇ ਸਭ ਦੀ ਰਜ਼ਾਮੰਦੀ ਨਾਲ ਸ਼ਹਿਜ਼ਾਦਾ ਸ਼ੇਰ ਸਿੰਘ ਨੂੰ ਬਟਾਲਾ ਸੰਦੇਸ਼ ਭੇਜਿਆ ਕਿ ਉਹ ਆ ਕੇ ਪੰਜਾਬ ਦੇ ਮਹਾਰਾਜਾ ਦਾ ਕੰਮ ਕਾਜ ਸੰਭਾਲੇ।

ਤਖਤ ਦੇ ਵਾਰਸ ਵਾਸਤੇ ਸ਼ੇਰ ਸਿੰਘ ਸਭ ਤੋਂ ਸਹੀ ਆਦਮੀ ਸੀ। ਉਹ ਫੌਜ ਵਿਚ ਬਹੁਤ ਹਰਮਨ ਪਿਆਰਾ ਤੇ ਸੁਭਾਅ ਦਾ ਮਿਲਣਸਾਰ ਸੀ। ਅਜਿਹੇ ਮਾਮਲਿਆਂ

ਵਿਚ ਅੰਗਰੇਜ਼ਾਂ ਦੀ ਪਹੁੰਚ ਵਿਚਾਰਨੀ ਵੀ ਬਹੁਤ ਮਹੱਤਵਪੂਰਣ ਹੁੰਦੀ ਹੈ, ਅਤੇ ਉਹਨਾਂ ਵਾਸਤੇ ਵੀ ਸ਼ੇਰ ਸਿੰਘ ਠੀਕ ਸੀ।

ਧਿਆਨ ਸਿੰਘ ਨੇ ਜਿਹੜਾ ਭਰੋਸਾ ਭਾਈਆ ਰਾਮ ਸਿੰਘ ਉਪਰ ਕੀਤਾ ਸੀ ਉਸ ਨੇ ਪੂਰਾ ਨਹੀਂ ਕੀਤਾ ਤੇ ਧੋਖਾ ਦੇ ਦਿੱਤਾ। ਉਸ ਨੇ ਨਾ ਸਿਰਫ਼ ਨੌਨਿਹਾਲ ਸਿੰਘ ਦੀ ਮੌਤ ਦੀ ਖ਼ਬਰ ਹੀ ਜ਼ਾਹਿਰ ਕਰ ਦਿੱਤੀ ਬਲਕਿ ਆਪਣੇ ਭਰਾ ਭਾਈਆ ਗੋਬਿੰਦ ਰਾਮ ਨਾਲ ਮਿਲ ਕੇ ਖੜਕ ਸਿੰਘ ਦੀ ਵਿਧਵਾ ਚਾਂਦ ਕੌਰ ਨੂੰ ਤਖਤ ਦੇ ਵਾਰਸ ਦੀ ਇਕ ਮੁਕਾਬਲੇ ਦੀ ਉਮੀਦਵਾਰ ਬਣਾ ਦਿੱਤਾ। ਉਹਨਾਂ ਚਾਂਦ ਕੌਰ ਨੂੰ ਵੀ ਇਤਲਾਹ ਦੇ ਦਿੱਤੀ ਤੇ ਸੰਧਾਵਾਲੀਆ ਦੇ ਇਕ ਵਾਰਸ ਅਤਰ ਸਿੰਘ ਨੂੰ ਹਰਦਵਾਰ ਤੋਂ ਬੁਲਾ ਲਿਆ ਜਿੱਥੇ ਉਹ ਹੁਣ ਰੀਟਾਇਰਮੈਂਟ ਵਾਲੀ ਜ਼ਿੰਦਗੀ ਬਸਰ ਕਰ ਰਿਹਾ ਸੀ। ਕੁਲੂ ਦੀ ਫੌਜ ਦੇ ਸਰਬਰਾਹ ਅਜੀਤ ਸਿੰਘ ਨੂੰ ਵੀ ਲਾਹੌਰ ਪਹੁੰਚਣ ਵਾਸਤੇ ਕਹਿ ਦਿੱਤਾ।

ਧਿਆਨ ਸਿੰਘ ਨੇ ਚਾਂਦ ਕੌਰ ਨਾਲ ਕਿਸੇ ਸਮਝੌਤੇ 'ਤੇ ਪਹੁੰਚਣ ਦੀ ਅਣਥੱਕ ਕੋਸ਼ਿਸ਼ ਕੀਤੀ। ਉਸ ਨੂੰ ਇਕ ਆਰਜੀ ਕਾਮਯਾਬੀ ਮਿਲੀ ਕਿ ਚਾਂਦ ਕੌਰ ਰਾਜ ਮਾਤਾ ਦਾ ਖਿਤਾਬ ਹਾਸਿਲ ਕਰ ਲਵੇ ਤੇ ਸ਼ੇਰ ਸਿੰਘ ਨੂੰ ਮਹਾਰਾਜਾ ਬਣਨ ਦੇਵੇ। ਸ਼ੇਰ ਸਿੰਘ ਦੇ ਲਾਹੌਰ ਪਹੁੰਚਣ ਤੋਂ ਪਹਿਲਾਂ ਹੀ ਧਿਆਨ ਸਿੰਘ ਨੇ ਬ੍ਰਿਟਿਸ਼ ਏਜੰਟ ਮੌਲਵੀ ਰਾਜਬ ਅਲੀ ਨੂੰ ਹਾਜ਼ਿਰ ਰਹਿਣ ਵਾਸਤੇ ਕਹਿ ਦਿੱਤਾ ਕਿ ਉਹ ਆਪਣੀ ਸਰਕਾਰ ਨੂੰ ਦੱਸ ਦੇਵੇ ਕਿ ਇਹ ਸਾਰਾ ਬੰਦੋਬਸਤ ਸਾਰੇ ਖਾਲਸਾ ਨੇ ਸਰਬਸੰਮਤੀ ਨਾਲ ਪਰਵਾਨ ਕੀਤਾ ਹੈ।

ਇਸ ਤੋਂ ਕੁਝ ਘੰਟੇ ਬਾਅਦ ਸ਼ਹਿਜ਼ਾਦਾ ਸ਼ੇਰ ਸਿੰਘ ਲਾਹੌਰ ਪਹੁੰਚ ਗਿਆ। ਨੌ ਨਿਹਾਲ ਸਿੰਘ ਦੀ ਮੌਤ ਤੇ ਨਵੇ ਮਹਾਰਾਜਾ ਦੀ ਤਾਜ ਪੋਸ਼ੀ ਦਾ ਵੀ ਐਲਾਨ ਕਰ ਦਿੱਤਾ ਗਿਆ।

ਦੁਪਹਿਰ ਬਾਅਦ ਨੌਨਿਹਾਲ ਸਿੰਘ ਦੀ ਦੇਹ ਨੂੰ ਬਾਹਰ ਉਸ ਜਗ੍ਹਾ ਲੈ ਕੇ ਗਏ ਜਿੱਥੇ ਅਜੇ ਉਸ ਦੇ ਪਿਤਾ ਦਾ ਵੀ ਸਿਵਾ ਠੰਡਾ ਨਹੀਂ ਹੋਇਆ ਸੀ। ਉਸ ਦੇ ਦੋ ਸਾਥੀ ਵੀ ਚਿਤਾ ਉਪਰ ਚੜ੍ਹ ਗਏ। ਇਕ ਨੇ ਸ਼ੇਰ ਸਿੰਘ ਦੀ ਪਗੜੀ ਉਪਰ ਸ਼ਾਹੀ ਕਲਗੀ ਲਗਾਈ ਤੇ ਦੂਜੇ ਨੇ ਧਿਆਨ ਸਿੰਘ ਡੋਗਰਾ ਦੇ ਮੱਥੇ ਉਪਰ ਤਿਲਕ ਲਗਾਇਆ ਜਿਸ ਦਾ ਮਤਲਬ ਸੀ ਕਿ ਉਸ ਦਾ ਵਜ਼ੀਰੇ ਆਜ਼ਮ ਰਹਿਣਾ ਜਾਰੀ ਹੈ। ਸਤੀ ਹੋਣ ਵਾਲਿਆਂ ਨੇ ਚਿਤਾ ਵਿਚ ਜਲ ਜਾਣ ਤੋਂ ਪਹਿਲਾਂ ਇਹਨਾਂ ਦੋਹਾਂ ਨੂੰ ਰਾਜ ਦੇ ਵਫਾਦਾਰ ਰਹਿਣ ਦੀਆਂ ਕਸਮਾਂ ਖਵਾਈਆਂ।

11 ਨਵੰਬਰ ਨੂੰ ਇਕ ਹੋਰ ਉਦਾਸੀ ਭਰਿਆ ਜਲੂਸ ਲਾਹੌਰ ਦੀਆਂ ਗਲੀਆਂ ਵਿਚੋਂ ਦੀ ਲੰਘਿਆ। ਇਸ ਦੀ ਅਗਵਾਈ ਮਹਾਰਾਜਾ ਦਾ ਮਨਪਸੰਦ ਹਾਥੀ ਕਰ ਰਿਹਾ ਸੀ ਇਸ ਉਪਰ ਦੋ ਬਰਤਨਾਂ ਵਿਚ ਮਹਾਰਾਜਾ ਖੜਕ ਸਿੰਘ ਤੇ ਨੌਨਿਹਾਲ

ਸਿੰਘ ਦੀ ਰਾਖ ਲੱਦੀ ਹੋਈ ਸੀ। ਅਮੀਰ ਆਦਮੀ ਇਹਨਾਂ ਬਰਤਨਾਂ ਉਪਰ ਸ਼ਾਲਾਂ ਪਾ ਰਹੇ ਸਨ ਤੇ ਗਰੀਬ ਲੋਕ ਫੁੱਲਾਂ ਨਾਲ ਵਰਖਾ ਕਰ ਰਹੇ ਸਨ। ਇਹ ਕਾਫ਼ਲਾ ਦਿੱਲੀ ਦਰਵਾਜ਼ੇ ਵੱਲ ਵਧ ਰਿਹਾ ਸੀ, ਓਥੋਂ ਜੀ. ਟੀ. ਰੋਡ ਰਾਹੀਂ ਅੰਮ੍ਰਿਤਸਰ ਤੇ ਫਿਰ ਉਸ ਤੋਂ ਅੱਗੇ ਇਸ ਰਾਖ ਨੇ ਹਰਦੁਆਰ ਪਹੁੰਚਣਾ ਸੀ। ਇਸ ਤਰ੍ਹਾਂ ਬਾਪ ਤੇ ਪੁੱਤਰ, ਜੋ ਜਿਉਂਦੇ ਜੀ ਇਕੱਠੇ ਨਹੀਂ ਰਹੇ ਸਕੇ ਸਨ, ਦੀਆਂ ਅਸਥੀਆਂ ਇਕੱਠੀਆਂ ਹੀ ਗੰਗਾ ਵਿਚ ਪ੍ਰਵਾਹ ਕਰ ਦਿੱਤੀਆਂ ਗਈਆਂ।

ਦਰਬਾਰ ਦੀ ਸਟੇਜ ਤੋਂ ਦੋ ਪਾਤਰ ਜਾ ਚੁਕੇ ਸਨ ਤੇ ਦੋ ਹੋਰ ਆ ਗਏ ਸਨ, ਚਾਂਦ ਕੌਰ ਤੇ ਸ਼ੇਰ ਸਿੰਘ।

ਪਖੰਡੀ ਭਾਈਏ, ਰਾਮ ਸਿੰਘ ਤੇ ਗੋਬਿੰਦ ਰਾਮ ਨੇ ਚਾਂਦ ਕੌਰ ਨੂੰ ਆਪਣਾ ਮੋਹਰਾ ਬਣਾ ਲਿਆ। ਇਹਨਾਂ ਦੀ ਸਲਾਹ ਨਾਲ ਹੀ ਉਸ ਨੇ ਸ਼ੇਰ ਸ਼ਿੰਘ ਨੂੰ ਉਤਰ ਅਧਿਕਾਰੀ ਮੰਨਣ ਤੋਂ ਨਾਂਹ ਕਰ ਦਿੱਤੀ ਤੇ ਜੰਮੂ ਤੋਂ ਗੁਲਾਬ ਸਿੰਘ ਡੋਗਰਾ ਨੂੰ ਬੁਲਾਇਆ ਕਿ ਉਹ ਆਪਣੇ ਭਰਾ, ਧਿਆਨ ਸਿੰਘ ਡੋਗਰਾ, ਨੂੰ ਸਮਝਾਏ। ਧਿਆਨ ਸਿੰਘ ਡੋਗਰਾ ਨੇ ਚਾਂਦ ਕੌਰ ਦੇ ਅੱਗੇ ਰਾਜ਼ੀਨਾਮੇ ਦੀਆਂ ਕਈ ਤਜਵੀਜ਼ਾਂ ਪੇਸ਼ ਕੀਤੀਆਂ। ਉਹ ਸ਼ੇਰ ਸਿੰਘ ਨਾਲ ਵਿਆਹ ਕਰਵਾ ਸਕਦੀ ਸੀ, ਬੇ ਔਲਾਦ ਹੋਣ ਕਰਕੇ ਉਹ ਸ਼ੇਰ ਸਿੰਘ ਦੇ ਪੁੱਤਰ ਨੂੰ ਗੋਦ ਲੈ ਸਕਦੀ ਸੀ। ਵਿਧਵਾ ਨੇ ਵਿਆਹ ਦੀ ਤਜਵੀਜ ਪਹਿਲੀ ਸੱਟੇ ਹੀ ਰੱਦ ਕਰ ਦਿੱਤੀ। ਉਹ ਅਜਿਹੇ ਬੰਦੇ ਨਾਲ ਕਿਵੇਂ ਵਿਆਹ ਕਰ ਸਕਦੀ ਹੈ ਜਿਸ ਨੂੰ ਉਹ ਪਹਿਲਾਂ ਹੀ ਕਿਸੇ ਪਾਣੀ ਭਰਨ ਵਾਲੇ ਮਸ਼ਕੀ ਜਾਂ ਛੀਂਬੇ ਦਾ ਪੁੱਤਰ ਦੱਸਦੀ ਸੀ। ਉਹ ਸ਼ੇਰ ਸਿੰਘ ਦੇ ਪੁੱਤਰ ਪ੍ਰਤਾਪ ਸਿੰਘ ਦੀ ਬਜਾਏ ਧਿਆਨ ਸਿੰਘ ਡੋਗਰੇ ਦੇ ਪੁੱਤਰ ਹੀਰਾ ਸਿੰਘ ਨੂੰ ਗੋਦ ਲੈ ਸਕਦੀ ਸੀ ਤੇ ਜਾਂ ਉਸ ਨੇ ਓਧਰ ਵੀ ਇਸ਼ਾਰਾ ਕੀਤਾ ਕਿ ਨੌਨਿਹਾਲ ਸਿੰਘ ਦੀ ਪਤਨੀ ਗਰਭਵਤੀ ਹੈ ਤੇ ਉਸ ਦਾ ਬੱਚਾ ਇਸ ਦਾ ਹੋ ਹੀ ਸਕਦਾ ਹੈ। ਧਿਆਨ ਸਿੰਘ ਆਪਣੇ ਪੁੱਤਰ ਨੂੰ ਰਾਜਮਾਤਾ ਦਾ ਮੁਤਬੰਨਾ ਨਹੀਂ ਬਣਾ ਸਕਦਾ ਸੀ ਪਰ ਉਸ ਨੇ ਚਾਂਦ ਕੌਰ ਦੇ ਬਹੁਤ ਤਰਲੇ ਲਏ ਕਿ ਉਹ ਲਾਹੌਰ ਦਰਬਾਰ ਨੂੰ ਬਚਾਏ। ਉਸ ਨੇ ਆਪਣੀ ਪਗੜੀ ਚਾਂਦ ਕੌਰ ਦੇ ਪੈਰਾਂ ਵਿਚ ਰੱਖੀ ਕਿ ਜਿਹੜੀ ਤਜਵੀਜ਼ ਉਸ ਨੇ ਤੇ ਫਕੀਰ ਅਜ਼ੀਜ਼ੁਦੀਨ ਨੇ ਬਣਾਈ ਹੈ, ਉਸ ਨੂੰ ਉਹ ਸਵੀਕਾਰ ਕਰ ਲਵੇ ਜਿਸ ਮੁਤਾਬਕ ਉਹ ਰਾਜ ਕੌਂਸਲ ਦੀ ਮਹਾਰਾਣੀ ਤੇ ਸ਼ੇਰ ਸਿੰਘ ਉਸ ਕੌਂਸਲ ਦੀ ਚੀਫ ਹੋਵੇਗਾ। ਉਸ ਨੇ ਉਹ ਲਿਖਤੀ ਤਜਵੀਜ਼ ਪਾੜ ਕੇ ਸੁੱਟ ਦਿੱਤੀ। ਧਿਆਨ ਸਿੰਘ ਨੇ ਇਕ ਵੱਡਾ ਪੱਤਾ ਖੇਡਿਆ। ਉਸ ਨੇ ਭਰੇ ਦਰਬਾਰ ਵਿਚ ਕਿਹਾ ਕਿ ਚਾਂਦ ਕੌਰ ਨੂੰ ਸ਼ਰਾਰਤੀ ਲੋਕਾਂ ਦੀਆਂ ਗੱਲਾਂ ਵਿਚ ਨਹੀਂ ਆਉਣਾ ਚਾਹੀਦਾ ਤੇ ਨਾਲ ਹੀ ਕਿਹਾ ਕਿ ਪੰਜਾਬ ਦਾ ਇਹ ਤਖਤ ਨਾ ਤਾਂ ਚਾਂਦ ਕੌਰ ਦਾ ਮੁਥਾਜ ਹੈ ਤੇ ਨਾ ਹੀ ਸ਼ੇਰ ਸਿੰਘ ਦਾ ਤੇ ਨਾ ਹੀ ਸ਼ਾਹੀ ਖਾਨਦਾਨ ਦੇ ਕਿਸੇ ਹੋਰ ਵਿਅਕਤੀ ਦਾ ਇਹ ਖਾਲਸਾ ਰਾਜ ਹੈ ਤੇ ਖਾਲਸੇ ਦੀ ਅਮਾਨਤ ਹੈ।

ਕੁਝ ਦਿਨਾਂ ਬਾਅਦ ਦੋ ਸੰਧਾਵਾਲੀਏ ਸਰਦਾਰ, ਅਜੀਤ ਸਿੰਘ ਤੇ ਅਤਰ ਸਿੰਘ ਲਾਹੌਰ ਪਹੁੰਚੇ ਤੇ ਉਹਨਾਂ ਨੇ ਕਿਲ੍ਹੇ ਉਪਰ ਕਬਜ਼ਾ ਕਰ ਲਿਆ। ਉਹਨਾਂ ਦੇ ਪਿੱਛੇ ਗੁਲਾਬ ਸਿੰਘ ਡੋਗਰਾ ਤੇ ਭਾਈਏ ਸਨ। ਇਕ ਸਮਝੌਤੇ ਉਪਰ 27 ਨਵੰਬਰ ਨੂੰ ਦਸਤਖ਼ਤ ਹੋਏ ਜਿਸ ਮੁਤਾਬਕ ਸ਼ੇਰ ਸਿੰਘ ਅੱਠ ਮਹੀਨੇ ਵਾਸਤੇ ਮੁਕੇਰੀਆਂ ਵਿਚ ਆਪਣੀ ਜਗੀਰ ਉਪਰ ਚਲਾ ਜਾਵੇਗਾ ਤੇ ਆਪਣਾ ਪੁੱਤਰ ਲਾਹੌਰ ਵਿਚ ਹੀ ਬਤੌਰ ਜ਼ਮਾਨਤ ਰੱਖੇਗਾ। ਇਸ ਵਿਚ ਇਹ ਵੀ ਲਿਖਿਆ ਗਿਆ ਕਿ ਅਗਰ ਨੌਨਿਹਾਲ ਸਿੰਘ ਦੀ ਵਿਧਵਾ ਨੇ ਪੁੱਤਰ ਨੂੰ ਜਨਮ ਦਿੱਤਾ ਤਾਂ ਉਹ ਤਖਤ ਦਾ ਵਾਰਸ ਹੋਵੇਗਾ ਨਹੀਂ ਤਾਂ ਨਵਾਂ ਸਮਝੌਤਾ ਤਿਆਰ ਕੀਤਾ ਜਾਵੇਗਾ। ਇਸ ਇਕਰਾਰਨਾਮੇ ਉਪਰ 16 ਅਹਿਮ ਹਸਤੀਆਂ ਨੇ ਦਸਤਖ਼ਤ ਕੀਤੇ ਜਿਹਨਾਂ ਵਿਚ ਸਿੱਖ, ਹਿੰਦੂ ਤੇ ਮੁਸਲਮਾਨ ਸ਼ਾਮਿਲ ਸਨ।

ਹੁਣ ਚਾਂਦ ਕੌਰ ਨੂੰ ਬਕਾਇਦਾ 'ਮਲਿਕਾ ਏ ਮੁਕੱਦਸ' ਦੇ ਖਿਤਾਬ ਨਾਲ ਤਖ਼ਤ 'ਤੇ ਬਿਠਾਇਆ। ਸਾਰੇ ਦਰਬਾਰੀ, ਸਮੇਤ ਸ਼ੇਰ ਸਿੰਘ ਦੇ ਜਿਸ ਨੂੰ ਵਜ਼ੀਰਾਂ ਦੀ ਕੌਂਸਲ ਦਾ ਪ੍ਰਧਾਨ ਬਣਾਇਆ ਗਿਆ ਸੀ ਤੇ ਧਿਆਨ ਸਿੰਘ ਡੋਗਰਾ ਜੋ ਵਜ਼ੀਰੇ ਆਜ਼ਮ ਮੁਕੱਰਰ ਕੀਤਾ ਗਿਆ ਸੀ, ਹਾਜ਼ਿਰ ਸਨ। ਸਾਰਿਆਂ ਨੇ ਮਹਾਰਾਣੀ ਨੂੰ ਸਤਿਕਾਰ ਦਿੱਤਾ। ਇਹ ਵਾਕਿਆ 2 ਦਸੰਬਰ, 1840 ਦਾ ਸੀ।

ਅਗਲੇ ਦਿਨ ਸ਼ੇਰ ਸਿੰਘ ਲਾਹੌਰ ਨੂੰ ਛੱਡ ਕੇ ਆਪਣੀ ਜਗੀਰ ਉਪਰ ਚਲਾ ਗਿਆ। ਉਸ ਨੂੰ ਇਕ ਲੱਖ ਰੁਪਈਆ ਸਲਾਨਾ ਭੱਤਾ ਤੇ ਇਸੇ ਰਕਮ ਦੀ ਇਕ ਹੋਰ ਜਗੀਰ ਦੇਣ ਦਾ ਵਾਅਦਾ ਕੀਤਾ ਗਿਆ। ਹਾਲਾਂਕਿ ਇਸ ਦੇ ਨਾਲ ਉਸ ਦਾ ਮਨ ਲਾਹੌਰ ਦੇ ਤਖਤ ਤੋਂ ਉਚਾਟ ਨਹੀਂ ਹੋਇਆ ਸੀ, ਉਹ ਉਥੋਂ ਨਿਕਲਦੇ ਵਕਤ ਹੀ ਇਸ ਬਾਰੇ ਹੀ ਸੋਚਦਾ ਜਾ ਰਿਹਾ ਸੀ।

ਸ਼ੇਰ ਸਿੰਘ ਦੇ ਜਾਣ ਤੋਂ ਬਆਦ ਧਿਆਨ ਸਿੰਘ ਡੋਗਰਾ ਇਕ ਅਜਿਹੇ ਕੰਮ ਵਿਚ ਸ਼ਾਮਿਲ ਪਾਇਆ ਗਿਆ ਕਿ 'ਮਾਈ' ਨੂੰ ਪਸੰਦ ਨਹੀਂ ਸੀ ਤੇ ਉਸ ਨੂੰ ਇਸ ਦੀਆਂ ਸੇਵਾਵਾਂ ਦੀ ਜ਼ਰੂਰਤ ਨਹੀਂ ਰਹੀ ਸੀ। ਚਾਂਦ ਕੌਰ ਨੂੰ ਦਰਬਾਰ ਵਿਚ ਵੀ ਤੇ ਸਾਰੇ ਸ਼ਹਿਰ ਵਿਚ ਮਾਈ ਦੇ ਨਾਮ ਨਾਲ ਹੀ ਜਾਣਿਆ ਜਾ ਰਿਹਾ ਸੀ। ਉਹ ਮਹੱਲ ਦੇ ਨਿੱਜੀ ਕਮਰਿਆਂ ਵੱਲ ਜਾ ਰਿਹਾ ਸੀ ਜੋ ਬਤੌਰ ਮੰਤਰੀ ਉਸ ਦਾ ਹੱਕ ਸੀ ਪਰ ਅਜੀਤ ਸਿੰਘ ਸੰਧਾਵਾਲੀਆ ਵੱਲੋਂ ਲਗਾਏ ਗਏ ਗਾਰਡ ਨੇ ਉਸ ਨੂੰ ਰੋਕ ਦਿੱਤਾ। ਇਸ ਨਾਲ ਧਿਆਨ ਸਿੰਘ ਡੋਗਰਾ ਤੇ ਸੰਧਾਵਾਲੀਆਂ ਵਿਚ ਤਕਰਾਰ ਹੋ ਗਈ। ਮਾਈ ਨੇ ਅਜੀਤ ਸਿੰਘ ਦਾ ਸਾਥ ਦਿੱਤਾ ਤੇ ਧਿਆਨ ਸਿੰਘ ਨੂੰ ਕਹਿ ਦਿੱਤਾ ਕਿ ਹੁਣ ਉਹ ਆਪਣੇ ਆਪ ਨੂੰ ਕਿਲ੍ਹੇ ਦਾ ਡਿਉਢੀਦਾਰ ਨਾ ਸਮਝੇ। ਕਿਸੇ ਸਾਜਿਸ਼ ਵਿਚ ਸ਼ਾਮਿਲ ਹੋਣ ਦੀ ਬਜਾਏ ਧਿਆਨ ਸਿੰਘ ਡੋਗਰਾ ਨੇ ਜਨਵਰੀ 1841 ਦੇ ਸ਼ੁਰੂ ਵਿਚ ਹੀ ਲਾਹੌਰ ਛੱਡ ਦਿੱਤਾ ਤੇ ਜੰਮੂ ਵਿਚਲੀ ਆਪਣੀ ਜਗੀਰ 'ਤੇ ਆ

ਗਿਆ। ਉਸ ਨੇ ਸ਼ੇਰ ਸਿੰਘ ਨੂੰ ਖ਼ਤ ਲਿਖਿਆ। ਉਸ ਨੂੰ ਪੂਰੀ ਹਮਾਇਤ ਦਾ ਭਰੋਸਾ ਦਿੱਤਾ ਤੇ ਕਿਹਾ ਕਿ ਉਹ ਲਾਹੌਰ ਰਜਮੈਂਟ ਦੇ ਅਫ਼ਸਰਾਂ ਨਾਲ ਸੰਪਰਕ ਬਣਾਏ।

ਮਾਈ ਤੇ ਸੰਧਾਵਾਲੀਆਂ ਨੇ ਕੁਝ ਦਿਨ ਬਹੁਤ ਮਜ਼ੇ ਨਾਲ ਹਕੂਮਤ ਚਲਾਈ ਪਰ ਸਾਰੇ ਖੇਲ ਦਾ ਚੌਖਟਾ ਉਹਨਾਂ ਵਾਸਤੇ ਭਾਰੀ ਸੀ। ਉਹਨਾਂ ਨੇ ਫੌਜ ਤੇ ਸਾਰੀ ਵਜ਼ਾਰਤ ਦੇ ਸਹਿਯੋਗ ਲੈਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਉਹਨਾਂ ਵਿਚੋਂ ਕੋਈ ਵੀ ਇਸ ਗੱਲ ਨਾਲ ਰਾਜ਼ੀ ਨਹੀਂ ਸੀ ਕਿ ਉਹਨਾਂ ਦੀ ਹਾਕਮ ਇਕ ਔਰਤ ਹੋਵੇ ਜੋ ਜ਼ਨਾਨਖਾਨੇ ਦੇ ਪਰਦੇ ਵਿਚੋਂ ਬਾਹਰ ਨਹੀਂ ਆ ਸਕਦੀ।

ਚਾਂਦ ਕੌਰ ਦੀ ਸਭ ਤੋਂ ਪਹਿਲੀ ਕੋਸ਼ਿਸ਼ ਇਹ ਸੀ ਕਿ ਉਹ ਆਪਣੀ ਵਿਰਾਸਤ ਨੂੰ ਤਾਕਤਵਰ ਪੜੋਸੀ ਅੰਗਰੇਜ਼ਾਂ ਤੋਂ ਮਾਨਤਾ ਹਾਸਿਲ ਕਰਵਾਏ। ਉਸ ਨੇ ਤਜਵੀਜ਼ ਕੀਤਾ ਕਿ ਗਵਰਨਰ ਜਨਰਲ ਦੇ ਰਾਹੀਂ ਇਕ ਤੋਹਫਾ ਮਲਕਾ ਵਿਕਟੋਰੀਆ ਦੇ ਨਾਂ ਦਾ ਭੇਜਿਆ ਜਾਵੇ। ਇਸ ਮਿਸ਼ਨ ਦਾ ਵਿਚਾਰ ਅੰਗਰੇਜ਼ਾਂ ਦੇ ਕਹਿਣ ਉਪਰ ਹੀ ਛੱਡਣਾ ਪਿਆ ਕਿਉਂਕਿ ਉਹ ਅਜੇ ਵੀ ਕਾਬਲ ਉਪਰ ਚੜ੍ਹਾਈ ਵਾਸਤੇ ਪੰਜਾਬ ਦੀ ਹਕੂਮਤ ਦਾ ਸਾਥ ਚਾਹੁੰਦੇ ਸਨ। ਇਸ ਤਰ੍ਹਾਂ ਇਹ ਇਕ ਤਰ੍ਹਾਂ ਨਾਲ ਇਸ ਹਕੂਮਤ ਨੂੰ ਮਾਨਤਾ ਸੀ।

ਮਾਈ ਦੀ ਸਰਕਾਰ ਨੂੰ ਮਾਨਤਾ ਦੇਣ ਦੇ ਨਾਲ ਹੀ ਅੰਗਰੇਜ਼ ਉਸ ਦੀ ਰਿਆਸਤ ਨੂੰ ਕਬਜ਼ੇ ਵਿਚ ਲੈਣ ਦੀਆਂ ਵਿਉਂਤਾਂ ਬਣਾ ਰਹੇ ਸਨ। ਅੰਗਰੇਜ਼ਾਂ ਦਾ ਐਸਾ ਵਤੀਰਾ ਆਪਣੇ ਉਸ ਹਿਮਾਇਤੀ ਨਾਲ ਸੀ ਜਿਸ ਨੇ ਨਾ ਸਿਰਫ਼ ਅਫ਼ਗਾਨਿਸਤਾਨ ਵਿਚ ਉਹਨਾਂ ਦੀ ਮਦਦ ਕੀਤੀ ਸੀ ਬਲਕਿ ਉਹਨਾਂ ਦੀ ਫੌਜ ਨੂੰ ਵੀ ਆਪਣੀ ਰਿਆਸਤ ਵਿਚੋਂ ਇਵੇਂ ਨਿਕਲਣ ਦਿੱਤਾ ਸੀ ਜਿਵੇਂ ਇਹ ਕੋਈ ਆਮ ਰਸਤਾ ਹੋਵੇ। ਅਜਿਹੀ ਮਿਸਾਲ ਇਤਿਹਾਸ ਦੀਆਂ ਕਿਤਾਬਾਂ ਵਿਚ ਹੋਰ ਕਿਧਰੇ ਵੀ ਨਹੀਂ ਮਿਲਦੀ। ਸਰ ਵਿਲੀਅਮ ਮੈਕਨਾਗਟਨ ਦੀ ਤਜਵੀਜ਼ ਸੀ ਕਿ 1809 ਦੀ ਸੰਧੀ ਨੂੰ ਇਕ ਤਰਫਾ ਤੋੜ ਦਿੱਤਾ ਜਾਵੇ ਤੇ ਪਿਸ਼ਾਵਰ ਨੂੰ ਪੰਜਾਬ ਨਾਲੋਂ ਅੱਡ ਕਰਕੇ ਅਫਗਾਨਿਸਤਾਨ ਦੇ ਦੁੱਰਾਨੀ ਹੁਕਮਰਾਨਾਂ ਨੂੰ ਦੇ ਦਿੱਤਾ ਜਾਵੇ। ਉਸ ਨੇ ਅੱਗੋਂ ਤਜਵੀਜ਼ ਕੀਤਾ ਕਿ ਪੰਜਾਬ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ ਜਾਵੇ ਜਿਸ ਨਾਲ ਪਹਾੜੀ ਇਲਾਕਿਆਂ ਉਪਰ ਡੋਗਰਿਆਂ ਦਾ ਰਾਜ ਹੋਵੇ ਤੇ ਮੈਦਾਨੀ ਇਲਾਕਾ ਸੰਧਾਵਾਲੀਆਂ ਨੂੰ ਦੇ ਦਿੱਤਾ ਜਾਵੇ। ਗਵਰਨਰ ਜਨਰਲ ਨੇ ਮੈਕਨਾਗਟਨ ਨੂੰ ਧੀਰਜ ਰੱਖਣ ਦੀ ਸਲਾਹ ਦਿੱਤੀ। ਉਸ ਦਾ ਕਹਿਣਾ ਸੀ ਇਕ ਦਿਨ ਪੰਜਾਬ ਨੇ ਆਪ ਹੀ ਬਿਖਰ ਜਾਣਾ ਹੈ ਤੇ ਫਿਰ ਸਿੰਧ ਤੋਂ ਉਪਰਲਾ ਸਾਰਾ ਪੰਜਾਬ ਆਪਣੇ ਵਿਚ ਸ਼ਾਮਿਲ ਕਰਕੇ ਅਸੀਂ ਆਪਣੀ ਕਠਪੁਤਲੀ ਹਕੂਮਤ ਦੁੱਰਾਨੀ ਦੇ ਸਪੁਰਦ ਕਰ ਸਕਾਂਗੇ।

ਮਾਈ ਦੀ ਸਭ ਤੋਂ ਵੱਡੀ ਸਮੱਸਿਆ ਫੌਜ ਦੀ ਵਫ਼ਾਦਾਰੀ ਹਾਸਿਲ ਕਰਨਾ

ਸੀ ਕਿਉਂ ਉਸ ਦੀ ਹਮਦਰਦੀ ਸ਼ੇਰ ਸਿੰਘ ਨਾਲ ਸੀ। ਸ਼ੇਰ ਸਿੰਘ ਦਾ ਯੂਰਪੀਨ ਅਫ਼ਸਰਾਂ ਨਾਲ ਵੀ ਚੰਗਾ ਸੰਬੰਧ ਸੀ। ਮਾਈ ਨੂੰ ਰੀਪੋਰਟ ਮਿਲ ਰਹੀ ਸੀ ਕਿ ਫੌਜੀ ਛਾਉਣੀਆਂ ਛੱਡ ਕੇ ਸ਼ੇਰ ਸਿੰਘ ਦੀ ਜਗੀਰ ਵਿਚ ਬਟਾਲੇ ਪਹੁੰਚ ਰਹੇ ਹਨ। ਚਾਂਦ ਕੌਰ ਨੇ ਫੌਜੀਆਂ ਨੂੰ ਲਾਲਚ ਨਾਲ ਜੋੜਨ ਦੀ ਕੋਸ਼ਿਸ਼ ਕੀਤੀ। ਤੇਜ ਸਿੰਘ ਨੂੰ ਮੁੱਖ ਕਮਾਂਡਰ ਬਣਾ ਕੇ ਫੌਜੀਆਂ ਦੀ ਤਨਖਾਹ ਹਰ ਮਹੀਨੇ ਦੀ 25 ਤਾਰੀਕ ਨੂੰ ਦੇਣਾ ਤੈਅ ਕੀਤਾ। ਮਾਈ ਨੇ ਸਾਰੇ ਅਫਸਰਾਂ ਤੇ ਫੌਜੀਆਂ ਨੂੰ ਕਿਹਾ ਕਿ ਉਹ ਉਸ ਪ੍ਰਤੀ ਵਫਾਦਾਰੀ ਦਾ ਹਲਫ ਲੈਣ। ਲੇਕਿਨ ਇਹ ਸਾਰਾ ਕੁਝ ਕਾਮਯਾਬ ਨਹੀਂ ਹੋਇਆ। ਸ਼ੇਰ ਸਿੰਘ ਨੇ ਫੌਜੀਆਂ ਦੀਆਂ ਤਨਖਾਹਾਂ ਵਧਾ ਦਿੱਤੀਆਂ ਜਿਸ ਨਾਲ ਏਧਰੋਂ ਛੱਡ ਕੇ ਜਾਣ ਵਾਲਿਆਂ ਦੀ ਗਿਣਤੀ ਵਧਦੀ ਜਾ ਰਹੀ ਸੀ। ਤਾਕਤ ਹਾਸਿਲ ਕਰਨ ਦੇ 15 ਦਿਨ ਬਾਅਦ ਹੀ ਉਸ ਨੂੰ ਫੌਜ ਦੀਆਂ ਦੋ ਬਟਾਲੀਅਨਾਂ ਕਿਲ੍ਹੇ ਦੇ ਅੰਦਰ ਉਸ ਦੀ ਆਪਣੀ ਹਿਫ਼ਾਜ਼ਤ ਵਾਸਤੇ ਤੈਨਾਤ ਕਰਨੀਆਂ ਪਈਆਂ।

ਸੂਬਿਆਂ ਦੇ ਸੂਬੇਦਾਰਾਂ ਨੇ ਆਪਣਾ ਲਗਾਨ ਵੇਲੇ ਸਿਰ ਨਹੀਂ ਪਹੁੰਚਾਇਆ ਤੇ ਪਹਿਲੇ ਮਹੀਨੇ ਹੀ ਫੌਜੀਆਂ ਨੂੰ ਇਕਰਾਰ ਮੁਤਾਬਕ ਵੇਲੇ ਸਿਰ ਤਨਖਾਹਾਂ ਨਹੀਂ ਦਿੱਤੀਆਂ ਜਾ ਸਕੀਆਂ। ਛੱਡ ਕੇ ਜਾਣ ਦਾ ਰੁਝਾਨ ਜਾਰੀ ਸੀ ਤੇ ਜੋ ਸਿਪਾਹੀ ਲਾਹੌਰ ਵਿਚ ਰਹਿ ਵੀ ਗਏ ਸਨ ਉਹ ਮਾਈ ਦੇ ਅਫਸਰਾਂ ਦਾ ਹੁਕਮ ਮੰਨਣ ਤੋਂ ਇਨਕਾਰੀ ਹੁੰਦੇ ਜਾ ਰਹੇ ਸਨ। ਪੇਂਡੂ ਇਲਾਕਿਆਂ ਵਿਚ ਬਿਨਾਂ ਤਨਖਾਹ ਵਾਲੇ ਸਿਪਾਹੀਆਂ ਨੇ ਆਪਣੇ ਹੀ ਇਲਾਕਿਆਂ ਵਿਚ ਲੁੱਟ ਮਾਰ ਕਰਕੇ ਆਪਣੀਆਂ ਤਨਖਾਹਾਂ ਵਸੂਲ ਕਰ ਲਈਆਂ ਸਨ।

ਇਸ ਤੋਂ ਬਾਅਦ ਅਫਵਾਹਾਂ ਚੱਲਣ ਲੱਗ ਪਈਆਂ ਕਿ ਅੰਗਰੇਜ਼ੀ ਫੌਜਾਂ ਪੰਜਾਬ ਦੀ ਸਰਹੱਦ ਵੱਲ ਵਧ ਰਹੀਆਂ ਹਨ। ਇਸ ਨਾਲ ਲਾਹੌਰ ਵਿਚ ਘਬਰਾਹਟ ਦਾ ਮਾਹੌਲ ਬਣਨਾ ਸ਼ੁਰੂ ਹੋ ਗਿਆ ਸੀ।

ਸ਼ੇਰ ਸਿੰਘ ਨੇ ਫੈਸਲਾ ਕੀਤਾ ਕਿ ਉਹ ਇਸ ਵਿਧਵਾ ਦੇ ਕਮਜ਼ੋਰ ਹੱਥਾਂ ਤੋਂ ਵਾਗਡੋਰ ਖੋਹ ਲਵੇ ਤੇ ਪੰਜਾਬ ਨੂੰ ਬਿਖਰਨ ਤੋਂ ਬਚਾ ਲਵੇ। ਉਸ ਨੇ ਆਪਣਾ ਇਕ ਏਲਚੀ ਗੁਪਤ ਤੌਰ 'ਤੇ ਹੀ ਲੁਧਿਆਣਾ ਮਿਸਟਰ ਕਲੇਰਕ ਨੂੰ ਮਿਲਣ ਭੇਜਿਆ ਕਿ ਉਸ ਦੇ ਇਸ ਇਰਾਦੇ ਦਾ ਉਹ ਕੀ ਜਵਾਬ ਦੇਂਦਾ ਹੈ। ਅੰਗਰੇਜ਼ ਅਫ਼ਗਾਨਿਸਤਾਨ ਵਿਚ ਬੁਰੀ ਤਰ੍ਹਾਂ ਫਸਦੇ ਜਾ ਰਹੇ ਸਨ। ਉਹਨਾਂ ਨੂੰ ਮਦਦ ਦੀ ਜ਼ਰੂਰਤ ਸੀ ਤੇ ਸਮਝ ਰਹੇ ਸਨ ਕਿ ਸ਼ੇਰ ਸਿੰਘ ਵਰਗਾ ਬੰਦਾ ਹੀ ਉਹਨਾਂ ਵਾਸਤੇ ਜ਼ਿਆਦਾ ਸਹਾਈ ਹੋ ਸਕਦਾ ਹੈ। ਉਹਨਾਂ ਨੇ ਉਸ ਨੂੰ ਪੂਰੀ ਹਮਾਇਤ ਦਾ ਭਰੋਸ ਦੇ ਦਿੱਤਾ।

ਸ਼ੇਰ ਸਿੰਘ ਨੇ 14 ਜਨਵਰੀ 1841 ਨੂੰ ਬਟਾਲਾ ਛੱਡ ਦਿੱਤਾ। ਉਹ ਲਾਹੌਰ ਦੀ ਛਾਉਣੀਆਂ ਛੱਡ ਕੇ ਆਈਆਂ ਫੌਜਾਂ ਦੇ ਅੱਗੇ ਚੱਲ ਰਿਹਾ ਸੀ। ਉਸ ਨੇ

ਲਾਹੌਰ ਦੇ ਬਾਹਰਵਾਰ 'ਬੁੱਧੂ ਦੇ ਆਵੇ' ਕੋਲ ਡੇਰਾ ਲਾ ਲਿਆ। ਕਰਨਲ ਗਾਰਡਨਰ ਨੇ ਸ਼ੇਰ ਸਿੰਘ ਦੇ ਲਾਹੌਰ ਦੇ ਦਰਵਾਜ਼ੇ 'ਤੇ ਆਉਣ ਦਾ ਬਿਆਨ ਕਰਦਿਆਂ ਲਿਖਿਆ ਕਿ "ਇਕ ਵੱਡਾ ਸ਼ੋਰ ਸ਼ਰਾਬਾ ਫਿਜ਼ਾ ਵਿਚ ਗੂੰਜ ਉਠਿਆ। ਕੁਝ ਇਸ ਤਰ੍ਹਾਂ ਸੀ ਕਿ ਜਿਸ ਨੇ ਆਉਣਾ ਸੀ ਉਹ ਆ ਗਿਆ ਹੈ। ਸ਼ੇਰ ਸਿੰਘ ਸੱਚਮੁੱਚ ਪਹੁੰਚ ਗਿਆ ਸੀ। ਉਸ ਨੇ 'ਬੁੱਧੂ ਦੇ ਆਵੇ' ਨਾਲ ਜਾਣੀ ਜਾਂਦੀ ਉਚੀ ਜਗ੍ਹਾ ਆਪਣਾ ਟੈਂਟ ਤੇ ਝੰਡਾ ਗੱਡ ਲਿਆ। ਉਥੇ ਸਿਪਾਹੀਆਂ ਦੀ ਪਰੇਡ ਵੀ ਹੋਈ ਜੋ ਸ਼ੇਰ ਸਿੰਘ ਨੂੰ ਸਲੂਟ ਮਾਰ ਰਹੇ ਸਨ। ਉਹ ਨਾਹਰੇ ਵੀ ਲਗਾ ਰਹੇ ਸਨ ਕਿ 'ਸ਼ੇਰ ਸਿੰਘ, ਬਾਦਸ਼ਾਹ ਤੇ ਧਿਆਨ ਸਿੰਘ ਵੀਜ਼ੀਰ' ਤੇ ਚਾਂਦ ਕੌਰ ਦੀ ਮੁਰਦਾਬਾਦ ਦੇ ਨਾਹਰੇ ਵੀ ਲਗਾ ਰਹੇ ਸਨ।"

ਮਾਈ ਨੇ ਫੈਸਲਾ ਕੀਤਾ ਕਿ ਉਹ ਲੜੇਗੀ। ਉਸ ਨੇ ਫੌਜਾਂ ਦੇ ਕਮਾਂਡਰ ਤੇਜ ਸਿੰਘ ਨੂੰ ਹਟਾ ਦਿੱਤਾ ਜੋ ਉਹਨਾਂ ਨੂੰ ਪਸੰਦ ਨਹੀਂ ਸੀ। ਉਸ ਨੇ ਗੁਲਾਬ ਸਿੰਘ ਡੋਗਰਾ ਨੂੰ ਪ੍ਰਬੰਧਕ ਤੇ ਸ਼ਹਿਰ ਦਾ ਰਖਵਾਲਾ ਭਰਤੀ ਕੀਤਾ। ਉਸ ਨੇ ਸਿਪਾਹੀਆਂ ਦੀਆਂ ਚਾਰ ਮਹੀਨੇ ਦੀਆਂ ਤਨਖਾਹਾਂ ਪੂਰੀਆਂ ਕਰ ਦਿੱਤੀਆਂ ਤੇ ਅਫਸਰਾਂ ਨੂੰ ਸੋਨੇ ਦੇ ਗਹਿਣੇ ਦਿੱਤੇ। ਉਸ ਨੇ ਸ਼ਹਿਰ ਦੇ ਸ਼ਾਹੂਕਾਰਾਂ ਨੂੰ ਹੁਕਮ ਦਿੱਤਾ ਕਿ ਉਹ ਸ਼ੇਰ ਸਿੰਘ ਨੂੰ ਕੋਈ ਪੈਸਾ ਉਧਾਰਾ ਨਾ ਦੇਣ। ਇਹਨਾਂ ਕਦਮਾਂ ਦਾ ਉਲਟਾ ਅਸਰ ਪਿਆ। ਫੌਜੀਆਂ ਨੇ ਅੰਦਾਜ਼ਾ ਲਗਾ ਲਿਆ ਕਿ ਮਾਈ ਬਹੁਤ ਘਬਰਾਈ ਹੋਈ ਹੈ ਤੇ ਉਹਨਾਂ ਨੂੰ ਰਿਸ਼ਵਤ ਦੇ ਰਹੀ ਹੈ। ਉਹਨਾਂ ਨੂੰ ਜਾਪਿਆ ਕਿ ਸ਼ੇਰ ਸਿੰਘ ਜਿੱਤਣ ਵਾਲੀ ਧਿਰ ਹੈ। ਸ਼ੇਰ ਸਿੰਘ ਕੋਲ ਹੁਣ ਪੈਸਾ ਨਹੀਂ ਸੀ ਪਰ ਉਸ ਨੇ ਫੌਜੀਆਂ ਦੀ ਤਨਖਾਹ ਇਕ ਰੁਪਈਆ ਮਹੀਨਾ ਵਧਾਉਣ ਦਾ ਵਾਅਦਾ ਕੀਤਾ ਹੋਇਆ ਸੀ ਤੇ ਜਿਹੜੇ ਹੁਣ ਉਸ ਦੇ ਪਾਸੇ ਆਉਣਗੇ, ਉਹਨਾਂ ਵਾਸਤੇ ਇਨਾਮ ਵੀ। ਰੈਜਮੈਂਟ ਨੇ ਮਾਈ ਦੇ ਤੋਪਚੀਆਂ ਨੂੰ ਬਰੂਦ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਸ਼ਹਿਰ ਦੀ ਦੀਵਾਰ ਦੇ ਬਾਹਰ ਤੈਨਾਤ ਸਾਰੀਆਂ ਫੌਜਾਂ ਸ਼ੇਰ ਸਿੰਘ ਨਾਲ ਰਲ ਗਈਆਂ ਸਨ। ਹੁਣ ਸ਼ੇਰ ਸਿੰਘ ਕੋਲ 26 ਹਜ਼ਾਰ ਪੈਦਲ ਫੌਜ ਤੋ ਇਲਾਵਾ 8 ਹਜ਼ਾਰ ਘੋੜ ਸਵਾਰ ਤੇ 45 ਤੋਪਾਂ ਸਨ। ਓਧਰ ਮਾਈ ਕੋਲ ਸਿਰਫ਼ 5 ਹਜ਼ਾਰ ਦੀ ਫੌਜ ਤੇ ਥੋੜਾ ਜਿਹਾ ਹੀ ਬਰੂਦ ਬਚਿਆ ਸੀ।

25 ਜਨਵਰੀ 1841 ਨੂੰ ਸ਼ੇਰ ਸਿੰਘ ਦੀਆਂ ਫੌਜਾਂ ਸ਼ਾਲੀਮਾਰ ਬਾਗ ਵੱਲੋਂ ਲਾਹੌਰ ਵਿਚ ਦਾਖਲ ਹੋਈਆ। ਸ਼ਹਿਰ ਦੇ ਦਰਵਾਜ਼ੇ ਜਬਰਦਸਤੀ ਖੋਲ੍ਹ ਲਏ ਗਏ ਤੇ ਕੁਝ ਸਿਪਾਹੀਆਂ ਨੇ ਬਾਜ਼ਾਰ ਵੀ ਲੁੱਟੇ ਤੇ 16 ਜਨਵਰੀ ਦੀ ਸਵੇਰ ਨੂੰ ਸ਼ੇਰ ਸਿੰਘ ਵੀ ਲਾਹੌਰ ਵਿਚ ਦਾਖਲ ਹੋਇਆ। ਉਸ ਨਾਲ ਯੂਰਪੀਨ ਅਫਸਰ ਵੈਨਤੂਰਾ, ਕੋਰਟ ਤੇ ਵਾਨ ਕਾਰਟਲੈਂਟ ਵੀ ਸਨ। ਉਸ ਨੇ ਸ਼ਹਿਰ ਦੀ ਹਿਫ਼ਾਜ਼ਤ ਦਾ ਐਲਾਨ ਕਰਵਾਇਆ ਤੇ ਕਿਹਾ ਕਿ ਜੋ ਮਾਈ ਨੂੰ ਛੱਡ ਕੇ ਉਸ ਦੀ ਤਰਫ਼ ਆ ਜਾਵੇਗਾ

ਉਸ ਨੂੰ ਮੁਆਫ਼ ਕਰ ਦਿੱਤਾ ਜਾਵੇਗਾ। ਸ਼ਾਮ ਤੱਕ ਅਹਿਮ ਸਰਦਾਰ ਜਿਹਨਾਂ ਵਿਚ ਸ਼ਾਮ ਸਿੰਘ ਅਟਾਰੀਵਾਲਾ, ਫ਼ਕੀਰ ਅਜ਼ੀਜ਼ੁਦੀਨ ਤੇ ਦੋਵੇਂ ਭਾਈਏ ਗੋਬਿੰਦ ਰਾਮ ਤੇ ਰਾਮ ਸਿੰਘ ਜਿਹਨਾਂ ਨੇ ਮਾਈ ਨੂੰ ਗੱਦੀ ਵਾਸਤੇ ਉਕਸਾਇਆ ਸੀ, ਸ਼ੇਰ ਸਿੰਘ ਦੀ ਸ਼ਰਨ ਆ ਗਏ। ਇਹਨਾਂ ਨੇ ਸਾਂਝੇ ਤੌਰ 'ਤੇ ਮਾਈ ਅਤੇ ਗੁਲਾਬ ਸਿੰਘ ਡੋਗਰਾ ਨੂੰ ਹਥਿਆਰ ਸੁੱਟ ਦੇਣ ਦੀ ਤਜਵੀਜ਼ ਦਿੱਤੀ।

ਮਾਈ ਨੇ ਸੰਧਾਵਾਲੀਆ ਤੇ ਗੁਲਾਬ ਸਿੰਘ ਡੋਗਰਾ ਦੀ ਹਿਮਾਇਤ ਨਾਲ ਫੈਸਲਾ ਕੀਤਾ ਕਿ ਉਹ ਬੇਸ਼ਰਤ ਹਥਿਆਰ ਨਹੀਂ ਸੁੱਟੇਗੀ। ਫਿਰ ਉਸੇ ਦਿਨ ਸ਼ੇਰ ਸਿੰਘ ਦੀਆਂ ਤੋਪਾਂ ਗਰਜੀਆਂ ਤੇ ਕਿਲੇ ਦੇ ਰਖਵਾਲਿਆਂ ਨੇ ਵੀ ਫਾਇਰ ਕਰਨੇ ਸ਼ੁਰੂ ਕਰ ਦਿੱਤੇ। ਦੋ ਦਿਨ ਤੱਕ ਤੋਪਾਂ ਇਕ ਦੂਜੇ ਵੱਲ ਚੱਲਦੀਆਂ ਰਹੀਆਂ ਜਿਸ ਨਾਲ 300 ਸਾਲ ਪੁਰਾਣੇ ਕਿਲੇ ਦਾ ਕਾਫ਼ੀ ਨੁਕਸਾਨ ਹੋ ਗਿਆ। ਡੋਗਰੇ ਬਹੁਤ ਮਜ਼ਬੂਤੀ ਨਾਲ ਲੜੇ ਤੇ ਸ਼ੇਰ ਸਿੰਘ ਦਾ ਦਾਖਲਾ ਮੁਸ਼ਕਿਲ ਬਣਾ ਦਿੱਤਾ। ਦੋ ਦਿਨ ਵਾਸਤੇ ਲਾਹੌਰ ਦੇ ਸ਼ਹਿਰੀਆਂ ਦੀ ਜ਼ਿੰਦਗੀ ਨਰਕ ਬਣ ਗਈ। ਬਾਜ਼ਾਰਾਂ ਵਿਚ ਤੋਪਾਂ ਨਾਲ ਉਡਦਾ ਬਰੂਦ ਤੇ ਮਲਬਾ ਖਿੱਲਰ ਗਿਆ। ਮਰੇ ਹੋਏ ਘੋੜਿਆ ਤੇ ਫੌਜੀਆਂ ਦੀਆਂ ਲਾਸ਼ਾਂ ਬਦਬੂ ਮਾਰਨ ਲੱਗੀਆਂ। ਦੋਹਾਂ ਧਿਰਾਂ ਵਾਸਤੇ ਇਹ ਲੜਾਈ ਹੁਣ ਬਹੁਤ ਹੋ ਗਈ ਸੀ ਤੇ ਕਿਲੇ ਦੇ ਅੰਦਰੋਂ ਲੜਨ ਵਾਲਿਆਂ ਵਾਸਤੇ ਹੁਣ ਵੱਡੀ ਮੁਸੀਬਤ ਬਾਦਸ਼ਾਹੀ ਮਸਜਿਦ ਦੇ ਮੀਨਾਰਾਂ ਤੋਂ ਚੱਲਦੀਆਂ ਗੋਲੀਆਂ ਸਨ ਜਿਥੋਂ ਕਿਲੇ ਦੇ ਅੰਦਰ ਸਭ ਕੁਝ ਦਿੱਸਦਾ ਸੀ। ਇਸ 48 ਘੰਟੇ ਦੀ ਲੜਾਈ ਵਿਚ 5 ਹਜ਼ਾਰ ਲੋਕ ਮਾਰੇ ਜਾ ਚੁਕੇ ਸਨ ਤੇ ਸ਼ਹਿਰ ਦੇ ਲੱਗਪੱਗ ਅੱਧੇ ਘਰ ਤਬਾਹ ਹੋ ਚੁਕੇ ਸਨ।

17 ਜਨਵਰੀ ਦੀ ਸ਼ਾਮ ਨੂੰ ਧਿਆਨ ਸਿੰਘ ਡੋਗਰਾ ਲਾਹੌਰ ਪਹੁੰਚ ਗਿਆ ਤੇ ਉਸ ਨੇ ਲੜਾਈ ਬੰਦ ਕਰਵਾਉਣ ਦੀ ਕੋਸ਼ਿਸ਼ ਕੀਤੀ। ਉਹ ਤੇ ਫਕੀਰ ਅਜ਼ੀਜ਼ੁਦੀਨ ਮਿਲ ਕੇ ਦੋਹਾਂ ਧਿਰਾਂ ਨਾਲ ਗੱਲਬਾਤ ਕਰਦੇ ਰਹੇ। ਆਖਰ ਮਾਈ ਨੂੰ 7 ਲੱਖ ਦੀ ਜਗੀਰ ਤੇ ਆਪਣੇ ਘਰ ਵਾਲੇ ਦੇ ਖ਼ਜ਼ਾਨੇ ਦਾ ਇਕ ਹਿੱਸਾ ਰੱਖਣ ਦਾ ਇਕਰਾਰ ਕਿਲਾ ਛੱਡਣ ਦੀ ਸੂਰਤ ਵਿਚ ਕੀਤਾ। ਸ਼ੇਰ ਸਿੰਘ ਨੇ ਵੀ ਉਸ ਨੂੰ ਆਪਣੇ ਭਰਾ ਦੀ ਵਿਧਵਾ ਦੇ ਤੌਰ 'ਤੇ ਪੂਰਾ ਸਤਿਕਾਰ ਦੇਣ ਦਾ ਵਾਅਦਾ ਕੀਤਾ ਤੇ ਇਹ ਵੀ ਕਿਹਾ ਕਿ ਉਸ ਦਾ ਸਾਥ ਦੇਣ ਵਾਲਿਆਂ ਨੂੰ ਉਸੇ ਤਰ੍ਹਾਂ ਅਹੁਦਿਆਂ ਉਪਰ ਰੱਖਿਆ ਜਾਵੇਗਾ। ਮਾਈ ਦਾ ਪ੍ਰਤੀਰੋਧ ਖ਼ਤਮ ਹੋ ਚੁਕਿਆ ਸੀ ਤੇ ਉਸ ਨੇ ਭਰੀਆਂ ਅੱਖਾਂ ਨਾਲ ਰਾਜੀਨਾਮੇ ਉਪਰ ਦਸਤਖ਼ਤ ਕਰ ਦਿੱਤੇ। ਉਸ ਦਾ ਡੇਢ ਮਹੀਨੇ ਦਾ ਰਾਜ ਖ਼ਤਮ ਹੋ ਗਿਆ ਸੀ।

ਅੱਧੀ ਰਾਤ ਨੂੰ ਗੁਲਾਬ ਸਿੰਘ ਤੇ ਉਸ ਦੇ ਡੋਗਰਾ ਸਾਥੀ ਕਿਲਾ ਖਾਲੀ ਕਰ ਗਏ ਪਰ ਆਪਣੇ ਨਾਲ ਦਰਬਾਰ ਦਾ ਸਾਰਾ ਖਜ਼ਾਨਾ ਲੈ ਗਏ। ਕਿਹਾ ਜਾਂਦਾ ਹੈ

ਕਿ 16 ਗੱਡੇ ਸੋਨੇ ਚਾਂਦੀ ਦੇ ਲੱਦੇ ਹੋਏ ਸਨ ਤੇ ਕਈ ਬੋਰੇ ਮੋਹਰਾਂ ਦੇ ਕਿਲੇ ਦੇ ਖ਼ਜਾਨੇ ਵਿਚੋਂ ਕੱਢ ਲਏ ਸਨ।

ਗੁਲਾਬ ਸਿੰਘ ਨੇ ਸ਼ੇਰ ਸਿੰਘ ਨੂੰ ਆਪਣਾ ਸਨਮਾਨ ਪੇਸ਼ ਕੀਤਾ ਤੇ ਉਸ ਨੂੰ ਕੋਹ ਏ ਨੂਰ ਹੀਰਾ ਵੀ ਦੇ ਦਿੱਤਾ। ਡੋਗਰਾ ਨੂੰ ਉਤਰ ਪੱਛਮੀ ਸਰਹੱਦ ਤੇ ਜਾ ਕੇ ਅੰਗਰੇਜ਼ਾਂ ਦੀ ਮਦਦ ਕਰਨ ਵਾਸਤੇ ਕਿਹਾ ਜੋ ਅਫ਼ਗਾਨਾਂ ਦੇ ਖਿਲਾਫ਼ ਸਖਤ ਜੰਗ ਵਿਚ ਰੁੱਝੇ ਸਨ। ਸੰਧਾਵਾਲੀਆ ਨੇ ਪੂਰੀ ਖੁਸ਼ੀ ਨਾਲ ਸ਼ੇਰ ਸਿੰਘ ਦੇ ਸਹਮਣੇ ਗੋਢੇ ਟੇਕੇ। ਅਤਰ ਸਿੰਘ ਤੇ ਉਸ ਦੇ ਭਤੀਜੇ ਅਜੀਤ ਸਿੰਘ ਨੇ ਅੰਗਰੇਜ਼ੀ ਇਲਾਕੇ ਦੀ ਸ਼ਰਨ ਲਈ। ਅਜੀਤ ਸਿੰਘ ਨੇ ਲੁਧਿਆਣਾ ਵਿਚ ਕਲੇਰਕ ਨੂੰ ਮਿਲਣ ਦੀ ਕੋਸ਼ਿਸ਼ ਕੀਤੀ ਪਰ ਇਸ ਵਿਚ ਕਾਮਯਾਬ ਨਾ ਹੋਣ ਕਰਕੇ ਕਲਕੱਤਾ ਚਲਾ ਗਿਆ ਤੇ ਗਵਰਨਰ ਜਨਰਲ ਨੂੰ ਮਿਲਿਆ। ਲਹਿਣਾ ਸਿੰਘ ਸੰਧਾਵਾਲੀਆ ਨੂੰ ਗਿਰਫ਼ਤਾਰ ਕਰਕੇ ਤਹਿਖਾਨੇ ਵਿਚ ਸੁੱਟ ਦਿੱਤਾ ਗਿਆ।

ਅਗਲੇ ਦਿਨ ਸ਼ੇਰ ਸਿੰਘ ਕਿਲੇ ਦੇ ਅੰਦਰ ਤੋਪਾਂ ਦੀ ਸਲਾਮੀ ਨਾਲ ਗਿਆ। ਉਸ ਨੇ ਪਹਿਲਾ ਕੰਮ ਤਾਕਤ ਤੋਂ ਉਤਾਰੀ ਗਈ ਮਾਈ ਚਾਂਦ ਕੌਰ ਨੂੰ ਸਤਿਕਾਰ ਦੇਣ ਦਾ ਕੀਤਾ।

***

ਇਸ ਵਿਧਵਾ ਨੇ ਆਪਣੀ ਲਾਲਸਾ ਦੀ ਭਾਰੀ ਕੀਮਤ ਤਾਰੀ ਸੀ। ਤਾਕਤ ਤੋਂ ਹੱਥ ਧੋਣ ਤੋਂ ਬਾਅਦ ਉਸ ਨੇ ਨਾ ਸਿਰਫ਼ ਸ਼ੇਰ ਸਿੰਘ ਨੂੰ ਮਹਾਰਾਜਾ ਮੰਨਿਆ, ਉਸ ਨਾਲ ਵਿਆਹ ਕਰਵਾਉਣ ਵਾਸਤੇ ਵੀ ਤਿਆਰ ਹੋ ਗਈ। ਫੈਸਲਾ ਕੀਤਾ ਗਿਆ ਕਿ ਵਿਆਹ ਦੀਆਂ ਰਸਮਾਂ ਕਿਸੇ ਚੰਗੇ ਵਕਤ ਕੀਤੀਆਂ ਜਾਣਗੀਆਂ। ਚਾਂਦ ਕੌਰ ਕਿਲੇ ਵਿਚੋਂ ਨਿਕਲ ਕੇ ਸ਼ਹਿਰ ਅੰਦਰ ਦੇ ਘਰ ਚਲੇ ਗਈ ਉਸ ਦਿਨ ਦੇ ਇੰਤਜ਼ਾਰ ਵਿਚ ਜਦੋਂ ਮਹਾਰਾਜਾ ਉਸ ਨੂੰ ਮਹੱਲ ਵਿਚ ਆਪਣੀ ਮਹਾਰਾਣੀ ਦੇ ਰੂਪ ਵਿਚ ਲੈ ਜਾਵੇਗਾ।

ਪਰ ਉਹ ਦਿਨ ਕਦੇ ਨਹੀਂ ਆਉਣ ਵਾਲਾ ਸੀ। ਜੁਲਾਈ ਦੇ ਇਕ ਹੁੰਮਸ ਭਰੇ ਦਿਨ ਜਦੋਂ ਮਹਾਰਾਜਾ ਬਟਾਲਾ ਗਿਆ ਹੋਇਆ ਸੀ, ਚਾਂਦ ਕੌਰ ਨੂੰ ਮਾਈਗਰੇਨ ਦਾ ਦੌਰਾ ਪਿਆ ਤੇ ਉਸ ਨੇ ਆਪਣੀ ਦਾਸੀ ਕੋਲੋਂ ਦਵਾਈ ਮੰਗਾਈ। ਚਾਂਦ ਕੌਰ ਕੋਲ ਇਹ ਸ਼ੱਕ ਕਰਨ ਦੇ ਵਾਜਬ ਕਾਰਨ ਸਨ ਕਿ ਦਵਾਈ ਵਿਚ ਜ਼ਹਿਰ ਮਿਲਾਇਆ ਹੋ ਸਕਦਾ ਹੈ। ਉਸ ਨੇ ਦਵਾਈ ਸੁੱਟ ਦਿੱਤੀ। ਰਾਤ ਨੂੰ ਜਦੋਂ ਉਹ ਸੁੱਤੀ ਪਈ ਸੀ ਦੋ ਔਰਤਾਂ ਉਸ ਦੇ ਕਮਰੇ ਵਿਚ ਆਈਆਂ ਤੇ ਉਸ ਦੇ ਸਿਰ ਵਿਚ ਚੱਕੀ ਦਾ ਪੁੜ ਮਾਰ ਦਿੱਤਾ। ਉਹ ਫੜੀਆਂ ਗਈਆਂ ਪਰ ਉਹਨਾਂ ਤੋਂ ਗੁਨਾਹ ਕਬੂਲ ਕਰਵਾਉਣ ਦੀ ਬਜਾਏ ਉਹਨਾਂ ਦੀਆਂ ਜ਼ਬਾਨਾਂ ਕੱਟ ਦਿੱਤੀਆਂ ਤੇ ਫਿਰ ਜਾਨੋਂ ਮਾਰ ਦਿੱਤਾ।

ਇਸ ਵਿਧਵਾ ਦੇ ਕਤਲ ਦਾ ਹੁਕਮ ਕਿਸ ਨੇ ਦਿੱਤਾ ਸੀ, ਇਸ ਬਾਰੇ ਅਟਕਲਾਂ ਲੱਗੀਆਂ ਰਹੀਆਂ। ਇਹ ਸ਼ੇਰ ਸਿੰਘ ਹੋ ਸਕਦਾ ਸੀ, ਧਿਆਨ ਸਿੰਘ ਡੋਗਰਾ ਜਾਂ ਉਸ ਦਾ ਵੱਡਾ ਭਰਾ ਗੁਲਾਬ ਸਿੰਘ। ਰੋਜ਼ਨਾਮਚਾ ਲਿਖਣ ਵਾਲੇ ਸੋਹਨ ਲਾਲ ਨੇ ਇਹ ਇਲਜ਼ਾਮ ਸ਼ੇਰ ਸਿੰਘ ਤੇ ਧਿਆਨ ਸਿੰਘ 'ਤੇ ਲਗਾਇਆ। ਇਕ ਜਾਣਕਾਰੀ ਇਹ ਸੀ ਕਿ ਲਾਹੌਰ ਦੇ ਥਾਣੇਦਾਰ, ਮੋਹਨ ਸਿੰਘ, ਨੇ ਚਾਰ ਔਰਤਾਂ ਨੂੰ ਪੈਸੇ ਦੇ ਕੇ ਇਸ ਕੰਮ 'ਤੇ ਲਗਾਇਆ ਸੀ। ਉਹ ਹੀਰੋ ਗੰਜੀ, ਆਸੋ, ਇਕ ਸਪੇਰੇ ਦੀ ਘਰ ਵਾਲੀ ਭਾਰੋ ਤੇ ਫਤਿਹਗੜ੍ਹ ਦੀ ਹੱਸੋ ਸਨ। ਤਿੰਨ ਦਿਨ ਤੱਕ ਇਸ ਕਤਲ ਨੂੰ ਗੁਪਤ ਹੀ ਰੱਖਿਆ ਗਿਆ। ਸੋਹਨ ਲਾਲ ਦੇ ਮੁਤਾਬਕ ਇਹਨਾਂ ਔਰਤਾਂ ਨੂੰ ਮਾਰਿਆ ਨਹੀਂ ਗਿਆ, ਇਹਨਾਂ ਦੇ ਹੱਥ, ਨੱਕ ਤੇ ਕੰਨ ਕੱਟ ਦਿੱਤੇ ਸਨ। ਜਦੋਂ ਇਹਨਾਂ ਨੂੰ ਸ਼ਹਿਰ ਤੋਂ ਬਾਹਰ ਕੱਢਿਆ ਜਾ ਰਿਹਾ ਸੀ ਤਾਂ ਇਹ ਭੀੜ ਨੂੰ ਆਪਣੀ ਕਹਾਣੀ ਦੱਸਦੀਆਂ ਗਈਆਂ।

ਸੋਹਨ ਲਾਲ ਦੇ ਖਿਆਲ ਨੂੰ ਉਸ ਵੇਲੇ ਦੇ ਅਖ਼ਬਾਰ ਵਾਲੇ ਤੇ ਦਰਬਾਰੀ ਨਹੀਂ ਮੰਨਦੇ ਸਨ। ਸ਼ੇਰ ਸਿੰਘ ਤੇ ਮਾਈ ਦੇ ਵਿਚਕਾਰ ਕੋਈ ਕੜਵਾਹਟ ਵੀ ਨਹੀਂ ਸੀ। ਦਰਅਸਲ ਸੋਹਨ ਲਾਲ ਸ਼ੇਰ ਸਿੰਘ ਨੂੰ ਪਸੰਦ ਨਹੀਂ ਕਰਦਾ ਸੀ। ਉਸ ਦਾ ਇਹ ਵੀ ਕਹਿਣਾ ਸੀ ਕਿ ਨੌਨਿਹਾਲ ਸਿੰਘ ਦੀ ਵਿਧਵਾ ਦੇ ਪੇਟ 'ਚੋਂ ਬੱਚਾ ਗਿਰਾਉਂਣ ਦਾ ਕੰਮ ਵੀ ਸ਼ੇਰ ਸਿੰਘ ਦਾ ਸੀ। ਉਸ ਵੇਲੇ ਦੀਆਂ ਸਾਰੀਆਂ ਘਟਨਾਵਾਂ ਉਪਰ ਨਜ਼ਰ ਮਾਰੀਏ ਤਾਂ ਅਸਲ ਵਿਚ ਗੁਲਾਬ ਸਿੰਘ ਡੋਗਰਾ ਨੂੰ ਹੀ ਮਾਈ ਦੀ ਮੌਤ ਵਿਚ ਦਿਲਚਸਪੀ ਹੋ ਸਕਦੀ ਸੀ। ਉਹ ਕਈ ਕਾਰਨਾਂ ਕਰਕੇ ਸ਼ੇਰ ਸਿੰਘ ਤੇ ਚਾਂਦ ਕੌਰ ਦੇ ਵਿਆਹ ਤੋਂ ਖ਼ੁਸ਼ ਨਹੀਂ ਸੀ। ਉਸ ਨੇ ਮਹੱਲ ਵਿਚੋਂ ਜੋ ਖ਼ਜਾਨਾ ਚੁਰਾਇਆ ਸੀ ਉਹ ਚਾਂਦ ਕੌਰ ਦੀ ਸਹਿਮਤੀ ਤੇ ਉਸੇ ਵਾਸਤੇ ਚੁਰਾਇਆ ਸੀ। ਉਹ ਕਦੇ ਵੀ ਉਸ ਨੂੰ ਮੰਗ ਸਕਦੀ ਸੀ। ਚਾਂਦ ਕੌਰ ਦੀ 'ਕੁੜੀ ਕੜਿਆਲੀ' ਦੀ ਜਗੀਰ ਗੁਲਾਬ ਸਿੰਘ ਦੀ ਜਗੀਰ ਦੇ ਨਾਲ ਲੱਗਦੀ ਸੀ ਤੇ ਉਸ ਨੇ ਉਸ ਦੀ ਦੇਖਭਾਲ ਵੀ ਗੁਲਾਬ ਸਿੰਘ ਦੇ ਸਪੁਰਦ ਕੀਤੀ ਹੋਈ ਸੀ। ਚੱਕੀ ਦੇ ਉਸ ਪੁੜ ਨਾਲ ਗੁਲਾਬ ਸਿੰਘ ਨੇ ਸਿਰਫ਼ ਇਕ ਆਵਾਜ਼ ਹੀ ਨਹੀਂ ਬੰਦ ਕਰ ਦਿੱਤੀ, ਉਹ ਕਿਲੇ ਵਿਚੋਂ ਚੁਰਾਏ ਖਜ਼ਾਨੇ ਦਾ ਵੀ ਮਾਲਕ ਬਣ ਗਿਆ ਤੇ ਹੁਣ 'ਕੁੜੀ ਕੜਿਆਲੀ' ਦੀ ਜਗੀਰ ਵੀ ਉਸੇ ਦੀ ਸੀ।

5

ਅੜੀਅਲ ਸ਼ਹਿਜ਼ਾਦਾ

ਸ਼ਹਿਜ਼ਾਦਾ ਸ਼ੇਰ ਸਿੰਘ ਹਮੇਸ਼ਾਂ ਫੌਜੀਆਂ ਤੇ ਆਮ ਲੋਕਾਂ ਵਿਚ ਹਰਮਨ ਪਿਆਰਾ ਰਿਹਾ ਹੈ। ਉਹ ਖੂਬਸੂਰਤ ਤੇ ਹਲੀਮੀ ਵਾਲਾ ਸੀ। ਉਹ ਥੋੜਾ ਜਿਹਾ ਅੜੀਅਲ ਤੇ ਬੜੇ ਸਲੀਕੇ ਨਾਲ ਕੱਪੜੇ ਪਹਿਨਦਾ ਸੀ। ਉਹ ਮਹਿੰਗੀਆਂ ਖੁਸ਼ਬੋਈਆਂ ਲਗਾਉਂਦਾ ਸੀ ਤੇ ਮੁੱਛਾਂ ਨੂੰ ਵੱਟ ਚਾੜਨ ਵਾਸਤੇ ਵੀ ਗੂੰਦ ਵਾਲੀ ਕਰੀਮ ਲਗਾਉਂਦਾ ਸੀ। ਉਹ ਆਪਣੀ ਦਾੜੀ ਨੂੰ ਇਕ ਡੀਜ਼ਾਈਨ ਨਾਲ ਬੰਨਦਾ ਸੀ। ਵਿਚਕਾਰੋ ਅੱਡ ਕਰਕੇ ਤੇ ਉਪਰ ਨੂੰ ਕੰਨਾਂ ਤੱਕ ਮਰੋੜ ਕੇ ਰੱਖਦਾ ਸੀ। ਉਹ ਚੰਗਾ ਖਾਣਾ ਤੇ ਫਰਾਂਸ ਦੀ ਵਾਈਨ ਪਸੰਦ ਕਰਦਾ ਸੀ। ਉਹ ਔਰਤਾਂ ਦਾ ਸ਼ੌਕੀਨ ਸੀ ਤੇ ਔਰਤਾਂ ਉਸ ਦੀਆਂ ਸ਼ੌਕੀਨ ਸਨ। ਉਹ ਅੰਗਰੇਜ਼ਾਂ ਦਾ ਪ੍ਰਸ਼ੰਸਕ ਸੀ ਤੇ ਅੰਗਰੇਜ਼ ਉਸ ਦੇ ਸਮਰਥਕ ਸਨ। ਉਹ ਹੋਰ ਕਿਸੇ ਨਾਲੋਂ ਵੀ ਸ਼ੇਰ ਸਿੰਘ ਨੂੰ ਲਾਹੌਰ ਦੇ ਬਾਦਸ਼ਾਹ ਦੇ ਰੂਪ ਵਿਚ ਪਸੰਦ ਕਰਦੇ ਸਨ। ਹਾਂ ਸਿਰਫ਼ ਸੰਧਾਵਾਲੀਆਂ ਨੂੰ ਛੱਡ ਕੇ ਜੋ ਸਿੱਧਾ ਹੀ ਚਾਹੁੰਦੇ ਸਨ ਕਿ ਅੰਗਰੇਜ਼ ਪੰਜਾਬ ਨੂੰ ਆਪਣੇ ਕਬਜ਼ੇ ਵਿਚ ਕਰ ਲੈਣ। ਲੇਕਿਨ ਸੰਧਾਵਾਲੀਏ ਸ਼ਾਹੀ ਖੂਨ ਦੇ ਸ਼ਹਿਜ਼ਾਦੇ ਨਹੀਂ ਸਨ ਤੇ ਉਹਨਾਂ ਦੀ ਇਹ ਤਜਵੀਜ਼ ਕਦੇ ਪਸੰਦ ਨਹੀਂ ਕੀਤੀ ਗਈ ਸੀ ਕਿ ਪੰਜਾਬ ਨੂੰ ਅੰਗਰੇਜ਼ਾਂ ਦੀ ਸੁਰੱਖਿਆ ਹੇਠਲੀ ਰਿਆਸਤ ਬਣਾ ਲਿਆ ਜਾਵੇ।

ਲਾਹੌਰ ਵਿਚ ਜੇਤੂ ਦਾਖਲੇ ਦੇ ਪੂਰੇ ਦਸ ਦਿਨ ਬਾਅਦ 27 ਜਨਵਰੀ, 1841 ਨੂੰ ਸ਼ੇਰ ਸਿੰਘ ਦੀ ਬਕਾਇਦਾ ਮਹਾਰਾਜਾ ਦੇ ਖਿਤਾਬ ਨਾਲ ਤਾਜਪੋਸ਼ੀ ਹੋਈ। ਉਸ ਦਾ ਪੁੱਤਰ ਸ਼ਹਿਜ਼ਾਦਾ ਪ੍ਰਤਾਪ ਸਿੰਘ ਤਖਤ ਦਾ ਵਾਰਸ ਐਲਾਨਿਆ ਗਿਆ ਤੇ ਇਕ ਵਾਰ ਫਿਰ ਧਿਆਨ ਸਿੰਘ ਡੋਗਰਾ ਰਾਜ ਦਾ ਪ੍ਰਧਾਨ ਮੰਤਰੀ ਬਣਿਆ।

ਹਰਮਨ ਪਿਆਰਤਾ ਦੇ ਬਾਵਜੂਦ ਸ਼ੇਰ ਸਿੰਘ ਦੀ ਹਕੂਮਤ ਚੰਗੇ ਮਾਹੌਲ ਵਿਚ ਨਹੀਂ ਸ਼ੁਰੂ ਹੋਈ। ਫੌਜ ਨੇ ਹੀ ਉਸ ਨੂੰ ਤਖਤ ਉਪਰ ਬਿਠਾਇਆ ਸੀ ਤੇ ਉਮੀਦ ਰੱਖੀ ਸੀ ਕਿ ਉਹ ਉਹਨਾਂ ਦੀਆਂ ਤਨਖਾਹਾਂ ਦਾ ਬਕਾਇਆ ਵੀ ਪੂਰਾ ਕਰੇਗਾ ਤੇ ਇਹਨਾਂ ਵਿਚ ਵਾਧਾ ਵੀ ਕਰੇਗਾ। ਓਧਰ ਜਦੋਂ ਸ਼ੇਰ ਸਿੰਘ ਨੇ ਕਿਲੇ ਉਪਰ ਕਬਜ਼ਾ ਕੀਤਾ ਤਾਂ ਖਜ਼ਾਨੇ ਨੂੰ ਖਾਲੀ ਪਾਇਆ। ਗੁਲਾਬ ਸਿੰਘ ਡੋਗਰਾ ਨੇ ਉਥੇ ਝਾੜੂ ਹੀ ਫੇਰ ਦਿੱਤਾ ਸੀ। ਸਿਪਾਹੀਆਂ ਨੇ ਅਗਲੇ ਲਾਰੇ ਸੁਣਨ ਤੋਂ ਇਨਕਾਰ ਕਰ ਦਿੱਤਾ ਅਤੇ ਆਪਣੇ ਅਫਸਰਾਂ ਦੇ ਖਿਲਾਫ਼ ਹੋ ਗਏ ਜਿਹਨਾਂ ਬਾਰੇ ਉਹ ਸਮਝਦੇ ਸਨ ਕਿ ਉਹਨਾਂ ਨੇ ਖੁਦ ਭਾਰੀ ਪੈਸਾ ਲਿਆ ਹੈ।

ਕਿਲ੍ਹੇ ਦੇ ਅੰਦਰ ਦਾਖਲੇ ਦੇ ਪੰਜ ਦਿਨ ਬਾਅਦ ਸ਼ੇਰ ਸਿੰਘ ਤੇ ਧਿਆਨ ਸਿੰਘ ਨੇ ਫੌਜੀਆਂ ਨੂੰ 'ਸੁਮੰਮ ਬੁਰਜ' ਦੀ ਜਗ੍ਹਾ 'ਤੇ ਇਕੱਠੇ ਹੋਣ ਦਾ ਸੱਦਾ ਦਿੱਤਾ। ਕਿਲ੍ਹੇ ਅੰਦਰ ਇਹ ਅੱਠ ਨੁੱਕਰਾ ਬੁਰਜ ਹੈ ਜਿੱਥੇ ਆਮ ਤੌਰ 'ਤੇ ਵੱਡਾ ਦਰਬਾਰ ਲੱਗਦਾ ਹੈ। ਹਰ ਕੰਪਨੀ ਵਿਚੋਂ ਦੋ ਦੋ ਸਿਪਾਹੀ ਤੇ ਤੋਪਚੀਆਂ ਨੂੰ ਬੁਲਾਇਆ ਗਿਆ। ਫੌਜੀਆਂ ਉਸ ਵਿਚ ਜਾਣਾ ਇਸ ਸ਼ਰਤ 'ਤੇ ਮੰਨਿਆ ਕਿ ਉਥੇ ਅਫ਼ਸਰਾਂ ਨੂੰ ਨਹੀਂ ਬੁਲਾਇਆ ਜਾਵੇਗਾ। ਇਹ ਗੱਲ ਮੰਨ ਲਈ ਗਈ ਤੇ ਪਹਿਲੀ ਮੀਟਿੰਗ ਵਿਚ ਮਹਾਰਾਜਾ ਨੇ ਉਹਨਾਂ ਦੇ ਸਿਰਫ਼ ਚੁਣੇ ਹੋਏ 'ਪੰਚ' ਹੀ ਬੁਲਾਏ। ਇਹਨਾਂ ਪੰਚਾਂ ਨੇ ਸ਼ਿਕਾਇਤ ਕੀਤੀ ਕਿ ਰਜਮੈਂਟਾਂ ਦੇ ਮੁਨਸ਼ੀ ਤਨਖਾਹ ਦੀ ਤਕਸੀਮ ਕਰਨ ਵਿਚ ਬੇਈਮਾਨੀ ਕਰਦੇ ਹਨ। ਮਹਾਰਾਜਾ ਨੇ ਉਹਨਾਂ ਨੂੰ ਹਟਾਉਣਾ ਮੰਨ ਲਿਆ ਜਿਹਨਾਂ ਦੇ ਉਹਨਾਂ ਨੇ ਨਾਂ ਲਏ ਸਨ ਪਰ ਉਹਨਾਂ ਅਫਸਰਾਂ ਨੂੰ ਤਬਦੀਲ ਕਰਨਾ ਨਹੀਂ ਮੰਨਿਆ ਜੋ ਪੰਚਾਂ ਨੂੰ ਪਸੰਦ ਨਹੀਂ ਸਨ। ਇਸ ਮੀਟਿੰਗ ਵਿਚ ਬਹੁਤ ਗਰਮ ਮਾਹੌਲ ਬਣ ਗਿਆ ਸੀ। ਕਮਜ਼ੋਰ ਪੈ ਚੁਕੇ ਮਹਾਰਾਜਾ ਨੇ ਫੌਜੀਆਂ ਨੂੰ 'ਕੱਚਾ ਪੱਕਾ ਸੰਭਾਲੋ' ਕਹਿ ਦਿੱਤਾ। ਇਹ ਪੰਚਾਂ ਵਾਸਤੇ ਇਸ਼ਾਰਾ ਸੀ ਕਿ ਉਹ ਆਪਣੇ ਮਸਲੇ ਖੁਦ ਨਜਿੱਠਣ ਵਾਸਤੇ ਆਜ਼ਾਦ ਹਨ। ਫੌਜ ਵਿਚ ਬੇਚੈਨੀ ਵਧ ਗਈ। ਉਹ ਦੁਕਾਨਦਾਰਾਂ ਨੂੰ ਲੁੱਟਣ ਲੱਗ ਪਏ ਤੇ ਕੁਝ ਮੁਨਸ਼ੀਆਂ ਨੂੰ ਜਾਨੋਂ ਵੀ ਮਾਰ ਦਿੱਤਾ। ਸੋਹਨ ਲਾਲ ਲਿਖਦਾ ਹੈ ਕਿ ਛੇ ਤੋਂ ਅੱਠ ਹਫ਼ਤੇ ਲਾਹੌਰ ਵਿਚ ਹਫੜਾ ਦਫੜੀ ਮੱਚੀ ਰਹੀ। ਉਹ ਯੂਰਪੀਨ ਅਫਸਰਾਂ ਦੇ ਵੀ ਖੂਨ ਦੇ ਪਿਆਸੇ ਹੋ ਗਏ, ਖਾਸ ਕਰਕੇ ਉਹਨਾਂ ਦੇ ਜੋ ਲੁਧਿਆਣੇ ਦੇ ਬ੍ਰਿਟਿਸ਼ ਏਜੰਟ ਨਾਲ ਰਾਬਤਾ ਰੱਖਦੇ ਸਨ। ਦੋ ਯੂਰਪੀਨ ਅਫਸਰ, ਕਰਨਲ ਫੌਲਕਸ ਤੇ ਮੇਜਰ ਫੋਰਡ, ਨੂੰ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਸੀ। ਵੈਨਤੂਰਾ ਦੇ ਘਰ ਦੇ ਬਾਹਰ ਤਿੰਨ ਪਹਿਰੇਦਾਰ ਲਗਾ ਦਿੱਤੇ ਜੋ ਸ਼ੇਰ ਸਿੰਘ ਦੇ ਵਫਾਦਾਰ ਸਨ। ਇਕ ਅਫਸਰ, ਕੋਰਟ, ਜੋ ਵੈਨਤੂਰਾ ਦੇ ਘਰ ਵਿਚ ਲੁਕਿਆ ਹੋਇਆ ਸੀ, ਆਪਣੀ ਜਾਨ ਬਚਾਉਣ ਵਾਸਤੇ ਸਤਲੁਜ ਤੋਂ ਪਾਰ ਚਲਾ ਗਿਆ। ਐਵੀਤੇਬਾਈਲ ਨਾਂ ਦਾ ਅਫ਼ਸਰ ਪੇਸ਼ਾਵਰ ਛੱਡ ਕੇ ਜਲਾਲਾਬਾਦ

ਦੌੜ ਗਿਆ ਤੇ ਅਫ਼ਗਾਨ ਬਾਦਸ਼ਾਹ ਦੀ ਸ਼ਰਨ ਲੈ ਲਈ। ਸਿਪਾਹੀਆਂ ਨੇ ਸਿੱਖ ਅਫ਼ਸਰਾਂ ਨੂੰ ਵੀ ਨਹੀਂ ਬਖ਼ਸ਼ਿਆ। ਕਸ਼ਮੀਰ ਵਿਚ ਗਵਰਨਰ ਕਰਨਲ ਮੀਹਾਂ ਸਿੰਘ ਤੇ ਅੰਮ੍ਰਿਤਸਰ ਦੇ ਗੈਰੀਸਨ ਕਮਾਂਡਰ ਸੋਭਾ ਸਿੰਘ ਦਾ ਕਤਲ ਹੋ ਗਿਆ। ਲਾਹੌਰ ਵਿਚ ਜਮਾਦਾਰ ਖੁਸ਼ਹਾਲ ਸਿੰਘ ਤੇ ਉਸ ਦੇ ਭਤੀਜੇ ਤੇਜ ਸਿੰਘ ਤੇ ਲਹਿਣਾ ਸਿੰਘ ਮਜੀਠੀਆ ਜਿਹਨਾਂ ਬਾਰੇ ਅੰਗਰੇਜ਼ਾਂ ਨਾਲ ਹਮਦਰਦੀ ਰੱਖਣ ਦਾ ਸ਼ੱਕ ਸੀ ਆਪਣੇ ਆਪ ਨੂੰ ਘਰਾਂ ਵਿਚ ਬੰਦ ਕਰਕੇ ਬੈਠ ਗਏ।

ਸ਼ੇਰ ਸਿੰਘ ਦੀਆਂ ਮੁਸ਼ਕਿਲਾਂ ਨੇ ਲੁਧਿਆਣਾ ਦੇ ਬ੍ਰਿਟਿਸ਼ ਏਜੰਟ ਮਿਸਟਰ ਕਲੇਰਕ ਨੂੰ ਮੌਕਾ ਦਿੱਤਾ ਕਿ ਉਹ ਦਰਬਾਰ ਦੇ ਕੰਮਕਾਜ ਵਿਚ ਦਖ਼ਲ ਦੇ ਸਕੇ। ਉਸ ਨੇ ਸ਼ੇਰ ਸਿੰਘ ਨੂੰ ਸੰਦੇਸ਼ਾ ਭੇਜਿਆ ਕਿ ਉਹ ਮਾਈ ਚਾਂਦ ਕੌਰ ਨਾਲ ਚੰਗਾ ਵਿਹਾਰ ਕਰੇ ਸੰਧਾਵਾਲੀਆਂ ਪ੍ਰਤੀ ਅਮਨ ਨਾਲ ਰਹੇ। ਚਾਂਦ ਕੌਰ ਬਾਰੇ ਤਾਂ ਉਹਨੇ ਮਿਸਟਰ ਕਲੇਰਕ ਨੂੰ ਦੱਸ ਹੀ ਦਿੱਤਾ ਕਿ ਉਹ ਉਸ ਨਾਲ ਵਿਆਹ ਕਰਵਾ ਰਿਹਾ ਹੈ ਤੇ ਸੰਧਾਵਾਲੀਆਂ ਨਾਲ ਵੀ ਚੰਗੇ ਸੰਬੰਧ ਬਣਾ ਰਿਹਾ ਹੈ।

ਪੰਜਾਬ ਅੰਦਰ ਬੇਚੈਨੀ ਬੇਰੋਕ ਟੋਕ ਵੱਧ ਰਹੀ ਸੀ। ਇਹ ਇਸ ਹੱਦ ਤੱਕ ਵਧ ਗਈ ਕਿ ਬ੍ਰਿਟਿਸ਼ ਏਜੰਟ ਨੇ 12000 ਦੀ ਫੌਜ ਨਾਲ ਲਾਹੌਰ ਦਰਬਾਰ ਵੱਲ ਕੂਚ ਕਰਨ ਦੀ ਸਕੀਮ ਬਣਾ ਲਈ। ਉਸ ਨੇ ਇਕ ਤਜਵੀਜ਼ ਵੀ ਦਿੱਤੀ ਕਿ ਜੋ ਲਾਹੌਰ ਦਰਬਾਰ ਦਾ ਕੁਝ ਇਲਾਕਾ ਸਤਲੁਜ ਦੇ ਪੂਰਬੀ ਕੰਢੇ ਦੇ ਇਸ ਪਾਸੇ ਹੈ, ਉਹ ਅੰਗਰੇਜ਼ਾਂ ਨੂੰ ਦੇ ਦਿੱਤਾ ਜਾਵੇ ਤੇ ਉਸ ਦੇ ਬਦਲੇ 40 ਲੱਖ ਰੁਪਈਆ ਲੈ ਕੇ ਆਪਣੇ ਹਾਲਾਤ ਸੁਧਾਰ ਲਏ ਜਾਣ। ਜਦੋਂ ਇਹ ਖਬਰ ਲੀਕ ਹੋ ਗਈ ਜਾਂ ਜਾਣਬੁੱਝ ਕੇ ਲੀਕ ਕੀਤੀ ਗਈ ਤਾਂ ਪੰਜਾਬ ਵਿਚ ਅੰਗਰੇਜ਼ਾਂ ਵਿਰੋਧੀ ਹਵਾ ਬਣ ਗਈ। ਲਹਿਣਾ ਸਿੰਘ ਮਜੀਠੀਆ ਵਰਗੇ ਬੰਦੇ ਜੋ ਅੰਗਰੇਜ਼ਾਂ ਪ੍ਰਤੀ ਦੋਸਤਾਨਾ ਸੰਬੰਧਾਂ ਬਾਰੇ ਮਸ਼ਹੂਰ ਸਨ ਰਾਜ ਦੀ ਹੱਦ ਤੋਂ ਬਾਹਰ ਚਲੇ ਗਏ। ਮਹਾਰਾਜਾ ਸ਼ੇਰ ਸਿੰਘ ਨੇ ਪੂਰੇ ਜ਼ੋਰ ਨਾਲ ਇਨਕਾਰ ਕੀਤਾ ਤੇ ਕਿਹਾ ਕਿ ਉਸ ਨੂੰ ਮਿਸਟਰ ਕਲੇਰਕ ਦੀ ਅਜਿਹੀ ਕਿਸੇ ਤਜਵੀਜ਼ ਦੀ ਕੋਈ ਜਾਣਕਾਰੀ ਨਹੀਂ। ਫੌਜੀਆਂ ਦੀ ਖੁਲ੍ਹੀ ਬਗਾਵਤ ਦੀ ਸੂਰਤ ਵਿਚ ਸ਼ੇਰ ਸਿੰਘ ਸਿਰਫ਼ ਉਹਨਾਂ ਨੂੰ ਤਰੀਕੇ ਨਾਲ ਚੱਲਣ ਵਾਸਤੇ ਦਲੀਲਾਂ ਦੇ ਸਕਦਾ ਸੀ। ਉਸ ਨੇ ਉਹਨਾਂ ਦੀਆਂ ਤਨਖਾਹਾਂ ਵਿਚ ਇਕ ਰੁਪੈ ਮਹੀਨੇ ਦਾ ਵਾਧਾ ਕਰ ਦਿੱਤਾ ਤੇ ਇਕ ਮਹੀਨੇ ਦੀ ਤਨਖਾਹ ਇਨਾਮ ਵਜੋਂ ਦੇਣ ਦਾ ਐਲਾਨ ਕੀਤਾ। ਫੌਜੀਆਂ ਨੇ ਜੋਰ ਦਿੱਤਾ ਕਿ ਉਹਨਾਂ ਦਾ ਨੌ ਮਹੀਨੇ ਦਾ ਬਕਾਇਆ ਅਦਾ ਕੀਤਾ ਜਾਵੇ ਤੇ ਪਹਿਲਾਂ ਵਾਦਾ ਕੀਤਾ ਇਨਾਮ ਵੀ। ਉਹਨਾਂ ਆਪਣੇ ਤਰੀਕੇ ਨਾਲ ਧਮਕੀ ਵੀ ਦੇ ਦਿੱਤੀ ਕਿ ਜਿਸ ਤਰ੍ਹਾਂ ਉਹਨਾਂ ਨੇ ਮਾਈ ਨੂੰ ਤਾਕਤ ਤੋਂ ਹਟਾਇਆ ਸੀ, ਸ਼ੇਰ ਸਿੰਘ ਨੂੰ ਵੀ ਤਖਤ ਤੋਂ ਹਟਾ ਸਕਦੇ ਹਨ। ਇਸ ਬਗਾਵਤ ਨੂੰ ਮਜ਼ਬੂਤੀ ਨਾਲ ਦਬਾਉਣ ਦੀ ਬਜਾਏ ਸ਼ੇਰ ਸਿੰਘ ਨੇ

ਆਪਣਾ ਬਚਾਅ ਗਲਾਸੀ ਦੇ ਦੌਰ ਤੇ ਦਰਬਾਰੀਆਂ ਦੇ ਘੇਰੇ ਵਿਚ ਹੀ ਲੱਭਾ। ਓਦੋਂ ਪੰਜਾਬ ਨੂੰ ਇਕ ਮਜ਼ਬੂਤ ਤੇ ਸਮਝਦਾਰ ਤਾਨਾਸ਼ਾਹ ਦੀ ਜ਼ਰੂਰਤ ਸੀ ਪਰ ਜੋ ਮਿਲਿਆ ਉਹ ਇਕ ਖ਼ੂਬਸੂਰਤ ਤੇ ਸੋਹਣੇ ਲਿਬਾਸ ਵਿਚ ਸੱਜਿਆ ਸ਼ਹਿਜ਼ਾਦਾ ਜੋ ਅੰਗੂਰਾਂ ਦੀ ਸ਼ਰਾਬ ਤੇ ਔਰਤਾਂ ਦੇ ਨਖਰਿਆਂ ਦਾ ਜ਼ਿਆਦਾ ਵਾਕਫ਼ ਸੀ ਤੇ ਰਾਜ ਚਲਾਉਣ ਦੇ ਦਾਅ ਪੇਚਾਂ ਦਾ ਘੱਟ।

ਅਜੀਤ ਸਿੰਘ ਸੰਧਾਵਾਲੀਆ ਨੂੰ, ਜੋ ਪੰਜਾਬ ਦੀ ਸਰਹੱਦ ਉਪਰ ਅੰਗਰੇਜ਼ੀ ਰਾਜ ਵਿਚ ਰਹਿੰਦਾ ਸੀ, ਸ਼ੇਰ ਸਿੰਘ ਦੀਆਂ ਮੁਸੀਬਤਾਂ ਦੀ ਜਾਣਕਾਰੀ ਰੱਖਦਾ ਸੀ ਤੇ ਉਹ ਅੰਗਰੇਜ਼ਾਂ ਨੂੰ ਦਖਲ ਦੇਣ ਦੀ ਪ੍ਰੇਰਨਾ ਕਰ ਰਿਹਾ ਸੀ। ਸ਼ੇਰ ਸਿੰਘ ਨੇ ਇਹ ਸਾਜਿਸ਼ ਰੋਕਣ ਵਾਸਤੇ ਅੰਗਰੇਜ਼ਾਂ ਨਾਲ ਗੱਲ ਬਾਤ ਸ਼ੁਰੂ ਕਰ ਦਿੱਤੀ। ਬਾਹਰਲੀਆਂ ਤਾਕਤਾਂ ਨਾਲ ਸਾਜਿਸ਼ਾਂ ਦੇ ਘਿਣਾਉਣੇ ਡਰਾਮਿਆਂ ਨਾਲ ਸ਼ਾਹੀ ਖਾਨਦਾਨ ਦੀ ਤਰਫ਼ ਲੋਕਾਂ ਦਾ ਵਿਸ਼ਵਾਸ ਖ਼ਤਮ ਹੋ ਰਿਹਾ ਸੀ। ਕੁਝ ਦਿਨਾਂ ਬਾਅਦ ਹੀ ਮਿਸਟਰ ਕਲੇਰਕ ਨੇ ਇਕ ਤਜਵੀਜ਼ ਪੰਜਾਬ ਵਿਚ ਫ਼ੌਜ ਸਮੇਤ ਦਾਖਲ ਹੋਣ ਦੀ ਬਣਾਈ। ਇਸ ਨਾਲ ਲੋਕਾਂ ਨੂੰ ਇਹ ਵੇਖਣ ਦਾ ਵੀ ਮੌਕਾ ਮਿਲ ਸਕਦਾ ਸੀ ਕਿ ਲਾਹੌਰ ਦਰਬਾਰ ਵਿਦੇਸ਼ੀ ਤਾਕਤਾਂ ਨੂੰ ਖ਼ੁਸ਼ ਕਰਨ ਵਾਸਤੇ ਕਿਸ ਹੱਦ ਤੱਕ ਜਾ ਸਕਦਾ ਹੈ। ਅੰਗਰੇਜ਼ਾਂ ਨੇ ਸ਼ਾਹ ਸ਼ੁਜਾ ਤੇ ਸ਼ਾਹ ਜ਼ਮਾਨ ਦੇ ਹਰੀਮ ਦੀਆਂ ਔਰਤਾਂ ਨੂੰ ਪੰਜਾਬ ਵਿਚੋਂ ਲੰਘਾਂ ਕੇ ਅਫ਼ਗਾਨਿਸਤਾਨ ਪਹੁੰਚਾਣ ਦਾ ਰਸਤਾ ਮੰਗਿਆ। ਇਸ ਦੀ ਇਜਾਜ਼ਤ ਖੁਸ਼ੀ ਨਾਲ ਦੇ ਦਿੱਤੀ ਗਈ ਤੇ ਕਈ ਸਾਰੀਆਂ ਔਰਤਾਂ ਦੇ ਸ਼ਾਹੀ ਗਰੁੱਪ ਦੇ ਨਾਲ ਹੀਜੜੇ ਸੇਵਾਦਾਰ ਤੇ ਅੰਗ ਰਖਿਅਕ ਜਾ ਰਹੇ ਸਨ। ਇਹ ਸਭ ਮੇਜਰ ਬਰੌਡਫੋਰਡ ਦੀ ਕਮਾਂਡ ਹੇਠ ਸਨ ਤੇ ਉਤਰ ਵੱਲ ਵਧ ਰਹੇ ਸਨ। ਦਰਬਾਰ ਨੇ ਉਹਨਾਂ ਦੀ ਅਗਵਾਨੀ ਵਾਸਤੇ ਮੁਸਲਿਮ ਫੌਜੀਆਂ ਦਾ ਇਕ ਜਥਾ ਭੇਜਿਆ। ਸ਼ੁਰੂ ਤੋਂ ਹੀ ਬਰੌਡਫੋਰਡ ਦਾ ਵਤੀਰਾਂ ਹਮਲਾਵਰ ਸੀ। ਉਹ ਰਸਤੇ ਵਿਚ ਜਿੱਥੇ ਵੀ ਪੰਜਾਬੀ ਸਿਪਾਹੀ ਕਾਫ਼ਲੇ ਦੇ ਨਜ਼ਦੀਕ ਪਹੁੰਚਦੇ ਉਹਨਾਂ ਉਪਰ ਗੋਲੀ ਚਲਾਉਣ ਦਾ ਹੁਕਮ ਦੇਂਦਾ। ਦਰਬਾਰ ਵੱਲੋਂ ਇਸ ਦੇ ਖਿਲਾਫ਼ ਕੋਈ ਕਾਰਵਾਈ ਨਹੀਂ ਕੀਤੀ ਗਈ। ਇਥੋਂ ਤੱਕ ਕਿ ਸਿੰਧ ਦਰਿਆ ਪਾਰ ਕਰਦਿਆਂ ਹੀ ਬਰੌਡਫੋਰਡ ਨੇ ਕਬਾਇਲੀ ਲੋਕਾਂ ਨੂੰ ਪੰਜਾਬ ਸਰਕਾਰ ਵਿਰੁੱਧ ਬਗਾਵਤ ਕਰਨ ਵਾਸਤੇ ਕਿਹਾ। ਜਨਰਲ ਵੈਨਤੂਰਾ, ਜੋ ਅੰਗਰੇਜ਼ਾਂ ਦਾ ਹਿਮਾਇਤੀ ਸੀ, ਨੇ ਵੀ ਬਰੌਡਫੋਰਡ ਦੇ ਵਤੀਰੇ ਦਾ ਨਿਖੇਧੀ ਕੀਤੀ। ਕੈਪਟਨ ਜੇ. ਡੀ. ਕਨਿੰਘਮ ਜੋ 'ਸਿਖ ਇਤਿਹਾਸ' ਦਾ ਮਸ਼ਹੂਰ ਲੇਖਕ ਹੈ ਤੇ ਜਿਸ ਨੂੰ ਇਸ ਸਾਰੀ ਕਾਰਵਾਈ ਦਾ ਜ਼ਾਤੀ ਗਿਆਨ ਸੀ, ਲਿਖਦਾ ਹੈ ਕਿ "ਇਹ ਕਿਸੇ ਤਰ੍ਹਾਂ ਨਹੀਂ ਲੱਗਦਾ ਸੀ ਕਿ ਬਰੌਡਫੋਰਡ ਦੇ ਰਵਈਏ ਦਾ ਕੋਈ ਵੀ ਹਿਮਾਇਤੀ ਸੀ। ਇਸ ਨਾਲ ਲੋਕਾਂ ਵਿਚ ਬੇਚੈਨੀ ਫੈਲ ਗਈ ਤੇ ਸ਼ੇਰ ਸਿੰਘ ਨੂੰ ਵੀ ਮੌਕਾ ਮਿਲਿਆ ਆਪਣੇ ਬਾਗੀ ਸਿਪਾਹੀਆਂ ਨੂੰ ਇਹ ਕਹਿਣ ਦਾ ਕਿ ਪੰਜਾਬ

ਦੁਸ਼ਮਣਾਂ ਵੱਲੋਂ ਘੇਰਿਆ ਜਾ ਰਿਹਾ ਹੈ ਤੇ ਅੰਗਰੇਜ਼ ਉਸ ਵਿਰੁੱਧ ਲੜਾਈ ਛੇੜਨ ਦੀਆਂ ਤਿਆਰੀਆਂ ਕਰ ਰਹੇ ਹਨ।"

ਪਰ ਕੀ ਅੰਗਰੇਜ਼ਾਂ ਨੇ ਪੰਜਾਬ ਦੇ ਵਿਰੁੱਧ ਲੜਾਈ ਛੇੜਨ ਦਾ ਇਰਾਦਾ ਕਰ ਲਿਆ ਸੀ? ਇਸ ਬਾਰੇ ਕੋਈ ਪੱਕੀ ਸਕੀਮ ਤਾਂ ਨਹੀਂ ਸੀ ਕਿਉਂਕਿ ਅਜੇ ਵੀ ਅੰਗਰੇਜ਼ਾਂ ਨੂੰ ਅਫ਼ਗਾਨ ਮੁਹਿੰਮ ਵਿਚ ਲਾਹੌਰ ਦਰਬਾਰ ਦੀ ਮਦਦ ਚਾਹੀਦੀ ਸੀ ਪਰ ਫਿਰ ਵੀ ਅੰਗਰੇਜ਼ੀ ਸਰਕਲ ਅੰਦਰ ਭਵਿੱਸ਼ ਵਿਚ ਪੰਜਾਬ ਨੂੰ ਆਪਣੇ ਰਾਜ ਵਿਚ ਸ਼ਾਮਿਲ ਕਰਨ ਦੀ ਚਰਚਾ ਜ਼ਰੂਰ ਸੀ। ਪੰਜਾਬ ਦੇ ਮਾਮਲਿਆਂ ਦਾ ਮਾਹਰ ਤੇ ਪੰਜਾਬ ਦੇ ਸੰਭਾਵਤ ਪਹਿਲੇ ਰੈਜ਼ੀਡੈਂਟ ਹੈਨਰੀ ਲਾਰੈਂਸ ਦੀ ਪਤਨੀ ਨੇ 26 ਮਈ 1841 ਨੂੰ ਇਕ ਜਾਤੀ ਖ਼ਤ ਵਿਚ ਦੱਸਿਆ ਕਿ 'ਲੜਾਈ ਤੇ ਲੜਾਈ ਦੀਆਂ ਗੱਲਾਂ ਦੋਵੇਂ ਪਾਸੇ ਚੱਲ ਰਹੀਆਂ ਹਨ। ਲੱਗਦਾ ਹੈ ਕਿ ਇਹਨਾਂ ਸਰਦੀਆਂ ਵਿਚ ਇਸ ਬਾਰੇ ਕੋਈ ਫੈਸਲਾ ਹੋ ਜਾਣਾ ਹੈ। ਜੇ ਇਸ ਤਰ੍ਹਾਂ ਹੁੰਦਾ ਹੈ ਤਾਂ ਮੇਰੇ ਪਤੀ ਨੂੰ ਸਿਵਿਲ ਤੇ ਫੌਜੀ ਦੋਹਾਂ ਅਹੁਦਿਆਂ ਦੇ ਮੁਤਾਬਕ ਉਸ ਵਿਚ ਸਰਗਰਮ ਹਿੱਸਾ ਲੈਣਾ ਹੋਵੇਗਾ।'

ਬਰੌਡਫੋਰਡ ਦਾ ਮਾਮਲਾ ਲੰਮੀ ਦੇਰ ਚੱਲਦੀਆਂ ਰਹੀਆਂ ਅਫ਼ਵਾਹਾਂ ਤੋਂ ਬਾਅਦ ਸਾਹਮਣੇ ਆਇਆ ਸੀ। ਇਸ ਨੇ ਅਫ਼ਵਾਹਾਂ ਨੂੰ ਸੱਚਾਈ ਵਿਚ ਬਦਲਣ ਦਾ ਉਪਰਾਲਾ ਕੀਤਾ। ਦਰਬਾਰੀਆਂ ਤੇ ਅਫ਼ਸਰਾਂ ਦੇ ਦੋਗਲੇ ਕੰਮਾਂ ਨੂੰ ਧਿਆਨ ਵਿਚ ਰਖ ਕੇ ਫੌਜੀ ਸੋਚਦੇ ਸਨ ਕਿ ਉਹਨਾਂ ਨੂੰ ਆਪ ਕੁਝ ਕਰਨਾ ਚਾਹੀਦਾ ਹੈ ਜਿਸ ਵਾਸਤੇ ਉਹ ਇਕ ਵਾਰ ਫਿਰ ਆਪਣੇ ਪੰਚ ਚੁਣਨ ਲੱਗ ਪਏ ਸਨ।

***

ਇਹਨਾਂ ਹਾਲਤਾਂ ਵਿਚ ਫੌਜੀ ਅਫਸਰ ਤੇ ਦਰਬਾਰੀ ਇਕ ਗੱਲ 'ਤੇ ਸਹਿਮਤ ਹੋ ਰਹੇ ਸਨ ਕਿ ਫੌਜ ਨੂੰ ਵਿਹਲਿਆਂ ਬੈਠਉਣ ਵਿਚ ਕੋਈ ਤੁਕ ਨਹੀਂ। ਜਨਰਲ ਜ਼ੋਰਾਵਰ ਸਿੰਘ ਨੇ ਪਹਿਲਾਂ ਹੀ ਇਕ ਸਕੀਮ ਹਿਮਾਲਿਆ ਵਿਚ ਅੱਗੇ ਵਧਣ ਦੀ ਬਣਾਈ ਹੋਈ ਸੀ। ਉਸ ਦੇ ਫੌਰੀ ਹਾਕਮ ਗੁਲਾਬ ਸਿੰਘ ਡੋਗਰਾ ਨੇ ਵੀ ਉਸ ਨੂੰ ਅੱਗੇ ਵੱਧਣ ਦੀ ਹੌਸਲਾ ਅਫ਼ਜ਼ਾਈ ਦਿੱਤੀ। ਕਸ਼ਮੀਰ ਦੇ ਗਵਰਨਰ ਕਰਨਲ ਮੀਹਾਂ ਸਿੰਘ ਦੇ ਕਤਲ ਤੋਂ ਬਾਅਦ ਜੇਹਲਮ ਦੀ ਵਾਦੀ ਡੋਗਰਾ ਦੇ ਕਬਜ਼ੇ ਹੇਠ ਸੀ। ਦਰਬਾਰ ਦੀਆਂ ਫੌਜਾਂ ਤੇ ਪਹਾੜੀ ਜਗਰੀਦਾਰਾਂ ਦੇ ਸਿਪਾਹੀਆਂ ਨੂੰ ਨਾਲ ਲੈ ਕੇ ਜ਼ੋਰਾਵਰ ਸਿੰਘ ਤਿੱਬਤ ਉਪਰ ਪੰਜਾਬ ਦੇ ਕਬਜ਼ੇ ਦੀ ਦੂਜੀ ਲੜੀ ਸ਼ੁਰੂ ਕਰਨ ਵਾਸਤੇ ਨਿਕਲ ਪਿਆ।

ਹਿਮਾਲੀਆ ਵਿਚ ਆਪਣੀ ਸਰਹੱਦ ਨੂੰ ਅੱਗੇ ਵਧਾਉਣ ਦੀ ਲੋੜ ਦੇ ਆਰਥਕ ਕਾਰਨ ਵੀ ਸਨ। ਭਾਰਤ ਨੂੰ ਜਾਂਦੇ ਤਿਬਤੀਅਨ ਵਪਾਰੀ ਕਸ਼ਮੀਰ ਵਿਚੋਂ

ਗੁਜ਼ਰਦੇ ਸਨ। ਕਿਉਂਕਿ ਅੰਗਰੇਜ਼ਾਂ ਨੇ ਆਪਣੀ ਸਰਹੱਦ ਸਤਲੁਜ ਤੱਕ ਕਰ ਲਈ ਸੀ, ਇਹ ਬੁਸ਼ੈਰ ਦੀ ਰਿਆਸਤ ਵਿਚੋਂ ਗੁਜ਼ਰਦੇ ਸਨ। ਕਸ਼ਮੀਰ ਦੇ ਸ਼ਾਲ ਬੁਨਕਰ ਆਪਣੀ ਉਨ ਲੱਦਾਖ ਤੇ ਲਾਸਾ ਤੋਂ ਹਾਸਿਲ ਕਰਦੇ ਸਨ। ਕਸ਼ਮੀਰ ਦੀ ਸ਼ਾਲ ਸਨਅਤ ਖ਼ਤਮ ਹੋਣ ਦੇ ਕਾਗਾਰ 'ਤੇ ਸੀ ਤੇ ਇਸ ਨੂੰ ਚਾਲੂ ਰੱਖਣ ਦਾ ਇਕ ਹੀ ਤਰੀਕਾ ਸੀ ਕਿ ਲੱਦਾਖ ਤੇ ਲਾਸਾ ਦੇ ਭੇਡ ਪਾਲਕਾਂ ਨੂੰ ਆਪਣਾ ਕੱਚਾ ਮਾਲ ਕਸ਼ਮੀਰ ਵਿਚ ਵੇਚਣ ਵਾਸਤੇ ਪ੍ਰੇਰਿਤ ਜਾਂ ਮਜ਼ਬੂਰ ਕੀਤਾ ਜਾਵੇ। ਜੇ ਇਕ ਵਾਰੀ ਤਿੱਬਤ ਕਬਜ਼ੇ ਵਿਚ ਆ ਜਾਂਦਾ ਹੈ ਤਾਂ ਪੰਜਾਬ ਪੂਰਬ ਵੱਲ ਵਧਣ ਦਾ ਸੁਪਨਾ ਵੀ ਲੈ ਸਕਦਾ ਸੀ। ਦੂਸਰਾ ਤਿੱਬਤ ਵੱਲ ਅੱਗੇ ਕਬਜ਼ਾ ਕਰਨ ਨਾਲ ਗੁਲਾਬ ਸਿੰਘ ਡੋਗਰਾ ਇਹ ਵੀ ਸਮਝਦਾ ਸੀ ਕਿ ਇਹ ਸਾਰਾ ਇਲਾਕਾ ਉਸੇ ਦੀ ਸਰਦਾਰੀ ਵਿਚ ਸੀ।

1834 ਵਿਚ ਜਦੋਂ ਜ਼ੋਰਾਵਰ ਸਿੰਘ ਨੇ ਲੱਦਾਖ ਫਤਿਹ ਕੀਤਾ ਸੀ ਤਾਂ ਮਹਾਰਾਜਾ ਰਣਜੀਤ ਸਿੰਘ ਨੇ ਉਸ ਨੂੰ ਉਸ ਤੋਂ ਅੱਗੇ ਵਧਣ ਤੋਂ ਰੋਕ ਦਿੱਤਾ ਸੀ। ਉਹ ਡਰਦਾ ਸੀ ਕਿ ਇਸ ਤਰ੍ਹਾਂ ਕਰਨ ਨਾਲ ਚੀਨ ਦਾ ਸ਼ਹਿਨਸ਼ਾਹ ਨਾਰਾਜ਼ ਹੋ ਸਕਦਾ ਹੈ। ਜਦੋਂ ਲੱਦਾਖ ਬਾਰੇ ਚੀਨੀ ਸਰਦਾਰਾਂ ਨੇ ਵੱਡਾ ਰੌਲਾ ਨਹੀਂ ਪਾਇਆ ਤੇ ਨਾ ਹੀ ਇਸ ਨੂੰ ਵਾਪਸ ਲੈਣ ਦੀ ਕੋਸ਼ਿਸ਼ ਕੀਤੀ ਤਾਂ ਸ਼ਹਿਜ਼ਾਦਾ ਨੌਨਿਹਾਲ ਸਿੰਘ ਨੇ ਜ਼ੋਰਾਵਰ ਸਿੰਘ ਨੂੰ ਥੋੜਾ ਹੋਰ ਅੱਗੇ ਜਾਣ ਦੀ ਆਗਿਆ ਦੇ ਦਿੱਤੀ। ਸਿੰਧ ਦਰਿਆ ਦੀਆ ਦੋ ਸ਼ਾਖਾਵਾਂ ਇਸਕਾਰਦੂ ਦੇ ਥਾਂ 'ਤੇ ਮਿਲਦੀਆਂ ਹਨ ਜਿਹੜਾ ਅਹਿਮਦ ਸ਼ਾਹ ਤੋਂ ਜਿੱਤ ਲਿਆ ਗਿਆ ਸੀ। ਮੰਡੀ ਤੇ ਕੁੱਲੂ ਉਪਰ ਕਬਜ਼ਾ ਕਰ ਲੈਣ ਬਾਅਦ ਇਧਰ ਅੱਗੇ ਵਧਣ ਵਾਸਤੇ ਇਕ ਨਵਾਂ ਰੂਟ ਮਿਲ ਗਿਆ ਸੀ। ਮਹਾਰਾਜਾ ਸ਼ੇਰ ਸਿੰਘ ਨੇ ਪਲਾਨ ਬਣਾਈ ਕਿ ਇਥੋਂ ਉਤਰ ਵੱਲ ਵੀ ਅੱਗੇ ਵਧਿਆ ਜਾਵੇ ਤੇ ਪੂਰਬ ਵੱਲ ਨੇਪਾਲ ਦੀ ਸਰਹੱਦ ਤੱਕ ਵੀ।

ਹਮਲੇ ਵਾਸਤੇ ਬਹਾਨਾ ਲੱਭਣਾ ਮੁਸ਼ਕਿਲ ਨਹੀਂ ਸੀ। ਅਪਰੈਲ 1841 ਨੂੰ ਜ਼ੋਰਾਵਰ ਸਿੰਘ ਨੇ ਤਿੱਬਤ ਤੋਂ ਗਾਰੋ ਇਲਾਕੇ ਦਾ ਕਬਜ਼ਾ ਮੰਗਿਆ ਜੋ ਕਿ ਇਸਕਾਰਦੂ ਦੀ ਸੁਰੱਖਿਆ ਹੇਠ ਸੀ ਤੇ ਇਸਕਾਰਦੂ ਪੰਜਾਬ ਦਾ ਸੂਬਾ ਸੀ। ਉਸ ਨੇ ਇਹ ਵੀ ਕਿਹਾ ਕਿ ਹਾਲਾਤ ਬਦਲ ਚੁਕੇ ਹਨ ਇਸ ਵਾਸਤੇ ਲਾਸਾ ਦੇ ਸੂਬੇਦਾਰ ਨੂੰ ਆਪਣਾ ਨਜ਼ਰਾਨਾ ਲਾਹੌਰ ਭੇਜਣਾ ਚਾਹੀਦਾ ਹੈ, ਨਾ ਕਿ ਪੀਕਿੰਗ। ਗਾਰੋ ਦੇ ਗਵਰਨਰ ਨੇ ਜ਼ੋਰਾਵਾਰ ਸਿੰਘ ਦੀ ਚਾਪਲੂਸੀ ਕਰਨ ਵਾਸਤੇ ਇਸ ਨੂੰ ਘੋੜਿਆਂ ਤੇ ਖੱਚਰਾਂ ਦਾ ਇਕ ਤੋਹਫ਼ਾ ਭੇਜਿਆ। ਜ਼ੋਰਾਵਾਰ ਸਿੰਘ ਨੇ ਤੋਹਫੇ ਪ੍ਰਵਾਨ ਨਹੀ ਕੀਤੇ ਤੇ ਖੁਦ ਗਾਰੋ ਵੱਲ ਚੱਲ ਪਿਆ। ਇਕ ਦਸਤਾ ਕੁਮਾਓਂ ਪਹਾੜੀਆਂ ਦੇ ਰਸਤੇ ਵਧਿਆ ਜਿਸ ਨਾਲ ਅੰਗਰੇਜ਼ਾਂ ਦਾ ਲਾਸਾ ਨਾਲ ਸੰਪਰਕ ਟੁੱਟਦਾ ਸੀ। ਪੰਜਾਬੀ ਫੌਜਾਂ ਨੇ ਜੂਨ 1841 ਵਿਚ ਗਾਰੋ ਕਸਬੇ ਉਪਰ ਕਬਜ਼ਾ ਕਰ ਲਿਆ। ਜ਼ੋਰਾਵਾਰ

ਸਿੰਘ ਨੇ ਸਿਆਸਤ ਖੇਡਦਿਆਂ ਇਸ ਦੀ ਇਤਲਾਹ ਬੁਸ਼ੈਰ ਦੇ ਰਾਜੇ ਨੂੰ ਭੇਜ ਦਿੱਤੀ ਜਿਸ ਦੀ ਰਿਆਸਤ ਅੰਗਰੇਜ਼ੀ ਸੁਰੱਖਿਆ ਅਧੀਨ ਸੀ। ਗਾਰੋ ਤੋਂ ਜ਼ੋਰਾਵਰ ਸਿੰਘ ਤੁਕਲਾਕੋਟੇ ਦੀ ਤਰਫ਼ ਵਧਿਆ। ਇਸ ਦਾ ਰਸਤਾ ਰੋਕਣ ਵਾਸਤੇ ਇਕ ਤਿਬਤੀਅਨ ਫੌਜ ਭੇਜੀ ਗਈ ਜੋ ਦੋਗਪੀਓ ਬਰਮਾਹ ਦੀ ਥਾਂ ਉਪਰ 29 ਅਗਸਤ 1841 ਨੂੰ ਲੱਗਪੱਗ ਸਾਰੀ ਮਾਰੀ ਗਈ। ਸਿੰਧ ਦੀ ਤਰ੍ਹਾਂ ਹੀ ਹੁਣ ਪੰਜਾਬ ਨੇ ਵੀ ਤਿੱਬਤ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ ਸੀ। ਜਦੋਂ ਤੱਕ ਉਹ ਆਪਣੀ ਜਿੱਤ ਨੂੰ ਪੱਕੇ ਪੈਰੀਂ ਕਰਦੇ, ਮੁਹਿੰਮਾਂ ਦਾ ਮੌਸਮ ਖ਼ਤਮ ਹੋ ਰਿਹਾ ਸੀ ਤੇ ਪਹਾੜੀ ਬਰਫਾਂ ਦੀ ਚੀਰਵੀਂ ਠੰਡ ਸ਼ੁਰੂ ਹੋ ਚੁਕੀ ਸੀ।

ਇਸ ਸ਼ਾਨਦਾਰ ਫੌਜੀ ਜਿੱਤ ਨੇ ਚੀਨ ਨਾਲੋਂ ਵੱਧ ਅੰਗਰੇਜ਼ਾਂ ਨੂੰ ਚੌਕਸ ਕੀਤਾ। ਉਹਨਾਂ ਨੇ ਲਾਹੌਰ ਦਰਬਾਰ ਨੂੰ ਜ਼ੋਰਦਾਰ ਰੋਸ-ਪੱਤਰ ਭੇਜ ਦਿੱਤਾ। ਮਹਾਰਾਜਾ ਸ਼ੇਰ ਸਿੰਘ ਨੇ ਕਿਹਾ ਕਿ ਪੰਜਾਬ ਦੀ ਮੁਹਿੰਮ ਬਾਰੇ ਅੰਗਰੇਜ਼ਾਂ ਨੂੰ ਗ਼ਲਤ ਫਹਿਮੀ ਹੋ ਗਈ ਹੈ। ਇਸ ਦੇ ਜਵਾਬ ਵਿਚ ਮਿਸਟਰ ਕਲੇਰਕ ਨੇ 28 ਸਤੰਬਰ 1841 ਨੂੰ ਲਿਖਿਆ, "ਨਹੀਂ, ਤੁਸੀਂ ਖੁਦ ਤਿੱਬਤ, ਚੀਨ ਜਾਂ ਨੇਪਾਲ ਵੱਲ ਆਪਣੀਆਂ ਸਰਗਰਮੀਆਂ ਬਣਾ ਕੇ ਗਲਤ ਫਹਿਮੀਆਂ ਪੈਦਾ ਕਰ ਰਹੇ ਹੋ।" ਤਿੰਨਾਂ ਹਫ਼ਤਿਆਂ ਬਾਅਦ ਬ੍ਰਿਟਿਸ਼ ਏਜੰਟ ਨੇ ਬਕਾਇਦਾ ਮੰਗ ਕੀਤੀ ਕਿ ਪੰਜਾਬੀ ਫੌਜ ਲਾਸਾ ਦੇ ਸੂਬੇ ਵਿਚ ਹੋਈਆਂ ਆਪਣੀ ਪੇਸ਼ਕਦਮੀਆਂ ਨੂੰ ਬੰਦ ਕਰਕੇ 10 ਦਸੰਬਰ 1841 ਤੱਕ ਲੱਦਾਖ ਵਿਚ ਵਾਪਸ ਆ ਜਾਏ।

ਜਦੋਂ ਲੁਧਿਆਣਾ ਤੇ ਲਾਹੌਰ ਵਿਚ ਸ਼ਬਦੀ ਜੰਗ ਚੱਲ ਰਹੀ ਸੀ ਚੀਨ ਨੇ ਲਾਸਾ ਦੀ ਸੁਰੱਖਿਆ ਵਾਸਤੇ ਭਾਰੀ ਫੌਜ ਦਾ ਪ੍ਰਬੰਧ ਕਰਨਾ ਸ਼ੁਰੂ ਕਰ ਦਿੱਤਾ। ਪਹਿਲੀ ਬਰਫ਼ ਡਿੱਗਣ ਤੋਂ ਬਾਅਦ ਉਹਨਾਂ ਨੇ ਪੰਜਾਬੀਆਂ ਨੂੰ ਘੇਰਾ ਪਾ ਲਿਆ, ਇਹਨਾਂ ਦੀ ਸਪਲਾਈ ਲਾਈਨ ਕੱਟ ਦਿੱਤੀ ਤੇ ਨਤਜਿਆਂ ਵਾਸਤੇ ਧੀਰਜ ਨਾਲ ਇੰਤਜ਼ਾਰ ਕਰਨ ਲੱਗੇ।

ਜ਼ੋਰਾਵਰ ਸਿੰਘ ਤੇ ਉਸ ਦੇ ਆਦਮੀ ਬਹੁਤ ਤਰਸਯੋਗ ਹਾਲਤ ਵਿਚ ਆ ਗਏ ਸਨ। ਉਹ 12,000 ਫੁੱਟ ਦੀ ਉਚਾਈ ਉਪਰ ਬਰਫ ਦੇ ਸਮੁੰਦਰ ਵਿਚ ਘਿਰੇ ਹੋਏ ਸਨ। ਉਹਨਾਂ ਦੀ ਖੁਰਾਕ ਤੇ ਬਾਲਣ ਖ਼ਤਮ ਹੋ ਗਏ ਤੇ ਸਿਪਾਹੀ ਬਰਫੀਲੀ ਠੰਡ ਨਾਲ ਮਰ ਰਹੇ ਸਨ। ਜ਼ੋਰਾਵਰ ਸਿੰਘ ਨੇ ਵਾਪਸ ਮੁੜ ਜਾਣ ਦੀ ਪੇਸ਼ਕੱਸ਼ ਕੀਤੀ ਪਰ ਚੀਨ ਵਾਲੇ ਇਥੋਂ ਇਕ ਪੰਛੀ ਨਹੀਂ ਬਾਹਰ ਜਾਣ ਦੇਣਾ ਚਾਹੁੰਦੇ। "ਤੁਸਾਂ ਲੱਦਾਖ 'ਤੇ ਕਬਜ਼ਾ ਕਰ ਲਿਆ, ਅਸੀਂ ਚੁੱਪ ਰਹੇ, ਤੁਸੀਂ ਸ਼ੇਰ ਬਣ ਗਏ ਤੇ ਗਰਟੋਕੇ ਤੇ ਤੁਕਲਾਕੋਟੇ 'ਤੇ ਵੀ ਕਬਜ਼ਾ ਕਰ ਲਿਆ। ਜੇ ਸ਼ਾਂਤੀ ਚਾਹੁੰਦੇ ਹੋ ਤਾਂ ਲੱਦਾਖ ਛੱਡ ਦਿਓ ਤੇ ਆਪਣੇ ਮੁਲਕ ਵਾਪਸ ਚਲੇ ਜਾਓ।

ਪੰਜਾਬੀ ਲੜ ਕੇ ਹੀ ਰਸਤਾ ਬਣਾਉਣ ਵਾਸਤੇ ਮਜਬੂਰ ਹੋ ਗਏ। ਭੁੱਖ ਤੇ ਠੰਡ ਨੇ ਉਹਨਾਂ ਦੀਆਂ ਬਹਾਦਰੀਆਂ ਰੋਲ ਕੇ ਰੱਖ ਦਿੱਤੀਆਂ ਸਨ। ਚੀਨ ਵਾਲੇ ਨਾ ਸਿਰਫ ਗਿਣਤੀ ਵਿਚ ਹੀ ਦਸ ਗੁਣਾ ਸਨ, ਬਰਫ ਦੀ ਲੜਾਈ ਵਾਸਤੇ ਵੀ ਪੂਰੇ ਲਿਬਾਸ ਵਿਚ ਸਨ। ਪੰਜਾਬੀ ਫੌਜਾਂ ਦਾ ਸਰਦਾਰ ਜ਼ੋਰਾਵਰ ਸਿੰਘ 12 ਦਸੰਬਰ 1841 ਨੂੰ ਮਾਰਿਆ ਗਿਆ। ਇਸ ਦੇ ਸਹਾਇਕ ਰਾਏ ਸਿੰਘ ਨੇ ਇਸ ਸ਼ਰਤ ਉਪਰ ਹਥਿਆਰ ਸੁੱਟਣ ਦੀ ਪੇਸ਼ਕੱਸ਼ ਕੀਤੀ ਕਿ ਉਹਨਾਂ ਨੂੰ ਵਾਪਸ ਜਾਣ ਦਿੱਤਾ ਜਾਵੇ ਲੇਕਿਨ ਜਿਉਂ ਹੀ ਇਹਨਾਂ ਨੇ ਬੰਦੂਕਾਂ ਤੇ ਤਲਵਾਰਾਂ ਰੱਖੀਆਂ ਸਾਰਿਆਂ ਨੂੰ ਬੁੱਚੜਾਂ ਦੀ ਤਰ੍ਹਾਂ ਕੱਟ ਦਿੱਤਾ ਗਿਆ। ਤੁਕਲਾਕੋਟੇ ਵਿਚ ਤੈਨਾਤ ਪੰਜਾਬੀ ਫੌਜੀਆਂ ਨੇ ਜਦੋਂ ਇਹ ਸੁਣਿਆ ਕਿ ਉਹਨਾਂ ਦੇ ਸਾਥੀਆਂ ਨਾਲ ਕੀ ਬੀਤੀ ਤੇ ਕਿਸ ਤਰ੍ਹਾਂ ਉਹਨਾਂ ਦਾ ਬਹਾਦਰ ਜਰਨੈਲ ਮਾਰਿਆ ਗਿਆ ਤਾਂ ਉਹ ਪਿੱਛੇ ਹਟਦੇ ਗਏ। ਬਹਾਰ ਦੀ ਰੁੱਤ ਤੋਂ ਪਹਿਲਾਂ ਹੀ ਚੀਨ ਨੇ ਆਪਣੇ ਤਿਬਤੀਅਨ ਟਿਕਾਣਿਆਂ ਇਸਕਾਰਦੂ ਤੇ ਲੱਦਾਖ ’ਤੇ ਦੁਬਾਰਾ ਕਬਜ਼ਾ ਕਰ ਲਿਆ। ਕੇਵਲ ਲੇਹ ਉਪਰ ਹੀ ਪੰਜਾਬ ਦਾ ਝੰਡਾ ਝੂਲ ਰਿਹਾ ਸੀ ਪਰ ਤਿੱਬਤੀ ਬਰਫੀਲੀ ਹਵਾ ਦੇ ਹੁਲਾਰਿਆਂ ਨਾਲ।

ਤਿੱਬਤ ਵਿਚ ਇਸ ਬੁਰੀ ਤਰ੍ਹਾਂ ਦੀ ਮਾਰ ਨਾਲ ਪੰਜਾਬੀਆਂ ਤੇ ਡੋਗਰਿਆਂ ਵਿਚ ਕੁਝ ਕਰਨ ਦੀ ਭਾਵਨਾ ਜਾਗ ਪਈ। ਕਿਉਂਕਿ ਗੁਲਾਬ ਸਿੰਘ ਦਾ ਸਿੱਧਾ ਵਾਸਤਾ ਸੀ, ਉਸ ਨੇ ਉਧਰ ਵੱਡੀ ਫੌਜ ਭੇਜੀ। ਇਸ ਦੇ ਨਾਲ ਹੀ ਅੰਗਰੇਜ਼ਾਂ ਨੂੰ ਮਦਦ ਕਰਨ ਦੀ ਅਪੀਲ ਕੀਤੀ ਜਿਸ ਦਾ ਵੱਡਾ ਮਕਸਦ ਅਸਲ ਵਿਚ ਉਹਨਾਂ ਦੇ ਖ਼ਦਸ਼ੇ ਦੂਰ ਕਰਨਾ ਸੀ। ਗਵਰਨਰ ਜਨਰਲ ਲਾਰਡ ਐਲਨਬਰੋ ਨੇ ਇਹ ਪ੍ਰਾਜੈਕਟ ਪੂਰ ਤਰ੍ਹਾਂ ਰੱਦ ਕਰ ਦਿੱਤਾ ਕਿ ਇਸ ਨਾਲ ਪਹਾੜਾਂ ਦੇ ਉਸ ਪਾਰ ਤੋਂ ਹਿੰਦੁਸਤਾਨ ਵਿਚ ਫੌਜਾਂ ਦਾ ਦਾਖਲਾ ਹੋ ਸਕਦਾ ਹੈ।

ਫੌਜ ਦੀ ਇਕ ਨਵੀਂ ਟੁਕੜੀ 1842 ਦੀ ਬਹਾਰ ਦੀ ਰੁੱਤ ਦੇ ਵੇਲੇ ਲੇਹ ਪਹੁੰਚ ਚੁਕੀ ਸੀ। ਚੀਨ ਦੀ ਫੌਜ ਇਸ ਨਵੀਂ ਪੰਜਾਬੀ ਫੌਜ ਦੇ ਅੱਗੋਂ ਪਿੱਛੇ ਹਟਦੀ ਗਈ ਤੇ ਲੱਦਾਖ ਨੂੰ ਦੋਬਾਰਾ ਕਬਜ਼ੇ ਵਿਚ ਲੈ ਲਿਆ ਗਿਆ। ਇਸ ਤੋਂ ਅੱਗੇ ਪੰਜਾਬੀ ਫੌਜ ਦਾ ਵੱਧਣਾ ਹੌਲੀ ਹੋ ਗਿਆ ਸੀ। ਇਕ ਦਸਤਾ ਗਾਰੋ ਦੀ ਸਰਹੱਦ ’ਤੇ ਪਹੁੰਚਿਆ ਹੀ ਸੀ ਕਿ ਇਕ ਬ੍ਰਿਟਿਸ਼ ਅਫਸਰ ਲੈਫਟੀਨੈਂਟ ਕਨਿੰਘਮ ਜੋ ਉਥੇ ਪਹੁੰਚਿਆ ਸੀ ਫੌਜਾਂ ਨੂੰ ਹੋਰ ਅੱਗੇ ਵੱਧਣ ਤੋਂ ਰੁਕਣ ਦੀਆਂ ਦਲੀਲਾਂ ਦੇ ਰਿਹਾ ਸੀ। ਓਧਰ ਫੌਜ ਦੇ ਦੂਜੇ ਦਸਤੇ ਨੇ ਲਾਸਾ ਤੋਂ ਭੇਜੀ ਫੌਜ ਨੂੰ ਘੇਰ ਲਿਆ, ਉਹਨਾਂ ਨੂੰ ਮੋਰਚਿਆਂ ਵਿਚੋਂ ਬਾਹਰ ਕੱਢ ਲਿਆ ਤੇ ਸਾਰੀ ਫੌਜ ਦਾ ਸਿਰਫ ਦਸਵਾ ਹਿੱਸਾ ਹੀ ਬਚਿਆ ਰਹਿ ਗਿਆ। ਚੀਨੀ ਕਮਾਂਡਰ ਨੂੰ ਗਿਰਫ਼ਤਾਰ ਕਰ ਲਿਆ ਗਿਆ।

ਪੰਜਾਬੀਆਂ ਨੇ ਪਿਛਲੀਆਂ ਸਰਦੀਆਂ ਦੀ ਆਪਣੀ ਹਾਰ ਦਾ ਲੋੜੋਂ ਵੱਧ

ਬਦਲਾ ਲੈ ਲਿਆ ਸੀ। ਉਹਨਾਂ ਨੇ ਇਹ ਵੀ ਸਿੱਖ ਲਿਆ ਸੀ ਕਿ ਇਹਨਾਂ ਇਲਾਕਿਆਂ ਨੂੰ ਸਰਦੀਆਂ ਵਿਚ ਸੰਭਾਲ ਕੇ ਨਹੀਂ ਰੱਖਿਆ ਜਾ ਸਕਦਾ। ਪੰਜਾਬ ਦੀ ਤਾਕਤ ਦਾ ਤਿੱਬਤ ਦੀ ਤਰਫ਼ ਵਧਣ ਵਿਰੁੱਧ ਅੰਗਰੇਜ਼ਾਂ ਦਾ ਇਤਰਾਜ਼ ਵੀ ਅਕਾਦਮਿਕ ਹੀ ਨਹੀਂ ਸੀ। ਇਸ ਕਰਕੇ ਗੁਲਾਬ ਸਿੰਘ ਢਿੱਲਾ ਰੁਖ ਅਪਣਾ ਰਿਹਾ ਸੀ। ਆਖਰ 17 ਅਕਤੂਬਰ, 1842 ਨੂੰ ਦਰਬਾਰ ਦੇ ਨਮਾਇੰਦੇ, ਗੁਲਾਬ ਸਿੰਘ ਦੇ ਜਾਤੀ ਪ੍ਰਤੀਨਿਧ ਤੇ ਚੀਨੀ ਸਮਰਾਟ ਦੇ ਨਮਾਇੰਦਿਆਂ ਵਿਚਕਾਰ ਲਾਸਾ ਵਿਚ ਇਕ ਸਮਝੌਤਾ ਹੋ ਗਿਆ। ਇਸ ਮੁਤਾਬਕ ਲੱਦਾਖ ਤੇ ਲਾਸਾ ਦੀਆਂ ਸਰਹੱਦਾਂ ਦੋਹਾਂ ਫਰੀਕਾਂ ਵਾਸਤੇ ਅਟੁੱਟ ਸਮਝੀਆਂ ਗਈਆਂ। ਇਹ ਵੀ ਫੈਸਲਾ ਕੀਤਾ ਗਿਆ ਕਿ ਚਾਹ ਤੇ ਪਸ਼ਮੀਨੇ ਦਾ ਵਾਪਾਰ ਜਿੰਨ੍ਹਾਂ ਰਸਤਿਆਂ ਰਾਹੀਂ ਹੁਣ ਤੱਕ ਚੱਲਦਾ ਰਿਹਾ, ਉਸੀ ਤਰ੍ਹਾਂ ਚੱਲਦਾ ਰਹੇਗਾ।

***

ਅੰਗਰੇਜ਼ ਪੰਜਾਬ ਦੇ ਵਿਰੁੱਧ ਆਪਣੇ ਇਤਰਾਜ਼ਾਂ ਤੋ ਅੱਗੇ ਵਧਕੇ ਕੋਈ ਕਾਰਵਾਈ ਵੀ ਕਰਦੇ ਪਰ ਇਸ ਤੋਂ ਪਹਿਲਾਂ ਕਿ ਇਸ ਬਾਰੇ ਕੋਈ ਤਰੀਕਾ ਸੋਚਦੇ, ਅਫ਼ਗਾਨਿਸਤਾਨ ਦੀਆਂ ਘਟਨਾਵਾਂ ਨੇ ਉਹਨਾਂ ਨੂੰ ਪੰਜਾਬ ਦੇ ਹਮਲਾਵਰ ਰੁਖ ਨੂੰ ਨਜ਼ਰ ਅੰਦਾਜ਼ ਕਰਨ ਵਾਸਤੇ ਮਜਬੂਰ ਕੀਤਾ ਬਲਕਿ ਉਹਨਾਂ ਦੀ ਮਦਦ ਮੰਗਣ ਵਾਸਤੇ ਵੀ। ਇਸ ਤੋਂ ਪਹਿਲਾਂ 1841 ਵਿਚ ਜਦੋਂ ਚੀਨ ਵਾਲੇ ਪੰਜਾਬੀਆਂ ਨੂੰ ਤਿੱਬਤ ਵਿਚੋਂ ਕੱਢਣਾ ਚਾਹੁੰਦੇ ਸਨ, ਅਫ਼ਗਾਨ ਆਪਣੇ ਮੁਲਕ ਵਿਚ ਕਾਬਜ਼ ਬ੍ਰਿਟਿਸ਼ ਫੌਜ ਦਾ ਸਫਾਇਆ ਕਰ ਰਹੇ ਸਨ। ਜੋ ਬੁਰੀ ਤਰ੍ਹਾਂ ਕਤਲ ਕੀਤੇ ਗਏ, ਉਹਨਾਂ ਵਿਚ ਸਰ ਅਲੈਂਗਜ਼ੈਂਡਰ ਬਰਨੀਸ ਵੀ ਸੀ ਜੋ ਸਿੰਧ, ਪੰਜਾਬ ਤੇ ਅਫ਼ਗਾਨਿਸਤਾਨ ਵਿਚ ਅੰਗਰੇਜ਼ਾਂ ਦੇ ਕਬਜੇ ਦਾ ਮੁੱਖ ਸਿਧਾਂਤਕਾਰ ਸੀ। ਕਾਬਲ ਦੇ ਤਖਤ ਉਪਰ ਸ਼ਾਹ ਸ਼ੁਜਾ ਨੂੰ ਬਿਠਾਉਣਾ ਬ੍ਰਿਟਿਸ਼ ਤੇ ਪੰਜਾਬ ਦੋਹਾਂ ਦੀ ਸਾਂਝੀ ਕਾਰਵਾਈ ਸੀ। ਲੇਕਿਨ ਇਸ ਦੇ ਨਤੀਜੇ ਬਹੁਤ ਤਬਾਹਕੁੰਨ ਨਿਕਲੇ ਤੇ ਅਫ਼ਗਾਨਿਸਤਾਨ ਵਿਚ ਅੰਗਰੇਜ਼ਾਂ ਦੀ ਹਾਲਤ ਨੂੰ ਪੰਜਾਬ ਨਜ਼ਰ ਅੰਦਾਜ਼ ਨਹੀਂ ਕਰ ਸਕਦਾ ਸੀ। ਤਿੱਬਤ ਵਿਚ ਫਸੇ ਹੋਣ ਦੇ ਬਾਵਜੂਦ ਲਾਹੌਰ ਦਰਬਾਰ ਨੇ ਪਿਸ਼ਾਵਰ ਦੇ ਜਨਰਲ ਅਵੀਤੇਬਾਈਲ ਨੂੰ ਅੰਗਰੇਜ਼ਾਂ ਦੀ ਮਦਦ ਵਿਚ ਜਾਣ ਵਾਸਤੇ ਕਿਹਾ ਸੀ। ਅੰਗਰੇਜ਼ ਪੰਜਾਬ ਦੇ ਇਸ ਸਹਿਯੋਗ ਤੋਂ ਹੈਰਾਨ ਹੋਏ ਜਦੋਂ ਕਿ ਉਹਨਾਂ ਦੇ ਸਲਾਹਕਾਰ ਵਾਡੇ, ਕਲੇਰਕ ਤੇ ਸ਼ਾਹਮਤ ਅਲੀ ਨੇ ਉਹਨਾਂ ਨੂੰ ਕਿਹਾ ਸੀ ਕਿ ਪੰਜਾਬੀਆਂ ਦੀ ਦੋਸਤੀ ਦਾ ਕੋਈ ਭਰੋਸਾ ਨਹੀਂ ਕੀਤਾ ਜਾ ਸਕਦਾ।

ਪੰਜਾਬ ਦੀਆਂ ਫੌਜਾਂ ਨੇ ਦੱਰਾ ਖ਼ੈਬਰ ਦੇ ਅੱਗੇ ਅਲੀ ਮਸਜਿਦ ਉਪਰ ਦੋਬਾਰਾ ਕਬਜ਼ਾ ਕਰ ਲਿਆ ਸੀ ਪਰ ਉਸ ਨੂੰ ਕਾਇਮ ਨਹੀਂ ਰੱਖ ਸਕੇਂ ਕਿਉਂਕਿ ਫਿਰ ਸਰਦੀਆ ਆ ਗਈਆਂ ਸਨ ਫਿਰ ਜਦੋਂ ਬਰਫ਼ਾਂ ਪਿਘਲੀਆਂ ਤੇ ਰੁੱਤ ਬਦਲੀ

ਤਾਂ ਅੰਗਰੇਜ਼ਾਂ ਦੀ ਮਦਦ ਨਾਲ ਜਿਹੜੇ ਦੂਸਰੇ ਪਾਸਿਓਂ ਓਧਰ ਵਧ ਰਹੇ ਸਨ, ਇਕ ਵਾਰੀਂ ਫਿਰ ਅਲੀ ਮਸਜਿਦ ਉਪਰ ਕਬਜ਼ਾ ਕਰ ਲਿਆ। ਗਵਰਨਰ ਜਨਰਲ ਲਾਰਡ ਐਡਨਬਰੋ ਨੇ ਆਪਣੇ ਸਰਕਾਰੀ ਨੋਟੀਫੀਕੇਸ਼ਨ ਵਿਚ 19 ਅਪ੍ਰੈਲ ਨੂੰ ਕਿਹਾ ਕਿ ਸ਼ੇਰ ਸਿੰਘ ਦੀਆਂ ਫੌਜਾਂ ਦਾ ਰੋਲ ਬਹੁਤ ਸਲਾਹੁਣ ਯੋਗ ਸੀ। ਉਸ ਨੇ ਆਪਣੀ ਫੌਜ ਨੂੰ ਦੱਸਿਆ ਕਿ ਖੈਬਰ ਤੋਂ ਅੱਗੇ ਦੋਬਾਰਾ ਵੱਧਣ ਨਾਲ ਜੋ ਨੁਕਸਾਨ ਸਿੱਖ ਫੌਜਾਂ ਦਾ ਹੋਇਆ ਹੈ ਉਹ ਉਸ ਨੁਕਸਾਨ ਦੇ ਬਰਾਬਰ ਸੀ ਜੋ ਅੰਗਰੇਜ਼ ਦੀਆਂ ਫੌਜਾਂ ਦਾ ਹੋਇਆ ਹੈ। ਉਸ ਨੇ ਲੁਧਿਆਣਾ ਦੇ ਬ੍ਰਿਟਿਸ਼ ਏਜੰਟ ਨੂੰ ਹੁਕਮ ਦਿੱਤਾ ਕਿ ਉਸ ਵੱਲੋਂ ਪੂਰੇ ਸਤਿਕਾਰ ਨਾਲ ਸਿੱਖ ਫੌਜ ਨੂੰ ਮੁਬਾਰਕਾਂ ਦਿੱਤੀਆਂ ਜਾਣ।

ਦਰਬਾਰ ਨੇ ਅੰਗਰੇਜ਼ੀ ਫੌਜ ਵਾਸਤੇ ਅਨਾਜ, ਪਸ਼ੂ ਤੇ ਹੋਰ ਲੋੜੀਂਦਾ ਸਮਾਨ ਦਿੱਤਾ ਤੇ ਉਹਨਾਂ ਦੀ ਫੌਜ ਨਾਲੋਂ ਵੀ ਵੱਡੀ ਗਿਣਤੀ ਦੇ ਸਿਪਾਹੀ ਦੱਰਾ ਖੈਬਰ ਦੇ ਪਾਰ ਦੀ ਮੁਹਿੰਮ ਵਾਸਤੇ ਭੇਜੇ। ਜੂਨ ਤੱਕ ਅਫ਼ਗਾਨਿਸਤਾਨ ਦੀ ਹਾਲਤ ਕਾਫ਼ੀ ਸੁਧਰ ਗਈ ਕਿਉਂਕਿ ਸਿੱਖਾਂ ਨੇ ਜਲਾਲਾਬਾਦ ਦਾ ਕਬਜ਼ਾ ਕਰਵਾ ਦਿੱਤਾ ਸੀ। ਸ਼ੇਰ ਸਿੰਘ ਅੰਗਰੇਜ਼ਾ ਦਾ ਪੱਕਾ ਹਿਮਾਇਤੀ ਰਿਹਾ ਬਾਵਜੂਦ ਇਸ ਦੇ ਕਿ ਅੰਗਰੇਜ਼ ਉਸ ਦੇ ਪੱਕੇ ਦੁਸ਼ਮਣਾਂ ਸੰਧਾਵਾਲੀਆਂ ਨਾਲ ਗੰਢਤੁੱਪ ਰੱਖਦੇ ਸਨ।

1842 ਦੀਆਂ ਗਰਮੀਆਂ ਵਿਚ ਅਫ਼ਗਾਨਿਸਤਾਨ ਵਿਚਲਾ ਵਿਰੋਧ ਖ਼ਤਮ ਹੋ ਗਿਆ ਸੀ। ਸ਼ਾਹ ਸ਼ੁਜਾ ਨੂੰ ਗੱਦੀ ਉਪਰ ਬੈਠਾਉਣ ਦੀ ਸਕੀਮ ਬਹੁਤ ਮਹਿੰਗੀ ਪਈ ਸੀ ਤੇ ਉਸ ਨੂੰ ਦੋਬਾਰਾ ਅਜਮਾਉਣਾ ਠੀਕ ਨਹੀਂ ਸਮਝਿਆ ਗਿਆ। ਅੰਗਰੇਜ਼ਾਂ ਦੀ ਚੰਗੀ ਕਿਸਮਤ ਨੂੰ ਸ਼ਾਹ ਸ਼ੁਜਾ ਦਾ 5 ਅਪ੍ਰੈਲ 1942 ਨੂੰ ਕਤਲ ਹੋ ਚੁਕਿਆ ਸੀ ਤੇ ਇਹਨਾਂ ਨੇ ਤਿੰਨ ਧਿਰੀ ਸਮਝੌਤਾ ਰੱਦ ਕਰ ਦਿੱਤਾ ਅਤੇ ਦੋਸਤ ਮੁਹੰਮਦ ਨਾਲ ਦੋਸਤੀ ਕਰ ਲਈ। ਉਸ ਨੂੰ ਕੈਦ ਵਿਚੋਂ ਕੱਢ ਕੇ ਕਾਬਲ ਲੈ ਆਂਦਾ।

ਅਫ਼ਗਾਨਿਸਤਾਨ ਦਾ ਤਜਰਬਾ ਅੰਗਰੇਜ਼ਾਂ ਦੇ ਹਿਮਾਇਤੀ ਸ਼ੇਰ ਸਿੰਘ ਨੂੰ ਵੀ ਚੁਭਿਆ। ਉਸ ਨੇ ਧਿਆਨ ਡੋਗਰਾ ਦੀ ਗੱਲ ਧਿਆਨ ਨਾਲ ਸੁਣੀ ਜਦੋਂ ਉਸ ਨੇ ਕਿਹਾ ਕਿ ਵੇਖੋ ਅੰਗਰੇਜ਼ਾਂ ਨੇ ਸਾਡੀ ਮਦਦ ਨਾਲ ਅਫ਼ਗਾਨਿਸਤਾਨ ਵਿਚ ਕਾਮਯਾਬੀ ਹਾਸਿਲ ਕੀਤੀ ਪਰ ਸਾਨੂੰ ਪੁੱਛੇ ਬਿਨਾ ਹੀ ਤਿੰਨ ਧਿਰੀ ਸਮਝੌਤਾ ਤੋੜ ਦਿੱਤਾ। ਇਸ ਤੋਂ ਇਲਾਵਾ ਅੰਗਰੇਜ਼ਾਂ ਨੇ ਫਿਰੋਜ਼ਪੁਰ ਵਿਚ ਵੱਡੀ ਫੌਜ ਇਕੱਠੀ ਕਰ ਲਈ ਜੋ ਲਾਹੌਰ ਤੋਂ ਸਿਰਫ 40 ਮੀਲ ਦੂਰ ਹੈ ਤੇ ਇਸ ਦਾ ਕੋਈ ਵੀ ਕਾਰਨ ਨਹੀਂ ਦੱਸਿਆ। ਕਨਿੰਘਮ ਲਿਖਦਾ ਹੈ ਕਿ,"ਭਾਰਤ ਦੀ ਜ਼ਮੀਨ ਉਪਰ ਹਥਿਆਰ ਬੰਦ ਗੋਰਿਆਂ ਦਾ ਇਤਨਾਂ ਵੱਡਾ ਇਕੱਠ ਪਹਿਲਾਂ ਕਿਧਰੇ ਨਹੀਂ ਸੀ

ਸਿਵਾਏ ਓਦੋਂ ਦੇ ਜਦੋਂ ਸਿਕੰਦਰ ਨੇ ਪੰਜਾਬ ਨੂੰ ਆਪਣੇ ਮੁਲਕ ਮੈਸੇਡੋਨ ਦਾ ਇਕ ਸੂਬਾ ਬਣਾ ਲਿਆ ਸੀ।"

ਨਤੀਜੇ ਵਜੋਂ 1842 ਦੀਆਂ ਸਰਦੀਆਂ ਵਿਚ ਲਾਰਡ ਐਲਨਬਰੋ ਨੇ ਸ਼ੇਰ ਸਿੰਘ ਨੂੰ ਮਿਲਣ ਦੀ ਖ਼ਾਹਿਸ ਜ਼ਾਹਿਰ ਕੀਤੀ ਤਾਂ ਜੋ ਉਹ ਉਸ ਨੂੰ ਜਾਤੀ ਤੌਰ 'ਤੇ ਮਿਲ ਕੇ ਅਫ਼ਗਾਨਿਸਤਾਨ ਵਿਚ ਕੀਤੀ ਮਦਦ ਵਾਸਤੇ ਧੰਨਵਾਦ ਕਰ ਸਕੇ। ਸ਼ੇਰ ਸਿੰਘ ਪਹਿਲਾਂ ਤਾਂ ਸੁਆਗਤ ਵਾਸਤੇ ਤਿਆਰ ਹੋ ਗਿਆ ਤੇ ਫਿਰ ਰੁਤਬੇ ਦਾ ਮੁੱਦਾ ਉਠਾ ਕੇ ਟਾਲ ਗਿਆ। ਗਵਰਨਰ ਜਨਰਲ ਨੂੰ ਸਿਰਫ ਉਸ ਦੇ 11 ਸਾਲ ਦੇ ਪੁੱਤਰ ਸ਼ਹਿਜ਼ਾਦਾ ਪ੍ਰਤਾਪ ਸਿੰਘ ਤੇ ਧਿਆਨ ਸਿੰਘ ਡੋਗਰਾ ਨਾਲ ਹੱਥ ਮਿਲਾ ਕੇ ਸਬਰ ਕਰਨਾ ਪਿਆ। ਇਹ ਮੀਟਿੰਗ ਫਿਰੋਜ਼ਪੁਰ ਵਿਚ ਜਨਵਰੀ 1843 ਨੂੰ ਹੋਈ।

***

ਇਹ ਗੱਲ ਜਲਦੀ ਸਾਫ਼ ਹੋ ਗਈ ਕਿ ਪੰਜਾਬ ਦੀ ਸਰਹੱਦ ਉਪਰ ਅੰਗਰੇਜ਼ੀ ਫੌਜਾਂ ਦਾ ਜਮਾ ਹੋਣਾ ਸਿਰਫ਼ ਇਕ ਵਿਖਾਵਾ ਹੀ ਨਹੀਂ ਸੀ। ਅਫ਼ਗਾਨਿਸਤਾਨ ਅੰਦਰ ਹਾਰ ਨਾਲ ਅੰਗਰੇਜ਼ਾਂ ਦਾ ਵਕਾਰ ਡਿੱਗ ਗਿਆ ਸੀ ਤੇ ਉਹ ਇਸ ਨੂੰ ਦੋਬਾਰਾ ਬਹਾਲ ਕਰਨਾ ਚਾਹੁੰਦੇ ਸਨ। ਚੋਣ ਇਹੀ ਹੋ ਸਕਦੀ ਸੀ ਕਿ ਜਾਂ ਪੰਜਾਬ ਤੇ ਕਬਜ਼ਾ ਕਰਦੇ ਜਾਂ ਸਿੰਧ 'ਤੇ। ਪੰਜਾਬ ਨੂੰ ਜਿੱਤਣ ਦੀ ਸਕੀਮ ਅਜੇ ਪੂਰੀ ਤਰ੍ਹਾਂ ਨਹੀਂ ਬਣੀ ਸੀ। ਅਫ਼ਗਾਨਿਸਤਾਨ ਵਿਚ ਪੰਜਾਬ ਦੀਆਂ ਫੌਜਾਂ ਦੀ ਕਾਰਗੁਜ਼ਾਰੀ ਵੇਖ ਕੇ ਲੱਗਦਾ ਸੀ ਕਿ ਇਹਨਾਂ ਨੂੰ ਹਰਾਉਣਾ ਸੌਖਾ ਨਹੀਂ ਹੈ। ਸੋ ਸਿੰਧ ਉਪਰ ਕਬਜ਼ੇ ਦਾ ਫੈਸਲਾ ਕੀਤਾ। ਬਿਨਾਂ ਕਿਸੇ ਬਹਾਨੇ ਦਾ ਇੰਤਜ਼ਾਰ ਕੀਤਿਆਂ ਸਰ ਚਾਰਲਸ ਨੇਪੀਅਰ ਨੇ ਮਾਰਚ 1843 ਨੂੰ ਸਿੰਧ ਦੇ ਸੂਬੇ ਉਪਰ ਕਬਜ਼ਾ ਕਰ ਲਿਆ। ਅੰਗਰੇਜ਼ ਡਾਇਰੀ ਨਵੀਸ ਕੇਈ ਨੇ ਲਿਖਿਆ ਕਿ ਸਿੰਧ ਦੇ ਅਮੀਰ ਨੂੰ ਸਜ਼ਾ ਦੇਣ ਦਾ ਅਸਲ ਕਾਰਨ ਅੰਗਰੇਜ਼ਾਂ ਨੂੰ ਅਫ਼ਗਾਨਿਸਤਾਨ ਵਿਚ ਮਿਲੀ ਸਜ਼ਾ ਸੀ। ਕੁਝ ਇਸ ਤਰ੍ਹਾਂ ਲੱਗਦਾ ਹੈ ਕਿ ਅੰਗਰੇਜ਼ ਵਿਖਾਉਣਾ ਚਾਹੁੰਦੇ ਸਨ ਕਿ ਉਹ ਜਿਸ ਨੂੰ ਵੀ ਚਾਹੁਣ ਦਬਾ ਸਕਦੇ ਹਨ ਤੇ ਉਹਨਾਂ ਨੇ ਸਿੰਧ ਦੇ ਅਮੀਰ ਨੂੰ ਦਬਾ ਲਿਆ।

ਪੰਜਾਬ ਦੀ ਸਰਕਾਰ ਤੇ ਅੰਗਰੇਜ਼ਾਂ ਦੇ ਸੰਬੰਧਾਂ ਵਿਚ ਫਰਕ ਪੈਂਦਾ ਜਾ ਰਿਹਾ ਸਾਫ ਸੀ ਪਰ ਦਰਬਾਰ ਅਜੇ ਤੱਕ ਇਸ ਦਾ ਵਿਖਾਵਾ ਨਹੀਂ ਕਰਨਾ ਚਾਹੁੰਦਾ ਸੀ। ਫਿਰ ਵੀ ਅੰਗਰੇਜ਼ਾ ਸਾਹਮਣੇ ਦੂਸਰੇ ਨੰਬਰ 'ਤੇ ਬਣਨਾ ਛੱਡ ਦਿੱਤਾ। ਜਦੋਂ ਦੋਸਤ ਮੁਹੰਮਦ ਕਾਬਲ ਨੂੰ ਜਾਂਦੇ ਵਕਤ ਲਾਹੌਰ ਵਿਚੋਂ ਲੰਘਿਆ ਤਾਂ ਉਸ ਦਾ ਚੰਗਾ ਸੁਆਗਤ ਕੀਤਾ ਹਾਲਾਂਕਿ ਉਸ ਦੀ ਸਿੱਖਾਂ ਨਾਲ ਤਕੜੀ ਤਲਵਾਰ ਖੜਕਦੀ ਰਹੀ ਸੀ। ਦਰਬਾਰ ਨੇ ਉਸ ਨਾਲ ਵੱਖਰੇ ਤੌਰ 'ਤੇ ਸਮਝੌਤਾ ਕੀਤਾ ਤੇ ਉਸ ਨੂੰ ਅਫ਼ਗਾਨਿਸਤਾਨ ਦੇ ਅਮੀਰ ਦੇ ਤੌਰ 'ਤੇ ਮਾਨਤਾ ਵੀ ਦਿੱਤੀ।

ਅੰਗਰੇਜ਼ਾਂ ਨੇ ਮਹਿਸੂਸ ਕਰ ਲਿਆ ਕਿ ਉਹਨਾਂ ਨੇ ਆਪਣੀਆਂ ਗਲਤ ਨੀਤੀਆਂ ਨਾਲ ਸ਼ੇਰ ਸਿੰਘ ਦਾ ਵਿਸ਼ਵਾਸ ਗਵਾ ਲਿਆ ਹੈ ਤੇ ਉਤਨੀ ਦੇਰ ਦੋਬਾਰਾ ਨਹੀਂ ਜੁੜ ਸਕਦਾ ਜਿਤਨੀ ਦੇਰ ਤੱਕ ਧਿਆਨ ਸਿੰਘ ਡੋਗਰਾ ਉਸ ਦਾ ਅਹਿਮ ਸਲਾਹਕਾਰ ਹੈ। ਆਪਣੇ ਵੱਲੋਂ ਦੋਸਤੀ ਦਾ ਪੂਰਾ ਪ੍ਰਗਟਾਵਾ ਕਰਦੇ ਹੋਏ ਕਲੇਰਕ ਸ਼ੇਰ ਸਿੰਘ ਉਪਰ ਦਬਾਅ ਪਾਉਂਦਾ ਰਿਹਾ ਕਿ ਸੰਧਾਵਾਲੀਆ ਸਰਦਾਰ ਅਜੀਤ ਸਿੰਘ ਤੇ ਅਤਰ ਸਿੰਘ, ਜੋ ਧਿਆਨ ਸਿੰਘ ਡੋਗਰਾ ਦੇ ਨਾਮੀ ਵਿਰੋਧੀ ਸਨ, ਨੂੰ ਪੰਜਾਬ ਵਿਚ ਵਾਪਸ ਮੁੜਨ ਦੀ ਆਗਿਆ ਦੇਵੇ ਤੇ ਉਹਨਾਂ ਦੀਆਂ ਪੁਰਾਣੀਆਂ ਜਗੀਰਾਂ ਤੇ ਕਿਲੇ ਵੀ ਲੌਟਾ ਦਿੱਤੇ ਜਾਣ। ਸ਼ੇਰ ਸਿੰਘ ਜੋ ਖ਼ੁਦ ਵੀ ਡੋਗਰਿਆਂ ਦੀ ਵਧਦੀ ਤਾਕਤ ਤੋਂ ਪਰੇਸ਼ਾਨ ਸੀ, ਇਸ ਬੇਨਤੀ ਨੂੰ ਮੰਨ ਗਿਆ।

ਬੇਸ਼ੱਕ ਸ਼ੇਰ ਸਿੰਘ ਨੇ ਅਜੀਤ ਸਿੰਘ ਸੰਧਾਵਾਲੀਆ ਨਾਲ ਦੋਸਤੀ ਕਰ ਲਈ ਤੇ ਦੋਵੇਂ ਨੀਤੀ ਦੇ ਮਾਮਲਿਆਂ ਵਿਚ ਧਿਆਨ ਸਿੰਘ ਡੋਗਰਾ ਦੀਆਂ ਤਜਵੀਜ਼ਾਂ ਨੂੰ ਵੀ ਸਲਾਹੁੰਦੇ ਰਹੇ। ਲੇਕਿਨ ਇਹ ਬੰਦੋਬਸਤ ਸੰਧਾਵਾਲੀਆਂ ਨੂੰ ਪਸੰਦ ਨਹੀਂ ਸੀ ਜੋ ਦੋਸਤੀ ਨਾਲੋਂ ਤਾਕਤ ਹਾਸਿਲ ਕਰਨ ਨੂੰ ਜ਼ਿਆਦਾ ਜ਼ਰੂਰੀ ਸਮਝਦੇ ਸਨ। ਇਹ ਗੱਲ ਅੰਗਰੇਜ਼ਾਂ ਨੂੰ ਵੀ ਪਸੰਦ ਨਹੀਂ ਸੀ, ਉਹ ਧਿਆਨ ਸਿੰਘ ਡੋਗਰਾ ਦੀ ਆਜ਼ਾਦ ਪਾਲਸੀ ਨੂੰ ਬ੍ਰਿਟਿਸ਼ ਵਿਰੋਧੀ ਸਮਝਦੇ ਸਨ।

ਸੰਧਾਵਾਲੀਆ ਨੇ ਆਪਣੇ ਹੀ ਤੌਰ 'ਤੇ ਇਹ ਕੰਮ ਕੀਤਾ ਕਿ ਅੰਗਰੇਜ਼ਾਂ ਵੱਲੋਂ ਪੂਰੀ ਮਦਦ ਦੀ ਸ਼ਹਿ ਉਪਰ? ਇਸ ਤੱਥ ਦਾ ਕਿਸੇ ਨੂੰ ਪਤਾ ਨਹੀਂ ਲੱਗ ਸਕਿਆ ਕਿਉਂਕਿ ਹਰ ਤਰ੍ਹਾਂ ਦੇ ਸਬੂਤ ਖ਼ੂਨ ਨਾਲ ਧੋ ਦਿੱਤੇ ਗਏ ਸਨ। ਇਕ ਵਾਰ ਫਿਰ ਸਾਨੂੰ ਕੁਝ ਗੱਲਾਂ ਡਾਕਟਰ ਹੌਨੀਬਰਗਰ ਦੀ ਕਲਮ ਤੋਂ ਪੜ੍ਹਨੀਆਂ ਪੈ ਰਹੀਆਂ ਹਨ। ਉਹ ਲਿਖਦਾ ਹੈ ਕਿ "ਇਤਫ਼ਾਕ ਨਾਲ ਹੀ ਮਹੱਲ ਤੋਂ ਸਿਰਫ਼ ਦਸ ਕਦਮਾਂ ਦੀ ਵਿੱਥ ਉਪਰ ਇਕ ਦਰਦਨਾਕ ਹਿੰਸਕ ਗੁਨਾਹ ਵਾਪਰਿਆ।"

15 ਅਗਸਤ 1843 ਹਿੰਦੂ ਕੈਲੰਡਰਾਂ ਮੁਤਾਬਕ ਅੱਸੂ ਮਹੀਨੇ ਦੀ ਸੰਗਰਾਦ ਸੀ। ਇਸ ਦਾ ਪ੍ਰਬੰਧ ਕੀਤਾ ਗਿਆ ਕਿ ਸ਼ੇਰ ਸਿੰਘ ਪਰੇਡ ਦੀ ਸਲਾਮੀ ਲਵੇਗਾ ਤੇ ਅਜੀਤ ਸਿੰਘ ਸੰਧਾਵਾਲੀਆ ਦੇ ਸਿਪਾਹੀਆਂ ਦਾ ਨਿਰੀਖਣ ਕਰੇਗਾ। ਪਰੇਡ ਇਕ ਖੁੱਲ੍ਹੇ ਮੈਦਾਨ ਵਿਚ ਸ਼ਾਹ ਬਿਲਾਵਲ ਦੇ ਆਰਾਮ ਗਾਹ ਵਾਲੇ ਬਾਗ ਵਿਚ ਹੋਵੇਗੀ। ਪਿਛਲੀ ਰਾਤ ਜ਼ਸਨ ਮਨਾਇਆ ਗਿਆ ਸੀ ਕਿ ਸ਼ੇਰ ਸਿੰਘ ਦੀ ਸਭ ਤੋਂ ਚਹੇਤੀ ਤੇ ਖ਼ੂਬਸੂਰਤ ਮਹਾਰਾਣੀ ਈਸ਼ਰ ਕੌਰ ਨੇ ਪੁੱਤਰ ਨੂੰ ਜਨਮ ਦਿੱਤਾ ਸੀ। ਮਹਾਰਾਜਾ ਸ਼ੇਰ ਸਿੰਘ ਆਪਣੇ ਵੱਡੇ ਪੁੱਤਰ ਪ੍ਰਤਾਪ ਸਿੰਘ ਨਾਲ ਬੱਚੇ ਨੂੰ ਨਜ਼ਦੀਕ ਵਾਲੇ ਬਾਗ ਵਿਚ ਲੈ ਗਿਆ ਜਿੱਥੇ ਉਸ ਨੂੰ ਚਾਂਦੀ ਨਾਲ ਤੋਲਿਆ ਜਾਣਾ ਸੀ ਤੇ ਉਹ ਚਾਂਦੀ ਗਰੀਬਾਂ ਵਿਚ ਦਾਨ ਕਰ ਦੇਣੀ ਸੀ। ਪਰੇਡ ਤੋਂ ਬਾਅਦ ਸੰਧਾਵਾਲੀਆ ਮਹਾਰਾਜ ਦੇ ਪਲੇਟਫਾਰਮ ਕੋਲ ਗਿਆ ਜਿੱਥੇ ਉਸ ਨੂੰ ਇੰਗਲੈਂਡ ਦੀ ਬਣੀ

ਦੁਨਾਲੀ ਬੰਦੂਕ ਭੇਂਟ ਕਰਨੀ ਸੀ ਜੋ ਉਹ ਕਲਕੱਤੇ ਤੋਂ ਲੈ ਕੇ ਆਇਆ ਸੀ। ਜਿਵੇਂ ਹੀ ਮਹਾਰਾਜਾ ਨੇ ਬੰਦੂਕ ਸਵੀਕਾਰ ਕਰਨ ਵਾਸਤੇ ਹੱਥ ਵਧਾਏ ਅਜੀਤ ਸਿੰਘ ਨੇ ਟਰਾਈਗਰ ਦਬਾ ਦਿੱਤਾ। "ਇਹ ਕੀ ਦਗਾ ਹੈ?" ਮਹਾਰਾਜਾ ਬੋਲਿਆ ਤੇ ਉਥੇ ਹੀ ਡਿੱਗ ਪਿਆ। ਸੰਧਾਵਾਲੀਆ ਦੇ ਬੰਦੇ ਮਹਾਰਾਜਾ ਦੇ ਬਾਡੀਗਾਰਡਾਂ ਦੇ ਛੋਟੇ ਜਿਹੇ ਦਸਤੇ ਉਪਰ ਟੁੱਟ ਕੇ ਪੈ ਗਏ। ਅਜੀਤ ਸਿੰਘ ਨੇ ਮਹਾਰਾਜਾ ਦਾ ਸਿਰ ਕੱਟਿਆ ਤੇ ਉਸ ਨੂੰ ਨੇਜ਼ੇ ਉਪਰ ਟੰਗ ਲਿਆ।

ਜਿਵੇਂ ਹੀ ਉਸ ਨੇ ਸ਼ਾਹ ਬਿਲਾਵਲ ਦੇ ਬਾਗ਼ ਵਿਚ ਗੋਲੀ ਦੀ ਆਵਾਜ਼ ਸੁਣੀ ਲਹਿਣਾ ਸਿੰਘ ਨਜ਼ਦੀਕ ਦੇ ਬਾਗ਼ ਵਿਚ ਗਿਆ ਤੇ ਪ੍ਰਤਾਪ ਸਿੰਘ ਨੂੰ ਫੜ ਲਿਆ। ਬੱਚੇ ਦੇ ਤਰਲਿਆਂ ਨੂੰ ਨਜ਼ਰ ਅੰਦਾਜ਼ ਕਰਦੇ ਹੋਏ ਲਹਿਣਾ ਸਿੰਘ ਨੇ ਉਸ ਦੀ ਗਰਦਨ ਕੱਟ ਦਿੱਤੀ। ਉਸ ਦੇ ਸਿਰ ਨੂੰ ਆਪਣੇ ਬਰਛੇ ਉਪਰ ਟੰਗ ਲਿਆ ਤੇ ਆਪਣੇ ਭਤੀਜੇ ਅਜੀਤ ਸਿੰਘ ਕੋਲ ਆ ਗਿਆ। ਦੋਹਾਂ ਕਾਤਲਾਂ ਨੇ ਉਹਨਾਂ ਦੇ ਸਿਰਾਂ ਦੀ ਸ਼ਹਿਰ ਵਿਚ ਚੱਕਰ ਲਗਾ ਕੇ ਨੁਮਾਇਸ਼ ਕੀਤੀ। ਉਹ ਰਸਤੇ ਵਿਚ ਧਿਆਨ ਸਿੰਘ ਬਾਜਵਾ ਨੂੰ ਮਿਲੇ। ਉਸ ਨੇ ਪ੍ਰਤਾਪ ਸਿੰਘ ਨੂੰ ਮਾਰਨ ਦਾ ਵਿਰੋਧ ਕਰਦੇ ਹੋਏ ਕਿਹਾ ਕਿ ਇਸ ਬੱਚੇ ਦਾ ਕੀ ਕਸੂਰ ਸੀ। ਉਹਨਾਂ ਕਿਹਾ ਜੋ ਹੋਣਾ ਸੀ ਹੋ ਗਿਆ ਹੈ, ਹੁਣ ਦਰੁਸਤ ਨਹੀਂ ਕੀਤਾ ਜਾ ਸਕਦਾ। ਹੁਣ ਦਲੀਪ ਸਿੰਘ ਨੂੰ ਮਹਾਰਾਜਾ ਬਣਾਉਣ ਤੋਂ ਬਿਨਾਂ ਕੋਈ ਚਾਰਾ ਨਹੀਂ ਬਚਿਆ। ਸਾਡੇ ਨਾਲ ਕਿਲ੍ਹੇ ਅੰਦਰ ਚਲੋ ਤੇ ਉਸ ਦੇ ਮਹਾਰਾਜਾ ਹੋਣ ਦਾ ਐਲਾਨ ਕਰੋ। ਧਿਆਨ ਸਿੰਘ ਕੋਲ ਬਹੁਤ ਥੋੜ੍ਹੇ ਜਿਹੇ ਅੰਗ ਰਖਿਅਕ ਸਨ ਤੇ ਉਹ ਇਹਨਾਂ ਸੰਧਾਵਾਲੀਆਂ ਦੀ ਕਰਤੂਤ ਤੋਂ ਪਰੇਸ਼ਾਨ ਵੀ ਸੀ ਤੇ ਘਬਰਾਇਆ ਹੋਇਆ ਵੀ ਪਰ ਉਸ ਕੋਲ ਉਹਨਾਂ ਦੇ ਨਾਲ ਚੱਲਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਸੀ। ਇਹ ਸਾਰਾ ਗਰੁੱਪ ਪਹਿਲੇ ਦਰਵਾਜ਼ੇ ਵੱਲੋਂ ਅੰਦਰ ਗਿਆ। ਅਜੀਤ ਸਿੰਘ ਨੇ ਦੀਵਾਰ ਤੇ ਬੈਠੇ ਸਿਪਾਹੀਆਂ ਵੱਲ ਇਸ਼ਾਰਾ ਕਰਕੇ ਧਿਆਨ ਸਿੰਘ ਦਾ ਮੂੰਹ ਪਾਸੇ ਕੀਤਾ ਤੇ ਉਸ ਨੂੰ ਗੋਲੀ ਮਾਰਦਿਆਂ ਕਿਹਾ ਤੂੰ ਬੀਬੀ ਚਾਂਦ ਕੌਰ ਨੂੰ ਕਤਲ ਕੀਤਾ ਸੀ। ਇਸ ਤੋਂ ਬਾਅਦ ਡੋਗਰਾ ਦੇ 25 ਅੰਗ ਰਖਿਅਕਾਂ ਦੇ ਵੀ ਟੋਟੇ ਕਰ ਦਿੱਤੇ।

ਸੁਚੇਤ ਸਿੰਘ ਤੇ ਹੀਰਾ ਸਿੰਘ ਨੇ, ਜੋ ਲਾਹੌਰ ਤੋਂ ਦੋ ਕੁ ਮੀਲ ਹੀ ਦੂਰੀ 'ਤੇ ਸਨ, ਮਹਾਰਾਜਾ ਤੇ ਉਸ ਦੇ ਪੁੱਤਰ ਦੇ ਕਤਲ ਦੀ ਖ਼ਬਰ ਸੁਣੀ। ਉਹਨਾਂ ਨੂੰ ਸੰਧਾਵਾਲੀਆ ਵੱਲੋਂ ਤੁਰੰਤ ਕਿਲ੍ਹੇ ਵਿਚ ਪਹੁੰਚਣ ਦੇ ਸੰਮਨ ਵੀ ਮਿਲੇ ਪਰ ਉਹ ਸਾਵਧਾਨ ਹੋ ਗਏ। ਉਹਨਾਂ ਨੂੰ ਸੰਮਨਾਂ ਉਪਰ ਧਿਆਨ ਸਿੰਘ ਡੋਗਰਾ ਦੇ ਦਸਤਖਤ ਹੋਣ 'ਤੇ ਵੀ ਸ਼ੰਕਾ ਹੋਈ। ਫਿਰ ਜਿਵੇਂ ਹੀ ਉਹਨਾਂ ਨੂੰ ਧਿਆਨ ਸਿੰਘ ਦੇ ਕਤਲ ਦੀ ਖਬਰ ਮਿਲੀ, ਉਹਨਾਂ ਨੇ ਖਾਲਸਾ ਫੌਜ ਕੋਲ ਸ਼ਰਨ ਲੈ ਲਈ।

ਸੰਧਾਵਾਲੀਆਂ ਨੇ ਕਿਲ੍ਹਾ ਤੇ ਮਹੱਲ ਆਪਣੇ ਕਬਜ਼ੇ ਵਿਚ ਲੈ ਲਿਆ ਤੇ

ਉਮੀਦ ਬਣਾ ਲਈ ਕਿ ਹੁਣ ਉਹ ਪੰਜਾਬ ਉਪਰ ਰਾਜ ਕਰਨਗੇ। ਉਹਨਾਂ ਨੇ ਅਜੇ ਲੋਕਾਂ ਬਾਰੇ ਨਹੀਂ ਸੋਚਿਆ ਸੀ।

ਇਸ ਤਰ੍ਹਾਂ ਦੇ ਘਿਣਾਉਣੇ ਕਤਲ ਦੀ ਖ਼ਬਰ ਨਾਲ ਲਾਹੌਰ ਸ਼ਹਿਰ ਵਿਚ ਹਲਚਲ ਫੈਲ ਗਈ। ਛਾਉਣੀ ਵਿਚ ਫੌਜੀਆਂ ਦੀ ਪੰਚਾਇਤ ਨੇ ਫੈਸਲਾ ਕੀਤਾ ਕਿ ਸ਼ਹਿਰ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ ਜਾਵੇ ਤੇ ਗੁਨਾਹਗਾਰਾਂ ਨੂੰ ਸਜ਼ਾ ਦਿੱਤੀ ਜਾਵੇ। ਉਹਨਾਂ ਨੇ ਧਿਆਨ ਸਿੰਘ ਦੇ ਪੁੱਤਰ ਹੀਰਾ ਸਿੰਘ ਨੂੰ ਆਪਣਾ ਆਗੂ ਬਣਾਇਆ ਜਿਸ ਨੇ ਉਹਨਾਂ ਨੂੰ ਆਪਣੇ ਪਿਤਾ ਦੇ ਕਤਲ ਦਾ ਬਦਲਾ ਲੈਣ ਵਿਚ ਮਦਦ ਦੀ ਅਪੀਲ ਕੀਤੀ ਸੀ। ਉਸ ਨੇ ਕਸਮ ਖਾਧੀ ਕਿ ਜਿਤਨੀ ਦੇਰ ਤੱਕ ਸੰਧਾਵਾਲੀਆਂ ਨੂੰ ਸਜ਼ਾ ਨਹੀਂ ਮਿਲਦੀ ਉਹ ਅੰਨ ਨਹੀਂ ਗ੍ਰਹਿਣ ਕਰੇਗਾ। ਧਿਆਨ ਸਿੰਘ ਡੋਗਰਾ ਦੀ ਵਿਧਵਾ ਨੇ ਆਪਣੇ ਪਤੀ ਦਾ ਸਸਕਾਰ ਨਹੀਂ ਹੋਣ ਦਿੱਤਾ ਕਿ ਜਿਤਨੀ ਦੇਰ ਤੱਕ ਉਸ ਦੇ ਕਾਤਲਾਂ ਦੇ ਸਿਰ ਉਸ ਦੇ ਪੈਰਾਂ ਵਿਚ ਨਹੀਂ ਰੱਖੇ ਜਾਂਦੇ, ਉਹ ਚਿਤਾ ਨਹੀਂ ਬਣਨ ਦੇਵੇਗੀ। ਡੋਗਰਿਆਂ ਨੇ ਫੌਜੀਆਂ ਨੂੰ ਸੰਧਾਵਾਲੀਆਂ ਦੇ ਅੰਗਰੇਜ਼ਾਂ ਨਾਲ ਸੰਬੰਧਾਂ ਦੀ ਜਾਣਕਾਰੀ ਵੀ ਦਿੱਤੀ। ਉਹਨਾਂ ਨੇ ਫੌਜੀਆਂ ਦੀਆਂ ਤਨਖਾਹਾਂ ਵਿਚ ਇਕ ਰੁਪਈਆ ਹੋਰ ਵਧਾਉਣ ਦੀ ਵੀ ਪੇਸ਼ਕੱਸ਼ ਕੀਤੀ। ਫੌਜ ਨੇ ਅਪੀਲ ਦਾ ਚੰਗਾ ਹੁੰਗਾਰਾ ਦਿੱਤਾ ਤੇ ਸ਼ਾਮ ਤੱਕ ਕਿਲ੍ਹੇ ਨੂੰ ਘੇਰ ਲਿਆ। ਸਾਰੀ ਰਾਤ ਤੋਪਾਂ ਕਿਲ੍ਹੇ ਦੀਆਂ ਦੀਵਾਰਾਂ ਵਿਚ ਛੇਕ ਕਰਦੀਆਂ ਰਹੀਆਂ। ਅਗਲੀ ਸਵੇਰ ਨਿਹੰਗਾਂ ਨੇ ਹਮਲਾ ਕੀਤਾ ਤੇ ਕਿਲ੍ਹੇ 'ਤੇ ਕਬਜ਼ਾ ਕਰ ਲਿਆ।

ਹੀਰਾ ਸਿੰਘ ਤੇ ਸੁਚੇਤ ਸਿੰਘ ਨੇ ਸੰਧਾਵਾਲੀਆ ਤੋਂ ਭਿਅੰਕਰ ਬਦਲੇ ਲਏ। ਅਜੀਤ ਸਿੰਘ ਭੱਜਣ ਦੀ ਕੋਸ਼ਿਸ਼ ਕਰਦਾ ਫੜਿਆ ਗਿਆ ਤੇ ਲਹਿਣਾ ਸਿੰਘ ਇਕ ਭੋਰੇ ਵਿਚ ਲੁਕਿਆ ਫੜਿਆ ਗਿਆ ਜਿਸ ਨੇ ਇਕ ਲੱਤ ਤੁੜਵਾਈ ਹੋਈ ਸੀ। ਦੋਵੇਂ ਸਰਦਾਰਾਂ ਤੇ ਉਹਨਾਂ ਦੇ 600 ਸਿਪਾਹੀਆਂ ਨੂੰ ਤਲਵਾਰ ਦੇ ਸਾਹਮਣੇ ਰੱਖਿਆ ਗਿਆ। ਮਾਰੇ ਜਾਣ ਵਾਲਿਆਂ ਵਿਚ ਭਾਈ ਗੁਰਮੁਖ ਸਿੰਘ ਤੇ ਮਿਸਰ ਬੇਲੀ ਰਾਮ ਵੀ ਸਨ ਜਿਹਨਾਂ ਬਾਰੇ ਹੀਰਾ ਸਿੰਘ ਨੂੰ ਸ਼ੱਕ ਸੀ ਕਿ ਇਹ ਉਸ ਦੀ ਪਿਤਾ ਦੇ ਕਤਲ ਦੇ ਪਿੱਛੇ ਸਨ। ਓਧਰ ਅਤਰ ਸਿੰਘ ਸੰਧਾਵਾਲੀਆ ਨੂੰ ਆਪਣੇ ਲੋਕਾਂ ਦੇ ਮਾਰੇ ਜਾਣ ਦੀ ਖ਼ਬਰ ਓਦੋਂ ਮਿਲੀ ਜਦੋਂ ਉਹ ਲਾਹੌਰ ਦੇ ਰਸਤੇ ਵਿਚ ਸੀ। ਉਸ ਨੇ ਸਿੱਖ ਫੌਜੀਆਂ ਨੂੰ ਡੋਗਰਿਆਂ ਦੇ ਖਿਲਫ਼ ਭੜਕਾਉਣ ਦੀ ਕੋਸ਼ਿਸ਼ ਕੀਤੀ ਪਰ ਉਸ ਦੀ ਗੱਲ ਕਿਸੇ ਨੇ ਨਾ ਸੁਣੀ। ਫੌਜ ਵਿਚ ਜ਼ਿਆਦਾਤਰ ਸਿੱਖ ਸਨ ਪਰ ਉਹ ਰਾਜਘਾਤੀਆਂ ਦੇ ਪਰਿਵਾਰ ਦਾ ਸਾਥ ਦੇਣ ਵਾਸਤੇ ਬਿਲਕੁੱਲ ਤਿਆਰ ਨਹੀਂ ਸਨ। ਅਤਰ ਸਿੰਘ ਸਤਲੁੱਜ ਤੋਂ ਪਾਰ ਦੌੜ ਗਿਆ ਤੇ ਅੰਗਰੇਜ਼ਾਂ ਨੂੰ ਆਪਣੀ ਗੇਮ ਵਾਸਤੇ ਤਾਸ਼ ਦਾ ਇਕ ਹੋਰ ਪੱਤਾ ਮਿਲ ਗਿਆ।

ਧਿਆਨ ਸਿੰਘ ਡੋਗਰਾ ਦੀਆਂ ਹੱਡੀਆਂ ਜੋ ਤੋੜ ਕੇ ਗਟਰ ਵਿਚ ਸੁੱਟ ਦਿੱਤੀਆਂ ਸਨ, ਇਕੱਠੀਆਂ ਕੀਤੀਆਂ ਗਈਆਂ। ਇਹਨਾਂ ਨੂੰ ਚਿਤਾ ਉਪਰ ਰੱਖਿਆ ਗਿਆ। ਉਸ ਦੀਆਂ ਵਿਧਵਾਵਾਂ ਤੇ ਦਾਸੀਆਂ ਵੀ ਚਿਤਾ ਉਪਰ ਬੈਠ ਗਈਆਂ। ਮੁੱਖ ਰਾਣੀ ਨੇ ਆਪਣੇ ਪਤੀ ਦੀ ਕਲਗੀ ਹੀਰਾ ਸਿੰਘ ਦੀ ਪਗੜੀ ਉਪਰ ਲਗਾ ਦਿੱਤੀ ਤੇ ਕਿਹਾ ਕਿ ਜਦੋਂ ਉਹ ਉਸ ਦੇ ਪਤੀ ਨੂੰ ਮਿਲੇਗੀ ਤਾਂ ਦੱਸੇਗੀ ਕਿ ਉਸ ਦੇ ਪੁੱਤਰ ਨੇ ਬਹਾਦਰੀ ਨਾਲ ਬਦਲਾ ਲਿਆ। ਸੰਧਾਵਾਲੀਆਂ ਦੇ ਸਿਰ ਉਸ ਦੇ ਪੈਰਾਂ ਵਿਚ ਰੱਖੇ। ਫਿਰ ਮ੍ਰਿਤਕ ਦੇਹ ਤੇ ਜਿੰਦਾ ਵਿਅਕਤੀ ਵੀ ਅਗਨੀ ਦੀਆਂ ਲਾਟਾਂ ਦੇ ਸਪੁਰਦ ਕਰ ਦਿੱਤੇ।

ਇਸ ਤਰ੍ਹਾਂ ਲਾਹੌਰ ਦਰਬਾਰ ਦੀ ਸਭ ਤੋਂ ਵੱਧ ਵਿਵਾਦ ਗ੍ਰਸਤ ਹਸਤੀ ਰਾਜਾ ਧਿਆਨ ਸਿੰਘ ਡੋਗਰੇ ਦਾ ਜੀਵਨ ਵਿਕਾਸ ਖ਼ਤਮ ਹੋ ਗਿਆ। ਕੁਝ ਲੋਕਾਂ, ਮਹਾਰਾਜਾ ਰਣਜੀਤ ਸਿੰਘ ਸਮੇਤ, ਵਾਸਤੇ ਉਹ ਦਰਬਾਰ ਦਾ ਸਭ ਤੋਂ ਇਤਬਾਰੀ ਸੇਵਕ ਸੀ ਤੇ ਹੋਰ ਕਈਆਂ ਵਾਸਤੇ ਉਹ ਸਭ ਬੁਰਾਈਆਂ ਦੀ ਜੜ੍ਹ ਸੀ ਤੇ ਰਾਜ ਦੇ ਖਾਤਮੇ ਵਾਸਤੇ ਉਹੀ ਜ਼ਿਮੇਵਾਰ ਸੀ।

***

ਕੀ 15 ਤੇ 16 ਸਤੰਬਰ ਦੀ ਹਨੇਰ ਗਰਦੀ ਵਿਚ ਅੰਗਰੇਜ਼ਾਂ ਦਾ ਹੱਥ ਸੀ ? ਕੁਝ ਅਜਿਹੇ ਤੱਥ ਹਨ ਜਿਹਨਾਂ ਨੂੰ ਕੋਈ ਅੰਗਰੇਜ਼ ਇਤਿਹਾਸਕਾਰ ਬੜੀ ਮੁਸ਼ਕਿਲ ਨਾਲ ਜਵਾਬ ਦੇ ਸਕੇਗਾ। ਜਿਸ ਸ਼ਿੱਦਤ ਨਾਲ ਲੁਧਿਆਣਾ ਤੇ ਬ੍ਰਿਟਿਸ਼ ਏਜੰਟ ਮਿਸਟਰ ਕਲੇਰਕ ਨੇ ਸੰਧਾਵਾਲੀਆ ਦਾ ਕੇਸ ਮਹਾਰਾਜਾ ਸ਼ੇਰ ਸਿੰਘ ਅੱਗੇ ਰੱਖਿਆ ਤੇ ਕਿਵੇਂ ਉਹਨਾਂ ਲਾਹੌਰ ਵਿਚ ਰੱਖਣ ਵਾਸਤੇ ਪ੍ਰੇਰਿਤ ਕੀਤਾ। ਇਸ ਕਤਲ ਤੋਂ ਸਿਰਫ਼ ਇਕ ਮਹੀਨਾ ਪਹਿਲਾਂ ਜਦੋਂ ਅਜੇ ਸ਼ੇਰ ਸਿੰਘ ਚੰਗੀ ਸੇਹਤ ਵਿਚ ਸੀ, ਗਵਰਨਰ ਜਨਰਲ ਨੇ ਲਿਖਿਆ ਕਿ "ਸ਼ੇਰ ਸਿੰਘ ਦੀ ਮੌਤ ਤੋਂ ਬਾਅਦ ਪੰਜਾਬ ਦਾ ਮਸਲਾ ਬਿਲਕੁੱਲ ਹੋਰ ਤਰ੍ਹਾਂ ਦਾ ਹੋ ਜਾਵੇਗਾ।"

ਪੰਜਾਬੀ ਸਮਝਦੇ ਸਨ ਕਿ ਸ਼ੇਰ ਸਿੰਘ ਉਪਰ ਜਿਸ ਬੰਦੂਕ ਵਿਚੋਂ ਗੋਲੀ ਚੱਲੀ, ਉਸ ਦਾ ਹੋੜਾ ਨੱਪਣ ਵਾਲੀ ਉਂਗਲ ਅੰਗਰੇਜ਼ਾਂ ਦੀ ਸੀ। ਉਹ ਰਾਜ ਦਾ ਵਾਰਸ ਤੇ ਪ੍ਰਧਾਨ ਮੰਤਰੀ ਤੋਂ ਇਲਾਵਾ ਇਕ ਹਜ਼ਾਰ ਤੋਂ ਉਪਰ ਪੰਜਾਬੀ ਤੇ ਗੋਰਖਾ ਸਿਪਾਹੀਆਂ ਦੀ ਮੌਤ ਦਾ ਕਾਰਨ ਬਣੇ। ਇਥੋਂ ਤੱਕ ਕਿ ਕਲਕੱਤੇ ਦੇ ਭਾਰਤੀ ਤੇ ਅੰਗਰੇਜ਼ ਅਖਬਾਰ ਨਵੀਸਾਂ ਦਾ ਕਹਿਣਾ ਸੀ ਕਿ ਭਾਵੇਂ ਈਸਟ ਇੰਡੀਆ ਕੰਪਨੀ ਦੀ ਸਿੱਧੀ ਸ਼ਮੂਲੀਅਤ ਦੇ ਪੱਕੇ ਸਬੂਤ ਨਹੀਂ ਹਨ, ਇਹ ਕੰਮ ਉਸ ਦਾ ਮੰਨਿਆ ਜਾ ਰਿਹਾ ਹੈ। ਇਕ ਰਸਾਲੇ 'ਭਾਰਤ ਦੇ ਦੋਸਤ' ਨੇ ਲਿਖਿਆ ਕਿ 'ਦਾਲ ਵਿਚ ਕੁਝ ਕਾਲਾ ਜ਼ਰੂਰ ਹੈ'।

5

ਪੰਜਾਬ, ਡੋਗਰਿਆਂ ਦੀ ਚੌਧਰ ਹੇਠ

ਮਹਾਰਾਜਾ ਰਣਜੀਤ ਸਿੰਘ ਦੇ ਕਈ ਪੁੱਤਰ ਸਨ ਪਰ ਉਹ ਕਿਸੇ ਨੂੰ ਵੀ ਉਤਨਾ ਪਸੰਦ ਨਹੀਂ ਸੀ ਕਰਦਾ ਜਿਤਨਾ ਆਪਣੇ ਪ੍ਰਧਾਨ ਮੰਤਰੀ ਰਾਜਾ ਧਿਆਨ ਸਿੰਘ ਦੇ ਗੋਰੇ ਚਿੱਟੇ ਪੁੱਤਰ ਹੀਰਾ ਸਿੰਘ ਨੂੰ। ਮਹਾਰਾਜਾ ਰਣਜੀਤ ਸਿੰਘ ਨੇ ਹੀਰਾ ਸਿੰਘ ਨੂੰ ਆਪਣੇ ਪੁੱਤਰਾਂ ਵਾਂਗ ਪਾਲਿਆ ਸੀ ਤੇ ਉਸ ਨੂੰ ਬਕਾਇਦਾ 'ਫ਼ਰਜ਼ੰਦੇ ਖਾਸ' ਦਾ ਖਿਤਾਬ ਵੀ ਦਿੱਤਾ ਜਿਸ ਦਾ ਮਤਲਬ ਵੀ ਵਿਸ਼ੇਸ਼ ਪੁੱਤਰ ਬਣਦਾ ਹੈ। ਮਹਾਰਾਜਾ ਨੇ ਉਸ ਨੂੰ 'ਰਾਜਾ' ਬਣਾਇਆ, ਉਸ ਦੇ ਵਿਆਹ ਦਾ ਪ੍ਰਬੰਧ ਕੀਤਾ, ਕੀਮਤੀ ਤੋਹਫੇ ਦਿੱਤੇ ਤੇ ਉਸ ਨੂੰ ਦਰਬਾਰ ਵਿਚ ਬੈਠਣ ਵਾਸਤੇ ਉਹ ਅਸਥਾਨ ਦਿੱਤਾ ਜਿਹੜਾ ਉਸ ਦੇ ਪਿਤਾ, ਪ੍ਰਧਾਨ ਮੰਤਰੀ, ਕੋਲ ਵੀ ਨਹੀਂ ਸੀ। ਉਸ ਨੂੰ ਖੁੱਲ੍ਹ ਕੇ ਬੋਲਣ ਤੇ ਮਹਾਰਾਜਾ ਦੇ ਕੰਮ ਦੀ ਨੁਕਤਾਚੀਨੀ ਕਰਨ ਦਾ ਵੀ ਹੱਕ ਸੀ। ਹੀਰਾ ਸਿੰਘ ਮਹਾਰਾਜ ਨੂੰ ਕਿਸੇ ਇੱਜ਼ਤ ਵਾਲੇ ਲਫ਼ਜ਼ਾਂ ਨਾਲ ਸੰਬੋਧਨ ਨਹੀਂ ਕਰਦਾ ਸੀ, ਉਸ ਨੂੰ 'ਬਾਪੂ' ਕਹਿ ਕੇ ਬਲਾਉਂਦਾ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਜੇ ਮਹਾਰਾਜਾ ਚੱਲਦੀਆਂ ਆ ਰਹੀਆਂ ਰਵਾਇਤਾਂ ਤੇ ਰਸਮਾਂ ਨੂੰ ਤੋੜ ਸਕਦਾ ਹੁੰਦਾ ਤਾਂ ਆਪਣੇ ਪੁੱਤਰਾਂ ਦੀ ਬਜਾਏ ਇਸ ਡੋਗਰਾ ਮੁੰਡੇ ਨੂੰ ਗੱਦੀ ਦਾ ਵਾਰਸ ਬਣਾਉਂਦਾ। ਲੇਕਿਨ ਇਸ ਤਰ੍ਹਾਂ ਨਹੀਂ ਹੋ ਸਕਦਾ ਸੀ। ਹੀਰਾ ਸਿੰਘ ਨੂੰ ਵੀ ਕੋਈ ਭਲੇਖਾ ਨਹੀਂ ਸੀ ਕਿ ਪੰਜਾਬ ਦੀ ਗੱਦੀ ਦਾ ਰਸਮੀ ਵਾਰਸ ਸ਼ਾਹੀ ਖਾਨਦਾਨ ਵਿਚੋਂ ਹੀ ਹੋ ਸਕਦਾ ਹੈ। ਲੇਕਿਨ ਜੋ ਮਾਹੌਲ ਉਸ ਵਕਤ ਲਾਹੌਰ ਵਿਚ ਬਣਿਆ ਸੀ, ਦਰਬਾਰੀ ਤੇ ਸਲਾਹਕਾਰ ਜੋ ਵੀ ਸੋਚਦੇ, ਬਾਰ ਬਾਰ ਇਹ ਖਿਆਲ ਆਉਂਦਾ ਕਿ ਅਜਿਹੀ ਹਾਲਤ ਵਿਚ ਮਹਾਰਾਜਾ ਰਣਜੀਤ ਸਿੰਘ ਕੀ ਕਰਦਾ। ਇਹ ਪੱਕਾ ਹੋ ਗਿਆ ਕਿ ਪ੍ਰਧਾਨ ਮੰਤਰੀ ਵਾਸਤੇ ਧਿਆਨ ਸਿੰਘ ਦੀ ਜਗ੍ਹਾ ਉਸ ਦਾ ਪੁੱਤਰ ਹੀਰਾ ਸਿੰਘ ਹੀ ਲਵੇਗਾ।

ਲੇਕਿਨ ਸਭ ਤੋਂ ਭਖਦਾ ਸਵਾਲ ਇਹ ਸੀ ਕਿ ਉਸ ਦੇ ਪੁੱਤਰਾਂ ਵਿਚੋਂ ਕਿਸ ਨੂੰ ਰਣਜੀਤ ਸਿੰਘ ਦੇ ਤਖਤ 'ਤੇ ਬੈਠਾਇਆ ਜਾਵੇ। ਸਭ ਚੋਣਾਂ ਦਲੀਪ ਸਿੰਘ 'ਤੇ ਆ ਕੇ ਰੁਕ ਜਾਂਦੀਆਂ ਸਨ ਜਿਹੜਾ ਉਸ ਵੇਲੇ 6 ਸਾਲ ਦਾ ਸੀ। ਸੰਧਾਵਾਲੀਆਂ ਨੇ ਪਹਿਲੇ ਹੀ ਉਸ ਨੂੰ ਮਹਾਰਾਜਾ ਐਲਾਨਿਆ ਹੋਇਆ ਸੀ। ਹੀਰਾ ਸਿੰਘ ਵੀ ਸੋਚਦਾ ਸੀ ਉਸ ਦੀ ਨਬਾਲਗੀ ਦੇ ਮੌਕੇ ਉਹ ਪ੍ਰਧਾਨ ਮੰਤਰੀ ਵੀ ਹੋਵੇਗਾ ਤੇ ਮਹਾਰਾਜਾ ਦਾ ਅਖਿਤਆਰ ਵੀ ਉਸੇ ਕੋਲ ਹੋਵੇਗਾ। ਇਸ ਵਿਚ ਵੀ ਕੋਈ ਸ਼ੱਕ ਨਹੀਂ ਸੀ ਕਿ ਦਲੀਪ ਸਿੰਘ ਦੀ ਮਾਂ, ਨੌਜਵਾਨ ਤੇ ਖੂਬਸੂਰਤ, ਜਿੰਦਾਂ, ਜਿਸ ਦਾ ਸੁਚੇਤ ਸਿੰਘ ਡੋਗਰਾ ਉਪਰ ਚੰਗਾ ਪ੍ਰਭਾਵ ਸੀ ਇਸ ਤਜਵੀਜ਼ ਨੂੰ ਪੂਰੀ ਤਰਾਂ ਪ੍ਰਵਾਨ ਕਰੇਗੀ। ਨਤੀਜੇ ਵਜੋਂ ਜਦੋਂ ਗਲੀਆਂ ਵਿਚੋਂ ਲਾਸ਼ਾਂ ਉਠਾ ਲਈਆਂ ਗਈਆਂ ਤੇ ਅਮਨ ਬਹਾਲ ਹੋ ਗਿਆ ਤਾਂ ਦਲੀਪ ਸਿੰਘ ਨੂੰ ਮਹਾਰਾਜਾ ਐਲਾਨਿਆ ਗਿਆ ਤੇ ਹੀਰਾ ਸਿੰਘ ਡੋਗਰਾ ਨੂੰ ਉਸ ਦਾ ਪ੍ਰਧਾਨ ਮੰਤਰੀ।

ਨਾ 15 ਤੇ 16 ਸਤੰਬਰ ਦੇ ਖੂਨੀ ਸਾਕੇ ਤੇ ਨਾ ਹੀ ਦਲੀਪ ਨੂੰ ਮਹਾਰਾਜਾ ਐਲਾਨਣ ਨਾਲ ਦਰਬਾਰ ਦੇ ਅੰਦਰ ਦੀ ਧੜੇਬੰਦੀ ਖ਼ਤਮ ਹੋਈ। ਬਹੁਤ ਲੋਕ ਤਖਤ ਦੇ ਵੱਖ ਵੱਖ ਦਾਵੇਦਾਰਾਂ ਪਿੱਛੇ ਇਕੱਠੇ ਹੋ ਗਏ ਤੇ ਹਰ ਗਰੁੱਪ ਦਾ ਆਪਣਾ ਪ੍ਰਧਾਨ ਮੰਤਰੀ ਵੀ ਸੀ। ਦਲੀਪ ਸਿੰਘ ਦੀ ਵਾਜਬੀਅਤ ਬਾਰੇ ਉਸ ਦੇ ਵੱਡੇ ਮਤਰੇਏ ਭਰਾਵਾਂ ਕਸ਼ਮੀਰਾ ਸਿੰਘ ਤੇ ਪਿਸ਼ੌਰਾ ਸਿੰਘ ਨੇ ਇਤਰਾਜ਼ ਉਠਾਏ। ਹੀਰਾ ਸਿੰਘ ਡੋਗਰਾ ਨੂੰ ਪ੍ਰਧਾਨ ਮੰਤਰੀ ਬਣਾਉਣ ਬਾਰੇ ਤਾਂ ਉਸ ਦੇ ਰਿਸ਼ਤੇਦਾਰ ਸੁਚੇਤ ਸਿੰਘ ਨੇ ਸਵਾਲ ਖੜੇ ਕੀਤੇ ਜਿਸ ਦੀ ਹਿਮਾਇਤ ਮਹਾਰਾਣੀ ਜਿੰਦਾਂ ਨੇ ਵੀ ਕੀਤੀ। ਸੁਚੇਤ ਸਿੰਘ ਬਾਰੇ ਚਰਚਾ ਸੀ ਕਿ ਉਹ ਰਾਣੀ ਜਿੰਦਾਂ ਦਾ ਆਸ਼ਕ ਹੈ। ਸੁਚੇਤ ਸਿੰਘ ਦਾ ਵੱਡਾ ਭਰਾ ਗੁਲਾਬ ਸਿੰਘ ਵੀ ਹੀਰਾ ਸਿੰਘ ਦੇ ਹੱਕ ਵਿਚ ਨਹੀਂ ਸੀ। ਕਿਉਂਕਿ ਸੁਚੇਤ ਸਿੰਘ ਦਾ ਆਪਣਾ ਕੋਈ ਪੁੱਤਰ ਨਹੀਂ ਸੀ, ਇਸ ਕਰਕੇ ਗੁਲਾਬ ਸਿੰਘ ਨੇ ਉਸ ਨੂੰ ਕਿਹਾ ਹੋਇਆ ਸੀ ਕਿ ਉਹ ਉਸ ਦੇ ਛੋਟੇ ਪੁੱਤਰ ਰਣਬੀਰ ਸਿੰਘ ਨੂੰ ਗੋਦ ਲੈ ਲਵੇ ਜਿਸ ਨੂੰ 'ਮੀਆਂ ਫੀਨਾ' ਕਰਕੇ ਬੁਲਾਇਆ ਜਾਂਦਾ ਸੀ। ਇਸ ਵਿਚ ਗੁਲਾਬ ਸਿੰਘ ਆਪਣੀ ਕਿਸਮਤ ਨੂੰ ਸੁਚੇਤ ਸਿੰਘ ਦੀ ਕਿਸਮਤ ਨਾਲ ਜੋੜ ਕੇ ਆਪਣਾ ਫਾਇਦਾ ਵੇਖ ਰਿਹਾ ਸੀ। ਪ੍ਰਧਾਨ ਮੰਤਰੀ ਦੇ ਅਹੁਦੇ ਵਾਸਤੇ ਇਕ ਹੋਰ ਦਾਅਵੇਦਾਰ ਜਿੰਦਾਂ ਦਾ ਭਰਾ ਜਵਾਹਰ ਸਿੰਘ ਸੀ ਜੋ ਰਿਸ਼ਤੇ ਦੇ ਹਿਸਾਬ ਨਾਲ ਵੀ ਛੋਟੇ ਮਹਾਰਾਜਾ ਦਾ ਰੱਖਿਅਕ-ਸਲਾਹਕਾਰ ਸੀ। ਅਚਾਨਕ ਇਕ ਹੋਰ ਬੰਦਾ ਵੀ ਪ੍ਰਧਾਨ ਮੰਤਰੀ ਵਾਸਤੇ ਉਮੀਦਵਾਰ ਸਾਹਮਣੇ ਆ ਗਿਆ। ਉਹ ਇਕ ਬ੍ਰਾਹਮਣ ਪੁਜਾਰੀ, ਪੰਡਤ ਜੱਲਾ ਸੀ ਜੋ ਹੀਰਾ ਸਿੰਘ ਦਾ ਬਚਪਨ ਦਾ ਸਾਥੀ ਤੇ ਉਸ ਦਾ ਅਧਿਆਪਕ ਵੀ ਸੀ। ਉਹ ਬਹੁਤ ਹੀ ਉਜੱਡ ਕਿਸਮ ਦਾ ਬੰਦਾ ਸੀ ਤੇ ਕੋਈ ਵੀ ਉਸ ਨੂੰ ਪਸੰਦ ਨਹੀਂ ਕਰਦਾ ਸੀ।

ਅਸਲ ਵਿਚ ਦਰਬਾਰ ਦੀ ਸਟੇਜ ਦੇ ਸਾਰੇ ਪਾਤਰ ਹੁਣ ਕਠਪੁਤਲੀਆਂ ਰਹਿ ਗਏ ਸਨ ਜਿਹਨਾਂ ਦੀਆਂ ਤਾਰਾਂ ਫ਼ੌਜ ਦੇ ਪੰਚਾਂ ਦੇ ਹੱਥਾਂ ਵਿਚ ਚਲੇ ਗਈਆਂ ਸਨ। ਫ਼ੌਜੀਆਂ ਸਾਹਮਣੇ ਕੋਈ ਸਿਆਸੀ ਮਕਸਦ ਨਹੀਂ ਸੀ, ਉਹ ਆਪਣੀ ਹਸਤੀ ਦੀ ਮਾਨਤਾ ਚਾਹੁੰਦੇ ਸਨ ਤੇ ਵੱਡੀ ਗੱਲ ਕਿ ਅੰਗਰੇਜ਼ਾਂ ਦੀਆਂ ਚਾਲਾਂ ਦਾ ਧਿਆਨ ਰੱਖ ਰਹੇ ਸਨ। ਇਹਨਾਂ ਦਾ ਉਹਨਾਂ ਆਦਮੀਆਂ ਬਾਰੇ ਰਵੱਈਆ ਬਹੁਤ ਸਖ਼ਤ ਸੀ ਜਿਹਨਾਂ ਬਾਰੇ ਅੰਗਰੇਜ਼ਾਂ ਨਾਲ ਗੰਢਤੁੱਪ ਦਾ ਸ਼ੰਕਾ ਸੀ। ਸ਼ਾਹੀ ਖਾਨਦਾਨ ਦੇ ਲੋਕਾਂ ਨੇ ਫ਼ੌਜ ਦੇ ਇਸ ਅੰਗਰੇਜ਼ ਵਿਰੋਧੀ ਫੋਬੀਆ ਨੂੰ ਵਰਤਿਆ ਤੇ ਹਰ ਕੋਈ ਆਪਣੇ ਵਿਰੋਧੀਆਂ ਉਪਰ ਅੰਗਰੇਜ਼ਾਂ ਦੀ ਤਨਖਾਹ ਲੈਣ ਵਾਲੇ ਦਾ ਇਲਜ਼ਾਮ ਲਗਾਉਂਦੇ ਰਹੇ। ਉਹ ਫੌਜ ਨੂੰ ਅੰਗਰੇਜ਼ਾਂ ਦੇ ਹਮਲੇ ਦਾ ਖ਼ਤਰਾ ਦੱਸਦੇ ਰਹੇ। ਕਿਉਂਕਿ ਫੌਜ ਵਿਚ ਵੱਡੀ ਗਿਣਤੀ ਸਿੱਖਾਂ ਦੀ ਸੀ ਇਸ ਵਾਸਤੇ ਉਹ ਧਾਰਮਿਕ ਰੰਗ ਵਿਚ ਵੀ ਸ਼ਾਮਿਲ ਸਨ। ਇਸ ਦੌਰਾਨ ਇਕ ਆਦਮੀ ਭਾਈ ਬੀਰ ਸਿੰਘ ਚਰਚਾ ਵਿਚ ਆਇਆ। ਉਹ ਇਕ ਰੀਟਾਇਰਡ ਫੌਜੀ ਸੀ ਤੇ ਹੁਣ ਸਤਲੁੱਜ ਦੇ ਕੰਢੇ ਨੌਰੰਗਾਬਾਦ ਵਿਚ ਆਪਣਾ ਗੁਰਦੁਆਰਾ ਚਲਾ ਰਿਹਾ ਸੀ। ਉਸ ਦੀ ਹਾਜ਼ਰੀ ਵਿਚ 1200 ਬੰਦੂਕਚੀ ਤੇ 3,000 ਘੋੜ ਸਵਾਰ ਰਹਿੰਦੇ ਸਨ। ਉਸ ਦੇ ਲੰਗਰ ਵਿਚੋਂ ਹਰ ਰੋਜ਼ ਕੋਈ 1500 ਲੋਕ ਅੰਨ ਛਕਦੇ ਸਨ।

ਅੰਗਰੇਜ਼ਾਂ ਦੇ ਹਮਲੇ ਦਾ ਖ਼ਤਰਾ ਸਿਰਫ਼ ਪ੍ਰਾਪੇਗੰਡਾ ਹੀ ਨਹੀਂ, ਹਿੰਦੁਸਤਾਨ ਵਿਚ ਫੌਜੀ ਤਿਆਰੀਆਂ ਦੇ ਸਬੂਤ ਮਿਲ ਰਹੇ ਸਨ। ਪੰਜਾਬੀ ਜਾਣਦੇ ਸਨ ਕਿ ਅੰਗਰੇਜ਼ਾਂ ਨੂੰ ਹਮਲੇ ਵਾਸਤੇ ਸਿਰਫ਼ ਬਹਾਨੇ ਦੀ ਜ਼ਰੂਰਤ ਹੈ। ਅੰਗਰੇਜ਼ ਪੰਜਾਬ ਵਿਚ ਬਹੁਤ ਸਰਗਰਮ ਸਨ। ਉਹਨਾਂ ਨੇ ਯੂਰਪੀਨ ਅਫ਼ਸਰਾਂ ਤੇ ਬਹੁਤ ਸਾਰੇ ਸਿੱਖ ਸਰਦਾਰਾਂ ਨਾਲ ਰਾਬਤਾ ਬਣਾਇਆ ਹੋਇਆ ਸੀ। ਉਹਨਾਂ ਦੀ ਪੰਜਾਬ ਨਾਲ ਗੱਲ ਬਾਤ ਜਾਂ ਤਾਂ ਸਰਪਰਸਤੀ ਵਾਲੀ ਸੀ ਜਾਂ ਤਾਨਾਸ਼ਾਹੀ ਵਾਲੀ। ਸ਼ੇਰ ਸਿੰਘ ਤੇ ਧਿਆਨ ਸਿੰਘ ਦੇ ਕਤਲ ਤੋਂ ਬਾਅਦ ਅੰਗਰੇਜ਼ਾਂ ਦੀਆਂ ਫੌਜੀ ਤਿਆਰੀਆਂ ਤੇ ਫੌਜਾਂ ਦੀ ਹਰਕਤ ਪੰਜਾਬ ਵਿਚ ਇਕ ਮਨੋਰੋਗ ਪੈਦਾ ਕਰ ਰਹੀਆਂ ਸਨ।

***

ਪੰਜਾਬ ਨੇ ਇਸ ਦਾ ਤੋੜ ਅਜਿਹੀਆਂ ਅਫਵਾਹਾਂ ਨਾਲ ਕੀਤਾ ਕਿ ਅੰਗਰੇਜ਼ੀ ਫੌਜ ਵਿਚ ਬੇਚੈਨੀ ਦੀ ਲਹਿਰ ਚੱਲ ਰਹੀ ਹੈ। ਹਿੰਦੁਸਤਾਨੀ ਰਜਮੈਂਟਾਂ ਦੇ ਜੋ ਲੋਕ ਪੰਜਾਬ ਦੀ ਸਰਹੱਦ ਨਾਲ ਤੈਨਾਤ ਕੀਤੇ ਸਨ, ਉਹਨਾਂ ਵਿਚੋਂ ਕਈ ਛੱਡ ਕੇ ਜਾ ਰਹੇ ਸਨ। ਸਿੰਧ ਦੀਆਂ ਛਾਉਣੀਆਂ ਵਿਚ ਬਗਾਵਤਾਂ ਦੀਆਂ ਰੀਪੋਰਟਾਂ ਸਨ। ਸਤਲੁਜ ਦੇ ਇਲਾਕੇ ਖਾਸ ਕਰਕੇ ਫਿਰੋਜ਼ਪੁਰ ਵਿਚ ਅੰਗਰੇਜ਼ੀ ਫੌਜੀਆਂ ਦੀ ਨਰਾਜ਼ਗੀ ਦਾ ਇਕ ਕਾਰਣ ਘੱਟ ਤਨਖਾਹਾਂ ਸਨ। ਉਹਨਾਂ ਨੂੰ ਮਹੀਨੇ ਦੇ ਅੱਠ ਰੁਪਏ ਤੇ ਅੱਠ ਆਨੇ ਮਿਲਦੇ ਸਨ ਜਦੋਂ ਕਿ ਦਰਬਾਰ ਵੱਲੋਂ ਬਾਰਾਂ ਰੁਪਏ ਤੇ ਅੱਠ ਆਨੇ ਦੀ

ਪੇਸ਼ਕੱਸ਼ ਸੀ। ਲਾਰਡ ਐਲਬਰੋ ਚੌਕੰਨਾ ਹੋ ਗਿਆ ਕਿ ਇਹ ਬਗਾਵਤਾਂ ਖਾਲਸਾ ਫੌਜ ਦੇ ਹਮਲੇ ਨਾਲੋਂ ਵੀ ਜ਼ਿਆਦਾ ਨੁਕਸਾਨ ਕਰ ਸਕਦੀਆਂ ਹਨ। ਫਿਰੋਜਪੁਰ ਦੀ ਬਗਾਵਤ ਗਵਰਨਰ ਜਨਰਲ ਤੇ ਕਮਾਂਡਰ ਇਨ ਚੀਫ਼ ਵਿਚ ਝਗੜੇ ਦਾ ਸਬੱਬ ਬਣ ਗਈ। ਨਤੀਜੇ ਵਜੋਂ ਸਰ ਰਾਬਰਟ ਡਿੱਕ ਨੂੰ ਕਮਾਂਡ ਤੋਂ ਹਟਾ ਲਿਆ ਗਿਆ ਤੇ ਮੇਜਰ ਜਨਰਲ ਵਾਲਟਰ ਗਿਲਬਰਟ ਨੂੰ ਸਤਲੁਜ ਦੇ ਫਰੰਟ ਦਾ ਇੰਚਾਰਜ ਮੁਕੱਰਰ ਕਰ ਦਿੱਤਾ।

ਨੌਜਵਾਨ ਹੀਰਾ ਸਿੰਘ ਨੇ ਹਾਲਾਤ ਨੂੰ ਬਹੁਤ ਤਰੀਕੇ ਨਾਲ ਸੰਭਾਲਿਆ। ਉਸ ਨੇ ਯੂਰਪੀਨ ਅਫਸਰਾਂ ਨੂੰ ਡਿਸਮਿੱਸ ਕਰ ਦਿੱਤਾ ਤੇ ਸਤਲੁਜ ਤੋ ਪਾਰ ਜਸੂਸਾਂ ਨੂੰ ਭੇਜਿਆ ਕਿ ਉਹ ਅੰਗਰੇਜਾਂ ਦੀ ਫੌਜੀ ਤਿਆਰੀ ਦੀਆਂ ਖਬਰਾ ਦੇਣ। ਇਤਲਾਹ ਮਿਲੀ ਕਿ ਅੰਗਰੇਜ਼ਾਂ ਨੇ ਫਿਰੋਜ਼ਪੁਰ ਵਿਚ 200 ਤੋਪਾਂ ਲੈ ਆਂਦੀਆਂ ਹਨ ਤੇ ਗੋਲੀ ਬਰੂਦ ਦਾ ਭੰਡਾਰ ਵੀ ਜਮਾਂ ਕੀਤਾ ਜਾ ਰਿਹਾ ਹੈ। ਇਕ ਗੋਰਾ ਰੈਜਮੈਂਟ ਰੋਪੜ ਨੂੰ ਮਾਰਚ ਕਰ ਰਹੀ ਸੀ। ਹੀਰਾ ਸਿੰਘ ਨੇ ਦਰਬਾਰ ਦੀਆਂ ਫੌਜਾਂ ਦੇ ਇਕ ਗੈਰੀਸਨ ਨੂੰ ਕਸੂਰ ਤੈਨਾਤ ਕੀਤਾ ਜੋ ਫਿਰੋਜ਼ਪੁਰ ਦੇ ਸਾਹਮਣੇ ਦਰਿਆ ਦੇ ਦੂਸਰੇ ਕਿਨਾਰੇ ਸੀ ਤੇ ਫਿਲੌਰ ਦੇ ਕਿਲੇ ਦੀਆਂ ਖਾਈਆਂ ਨੂੰ ਪਾਣੀ ਨਾਲ ਭਰਵਾ ਦਿੱਤਾ। ਇਕ ਖੁਲ੍ਹੇ ਦਰਬਾਰ ਵਿਚ ਹੀਰਾ ਸਿੰਘ ਨੇ ਬ੍ਰਿਟਿਸ਼ ਵਕੀਲ ਨੂੰ ਪੁੱਛਿਆ ਕਿ ਫਿਰੋਜ਼ਪੁਰ ਦੀ ਕਿਲ੍ਹੇਬੰਦੀ ਕਿਉਂ ਕੀਤੀ ਜਾ ਰਹੀ ਹੈ ਅਤੇ ਅਤਰ ਸਿੰਘ ਸੰਧਾਵਾਲੀਆ ਨੂੰ ਸ਼ਰਨ ਕਿਉਂ ਦਿੱਤੀ ਜਦੋਂ ਕਿ ਪਤਾ ਹੈ ਕਿ ਉਹ ਮਹਾਰਾਜਾ ਸ਼ੇਰ ਸਿੰਘ ਤੇ ਪ੍ਰਧਾਨ ਮੰਤਰੀ ਦੇ ਕਤਲ ਵਿਚ ਸ਼ਾਮਲ ਹੈ। ਵਕੀਲ ਨੇ ਕਿਹਾ ਕਿ ਉਹ ਦਰਬਾਰ ਦੇ ਸ਼ੰਕੇ ਆਪਣੀ ਸਰਕਾਰ ਤੱਕ ਪਹੁੰਚਾ ਦੇਵੇਗਾ।

ਦੋਹਾਂ ਪਾਸਿਓਂ ਸਰਹੱਦ ਉਪਰ ਫੌਜਾਂ ਦੀ ਹਿਲਜੁੱਲ ਨਾਲ ਪੇਂਡੂ ਇਲਾਕਿਆਂ ਦੇ ਲੋਕਾਂ ਵਿਚ ਸਹਿਮ ਫੈਲ ਗਿਆ। ਸ਼ਹਿਰਾਂ ਦੇ ਵੀ ਅਮੀਰ ਆਦਮੀ ਆਪਣੇ ਪੈਸੇ ਤੇ ਜੇਵਰਾਤ ਲੈ ਕੇ ਹਿੰਦੁਸਤਾਨ ਦੇ ਅਗਲੇ ਸ਼ਹਿਰਾਂ ਵਿਚ ਜਾ ਰਹੇ ਸਨ। ਬਹੁਤੇ ਲੋਕ ਤੀਰਥ ਯਾਤਰਾ ਦਾ ਬਹਾਨਾ ਬਣਾ ਕੇ ਜਾ ਰਹੇ ਸਨ। ਇਸ ਤਰ੍ਹਾਂ ਛੱਡ ਕੇ ਜਾਣ ਵਾਲਿਆਂ ਵਿਚ ਲਹਿਣਾ ਸਿੰਘ ਮਜੀਠੀਆ ਵੀ ਸੀ।

ਇਸ ਬੇਚੈਨੀ ਵਾਲੀ ਹਾਲਤ ਨੂੰ ਵੇਖ ਕੇ ਸ਼ਹਿਜ਼ਾਦਾ ਕਸ਼ਮੀਰਾ ਸਿੰਘ ਤੇ ਪਿਸ਼ੌਰਾ ਸਿੰਘ ਨੇ ਤਖਤ ਦਾ ਦਾਅਵਾ ਉਠਾਇਆ। ਹੀਰਾ ਸਿੰਘ ਨੇ ਆਪਣੇ ਤਾਏ ਗੁਲਾਬ ਸਿੰਘ ਨੂੰ ਆਖਿਆ ਕਿ ਇਹਨਾਂ ਅੱਖੜ ਸ਼ਹਿਜ਼ਾਦਿਆਂ ਨਾਲ ਨਜਿੱਠਣ ਵਾਸਤੇ ਉਹ ਸਿਆਲਕੋਟ ਪਹੁੰਚੇ। ਗੁਲਾਬ ਸਿੰਘ ਨੇ ਇਹ ਜ਼ਿੰਮੇਵਾਰੀ ਲੈ ਲਈ ਕਿਉਂਕਿ ਸਿਆਲਕੋਟ ਉਸ ਦੇ ਇਲਾਕੇ ਦੇ ਨਾਲ ਲੱਗਦਾ ਸੀ। ਉਹ ਇਹ ਵੀ ਸਮਝਦਾ ਸੀ ਕਿ ਉਥੋਂ ਸ਼ਹਿਜ਼ਾਦਿਆਂ ਦੇ ਨਿਕਲ ਜਾਣ ਨਾਲ ਉਹ ਇਲਾਕਾ ਵੀ ਉਸ ਦਾ ਹੋ ਸਕਦਾ ਹੈ। ਕਸ਼ਮੀਰਾ ਸਿੰਘ ਤੇ ਪਿਸ਼ੌਰਾ ਸਿੰਘ ਨੇ ਗੁਲਾਬ ਸਿੰਘ ਦਾ

ਬਹੁਤ ਵਿਰੋਧ ਕੀਤਾ ਪਰ ਓਥੋਂ ਕੱਢੇ ਗਏ। ਸਿਆਲਕੋਟ ਵਿਚੋਂ ਨਿਕਲ ਕੇ ਉਹ ਮਾਝੇ ਦੇ ਪਿੰਡਾਂ ਵਿਚ ਘੁੰਮੇ ਤੇ ਅਖੀਰ ਨੌਰੰਗਾਬਾਦ ਵਿਚ ਭਾਈ ਬੀਰ ਸਿੰਘ ਦੇ ਡੇਰੇ ਪਹੁੰਚ ਗਏ। ਉਹਨਾਂ ਨੇ ਸਿੱਖ ਫੌਜੀਆਂ ਨੂੰ ਇਹ ਕਹਿ ਕੇ ਭੜਕਾਇਆ ਕਿ ਅਸਲ ਵਿਚ ਹੀਰਾ ਸਿੰਘ ਨੇ ਹੀ ਤਖਤ ਨੂੰ ਹਥਿਆਇਆ ਹੋਇਆ ਹੈ। ਫੌਜੀ ਪੰਚਾਂ ਨੇ ਹੋਰ ਕਈ ਗੱਲਾਂ ਤੋਂ ਇਲਾਵਾ ਮੰਗ ਕੀਤੀ ਕਿ ਦਲੀਪ ਸਿੰਘ ਨੂੰ ਪੰਜਾਬ ਦਾ ਮਹਾਰਾਜਾ ਐਲਾਨਿਆ ਜਾਵੇ, ਕਸ਼ਮੀਰਾ ਸਿੰਘ ਤੇ ਪਿਸ਼ੌਰਾ ਸਿੰਘ ਨੂੰ ਉਹਨਾਂ ਦੀਆਂ ਜਗੀਰਾਂ ਵਾਪਸ ਕੀਤੀਆਂ ਜਾਣ ਤੇ ਡੋਗਰਾ ਫੌਜੀ ਟੁਕੜੀਆਂ ਜੋ ਲਾਹੌਰ ਮੰਗਾਈਆਂ ਸਨ ਵਾਪਸ ਪਹਾੜਾਂ ਵਿਚ ਭੇਜੀਆਂ ਜਾਣ। ਹੀਰਾ ਸਿੰਘ ਨੇ ਪੰਚਾਂ ਦੀਆਂ ਸਾਰੀਆਂ ਮੰਗਾਂ ਮੰਨ ਲਈਆਂ। ਉਸ ਨੇ ਸਭ ਨੂੰ ਹਾਂ ਜੀ ਕਹਿਣਾ ਸਿੱਖ ਲਿਆ ਸੀ ਭਾਵੇਂ ਕੁਝ ਕਰੇ ਜਾਂ ਨਾ। ਅਤੇ ਇਥੇ ਉਸ ਨੂੰ ਇਹ ਵੀ ਪਤਾ ਸੀ ਕਿ ਫੌਜ ਨੂੰ ਨਰਾਜ਼ ਨਹੀਂ ਕਰ ਸਕਦਾ।

ਦਰਬਾਰ ਦੇ ਜੋਤਸ਼ੀ ਪੰਡਤ ਮਧੂਸੂਧਨ ਨੇ 2 ਫਰਵਰੀ, 1844 ਨੂੰ ਦਲੀਪ ਸਿੰਘ ਨੂੰ ਮਹਾਰਾਜਾ ਦੀ ਤਾਜਪੋਸ਼ੀ ਕਰਨ ਵਾਸਤੇ ਠੀਕ ਮਹੂਰਤ ਦੱਸਿਆ। ਉਸ ਨੇ ਦੱਸਿਆ ਕਿ ਇਹ ਮਹਾਰਾਜਾ ਸਿਕੰਦਰ ਦੀ ਤਰ੍ਹਾਂ ਮਹਾਨ ਬਣੇਗਾ। ਲੇਕਿਨ ਜੋਤਸ਼ੀ ਦੀ ਭਵਿੱਸ਼ ਬਾਣੀ ਕੁਝ ਸ਼ੱਕੀ ਲੱਗਦੀ ਸੀ। ਦੋ ਫਰਵਰੀ ਦੀ ਸਵੇਰ ਨੂੰ ਬਹੁਤ ਤੂਫਾਨੀ ਝੱਖੜ ਆਇਆ ਤੇ ਤੇਜ਼ ਔਲਿਆਂ ਨਾਲ ਬਾਰਿਸ਼ ਆਈ। ਸਭ ਪਾਸੇ ਗਿੱਲਾ ਤੇ ਠੰਡਾ ਸੀ। ਰਾਣੀ ਜਿੰਦਾ ਕ੍ਰੋਧਵਾਨ ਹੋ ਗਈ। ਹਫ਼ਤੇ ਬਾਅਦ ਉਹ ਆਪਣੇ ਪੁੱਤਰ ਨੂੰ ਲੈ ਕੇ ਅੰਮ੍ਰਿਤਸਰ ਗਈ, ਉਸ ਨੂੰ ਅੰਮ੍ਰਿਤ ਛਕਾ ਕੇ ਖਾਲਸਾ ਸਜਾਇਆ। ਮਹਾਰਾਜਾ ਦਾ ਮਾਮਾ ਜਵਾਹਰ ਸਿੰਘ, ਜਿਸ ਨੂੰ ਗ੍ਰਿਫਤਾਰ ਕਰ ਲਿਆ ਸੀ, ਹੁਣ ਰਿਹਾ ਹੋ ਗਿਆ ਸੀ ਅਤੇ ਕਸ਼ਮੀਰਾ ਸਿੰਘ ਤੇ ਪਿਸ਼ੌਰਾ ਸਿੰਘ ਨੂੰ ਉਹਨਾਂ ਦੀਆਂ ਜਗੀਰਾਂ ਵਾਪਸ ਮਿਲ ਗਈਆਂ ਸਨ। ਉਹਨਾਂ ਨੂੰ ਦਰਬਾਰ ਵਿਚ ਸ਼ਹਿਜ਼ਾਦਿਆਂ ਵਾਲਾ ਪੂਰਾ ਮਾਨ ਸਤਿਕਾਰ ਦਿੱਤਾ ਗਿਆ।

ਹੀਰਾ ਸਿੰਘ ਵਾਸਤੇ ਅਗਲਾ ਚੈਲੰਜ ਉਸ ਦਾ ਚਾਚਾ ਸਚੇਤ ਸਿੰਘ ਸੀ ਜੋ ਇਹ ਸਮਝਦਾ ਸੀ ਕਿ ਰਾਣੀ ਜਿੰਦਾਂ ਤੇ ਉਸ ਦਾ ਭਰਾ ਜਵਾਹਰ ਸਿੰਘ ਉਸ ਵਾਸਤੇ ਕਿਲ੍ਹੇ ਵਿਚ ਕੋਈ ਇਨਕਲਾਬ ਪੈਦਾ ਕਰ ਸਕਦੇ ਹਨ। ਸੁਚੇਤ ਸਿੰਘ ਤੇ ਉਸ ਦਾ ਲੈਫਟੀਨੈਂਟ ਰਾਏ ਕੇਸਰੀ ਸਿੰਘ 45 ਡੋਗਰਾ ਸਿਪਾਹੀਆਂ ਦਾ ਛੋਟਾ ਜਿਹਾ ਦਸਤਾ ਲੈ ਕੇ ਲਾਹੌਰ ਆ ਗਿਆ ਤੇ ਖਾਲਸਾ ਫੌਜ ਨੂੰ ਕਿਹਾ ਕਿ ਉਹ ਹੀਰਾ ਸਿੰਘ ਤੇ ਪੰਡਤ ਜੱਲਾ ਨੂੰ ਕਿਲ੍ਹੇ ਵਿਚੋਂ ਕੱਢ ਦੇਣ।

ਹੀਰਾ ਸਿੰਘ ਇਸ ਸੰਕਟ ਨਾਲ ਤਕੜਾ ਹੋ ਕੇ ਨਿਪਟਿਆ। ਉਹ ਫੌਜੀਆਂ ਦੀਆਂ ਬੈਰਕਾਂ ਵਿਚ ਗਿਆ ਤੇ ਕਿਹਾ ਕਿ ਇਸ ਤਰ੍ਹਾਂ ਆਉਣ ਦੀ ਮੁਆਫ਼ੀ ਦਿੱਤੀ ਜਾਵੇ ਤੇ ਉਸ ਨੇ ਸਿੱਖ ਫੌਜੀਆਂ ਨੂੰ ਇਥੋਂ ਤੱਕ ਕਿਹਾ ਕਿ ਉਹ ਇਕ ਦਿਨ

ਅੰਮ੍ਰਿਤ ਛਕਣ ਵਾਸਤੇ ਵੀ ਤਿਆਰ ਹੋਵੇਗਾ। ਉਸ ਨੇ ਪੰਚਾਂ ਨੂੰ ਕਾਇਲ ਕਰ ਦਿੱਤਾ ਕਿ ਸੁਚੇਤ ਸਿੰਘ ਦੀ ਜਿੱਤ ਦਰਬਾਰ ਵਿਚ ਅੰਗਰੇਜ਼ ਪ੍ਰਸਤਾਂ ਦੀ ਜਿੱਤ ਹੋਵੇਗੀ। ਉਸ ਨੇ ਦੱਸਿਆ ਕਿ ਸੁਚੇਤ ਸਿੰਘ ਨੇ ਪਹਿਲਾਂ ਹੀ ਅੰਗਰੇਜ਼ਾਂ ਦੀ ਕੰਪਨੀ ਵਿਚ ਅਫ਼ਗਾਨਿਸਤਾਨ ਵਿਚ ਪੈਸਾ ਲਗਾਇਆ ਹੈ ਤੇ ਉਹ ਸੰਧਾਵਾਲੀਆਂ ਦਾ ਯਾਰ ਰਿਹਾ ਜਦੋਂ ਉਹ ਅੰਗਰੇਜ਼ੀ ਇਲਾਕੇ ਵਿਚ ਸਨ।

"ਖ਼ਾਲਸਾ ਜੀ, ਤੁਹਾਡੇ ਆਪਣੇ ਪ੍ਰਧਾਨ ਮੰਤਰੀ ਦਾ ਪੁੱਤਰ ਤੇ ਤੁਹਾਡੇ ਮਹਾਰਾਜਾ ਦਾ ਗੋਦ ਲਿਆ ਪੁੱਤਰ ਤੁਹਾਡੇ ਸਾਹਮਣੇ ਖੜਾ ਹੈ। ਮੇਰੀ ਬੇਨਤੀ ਹੈ ਕਿ ਮੇਰੀ ਕੋਈ ਗਲਤੀ ਹੈ ਤਾਂ ਮੈਨੂੰ ਸਜ਼ਾ ਦਿਓ, ਆਖਰ ਕਿਸ ਕਰਕੇ ਮੇਰੇ ਚਾਚਾ ਨੂੰ ਬੁਲਾਇਆ ਹੈ। ਉਹ ਮੇਰਾ ਹੀ ਦੁਸ਼ਮਣ ਨਹੀਂ, ਉਹ ਸਿੱਖ ਰਾਜ ਦਾ ਦੁਸ਼ਮਣ ਹੈ, ਉਹ ਫਰੰਗੀ ਦਾ ਯਾਰ ਹੈ। ਮੇਰੇ ਵਿਚ ਕੋਈ ਕਸੂਰ ਹੈ ਤਾਂ ਇਹ ਲਵੋ ਤਲਵਾਰ ਤੇ ਮੇਰਾ ਸਿਰ ਕੱਟ ਦਿਓ। ਮੇਰੇ ਵਾਸਤੇ ਬਹੁਤ ਮਾਣ ਦੀ ਗੱਲ ਹੋਵੇਗੀ ਕਿ ਮੇਰੀ ਮੌਤ ਬਹਾਦਰ ਸਿੱਖ ਫੌਜ ਦੇ ਹੱਥੋਂ ਹੋਈ ਹੈ। ਪਰ ਗੁਰੂ ਦੇ ਵਾਸਤੇ ਮੈਨੂੰ ਸ਼ਰਮਿੰਦਗੀ ਵਾਲੀ ਮੌਤ ਨਾ ਮਰਨ ਦਿਓ। ਜੇ ਤੁਸੀਂ ਮੇਰੇ ਚਾਚੇ ਨੂੰ ਪਹਾੜਾਂ ਤੋਂ ਨਹੀਂ ਬੁਲਾਇਆ ਤੇ ਮੈਨੂੰ ਕੱਢਣ ਵਿਚ ਮਦਦਗਾਰ ਨਹੀਂ ਹੋ ਤਾਂ ਮੇਰੀ ਮਦਦ ਕਰੋ। ਮੇਰੇ ਉਦੇਸ਼ ਵਾਸਤੇ ਚੰਗੇ ਤੇ ਬਹਾਦਰ ਸਿਪਾਹੀਆਂ ਦੀ ਤਰ੍ਹਾਂ ਲੜੋ। ਗੁਰੂ ਤੁਹਾਨੂੰ ਬਖ਼ਸ਼ਸ਼ਾਂ ਦੇਵੇਗਾ।

ਹੀਰਾ ਸਿੰਘ ਨੇ ਇਸ ਤਕਰੀਰ ਦੇ ਨਾਲ ਹੀ ਪਦਾਰਥਕ ਬੋਨਸ ਵੀ ਦਿੱਤਾ। ਉਸ ਨੇ ਹਰ ਸਿਪਾਹੀ ਨੂੰ ਸੋਨੇ ਦੀ ਇਕ ਇਕ 'ਬੁਤਕੀ' ਜੋ 5 ਰੁਪੈ ਦੀ ਸੀ ਦਿੱਤੀ ਤੇ ਅਫਸਰਾਂ ਨੂੰ ਇਕ ਇਕ ਸੋਨੇ ਦਾ ਕੈਂਠਾ। ਖਾਲਸਾ ਫੌਜ ਉਸ ਦੇ ਪੱਖ ਵਿਚ ਆਣ ਖੜੀ ਹੋਈ। ਪੈਦਲ ਫੌਜ ਤੇ 56 ਤੋਪਾਂ ਦੀ ਇਕ ਟੁਕੜੀ ਨੇ ਸੁਚੇਤ ਸਿੰਘ ਤੇ ਉਸ ਦੇ 45 ਘੋੜ ਸਵਾਰਾਂ ਨੂੰ ਵੱਡਾ ਮੀਆਂ ਦੇ ਮਕਬਰੇ ਵਿਚ ਘੇਰ ਲਿਆ ਜੋ ਸ਼ਹਿਰ ਤੋਂ ਬਹੁਤ ਦੂਰ ਨਹੀਂ ਸੀ। ਡੋਗਰਿਆਂ ਨੇ ਇਕ ਬਹਾਦਰੀ ਵਾਲਾ ਸਟੈਂਡ ਲਿਆ। ਸੁਚੇਤ ਸਿੰਘ ਆਰਾਮ ਨਾਲ ਗੀਤਾ ਦਾ ਪਾਠ ਸੁਣਦਾ ਰਿਹਾ ਜਦੋਂ ਤੋਪਾਂ ਨਾਲ ਮਕਬਰੇ ਦੀਆਂ ਦੀਵਾਰਾਂ ਦੀਆਂ ਚਿੱਪਰਾਂ ਉਡਣ ਲੱਗ ਪਈਆਂ। ਉਸ ਦੇ ਆਦਮੀ ਹਮਲਾਵਰਾਂ ਨਾਲ ਤਲਵਾਰਾਂ ਖੜਕਾਉਣ ਵਾਸਤੇ ਵਾਰੀ ਵਾਰੀ ਬਾਹਰ ਨਿਕਲੇ। ਜਦੋਂ ਉਸ ਦੇ ਕਈ ਸਾਥੀ ਡਿੱਗ ਪਏ ਤਾਂ ਸੁਚੇਤ ਸਿੰਘ ਆਪ ਬਾਹਰ ਨਿਕਲਿਆ ਤੇ ਆਪਣੇ ਹਮਲਾਵਰਾਂ ਨੂੰ ਲਲਕਾਰ ਕੇ ਬੋਲਿਆ ਕਿ "ਮੈਂ ਤੁਹਾਡੇ 'ਤੇ ਭਰੋਸਾ ਕਰਕੇ ਲਾਹੌਰ ਆਇਆ, ਤੁਹਾਡੇ ਬੁਲਾਵੇ ਉਪਰ ਆਇਆ ਹਾਂ ਤੇ ਹੁਣ ਤੁਸੀਂ ਇਤਨੀ ਵੱਡੀ ਗਿਣਤੀ ਵਿਚ ਮੈਨੂੰ ਮਾਰਨ ਆ ਗਏ ਹੋ। ਹੁਣ ਮੈਂ ਤੁਹਾਨੂੰ ਕਹਿੰਦਾ ਹਾਂ ਕਿ ਅਸਲੀ ਬਹਾਦਰਾਂ ਵਾਂਗ ਲੜੋ। ਆਓ, ਆਓ ਮੇਰੇ ਦੋਸਤੋ ਆਓ, ਇਕੱਲਾ ਇਕੱਲਾ ਲੜੋ ਅਤੇ ਵੇਖੋ ਰਾਜਪੂਤ ਕਿਵੇਂ ਲੜਦਾ ਹੈ।"

ਸੁਚੇਤ ਸਿੰਘ ਤੇ ਰਾਏ ਕੇਸਰੀ ਸਿੰਘ ਆਖਰੀ ਦਮ ਤੱਕ ਲੜਦੇ ਹੋਏ ਡਿੱਗ ਪਏ। ਇਹ ਵਾਕਿਆ 27 ਮਾਰਚ 1844 ਦਾ ਹੈ।

ਇਸ ਕਾਰਵਾਈ ਤੋਂ ਫੌਰੀ ਬਾਅਦ ਹੀਰਾ ਸਿੰਘ ਮਕਬਰੇ ਵਿਚ ਗਿਆ। ਕੇਸਰੀ ਸਿੰਘ ਅਜੇ ਜਿਊਂਦਾ ਸੀ ਤੇ ਉਸ ਨੇ ਪ੍ਰਧਾਨ ਮੰਤਰੀ ਨੂੰ 'ਜੈ ਦੇਵ' ਕਹਿ ਕੇ ਬੁਲਾਇਆ ਤੇ ਪਾਣੀ ਮੰਗਿਆ। ਹੀਰਾ ਸਿੰਘ ਨੇ ਕਿਹਾ ਕਿ ਜੰਮੂ ਦੀਆਂ ਪਹਾੜੀਆਂ ਦਾ ਪਾਣੀ ਸਾਫ਼ ਹੁੰਦਾ ਹੈ, ਤੈਨੂੰ ਜਲਦੀ ਉਥੇ ਭੇਜ ਦੇਣਾ ਹੈ। ਫਿਰ ਹੀਰਾ ਸਿੰਘ ਨੇ ਸੁਚੇਤ ਸਿੰਘ ਦੀ ਕੱਟੀ ਵੱਢੀ ਲਾਸ਼ ਵੇਖੀ ਤਾਂ ਚੀਕਾਂ ਮਾਰ ਕੇ ਰੋਣ ਲੱਗ ਪਿਆ। ਇਹਨਾਂ ਡੋਗਰਿਆਂ ਦਾ ਲਾਹੌਰ ਵਿਚ ਪੂਰੇ ਇੱਜ਼ਤ ਮਾਣ ਨਾਲ ਸਸਕਾਰ ਕੀਤਾ ਗਿਆ।

ਸੁਚੇਤ ਸਿੰਘ ਦੀ ਮੌਤ ਨਾਲ ਹੀਰਾ ਸਿੰਘ ਨੂੰ ਕੋਈ ਲਾਭ ਨਹੀਂ ਮਿਲਿਆ। ਉਸ ਦੀ ਸਾਰੀ ਜਗੀਰ ਨੂੰ ਗੁਲਾਬ ਸਿੰਘ ਨੇ ਆਪਣੇ ਪੁੱਤਰ ਰਣਬੀਰ ਸਿੰਘ, ਜਿਸ ਨੂੰ ਸੁਚੇਤ ਸਿੰਘ ਨੇ ਗੋਦ ਲਿਆ ਹੋਇਆ ਸੀ ਦੇ ਨਾਂ ਹਾਸਿਲ ਕਰ ਲਈ। ਉਸ ਨੇ ਹੀਰਾ ਸਿੰਘ ਦਾ ਅੱਧੀ ਦਾ ਦਾਅਵਾ ਵੀ ਨਹੀਂ ਕਬੂਲ ਕੀਤਾ। ਸੁਚੇਤ ਸਿੰਘ ਦੇ ਜਿਹੜੇ ਖਜ਼ਾਨੇ ਦਾ ਵੱਡਾ ਹਿਸਾ ਅੰਗਰੇਜ਼ੀ ਇਲਾਕੇ ਵਿਚ ਸੀ ਉਹ ਏਜੰਟ ਨੇ ਆਪਣੇ ਕੰਟਰੋਲ ਵਿਚ ਲੈ ਲਿਆ ਸੀ ਕਿ ਇਸ ਦੀ ਨਿਆਇਕ ਜਾਂਚ ਕੀਤੀ ਜਾਵੇਗੀ। ਫੌਜ ਨੇ ਵੇਖਿਆ ਕਿ ਡੋਗਰੇ ਉਹਨਾਂ ਨੂੰ ਆਪਣੇ ਪ੍ਰਾਈਵੇਟ ਝਗੜਿਆਂ ਵਿਚ ਵਰਤਦੇ ਹਨ। ਸਿੱਖਾਂ ਤੇ ਡੋਗਰਿਆਂ ਵਿਚ ਖਿੱਚੋਤਾਣ ਪੈਦਾ ਹੋ ਗਈ ਤੇ ਬਹੁਤ ਸਾਰੇ ਸਿੱਖ ਸਿਪਾਹੀ ਭਾਈ ਬੀਰ ਸਿੰਘ ਦੇ ਡੇਰੇ ਦੀ ਕਸ਼ਿਸ਼ ਵਿਚ ਚਲੇ ਗਏ ਜੋ ਪੂਰੀ ਤਰ੍ਹਾਂ ਸਿੱਖ ਅਦਾਰਾ ਸੀ।

9 ਅਪ੍ਰੈਲ 1844 ਨੂੰ ਅੰਮ੍ਰਿਤਸਰ ਤੇ ਲਾਹੌਰ ਵਿਚ ਭੁਚਾਲ ਦੇ ਵੱਡੇ ਝਟਕੇ ਆਏ। ਅੰਧ ਵਿਸ਼ਵਾਸੀ ਲੋਕਾਂ ਵਾਸਤੇ ਇਹ ਆਉਣ ਵਾਲੇ ਮਾੜੇ ਦਿਨਾਂ ਦਾ ਸੰਕੇਤ ਸੀ। ਦੋ ਦਿਨ ਬਾਅਦ ਵਿਸਾਖੀ ਦਾ ਤਿਉਹਾਰ ਸੀ। ਆਮ ਤੌਰ 'ਤੇ ਇਹਨਾਂ ਸ਼ਹਿਰਾਂ ਵਿਚ ਭਰਵੀ ਸਜਾਵਟ ਹੁੰਦੀ ਸੀ ਪਰ ਐਤਕੀ ਲੜਾਈ ਝਗੜੇ ਦੇ ਡਰੋਂ ਬਾਜ਼ਾਰਾਂ ਦਾ ਵੱਡਾ ਹਿਸਾ ਬੰਦ ਪਿਆ ਸੀ। ਇਸ ਦੀ ਬਜਾਏ ਲੋਕ ਹਜ਼ਾਰਾਂ ਦੀ ਗਿਣਤੀ ਵਿਚ ਭਾਈ ਬੀਰ ਸਿੰਘ ਦੇ ਡੇਰੇ ਗਏ ਤੇ ਉਥੇ ਭਾਈ ਜੀ ਦੇ ਮੂੰਹੋਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਸਿਫ਼ਤਾਂ ਭਰੇ ਦਿਨਾਂ ਦੇ ਕਥਨ ਸੁਣੇ।

ਦਰਬਾਰ ਦੇ ਲੋਕ ਆਉਣ ਵਾਲੇ ਸੰਕਟ ਦੀ ਸੱਚਾਈ ਤੋਂ ਵਾਕਫ਼ ਨਹੀਂ ਸਨ। ਅਠਾਰਾਂ ਅਪ੍ਰੈਲ ਨੂੰ ਮਹੱਲ ਦੀ ਬਿੱਲੀ ਨੇ ਬਲੂੰਗੜੇ ਦਿੱਤੇ ਤੇ ਬਾਲਕ ਮਹਾਰਾਜਾ ਨੇ ਖਾਹਿਸ਼ ਜ਼ਾਹਿਰ ਕੀਤੀ ਕਿ ਇਹਨਾਂ ਨੂੰ ਤੋਪਾਂ ਨਾਲ ਸਲਾਮੀ ਦਿੱਤੀ ਜਾਵੇ। ਇਸ ਵਾਸਤੇ ਪ੍ਰਧਾਨ ਮੰਤਰੀ ਨੇ ਛੋਟੀਆਂ ਬੰਦੂਕਾਂ ਮੰਗਾ ਕੇ ਉਹਨਾਂ ਦੀਆਂ ਗੋਲੀਆਂ ਚਲਾ ਕੇ ਸ਼ਹਿਰ ਵਾਲਿਆਂ ਨੂੰ ਇਸ ਆਮਦ ਦੀ ਸੂਚਨਾ ਦਿੱਤੀ।

ਆ ਰਹੀ ਲੜਾਈ ਦੀਆਂ ਅਫ਼ਵਾਹਾਂ ਤੇਜ਼ੀ ਨਾਲ ਫੈਲ ਰਹੀਆਂ ਸਨ। ਦੱਸਿਆ ਜਾ ਰਿਹਾ ਸੀ ਕਿ ਪੰਜਾਬ ਉਪਰ ਹਮਲਾ ਕਰਨ ਵਾਸਤੇ ਅੰਗਰੇਜ਼ਾਂ ਨੇ ਸ਼ਿਮਲਾ ਦੀਆਂ ਪਹਾੜੀਆਂ ਵਿਚ ਵੱਡੀ ਫੌਜ ਇਕੱਠੀ ਕੀਤੀ ਹੋਈ ਹੈ। ਅਪ੍ਰੈਲ 1844 ਦੀਆਂ ਖੁਫੀਆ ਰੀਪੋਰਟਾਂ ਦੱਸਦੀਆਂ ਸਨ ਕਿ ਅਤਰ ਸਿੰਘ ਸੰਧਾਵਾਲੀਆ, ਜੋ ਅੰਗਰੇਜ਼ੀ ਇਲਾਕੇ 'ਥਾਨੇਸਰ' ਵਿਚ ਰਹਿੰਦਾ ਹੈ, ਲਗਾਤਾਰ ਭਾਈ ਬੀਰ ਸਿੰਘ ਨੂੰ ਮਿਲਦਾ ਰਹਿੰਦਾ ਹੈ ਤੇ ਲਾਹੌਰ ਉਪਰ ਹੋਣ ਵਾਲੇ ਹਮਲੇ ਬਾਰੇ ਵਿਚਾਰ ਕਰਦਾ ਰਹਿੰਦਾ ਹੈ। ਦਰਬਾਰ ਦੀ ਫੌਜ ਨੂੰ ਹਿਦਾਇਤਾਂ ਦਿੱਤੀਆਂ ਗਈਆਂ ਕਿ ਉਹ ਪੱਤਣਾਂ ਅਤੇ ਕਿਸ਼ਤੀਆਂ ਉਪਰ ਨਜ਼ਰ ਰੱਖਣ ਤੇ ਸੰਧਾਵਾਲੀਆ ਨੂੰ ਸਤਲੁਜ ਪਾਰ ਕਰਨ ਤੋਂ ਰੋਕਿਆ ਜਾਵੇ। ਲੇਕਨ ਸੰਧਾਵਾਲੀਆ ਸਰਦਾਰ ਦਰਬਾਰ ਦੇ ਪਹਿਰੇਦਾਰਾਂ ਤੋਂ ਨਜ਼ਰਾਂ ਬਚਾ ਕੇ ਸਤਲੁਜ ਪਾਰ ਕਰ ਆਇਆ ਤੇ ਭਾਈ ਬੀਰ ਸਿੰਘ ਦੇ ਕੈਂਪ ਨੌਰੰਗਾਬਾਦ ਪਹੁੰਚ ਗਿਆ। ਭਾਈ ਨੇ ਉਸ ਦਾ ਸੁਆਗਤ ਕਰਦਿਆਂ ਕਿਹਾ ਕਿ, "ਪੰਜਾਬ ਦਾ ਤਖਤ ਤੁਹਾਡਾ ਇੰਤਜ਼ਾਰ ਕਰ ਰਿਹਾ ਹੈ।"

ਗਵਰਨਰ ਜਨਰਨ ਐਡਨਬਰੋ ਨੇ ਮੰਨਿਆ ਕਿ ਅਤਰ ਸਿੰਘ ਨੂੰ ਸਿੱਖ ਇਲਾਕੇ ਵਿਚ ਭੇਜਣਾ ਅੰਗਰੇਜ਼ਾਂ ਦੀ ਗਲਤੀ ਸੀ। ਮਹਾਰਾਣੀ ਵਿਕਟੋਰੀਆ ਨੂੰ 10 ਜੂਨ 1844 ਨੂੰ ਭੇਜੇ ਖਤ ਵਿਚ ਉਹ ਲਿਖਦਾ ਹੈ ਕਿ, "ਇਹ ਅਫਸੋਸ ਦੀ ਗੱਲ ਹੈ ਕਿ ਅਤਰ ਸਿੰਘ ਨੂੰ ਥਾਨੇਸਰ ਤੋਂ ਜਾਣ ਦੀ ਆਗਿਆ ਦਿੱਤੀ ਗਈ ਜਿਸ ਦਾ ਜਾਣਿਆ ਪਹਿਚਾਣਿਆਂ ਨਿਸ਼ਾਨਾ ਲਾਹੌਰ ਦਰਬਾਰ ਦੇ ਖਿਲਾਫ਼ ਕੰਮ ਕਰਨਾ ਹੈ। ਬ੍ਰਿਟਿਸ਼ ਏਜੰਟ ਦੀ ਇਸ ਗਲਤੀ ਨਾਲ ਹੁਣ ਅਸੀਂ ਲਾਹੌਰ ਦਰਬਾਰ ਅੱਗੇ ਇਤਰਾਜ਼ ਦਰਜ ਨਹੀਂ ਕਰਾ ਸਕਦੇ ਕਿ ਉਸ ਦੀਆਂ ਫੌਜਾਂ ਇਸ ਬੰਦੇ ਨੂੰ ਰੋਕਣ ਵਾਸਤੇ ਸਤਲੁਜ ਦੇ ਇਸ ਕੰਢੇ ਤੱਕ ਆਈਆਂ ਸਨ। ਹੁਣ ਇਸ ਬਾਰੇ ਅਸੀਂ ਕੋਈ ਗੱਲ ਕਰਨੀ ਮੁਨਾਸਬ ਨਹੀਂ ਹੋਵੇਗੀ ਤੇ ਇਸ ਨੂੰ ਨਜ਼ਰ ਅੰਦਾਜ਼ ਹੀ ਕਰਨਾ ਬੇਹਤਰ ਹੋਵੇਗਾ।"

ਸ਼ਹਿਜ਼ਾਦਾ ਕਸ਼ਮੀਰਾ ਸਿੰਘ ਤੇ ਪਿਸ਼ੌਰਾ ਸਿੰਘ ਵੀ ਸਿਆਲਕੋਟ ਛੱਡ ਕੇ ਭਾਈ ਬੀਰ ਸਿੰਘ ਦੇ ਡੇਰੇ ਪਹੁੰਚ ਗਏ ਸਨ। ਉਹਨਾਂ ਨੇ ਅਤਰ ਸਿੰਘ ਦੀ ਹਿਮਾਇਤ ਦਾ ਵਾਅਦਾ ਕੀਤਾ। ਭਾਈ ਨਾਲ ਰਾਬਤਾ ਰੱਖਣ ਵਾਲਿਆਂ ਸਰਦਾਰਾਂ ਵਿਚੋਂ ਸ਼ਾਮ ਸਿੰਘ ਅਟਾਰੀਵਾਲਾ, ਲਹਿਣਾ ਸਿੰਘ ਮਜੀਠੀਆ ਤੇ ਜਮਾਂਦਾਰ ਖੁਸ਼ਹਾਲ ਸਿੰਘ ਅਹਿਮ ਸਨ। ਇਸ ਤਰ੍ਹਾਂ ਨੌਰੰਗਾਬਾਦ ਲਾਹੌਰ ਦਰਬਾਰ ਦੇ ਡੋਗਰਾ ਹਾਕਮਾਂ ਦੇ ਵਿਰੁੱਧ ਬਗਾਵਤ ਦਾ ਕੇਂਦਰ ਬਣ ਗਿਆ।

ਹੀਰਾ ਸਿੰਘ ਡੋਗਰਾ ਨੇ ਇਕ ਵਾਰ ਫਿਰ ਸਿਪਾਹੀਆਂ ਨੂੰ ਭਾਸ਼ਣ ਪਿਲਾਇਆ। ਉਸ ਨੇ ਦੱਸਿਆ ਕਿ ਸੰਧਾਵਾਲੀਆ ਦੇ ਹੱਥ ਖ਼ੂਨ ਨਾਲ ਰੰਗੇ ਹਨ। ਉਹ ਪਿਛਲੇ 6 ਮਹੀਨਿਆਂ ਤੋਂ ਅੰਗਰੇਜ਼ਾਂ ਕੋਲ ਹੈ। ਉਸ ਨੇ ਅੰਗਰੇਜ਼ਾ ਨੂੰ ਵਾਅਦਾ ਕੀਤਾ ਹੈ

ਕਿ ਅਗਰ ਉਸ ਦੀ ਸਕੀਮ ਕਾਮਯਾਬ ਹੋਈ ਤਾਂ ਉਹ ਲਗਾਨ ਦੇ ਇਕ ਰੁਪੈ ਵਿਚੋਂ 6 ਆਨੇ ਉਹਨਾਂ ਨੂੰ ਦੇਵੇਗਾ। ਇਹ ਵੀ ਦੱਸਿਆ ਕਿ ਸੁਚੇਤ ਸਿੰਘ ਦੀ ਵਿਧਵਾ ਇਸ ਬਗਾਵਤ ਦਾ ਸਾਰਾ ਖਰਚਾ ਉਹਨਾਂ ਪੈਸਿਆਂ ਨਾਲ ਸਹੇੜ ਰਹੀ ਹੈ ਜੋ ਅੰਗਰੇਜ਼ੀ ਰਾਜ ਵਿਚ ਰੱਖੇ ਹੋਏ ਹਨ। ਇਸ ਤੋਂ ਅੱਗੇ ਕਿਹਾ ਕਿ ਭਾਈ ਬੀਰ ਸਿੰਘ ਤੇ ਸ਼ਹਿਜ਼ਾਦੇ ਗੱਦਾਰਾਂ ਦਾ ਸਾਥ ਦੇ ਰਹੇ ਹਨ। ਪੰਚਾਂ ਨੇ ਹੀਰਾ ਸਿੰਘ ਦਾ ਸਾਥ ਦੇਣ ਦਾ ਫੈਸਲਾ ਕੀਤਾ ਤੇ ਦਰਬਾਰ ਦੇ ਸਿਪਾਹੀ ਨੌਰੰਗਾਬਾਦ ਨੂੰ ਕੂਚ ਕਰ ਗਏ। ਇਹਨਾਂ ਦੀ ਅਗਵਾਈ ਇਕ ਡੋਗਰਾ ਅਫਸਰ, ਮੀਆਂ ਲਾਭ ਸਿੰਘ, ਕਰ ਰਿਹਾ ਸੀ।

ਸ਼ਹਿਜ਼ਾਦਾ ਪਿਸ਼ੌਰਾ ਸਿੰਘ ਭਾਈ ਦੇ ਕੈਂਪ ਨੂੰ ਛੱਡ ਆਇਆ ਤੇ ਦਰਬਾਰ ਦੇ ਸਾਹਮਣੇ ਸਮਰਪਨ ਕਰ ਦਿੱਤਾ। ਇਸ ਤੋਂ ਬਾਅਦ ਉਹ ਪੰਜਾਬ ਛੱਡ ਗਿਆ ਤੇ ਅੰਗਰੇਜ਼ਾਂ ਕੋਲ ਸ਼ਰਨ ਲੈ ਲਈ।

ਭਾਈ ਬੀਰ ਸਿੰਘ ਨੇ ਹੁਣ ਦਰਬਾਰ ਤੇ ਉਹਨਾਂ ਦੋ ਬੰਦਿਆਂ ਵਿਚਕਾਰ ਸਮਝੌਤਾ ਕਰਾਉਣ ਦੀ ਕੋਸ਼ਿਸ਼ ਸ਼ੁਰੂ ਕੀਤੀ ਜਿਹਨਾਂ ਨੇ ਉਸ ਕੋਲ ਸ਼ਰਨ ਲਈ ਸੀ। ਉਹ ਬੰਦੇ ਅਤਰ ਸਿੰਘ ਸੰਧਾਵਾਲੀਆ ਤੇ ਸ਼ਹਿਜ਼ਾਦਾ ਕਸ਼ਮੀਰਾ ਸਿੰਘ ਸਨ। ਉਸ ਨੇ ਦਰਬਾਰ ਦੇ ਫੌਜੀਆਂ ਨੂੰ ਆਪਣੇ ਮਹਿਮਾਨ ਬਣ ਕੇ ਸੱਦਿਆ ਤੇ ਉਹਨਾਂ ਵਾਸਤੇ 500 ਬੱਕਰੇ ਝਟਕਾ ਦਿੱਤੇ। ਭਾਈ ਦੀਆਂ ਸਮਝੌਤੇ ਦੀਆਂ ਕੋਸ਼ਿਸ਼ਾਂ ਅਤਰ ਸਿੰਘ ਸੰਧਾਵਾਲੀਆ ਨੇ ਖ਼ਤਮ ਕਰ ਦਿੱਤੀਆਂ ਜਦੋਂ ਉਸ ਨੇ ਦਰਬਾਰ ਦਾ ਸੁਨੇਹਾ ਲਿਆਉਣ ਵਾਲੇ ਸਫੀਰ, ਗੁਲਾਬ ਸਿੰਘ ਕਲਕੱਤੀਆ, ਨੂੰ ਮਾਰ ਦਿੱਤਾ। ਇਸ ਤੋਂ ਬਾਅਦ ਦਰਬਾਰ ਦੀਆਂ ਤੋਪਾਂ ਨੇ ਭਾਈ ਦਾ ਡੇਰਾ ਦਾਗਣਾ ਸ਼ੁਰੂ ਕਰ ਦਿੱਤਾ ਤੇ ਕੈਂਪ ਅੰਦਰ ਦੇ 600 ਬੰਦੇ ਮਾਰ ਦਿੱਤੇ ਜਿਹਨਾਂ ਵਿਚ ਅਤਰ ਸਿੰਘ ਸੰਧਾਵਾਲੀਆ ਤੇ ਸ਼ਹਿਜ਼ਾਦਾ ਕਸ਼ਮੀਰਾ ਸਿੰਘ ਵੀ ਸੀ। ਤੋਪ ਦਾ ਇਕ ਗੋਲਾ ਭਾਈ ਬੀਰ ਸਿੰਘ ਦੀ ਕਮਰ ਵਿਚ ਲੱਗਾ।

ਭਾਈ ਬੀਰ ਸਿੰਘ ਨੇ ਮਰਨ ਤੋਂ ਪਹਿਲਾਂ ਉਹਨਾਂ ਸਿੱਖ ਅਫਸਰਾਂ ਨਾਲ ਗੱਲ ਕੀਤੀ ਜਿਹਨਾਂ ਨੇ ਉਸ ਨੂੰ ਖ਼ਤ ਲਿਖਿਆ ਸੀ ਕਿ ਉਹ ਅਤਰ ਸਿੰਘ ਸੰਧਾਵਾਲੀਆ ਦੀ ਮਦਦ ਕਰਨ। ਉਸ ਨੇ ਕਿਹਾ "ਜਦੋਂ ਤੁਸੀਂ ਤੇ ਤੁਹਾਡਾ ਚੀਫ਼ ਐਹੋ ਜਿਹੇ ਖਤ ਲਿਖੇ ਜਿਸ ਵਿਚ ਮੈਨੂੰ ਤੇ ਅਤਰ ਸਿੰਘ ਨੂੰ ਪੂਰੀ ਮਦਦ ਦਾ ਭਰੋਸਾ ਹੋਵੇ ਤਾਂ ਮੈਂ ਤੁਹਾਡੇ ਉਪਰ ਵਿਸ਼ਵਾਸ ਕਰਕੇ ਉਸ ਦੀ ਮਦਦ ਦੀ ਹਾਮੀ ਭਰੀ। ਮੈਂ ਚਾਹੁੰਦਾ ਸੀ ਕਿ ਅਤਰ ਸਿੰਘ ਤੇ ਉਸ ਦੇ ਪਰਿਵਾਰ ਦੇ ਗੁਜ਼ਾਰੇ ਵਾਸਤੇ ਕੁਝ ਹੋ ਸਕੇ। ਤੁਸੀਂ ਧੋਖੇਬਾਜ਼ ਸਾਬਿਤ ਹੋਏ। ਫਿਰ ਵੀ ਮੇਰੀ ਆਖਰੀ ਅਰਦਾਸ ਹੈ ਕਿ ਤੁਹਾਡੇ ਉਪਰ ਮੇਹਰ ਹੋਵੇ।" ਉਸ ਨੇ ਬਾਅਦ ਵਿਚ ਇਹ ਵੀ ਕਿਹਾ ਕਿ, "ਮੇਰੀ ਦੇਹ ਨੂੰ ਸਤਲੁਜ ਵਿਚ ਵਹਾ ਦੇਣਾ। ਮੈਂ ਨਹੀਂ ਚਾਹੁੰਦਾ ਕਿ ਮੇਰਾ ਸਰੀਰ ਇਸ ਦੁਸ਼ਟ ਧਰਤੀ ਵਿਚ ਗਲੇ।"

ਖਾਲਸਾ ਸਿਪਾਹੀ ਬਹੁਤ ਵੱਡੇ ਪਛਤਾਵੇ ਦੇ ਦੌਰ ਵਿਚ ਸਨ ਜਦੋਂ ਉਹਨਾਂ ਵੇਖਿਆ ਕਿ ਉਥੇ ਕਈਆਂ ਸਾਰੀਆਂ ਔਰਤਾਂ ਤੇ ਬੱਚੇ ਵੀ ਮਾਰੇ ਗਏ ਸਨ। ਜਿਸ ਬਟਾਲੀਅਨ ਨੇ ਆ ਕੇ ਕਾਰਵਾਈ ਕੀਤੀ ਸੀ, ਉਸ ਨੂੰ 'ਗੁਰੂਮਾਰ' ਦਾ ਫਤਵਾ ਮਿਲ ਗਿਆ। ਮੀਆਂ ਲਾਭ ਸਿੰਘ ਨੇ ਸਿੱਖ ਸਿਪਾਹੀਆਂ ਦਾ ਗੁੱਸਾ ਹੋਰ ਭੜਕਾ ਦਿੱਤਾ ਜਦੋਂ ਉਸ ਨੇ ਮਹਾਰਾਜਾ ਰਣਜੀਤ ਸਿੰਘ ਦੀ ਵਿਧਵਾ ਤੇ ਸ਼ਹਿਜ਼ਾਦਾ ਕਸ਼ਮੀਰਾ ਸਿੰਘ ਤੇ ਪਿਸ਼ੌਰਾ ਸਿੰਘ ਦੀ ਮਾਤਾ ਨੂੰ ਗਿਰਫ਼ਤਾਰ ਕੀਤਾ। ਫੌਜੀਆਂ ਨੇ ਡੋਗਰਾ ਕਰਨਲ ਨੂੰ ਗੋਲੀ ਮਾਰ ਦਿੱਤੀ ਤੇ ਮਹਾਰਾਣੀ ਨੂੰ ਆਜ਼ਾਦ ਕਰਵਾ ਲਿਆ। ਸਿਪਾਹੀ ਬਦਲੇ ਦੀ ਦੁਹਾਈ ਪਾ ਰਹੇ ਸਨ। ਮੀਆਂ ਲਾਭ ਸਿੰਘ ਆਪਣੀ ਜਾਨ ਬਚਾਉਣ ਵਾਸਤੇ ਓਥੋਂ ਦੌੜ ਗਿਆ।

ਹੀਰਾ ਸਿੰਘ ਨੇ ਮਹਿਸੂਸ ਕਰ ਲਿਆ ਕਿ ਬੀਰ ਸਿੰਘ ਦੇ ਮਾਰੇ ਜਾਣ ਨਾਲ ਹਿੰਸਕ ਗੁੱਸਾ ਪੈਦਾ ਹੋ ਗਿਆ ਹੈ। ਉਸ ਨੇ ਭਾਈ ਸਾਹਿਬ ਦੀ ਯਾਦ ਵਿਚ ਕੜਾਹ ਪ੍ਰਸ਼ਾਦ ਵਾਸਤੇ 5,000 ਰੁਪੈ ਦਿੱਤੇ ਤੇ ਖਾਲਸਾ ਭਾਈਚਾਰੇ ਵਾਸਤੇ ਆਪਣੇ ਅੰਮ੍ਰਿਤ ਛਕਣ ਦਾ ਐਲਾਨ ਕੀਤਾ। 'ਪੰਜਾਬ ਨਿਊਜ਼ ਲੈਟਰ' ਨੇ 14 ਮਈ, 1844 ਨੂੰ ਰੀਪੋਰਟ ਛਾਪੀ ਕਿ ਰਾਜਾ ਹੀਰਾ ਸਿੰਘ ਨੇ ਸਿਪਾਹੀਆਂ ਨੂੰ ਚੰਗੇ ਰੌਅ ਵਿਚ ਰੱਖਣ ਦੀ ਕੋਸ਼ਿਸ਼ ਕੀਤੀ, ਸਿੱਖ ਸਿਪਾਹੀਆਂ ਨੇ ਉਸ ਤੋਂ ਤੋਹਫ਼ੇ ਹਾਸਿਲ ਕੀਤੇ ਪਰ ਕਿਹਾ ਕਿ "ਅਸਾਂ ਆਪਣਾ ਗੁਰੂ ਮਾਰ ਦਿੱਤਾ ਤੇ ਦੋ ਦੋ ਰੁਪਏ ਲੈ ਲਏ, ਅਸੀਂ ਕਿਹੋ ਜਿਹੇ ਆਦਮੀ ਹਾਂ।"

ਇਕ ਹੋਰ ਵੱਖਰੀ ਕਿਸਮ ਦਾ ਮਾਮਲਾ ਹੀਰਾ ਸਿੰਘ ਲਈ ਰਾਹਤ ਦਾ ਆ ਗਿਆ ਤੇ ਉਸ ਨੂੰ ਉਸ ਦੇ ਸਿਪਾਹੀਆਂ ਦੇ ਹੱਥੋਂ ਹੋਈ ਤਬਾਹੀ ਵੱਲੋਂ ਲੋਕਾਂ ਦਾ ਧਿਆਨ ਪਾਸੇ ਕਰਨ ਦਾ ਮੌਕਾ ਮਿਲ ਗਿਆ। ਮਹਾਰਾਜਾ ਦਲੀਪ ਸਿੰਘ ਨੂੰ ਚੇਚਕ ਹੋ ਗਈ ਸੀ ਤੇ ਰੀਪੋਰਟ ਮਿਲ ਰਹੀ ਸੀ ਕਿ ਉਹ ਮਰ ਰਿਹਾ ਹੈ। ਲੋਕੀਂ ਪ੍ਰਸ਼ਾਸਨ ਵਿਚ ਇਕ ਹੋਰ ਹਿੰਸਕ ਤਬਦੀਲੀ ਨਹੀਂ ਚਾਹੁੰਦੇ ਸਨ ਹਾਲਾਂਕਿ ਰਾਜ ਦੀ ਹਾਲਤ ਪਹਿਲਾਂ ਹੀ ਡਾਵਾਂਡੋਲ ਸੀ। ਓਧਰ ਅੰਗਰੇਜ਼ ਆਪਣੀ ਛਾਉਣੀਆਂ ਵਿਚ ਹੋਰ ਸਮਾਨ ਇਕੱਠਾ ਕਰੀ ਜਾ ਰਹੇ ਸਨ ਤੇ ਉਹਨਾਂ ਪੱਤਣਾਂ ਦੀ ਜਾਂਚ ਕਰ ਰਹੇ ਸਨ ਜਿਥੋਂ ਸਤਲੁਜ ਪਾਰ ਕੀਤਾ ਜਾ ਸਕਦਾ ਹੈ। ਕਸੌਲੀ ਦਾ 'ਨਿਊਜ਼ ਲੈਟਰ' ਲਿਖਦਾ ਹੈ ਕਿ ਵੱਡੀ ਤਦਾਦ ਵਿਚ ਅਸਲਾ ਫਿਰੋਜ਼ਪੁਰ ਤੇ ਲੁਧਿਆਣਾ ਭੇਜਿਆ ਜਾ ਰਿਹਾ ਹੈ। ਫਿਰੋਜ਼ਪੁਰ ਤੋਂ ਇਤਲਾਹ ਆਈ ਕਿ ਅੰਗਰੇਜ਼ ਅਫ਼ਸਰਾਂ ਨੇ ਜ਼ਿਮੀਦਾਰਾਂ ਨੂੰ ਹੁਕਮ ਦਿੱਤਾ ਹੈ ਕਿ ਉਹ ਹਾੜੀ ਦੀ ਫਸਲ ਨਾ ਬੀਜਣ ਕਿਉਂਕਿ ਇਥੇ ਬਹੁਤ ਵੱਡੀ ਫੌਜ ਇਕੱਠੀ ਹੋ ਜਾਣੀ ਹੈ।

ਬੇਸ਼ੱਕ ਫੌਰੀ ਖ਼ਤਰਾ ਤਾਂ ਟਲ ਗਿਆ ਸੀ ਪਰ ਦਰਬਾਰ ਵਿਚ ਫਿਰਕੂ ਖਿੱਚੋਤਾਣ ਜਾਰੀ ਸੀ। ਸਿੱਖਾਂ ਦੀ ਹੁਣ ਸਾਰੀ ਨਫ਼ਰਤ ਬ੍ਰਾਹਮਣ ਪੰਡਤ, ਜੱਲਾ, ਦੇ ਵਿਰੁੱਧ ਹੋ

ਗਈ ਸੀ। ਦਰਬਾਰ ਵਿਚ 22 ਜੂਨ 1844 ਵਾਲੇ ਦਿਨ ਇਕ ਝਗੜਾ ਪੈਦਾ ਹੋ ਗਿਆ ਜਦੋਂ ਹੀਰਾ ਸਿੰਘ ਡੋਗਰਾ ਨੇ ਅਤਰ ਸਿੰਘ ਕਲਿਆਂਵਾਲੇ ਨੂੰ ਪੰਡਤ ਜੱਲਾ ਨਾਲ ਦੁਰ ਵਿਹਾਰ ਬਾਰੇ ਝਾੜ ਲਗਾਈ। ਸਰਦਾਰ ਸਿਰਫ਼ ਪੰਡਤ ਤੋਂ ਅਗਲੀ ਸੀਟ ਉਪਰ ਬੈਠ ਗਿਆ ਸੀ। ਸਾਰੇ ਸਿੱਖ ਸਰਦਾਰ ਸਮੇਤ ਭਾਈਆ ਰਾਮ ਸਿੰਘ ਤੇ ਸ਼ਾਮ ਸਿੰਘ ਅਟਾਰੀ ਵਾਲਾ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ' ਦੇ ਜੈਕਾਰੇ ਛੱਡਦੇ ਹੋਏ ਦਰਬਾਰ ਵਿਚੋਂ ਬਾਹਰ ਨਿਕਲ ਗਏ। ਬਾਅਦ ਵਿਚ ਹੀਰਾ ਸਿੰਘ ਡੋਗਰਾ ਤੇ ਪੰਡਤ ਜੱਲਾ ਨੂੰ ਕਤਲ ਕਰਨ ਦੀ ਸਾਜਿਸ਼ ਸਾਹਮਣੇ ਆਈ ਜਿਸ ਦਾ ਮੁੱਖ ਕਰਤਾ ਸ਼ਾਮ ਸਿੰਘ ਅਟਾਰੀਵਾਲਾ ਸੀ।

ਦਰਬਾਰ ਦੇ ਬੇ ਵਫਾ ਲੋਕ ਹੀਰਾ ਸਿੰਘ ਦੀ ਘਟਦੀ ਸਾਖ ਦਾ ਫਾਇਦਾ ਉਠਾਉਣ ਲੱਗੇ। ਦੱਖਣ ਵਿਚ ਫੱਤੇ ਖਾਨ ਟਿਵਾਨਾ ਨੇ ਪੰਜਾਬ ਸਰਕਾਰ ਤੋਂ ਨਾਤਾ ਤੋੜ ਲਿਆ। ਮੁਲਤਾਨ ਦੇ ਸੂਬੇਦਾਰ ਦੀਵਾਨ ਸਾਵਨ ਮੱਲ ਦੇ ਪੁੱਤਰ ਜੁਲਰਾਜ ਨੂੰ ਉਸ ਦੇ ਖਿਲਾਫ਼ ਕਾਰਵਾਈ ਵਾਸਤੇ ਭੇਜਿਆ। ਮਿੱਠਾ ਟਿਵਾਨਾ ਨਾਂ ਦੀ ਜਗ੍ਹਾ ਉਪਰ 17 ਜੂਨ 1844 ਨੂੰ ਦੋਹਾਂ ਵਿਚਕਾਰ ਲੜਾਈ ਹੋਈ ਜਿਸ ਵਿਚ ਦੋਹਾਂ ਪਾਸਿਆਂ ਦੇ ਰਲਾ ਕੇ 900 ਬੰਦੇ ਮਾਰੇ ਗਏ। ਇਹਨਾਂ ਮਰਨ ਵਾਲਿਆਂ ਵਿਚ ਇਕ ਫੱਤੇ ਖਾਨ ਦਾ ਪੁੱਤਰ ਸੀ। ਉਸ ਨੇ ਹਾਰ ਮੰਨ ਲਈ ਤੇ ਮੁਆਫ਼ ਕਰ ਦੇਣ ਦੀ ਦਰਖਾਸਤ ਕੀਤੀ। ਓਧਰ ਗੁਲਾਬ ਸਿੰਘ ਡੋਗਰਾ ਜਿਸ ਨੇ ਸੁਚੇਤ ਸਿੰਘ ਦੀ ਜਗੀਰ ਤੇ ਵੀ ਕਬਜ਼ਾ ਜਮਾ ਲਿਆ ਸੀ, ਲਾਹੌਰ ਦਰਬਾਰ ਨੂੰ ਲਗਾਨ ਭੇਜਣ ਤੋਂ ਇਨਕਾਰ ਕਰ ਦਿੱਤਾ।

ਪੰਡਤ ਜੱਲਾ ਨੇ ਦਰਬਾਰ ਵਿਚ ਕਿਹਾ ਕਿ ਗੁਲਾਬ ਸਿੰਘ ਡੋਗਰਾ ਦੇ ਖਿਲਾਫ਼ ਵੀ ਉਸੇ ਤਰ੍ਹਾਂ ਕਾਰਵਾਈ ਕਰਨੀ ਚਾਹੀਦੀ ਹੈ ਜਿਸ ਤਰ੍ਹਾਂ ਟਿਵਾਨਾ ਦੇ ਖਿਲਾਫ਼ ਕੀਤੀ ਗਈ ਸੀ। ਇਸ ਦੇ ਤੋੜ ਵਿਚ ਗੁਲਾਬ ਸਿੰਘ ਨੇ ਕਿਹਾ ਕਿ ਉਹ ਲਗਾਨ ਦੇਣ ਨੂੰ ਤਿਆਰ ਹੈ ਜੇ ਪੰਡਤ ਜੱਲਾ ਉਸ ਦੇ ਹਵਾਲੇ ਕਰ ਦਿੱਤਾ ਜਾਵੇ। ਉਸ ਨੇ ਜੰਮੂ ਵਿਚ ਇਕ ਫਾਂਸੀ ਦਾ ਰੱਸਾ ਲਟਕਾ ਦਿੱਤਾ ਕਿ ਉਹ ਜੱਲਾ ਨਾਲ ਕੀ ਸਲੂਕ ਕਰੇਗਾ। ਪੰਚਾਂ ਨੇ ਇਸ ਵਿਚ ਫੌਜ ਭੇਜਣ ਦੀ ਝਿਜਕ ਜ਼ਾਹਿਰ ਕੀਤੀ ਕਿ ਇਹ ਡੋਗਰਿਆਂ ਦਾ ਜਾਤੀ ਝਗੜਾ ਹੈ। ਹੀਰਾ ਸਿੰਘ ਨੇ ਉਹਨਾਂ ਨੂੰ ਕਾਇਲ ਕਰਨ ਦੀ ਕੋਸ਼ਿਸ਼ ਕੀਤੀ ਕਿ ਉਸ ਦਾ ਤਾਇਆ ਅੰਗਰੇਜ਼ਾਂ ਨਾਲ ਸਾਂਠਗਾਂਠ ਕਰ ਰਿਹਾ ਹੈ ਤੇ ਉਸ ਨੇ ਫਰੰਟੀਅਰ ਦੇ ਕਬਾਇਲੀਆਂ ਨੂੰ ਵੀ ਦਰਬਾਰ ਦੇ ਖਿਲਾਫ਼ ਭੜਕਾਇਆ ਹੈ। ਇਹ ਦਲੀਲਾਂ ਪੰਚਾਂ ਨੂੰ ਕਾਇਲ ਕਰ ਗਈਆਂ ਤੇ ਉਹ ਸਮਝਣ ਲੱਗੇ ਕਿ ਹੀਰਾ ਸਿੰਘ ਦੀਆਂ ਗੱਲਾਂ ਵਿਚ ਵਜ਼ਨ ਹੈ। ਪੰਚਾਂ ਨੇ ਆਪਣੇ ਪ੍ਰਭਾਵ ਨਾਲ ਫੌਜ ਨੂੰ ਜੰਮੂ ਦੀ ਤਰਫ਼ ਕੂਚ ਕਰਨ ਵਾਸਤੇ ਤਿਆਰ ਕਰ ਲਿਆ। ਗੁਲਾਬ ਸਿੰਘ ਨੇ ਲੜਾਈ ਤੋਂ ਪਹਿਲਾਂ ਹੀ ਹਾਰ ਮੰਨ ਲਈ ਤੇ ਆਪਣੇ ਪੁੱਤਰ ਸੋਹਨ ਸਿੰਘ ਨੂੰ ਜਮਾਨਤ ਦੇ ਤੌਰ 'ਤੇ ਲਾਹੌਰ ਭੇਜ ਦਿੱਤਾ।

ਜੁਲਾਈ 1844 ਨੂੰ ਲਾਰਡ ਐਲੇਨਬਰੋ ਨੂੰ ਬਦਲ ਕੇ ਹੈਨਰੀ ਹਾਰਡਿੰਗ ਨੂੰ ਭੇਜ ਦਿੱਤਾ ਗਿਆ ਸੀ। ਇਸ ਦੀ ਇਕ ਬਾਂਹ ਕੱਟੀ ਹੋਈ ਸੀ ਤੇ ਬਹੁਤ ਮੰਨਿਆ ਹੋਇਆ ਜੰਗਾਂ ਦਾ ਸਿਪਾਹੀ ਸੀ। ਇਹ ਏਧਰ ਪੰਜਾਬੀਆਂ ਵਿਚ 'ਟੁੰਡਾ ਲਾਟ' ਕਰਕੇ ਮਸ਼ਹੂਰ ਸੀ ਤੇ ਇਸ ਦਾ ਗਵਰਨਰ ਜਨਰਲ ਬਣਾਇਆ ਜਾਣਾ ਹੀ ਦਰਬਾਰ ਦੇ ਅੰਦਰ ਹਲਚਲ ਪੈਦਾ ਕਰ ਰਿਹਾ ਸੀ। ਜਦੋਂ ਇਹ ਖਬਰ ਦਰਬਾਰ ਵਿਚ ਪੜ੍ਹ ਕੇ ਸੁਣਾਈ ਗਈ ਤਾਂ ਪੰਡਤ ਜੱਲਾ ਨੇ ਕਿਹਾ ਕਿ "ਲਾਰਡ ਆਕਲੈਂਡ ਨੇ ਅਫ਼ਗਾਨਿਸਤਾਨ ਨੂੰ ਕੁਚਲਿਆ ਸੀ, ਲਾਰਡ ਐਲੇਨਬਰੋ ਨੇ ਸਿੰਧ ਤੇ ਗਵਾਲੀਅਰ ਤੇ ਕਬਜ਼ਾ ਕੀਤਾ ਤੇ ਨਵੇਂ ਲਾਰਡ ਬਾਰੇ ਕੋਈ ਸ਼ੰਕਾ ਨਹੀਂ ਹੋਣਾ ਚਾਹੀਦਾ ਕਿ ਉਹ ਪੰਜਾਬ ਉਪਰ ਹਮਲਾ ਕਰੇਗਾ।" ਇਸ ਟਿੱਪਣੀ ਤੋਂ ਫ਼ੌਰੀ ਬਾਅਦ ਖ਼ਬਰ ਮਿਲੀ ਕਿ ਕਲਕੱਤਾ ਦੀ ਕੌਂਸਲ ਨੇ ਆਪਣੀ ਗੁਪਤ ਮੀਟਿੰਗ ਵਿਚ ਅਤਰ ਸਿੰਘ ਸੰਧਾਵਾਲੀਆ ਦੀ ਮੌਤ ਉਪਰ ਅਫਸੋਸ ਪ੍ਰਗਟ ਕੀਤਾ ਸੀ। ਉਹਨਾਂ ਦਾ ਕਹਿਣਾ ਸੀ ਕਿ ਅਗਰ ਉਹ ਜਿਊਂਦਾ ਹੁੰਦਾ ਤਾਂ ਬਿਨਾਂ ਲੜੇ ਹੀ ਪੰਜਾਬ ਉਪਰ ਕਬਜ਼ਾ ਹੋ ਜਾਣਾ ਸੀ। ਕੰਪਨੀ ਦੇ ਭਗੌੜਾ ਲੋਕਾਂ ਦੱਸਿਆ ਕਿ ਅੰਗਰੇਜ਼ ਸਤੰਬਰ ਦੇ ਮਹੀਨੇ ਸਤਲੁਜ ਪਾਰ ਕਰਨ ਦੀਆਂ ਸਕੀਮਾਂ ਬਣਾ ਰਹੇ ਹਨ। ਸਤੰਬਰ ਬਿਨਾਂ ਕਿਸੇ ਅਜਿਹੀ ਘਟਨਾ ਦੇ ਬੀਤ ਗਿਆ ਪਰ ਜਦੋਂ ਕੰਪਨੀ ਦਾ ਕਮਾਂਡਰ ਇਨ ਚੀਫ ਲੁਧਿਆਣਾ ਤੇ ਫਿਰੋਜ਼ਪੁਰ ਵਿਚ ਫੌਜਾਂ ਦਾ ਨਿਰੀਖਣ ਕਰਨ ਆਇਆ ਤਾਂ ਪੰਜਾਬ ਦੀ ਫੌਜ ਨੂੰ ਕਿਸੇ ਸੰਭਾਵਤ ਹਮਲੇ ਤੋਂ ਖ਼ਬਰਦਾਰ ਕੀਤਾ ਗਿਆ। ਜਲਦੀ ਹੀ ਦਰਿਆ ਦੇ ਕਿਨਾਰੇ ਫੌਜੀ ਚੌਂਕੀਆਂ ਬਣਾ ਲਈਆਂ ਗਈਆਂ ਤੇ ਅਗਲੇ ਕਿਨਾਰੇ ਵੱਲ 24 ਘੰਟੇ ਦੀ ਨਿਗਰਾਨੀ ਦਾ ਹੁਕਮ ਦਿੱਤਾ।

ਉਸ ਪਤਝੜ ਦੀ ਰੁੱਤ ਅੰਗਰੇਜ਼ਾਂ ਨੇ ਪੰਜਾਬ ਉਪਰ ਹਮਲਾ ਨਹੀਂ ਕੀਤਾ ਤੇ ਕੁਝ ਹਫ਼ਤਿਆਂ ਬਾਦ ਖਿਚੋਤਾਣ ਖ਼ਤਮ ਹੋ ਗਈ। ਪੰਜਾਬ ਦੀ ਫੌਜ ਨੂੰ ਲਾਹੌਰ ਦੀ ਛਾਉਣੀ ਵਿਚ ਬੁਲਾ ਲਿਆ ਗਿਆ ਜਿੱਥੇ ਆ ਕੇ ਉਹ ਦਰਬਾਰ ਦੀ ਸਿਆਸਤ ਵਿਚ ਦਿਲਚਸਪੀ ਲੈਣ ਲੱਗੀ। ਡੋਗਰਿਆਂ ਤੇ ਸਿੱਖਾਂ ਦੇ ਸੰਬੰਧਾਂ ਵਿਚ ਫਿਰ ਕਸ਼ੀਦਗੀ ਪੈਦਾ ਹੋ ਗਈ ਸੀ। ਇਸ ਵਾਰੀ ਇਸ ਦੀ ਸ਼ੁਰੂਆਤ ਪੰਡਤ ਜੱਲਾ ਨੇ ਰਾਣੀ ਜਿੰਦਾਂ ਦੇ ਚਾਲ ਚਲਨ ਉਪਰ ਇਲਜ਼ਾਮ ਲਗਾ ਕੇ ਸ਼ੁਰੂ ਕੀਤੀ। ਰਾਣੀ ਦਾ ਨਾਂ ਬਹੁਤ ਸਾਰੇ ਦਰਬਾਰੀਆਂ ਨਾਲ ਜੋੜਿਆ ਗਿਆ ਜਿਹਨਾਂ ਵਿਚੋਂ ਆਖਰੀ ਨਾਮ ਲਾਲ ਸਿੰਘ ਮਿਸਰ ਦਾ ਸੀ। ਕਿਹਾ ਗਿਆ ਕਿ ਉਸ ਦੇ ਹੱਥੋਂ ਰਾਣੀ ਗਰਭਵਤੀ ਹੋ ਗਈ ਸੀ। ਗਰਭ ਤਾਂ ਗਿਰਵਾ ਦਿੱਤਾ ਗਿਆ ਸੀ ਪਰ ਰਾਣੀ ਬਹੁਤ ਬਿਮਾਰ ਹੋ ਗਈ ਸੀ। ਇਹ ਗੱਲ ਖੁੱਲ੍ਹੇ ਦਰਬਾਰ ਵਿਚ ਕਹੀ ਗਈ ਕਿ ਜੇ ਰਾਣੀ ਮਰ ਗਈ ਤਾਂ ਮਿਸਰ ਲਾਲ ਸਿੰਘ ਨੂੰ ਮੌਤ ਦੀ ਸਜ਼ਾ ਦਿੱਤੀ ਜਾਵੇ। ਲੇਕਿਨ ਰਾਣੀ ਬਚ ਗਈ ਤੇ ਉਸ ਨੇ ਅੰਮ੍ਰਿਤਸਰ ਤੋਂ ਆਪਣੇ ਭਰਾ ਜਵਾਹਰ ਸਿੰਘ ਨੂੰ ਬੁਲਾ ਲਿਆ।

ਰਾਣੀ ਤੇ ਉਸ ਦੇ ਭਰਾ ਨੇ ਦਲੀਪ ਸਿੰਘ ਨੂੰ ਚੁੱਕਿਆ ਤੇ ਵੈਨਤੂਰਾ ਦੇ ਬਾਡੀ ਗਾਰਡਾਂ ਨਾਲ ਫੌਜੀ ਛਾਉਣੀ ਪਹੁੰਚ ਗਏ। ਰਾਣੀ ਨੇ ਇਕ ਜਜ਼ਬਾਤੀ ਤਕਰੀਰ ਵਿਚ ਕਿਹਾ ਕਿ ਉਹ ਉਸ ਨੂੰ ਤੇ ਮਹਾਰਾਜਾ ਦਲੀਪ ਸਿੰਘ ਨੂੰ ਤੇ ਜਾਂ ਫਿਰ ਡੋਗਰਾ ਤੇ ਜੱਲਾ ਦੀ ਜੁੰਡਲੀ ਵਿਚੋਂ ਕਿਸੇ ਇਕ ਨੂੰ ਚੁਣ ਲਵੋ। ਫੌਜੀ ਹੀਰਾ ਸਿੰਘ ਡੋਗਰਾ ਦੇ ਖਿਲਾਫ਼ ਸਨ ਕਿ ਅਜੇ ਕੱਲ ਹੀ ਉਸ ਨੇ ਉਹਨਾਂ ਦੇ 500 ਸਾਥੀਆਂ ਨੂੰ ਨੌਕਰੀ ਤੋਂ ਕੱਢ ਦਿੱਤਾ ਸੀ ਤੇ ਉਹਨਾਂ ਦੀਆਂ ਤਨਖਾਹਵਾਂ ਵੀ ਜਬਤ ਕਰ ਲਈਆਂ ਸਨ। ਉਹਨਾਂ ਜਿੰਦਾਂ ਤੇ ਉਸ ਦੇ ਬੇਟੇ ਨੂੰ ਚੁਣਿਆ ਅਤੇ ਹੀਰਾ ਸਿੰਘ ਤੇ ਜੱਲਾ ਨੂੰ ਪੰਜਾਬ ਵਿਚੋਂ ਕੱਢਣ ਦੀਆਂ ਕਸਮਾਂ ਖਾਧੀਆਂ।

ਖਤਰਨਾਕ ਹਾਲਾਤ ਨੂੰ ਭਾਂਪਦੇ ਹੋਏ ਹੀਰਾ ਸਿੰਘ ਨੇ ਗੁਲਾਬ ਸਿੰਘ ਅੱਗੇ ਮਦਦ ਦੀ ਗੁਹਾਰ ਲਗਾਈ। ਗੁਲਾਬ ਸਿੰਘ ਨੇ ਜਲਦੀ ਨਾਲ ਇਕ ਹਜ਼ਾਰ ਡੋਗਰਾ ਸਿਪਾਹੀ ਜੰਮੂ ਤੋਂ ਰਵਾਨਾ ਕਰ ਦਿੱਤੇ। ਪਹਾੜੀਆਂ ਦੀ ਇਸ ਤਰ੍ਹਾਂ ਫੌਜ ਦੇ ਕੂਚ ਦੀ ਖ਼ਬਰਾਂ ਨੇ ਹਾਲਾਤ ਹੋਰ ਖ਼ਰਾਬ ਕਰ ਦਿੱਤੇ ਕਿਉਂਕਿ ਏਧਰ ਫੌਜ ਉਹਨਾਂ ਦੇ ਮੁਕਾਬਲੇ ਵਾਸਤੇ ਤਿਆਰ ਹੋ ਗਈ। ਹੀਰਾ ਸਿੰਘ ਤੇ ਜੱਲਾ ਪੰਚਾਂ ਨਾਲ ਗੱਲਬਾਤ ਕਰਨ ਦੇ ਬਹਾਨੇ ਕਿਲ੍ਹੇ ਵਿਚੋਂ ਬਾਹਰ ਨਿਕਲੇ ਪਰ ਉਹ ਅਚਾਨਕ ਰਾਵੀ ਤੋ ਪਾਰ ਸ਼ਾਹਦਰਾ ਨੂੰ ਮੁੜ ਗਏ। ਆਪਣੇ ਨਾਲ ਦੋ ਹਜ਼ਾਰ ਡੋਗਰਾ ਸਿਪਾਹੀ, ਬਹੁਤ ਸਾਰੇ ਹਾਥੀ, ਘੋੜੇ ਤੇ ਗੱਡਿਆਂ ਉਪਰ ਖਜ਼ਾਨਾ ਵੀ ਲੱਦਿਆ। ਦਰਬਾਰ ਦੀ ਫੌਜ ਦੇ ਦਸਤੇ ਇਹਨਾਂ ਦਾ ਪਿੱਛਾ ਕਰਨ ਵਾਸਤੇ ਰਵਾਨਾ ਹੋ ਗਏ।

ਦਰਬਾਰ ਦੀ ਫੌਜ ਨੇ ਦੌੜੇ ਜਾਂਦੇ ਡੋਗਰਿਆਂ ਨੂੰ ਲਾਹੌਰ ਤੋਂ ਸਿਰਫ਼ 14 ਮੀਲ ਦੂਰ ਘੇਰ ਲਿਆ ਤੇ ਦੋਹਾਂ ਵਿਚ ਭਖਵੀਂ ਲੜਾਈ ਸ਼ੁਰੂ ਹੋ ਗਈ। ਪਹਿਲੇ ਹੱਲੇ ਮਰਨ ਵਾਲਿਆਂ ਵਿਚ ਪੰਡਤ ਜੱਲ੍ਹਾ ਸੀ ਜਿਹੜਾ ਥਕਾਵਟ ਕਰਕੇ ਘੋੜੇ ਤੋਂ ਡਿੱਗ ਪਿਆ ਸੀ ਤੇ ਪਿੱਛਾ ਕਰਨ ਵਾਲਿਆਂ ਉਸ ਦੇ ਟੋਟੇ ਕਰ ਦਿੱਤੇ। ਮੀਆਂ ਲਾਭ ਸਿੰਘ ਨੂੰ ਉਮੀਦ ਸੀ ਕਿ ਉਸ ਦੇ ਮਾਲਕਾਂ ਨੂੰ ਅੱਗੋਂ ਆ ਰਹੀ ਡੋਗਰਾ ਫੌਜ ਬਚਾ ਲਵੇਗੀ। ਦਰਬਾਰ ਦੇ ਫੌਜੀਆਂ ਨੇ ਮੀਆਂ ਲਾਭ ਸਿੰਘ ਨੂੰ ਖ਼ਤਮ ਕਰਨ ਵਿਚ ਦੇਰ ਨਹੀਂ ਲਗਾਈ ਤੇ ਹੀਰਾ ਸਿੰਘ ਨੂੰ ਜਾ ਫੜਿਆ ਜੋ ਇਕ ਪਿੰਡ ਵਿਚ ਲੁਕਿਆ ਹੋਇਆ ਸੀ। ਪਿੱਛਾ ਕਰਦੀ ਫੌਜ ਨੇ ਪਿੰਡ ਨੂੰ ਅੱਗ ਲਗਾ ਦਿੱਤੀ ਜਿਸ ਨਾਲ ਪਹਾੜੀਆਂ ਨੂੰ ਬਾਹਰ ਆਉਣਾ ਪਿਆ। ਕਰੀਬ ਇਕ ਹਜ਼ਾਰ ਡੋਗਰਾ ਸਿਪਾਹੀ ਉਸ ਲੜਾਈ ਵਿਚ ਮਾਰੇ ਗਏ। ਹੀਰਾ ਸਿੰਘ, ਪੰਡਤ ਜੱਲ੍ਹਾ ਤੇ ਮੀਆਂ ਲਾਭ ਸਿੰਘ ਦੇ ਸਿਰ ਨੇਜਿਆਂ ਉਪਰ ਟੰਗ ਕੇ ਲਾਹੌਰ ਦੀਆਂ ਗਲੀਆਂ ਵਿਚ ਘੁੰਮਾਏ ਗਏ। ਇਹ ਵਾਕਿਆ 21 ਦਸੰਬਰ, 1844 ਦਾ ਸੀ।

ਹੀਰਾ ਸਿੰਘ ਡੋਗਰਾ ਆਪਣੇ ਪਿਤਾ ਦੀ ਤਰ੍ਹਾਂ ਹੀ ਬਹੁਤ ਵਿਵਾਦ ਗ੍ਰਸਤ ਵਿਅਕਤੀ ਸੀ। ਕਰਨਲ ਗਾਰਡਨਰ ਦੇ ਅਨੁਸਾਰ, ਉਹ ਆਪਣੇ ਤੋਂ ਉਪਰਲਿਆਂ

ਅੱਗੇ ਹਮੇਸ਼ਾ ਦਬਕਿਆ ਜਿਹਾ ਤੇ ਆਗਿਆਕਾਰ ਰਹਿੰਦਾ ਸੀ, ਆਪਣੇ ਬਰਾਬਰ ਦੇ ਵਾਲਿਆਂ ਵਿਚ ਹਮੇਸ਼ਾਂ ਸ਼ੱਕੀ ਅਤੇ ਆਪਣਿਆਂ ਤੋਂ ਹੇਠਲਿਆਂ ਪ੍ਰਤੀ ਹਮੇਸ਼ਾ ਧੌਂਸ ਤੇ ਰੋਅਬ ਵਾਲਾ ਰਵੱਈਆ ਰੱਖਦਾ। ਉਹ ਹਮੇਸ਼ਾ ਫੂਕ ਛਕਦਾ ਤੇ ਵਡਿਆਈ ਸੁਣ ਕੇ ਖੁਸ਼ ਹੁੰਦਾ ਤੇ ਆਪਣੇ ਆਪ ਨੂੰ ਵਡਿਆਈ ਦਾ ਹੱਕਦਾਰ ਸਮਝਦਾ। ਉਸ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਖਾਸ ਚਹੇਤੇ ਹੋਣ ਦਾ ਵੀ ਹਮੇਸ਼ਾ ਮਾਣ ਰਿਹਾ। ਉਹ ਆਪਣੇ ਆਪ ਨੂੰ ਅੰਗਰੇਜ਼ੀ, ਫਾਰਸੀ ਤੇ ਸੰਸਕ੍ਰਿਤ ਦਾ ਚੰਗਾ ਜਾਣਕਾਰ ਸਮਝਦਾ ਹਾਲਾਂਕਿ ਉਹ ਇਸ ਤਰ੍ਹਾਂ ਸੀ ਨਹੀਂ। ਫਿਰ ਵੀ ਉਹ ਅਕਸਰ ਬਹੁਤ ਸਮਝਦਾਰ ਤੇ ਮੁਸੀਬਤਾਂ ਵੇਲੇ ਹਿੰਮਤ ਨਾ ਹਾਰਨ ਵਾਲਾ ਸੀ। ਅਗਰ ਹਾਲਾਤ ਉਸ ਦੇ ਹੱਕ ਵਿਚ ਕਰਵਟ ਬਦਲਦੇ ਤਾਂ ਉਹ ਲਾਹੌਰ ਦਾ ਪਹਿਲਾ ਡੋਗਰਾ ਸਿੱਖ ਮਹਾਰਾਜਾ ਵੀ ਬਣ ਸਕਦਾ ਸੀ। ਹੀਰਾ ਸਿੰਘ ਦੀ ਯਾਦਗਾਰ ਲਾਹੌਰ ਦੇ ਲੋਕਾਂ ਨੇ ਸੰਭਾਲੀ ਤੇ ਜਿਸ ਜਗ੍ਹਾ ਉਹ ਰਹਿੰਦਾ ਸੀ, ਉਸ ਦਾ ਨਾਮ 'ਹੀਰਾ ਮੰਡੀ' ਰੱਖਿਆ ਗਿਆ। ਅੰਗਰੇਜ਼ੀ ਰਾਜ ਦੇ ਸਮੇਂ ਇਹ ਇਲਾਕਾ ਵੇਸਵਾ ਕਿੱਤੇ ਨਾਲ ਜੁੜਿਆ ਰਿਹਾ। ਅਸਲ ਵਿਚ ਇਹ ਪੰਡਤ ਜੱਲਾ ਹੀ ਸੀ ਜਿਸ ਦੀ ਵਜ੍ਹਾ ਨਾਲ ਹੀਰਾ ਲਾਲ ਦਾ ਅੰਤ ਹੋਇਆ। ਜੱਲ੍ਹਾ ਦੀ ਯਾਦ ਨਫ਼ਰਤ ਨਾਲ ਭਰੀ ਰਹੀ:

"ਉਪਰ ਅੱਲ੍ਹਾ, ਥੱਲੇ ਜੱਲ੍ਹਾ
ਜੱਲੇ ਦੇ ਸਿਰ 'ਤੇ ਖੱਲ੍ਹਾ।"

ਇਥੇ ਖੱਲ੍ਹਾ ਦਾ ਮਤਲਬ ਖੱਲ ਦਾ ਜੁੱਤਾ ਹੈ।

***

ਜੱਲ੍ਹਾ ਦਾ ਨਾਮ ਫਿਰ ਵੀ ਇਕ ਹੋਰ ਤਰੀਕੇ ਨਾਲ ਅਮਰ ਹੋ ਗਿਆ। ਜਮੀਨ ਦਾ ਇਕ ਖੁਲ੍ਹਾ ਪਲਾਟ ਜੋ ਪੰਡਤ ਜੱਲਾ ਦੇ ਕੋਲ ਅੰਮ੍ਰਿਤਸਰ ਵਿਚ ਸੀ, ਉਹੀ ਜੱਲਿਆਂ ਵਾਲਾ ਬਾਗ ਦੇ ਨਾਮ ਉਪਰ ਸਾਰੀ ਦੁਨਿਆ ਦੇ ਇਤਿਹਾਸ ਵਿਚ ਦਰਜ ਹੋ ਗਿਆ। ਜਨਰਲ ਡਾਇਰ ਨੇ ਉਥੇ ਹੋ ਰਹੀ ਨਿੱਹਥੇ ਲੋਕਾਂ ਦੀ ਸਭਾ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਸੀ ਜਿਸ ਵਿਚ 300 ਦੇ ਕਰੀਬ ਆਦਮੀ, ਔਰਤਾਂ ਤੇ ਬੱਚੇ ਵੀ ਮਾਰੇ ਗਏ ਸਨ। ਜੱਲਿਆਂ ਵਾਲਾ ਬਾਗ ਦੇ ਇਹ ਕਤਲ ਭਾਰਤ ਦੀ ਆਜ਼ਾਦੀ ਦੀ ਲਹਿਰ ਦਾ ਇਕ ਮੀਲ ਪੱਥਰ ਬਣ ਗਏ ਕਿਉਂਕਿ ਲੋਕ ਅੰਗਰੇਜ਼ ਹਕੂਮਤ ਦੇ ਵਿਰੁੱਧ ਹੋ ਗਏ ਸਨ।

6

ਅੰਗਰੇਜ਼ਾਂ ਵੱਲੋਂ ਪੰਜਾਬ 'ਤੇ ਕਬਜ਼ੇ ਦੀਆਂ ਸਕੀਮਾਂ

ਬਾਰ ਬਾਰ ਦੇ ਖ਼ੂਨੀ ਸਾਕਿਆਂ ਨੇ ਦਰਬਾਰ ਦੀ ਹਾਲਤ ਬਹੁਤ ਪਤਲੀ ਬਣਾ ਦਿੱਤੀ ਸੀ। ਸ਼ਾਹੀ ਖਾਨਦਾਨ ਦੇ ਬਹੁਤ ਸਾਰੇ ਸ਼ਹਿਜ਼ਾਦੇ ਤੇ ਪ੍ਰਧਾਨ ਮੰਤਰੀ ਦੇ ਦਾਅਵੇਦਾਰਾਂ ਦੇ ਕਤਲ ਹੋ ਚੁਕੇ ਸਨ। ਲਹਿਣਾ ਸਿੰਘ ਮਜੀਠੀਆ ਵਰਗੇ ਰਾਜ ਛੱਡ ਕੇ ਚਲੇ ਗਏ ਸਨ ਤੇ ਫਕੀਰ ਅਜ਼ੀਜ਼ੁਦੀਨ ਵਰਗਿਆਂ ਨੇ ਕਸ਼ਮਕੱਸ਼ ਵਿਚ ਜਾਨ ਗੁਆਉਣ ਦੀ ਬਜਾਏ ਘਰ ਬੈਠ ਜਾਣ ਨੂੰ ਤਰਜੀਹ ਦਿੱਤੀ। ਇਸ ਤਰ੍ਹਾਂ ਲੱਗਦਾ ਸੀ ਕਿ ਸਭ ਦੀਆਂ ਨਜ਼ਰਾਂ ਰਾਣੀ ਜਿੰਦਾਂ ਤੇ ਉਸ ਦੇ ਭਰਾ ਜਵਾਹਰ ਸਿੰਘ ਵੱਲ ਸਨ ਕਿ ਉਹ ਕਿਸੇ ਤਰ੍ਹਾਂ ਨਾਬਾਲ.ਗ ਰਾਜੇ ਦਲੀਪ ਸਿੰਘ ਦੇ ਨਾਂ 'ਤੇ ਅਮਨ ਤੇ ਕਾਨੂੰਨ ਬਹਾਲ ਕਰਨ ਵਾਸਤੇ ਕੁਝ ਕਰਨਗੇ। ਲੇਕਿਨ ਇਸ ਤਰ੍ਹਾਂ ਹੋ ਨਹੀਂ ਸਕਣਾ ਸੀ ਕਿਉਂਕਿ ਅੰਗਰੇਜ਼ ਪੰਜਾਬ ਨੂੰ ਆਪਣੇ ਰਾਜ ਵਿਚ ਸ਼ਾਮਿਲ ਕਰਨ ਵਾਸਤੇ ਉਤਾਵਲੇ ਸਨ। ਪੰਜਾਬ ਦੇ ਸਿੰਘਾਸਨ ਦਾ ਡਾਵਾਂਡੋਲ ਰਹਿਣਾਂ ਅੰਗਰੇਜ਼ਾਂ ਦੇ ਹੱਕ ਵਿਚ ਸੀ।

ਹਮਲੇ ਦੀ ਸਕੀਮ ਤਾਂ 1844 ਵਿਚ ਹੀ ਬਣਾ ਲਈ ਸੀ। ਜੁਲਾਈ ਦੇ ਮਹੀਨੇ ਸਰ ਹੈਨਰੀ ਹਾਰਡਿੰਗ ਦੇ ਬਤੌਰ ਗਵਰਨਰ ਜਨਰਲ ਆਉਣ ਨਾਲ ਦੋਹਾਂ ਸਰਕਾਰਾਂ ਵਿਚ ਚੱਲਦੀ ਠੰਡੀ ਜੰਗ ਹੋਰ ਤੇਜ਼ ਹੋ ਗਈ ਸੀ। ਹਾਰਡਿੰਗ ਆਪਣੇ ਨਾਲ ਆਪਣੇ ਦੋ ਪੁੱਤਰਾਂ ਨੂੰ ਗੁਪਤ ਪੱਤਰ ਵਿਹਾਰ ਕਰਨ ਵਾਸਤੇ ਲੈ ਕੇ ਆਇਆ ਸੀ। ਉਸ ਦੇ ਚਿੱਠੀ ਪੱਤਰ ਦੱਸਦੇ ਹਨ ਕਿ ਉਸ ਨੇ ਬਹੁਤ ਪਹਿਲਾਂ ਤੋਂ ਤੇ ਬਹੁਤ ਪੱਕੇ ਤਰੀਕੇ ਨਾਲ ਲੜਾਈ ਦੀ ਤਿਆਰੀ ਸ਼ੁਰੂ ਕਰ ਦਿੱਤੀ ਸੀ। ਉਸ ਨੇ 17 ਸਤੰਬਰ ਨੂੰ ਲਾਰਾਡ ਐਡਨਬਰੋ ਨੂੰ ਲਿਖਿਆ, "ਉਤਰ ਪੱਛਮੀ ਸਰਹੱਦ ਬਾਰੇ 'ਗੱਫ਼' ਨਾਲ ਖਤ ਪੱਤਰੀ ਕੀਤੀ ਹੈ ਕਿ ਉਹ ਪਿਆਦਾ ਤੇ ਘੁੜ ਸਵਾਰ ਫੌਜਾਂ ਤੋਂ ਇਲਾਵਾਂ ਗੱਡਿਆਂ ਵਗੈਰਾ ਦਾ ਵੀ ਪੂਰਾ ਇਤਜ਼ਾਮ ਰੱਖੇ ਅਤੇ ਯੂਰਪੀਨ ਲੋਕਾਂ

ਦੀਆਂ ਚੁਣੀਆਂ ਹੋਈਆਂ ਕੰਪਨੀਆਂ ਉਥੇ ਭੇਜਣਾ ਚਾਹੁੰਦੇ ਹਾਂ। ਹੁਣ ਨਵੀਂ ਫੌਜ ਵਾਸਤੇ ਨਵੀਆਂ ਬੈਰਕਾਂ ਬਣਾਈਆਂ ਜਾ ਰਹੀਆਂ ਹਨ।" ਲੁਧਿਆਣਾ ਦੇ ਬ੍ਰਿਟਿਸ਼ ਏਜੰਟ ਕਰਨਲ ਰਿੱਚਮੌਂਡ ਨੂੰ ਬਦਲ ਕੇ ਉਸ ਦੀ ਜਗ੍ਹਾ ਬਰੈਡਫੋਰਟ ਨੂੰ ਲਗਾਇਆ ਗਿਆ ਸੀ ਜੋ ਲੜਾਈ ਵਿਚ ਕੁੱਦਣ ਵਾਸਤੇ ਹਮੇਸ਼ਾਂ ਤਿਆਰ ਰਹਿਣ ਵਾਲਿਆਂ ਵਿਚ ਜਾਣਿਆ ਜਾਂਦਾ ਸੀ।

ਸਭ ਤੋਂ ਪਹਿਲਾ ਕੰਮ ਬਰੈਡਫੋਰਟ ਨੇ ਇਹ ਕੀਤਾ ਕਿ ਦਰਬਾਰ ਦਾ ਕੁਝ ਇਲਾਕਾ ਜੋ ਸਤਲੁਜ ਦੇ ਪੂਰਬ ਵਾਲੇ ਪਾਸੇ ਸੀ ਉਸ ਨੂੰ ਮਾਲਵਾ ਦੀਆਂ ਦੂਸਰੀਆਂ ਸਿੱਖ ਰਿਆਸਤਾਂ ਦੀ ਤਰ੍ਹਾਂ ਅੰਗਰੇਜ਼ੀ ਸੁਰੱਖਿਆ ਅਧੀਨ ਸਮਝੇ ਜਾਣ ਦਾ ਐਲਾਨ ਕਰ ਦਿੱਤਾ। ਇਹ ਐਲਾਨ ਓਦੋਂ ਕੀਤਾ ਸੀ ਜਦੋਂ ਮਹਾਰਾਜਾ ਦਲੀਪ ਸਿੰਘ ਚੇਚਕ ਨਾਲ ਪੀੜਤ ਸੀ ਤੇ ਉਸ ਦੇ ਬਚਣ ਦੀਆਂ ਉਮੀਦਾਂ ਘਟਦੀਆਂ ਜਾ ਰਹੀਆਂ ਸਨ। ਦਰਬਾਰ ਨੇ ਇਸ ਬਾਰੇ ਸਖ਼ਤ ਇਤਰਾਜ਼ ਉਠਾਇਆ ਕਿ ਇਹ 1809 ਦੇ ਸਮਝੌਤੇ ਦੇ ਵਿਰੁੱਧ ਹੈ ਅਤੇ ਉਸ ਤੋਂ ਬਾਅਦ ਦੇ ਜੋ ਸਮਝੌਤੇ ਫਿਰੋਜ਼ਪੁਰ ਦੇ ਨਜ਼ਦੀਕ ਕੋਟ ਕਪੂਰਾ ਤੇ ਅਨੰਦਪੁਰ ਦੇ ਇਲਾਕਿਆਂ ਬਾਰੇ ਹੋਏ ਸਨ। ਇਸ ਨੂੰ ਆਮ ਤੌਰ 'ਤੇ ਇਹ ਸਮਝਿਆ ਗਿਆ ਕਿ ਅੰਗਰੇਜ਼ਾਂ ਨੇ ਪੰਜਾਬ ਉਪਰ ਕਬਜ਼ਾ ਕਰਨ ਤੋਂ ਪਹਿਲਾਂ ਉਸ ਦੇ ਸਤਲੁਜ ਤੋਂ ਪਾਰ ਵਾਲੇ ਇਲਾਕਿਆਂ 'ਤੇ ਕਬਜ਼ਾ ਕਰ ਲਿਆ ਸੀ।

ਬਰੈਡਫੋਰਟ ਵਰਗੇ ਲੋਕਾਂ ਦੇ ਸੁਭਾਅ ਦਾ ਪਤਾ ਮਾਰਚ 1845 ਦੇ ਇਕ ਵਾਕਿਆ ਤੋਂ ਲੱਗਦਾ ਹੈ। ਇਕ ਵਾਰ ਇਕ ਲਾਲ ਸਿੰਘ ਅਦਾਲਤੀ, ਦਰਬਾਰ ਦਾ ਮੈਜਿਸਟ੍ਰੇਟ, ਸਰਕਾਰੀ ਕੰਮ ਵਾਸਤੇ ਸਤਲੁੱਜ ਤੋਂ ਪਾਰ ਗਿਆ। ਬਰੈਡਫੋਰਟ ਜੋ ਸਬੱਬੀਂ ਓਥੇ ਮੌਜੂਦ ਸੀ, ਉਸ ਨੇ ਮੈਜਿਸਟ੍ਰੇਟ ਨੂੰ ਵਾਪਸ ਜਾਣ ਵਾਸਤੇ ਕਹਿ ਦਿੱਤਾ ਪਰ ਜਦੋਂ ਮੈਜਿਸਟ੍ਰੇਟ ਵਾਪਸੀ ਦੀ ਕਿਸ਼ਤੀ ਉਪਰ ਬੈਠਿਆ ਤਾਂ ਉਸ ਨੇ ਉਸ ਦੇ ਕੁਝ ਬੰਦੇ ਫੜ ਲਏ ਤੇ ਗੋਲੀਆਂ ਵੀ ਚਲਾਈਆਂ। ਬਾਅਦ ਵਿਚ ਬਰੈਡਫੋਰਡ ਵਰਗੇ ਬੰਦੇ ਨੂੰ ਵੀ ਇਸ ਕੰਮ ਦੀ ਸਫਾਈ ਦੇਣਾ ਬਹੁਤ ਮੁਸ਼ਕਿਲ ਹੋ ਗਿਆ ਸੀ ਕਿ ਉਸ ਨੇ ਦਰਬਾਰ ਦੇ ਕਰਮਚਾਰੀ ਨੂੰ ਲਾਹੌਰ ਦੇ ਇਲਾਕੇ ਵਿਚ ਹੀ ਰੋਕਿਆ ਹੈ। ਇਹਨਾਂ ਗੋਲੀਆਂ ਨੂੰ ਕੈਂਬੈਲ ਨੇ ਆਪਣੀਆਂ ਯਾਦਾਂ ਵਿਚ ਲਿਖਿਆ ਕਿ ਹੋਣ ਵਾਲੀ ਮਹਾਨ ਸਿੱਖ ਲੜਾਈਆਂ ਦੀਆਂ ਪਹਿਲੀਆਂ ਗੋਲੀਆਂ ਸਨ। ਬਰੈਡਫੋਰਡ ਦੇ ਇਸ ਵਤੀਰੇ ਬਾਰੇ ਕਨਿੰਘਮ ਨੇ ਲਿਖਿਆ ਕਿ, "ਮੇਜਰ ਬਰੈਡਫੋਰਡ ਦੀ ਨਿਯੁਕਤੀ ਨਾਲ ਲੜਾਈ ਦੇ ਹਾਲਾਤ ਬਹੁਤ ਤੇਜ਼ੀ ਨਾਲ ਬਣੇ। ਇਸ ਤਰ੍ਹਾਂ ਵੀ ਲੱਗਦਾ ਹੈ ਕਿ ਜੇ ਮਿਸਟਰ ਕਲੇਰਕ ਹੀ ਬ੍ਰਿਟਿਸ਼ ਏਜੰਟ ਰਹਿੰਦਾ ਤਾਂ ਲੜਾਈ ਨਹੀਂ ਹੋਣੀ ਸੀ।"

ਹੀਰਾ ਸਿੰਘ ਤੇ ਪੰਡਤ ਜੱਲ੍ਹਾ ਦੇ ਕਤਲ ਨਾਲ ਪੰਜਾਬ ਉਪਰ ਕਬਜ਼ੇ ਦੀ

ਸਕੀਮ ਨੇ ਤਰਜੀਹ ਅਖਤਿਆਰ ਕਰ ਲਈ। ਅੰਗਰੇਜ਼ ਚਾਹੁੰਦੇ ਸਨ ਕਿ ਪੰਜਾਬ ਦੇ ਹਾਲਾਤ ਓਦੋਂ ਤੱਕ ਉਬੱਲਦੇ ਰਹਿਣ ਜਦੋਂ ਤੱਕ ਉਹ ਆਪਣੀ ਤਿਆਰੀ ਮੁਕੰਮਲ ਨਹੀਂ ਕਰ ਲੈਂਦੇ।

ਸ਼ਹਿਜ਼ਾਦਾ ਪਿਸ਼ੌਰਾ ਸਿੰਘ ਜੋ ਅੰਗਰੇਜ਼ੀ ਇਲਾਕੇ ਵਿਚ ਰਹਿੰਦਾ ਸੀ, ਲਾਹੌਰ ਜਾਣ ਵਾਸਤੇ ਤਿਆਰ ਕੀਤਾ ਗਿਆ ਕਿ ਉਹ ਦਲੀਪ ਸਿੰਘ ਦੀ ਥਾਂ 'ਤੇ ਮਹਾਰਾਜਾ ਬਣਨ ਦਾ ਆਪਣਾ ਦਾਅਵਾ ਪੇਸ਼ ਕਰੇ। ਲਾਹੌਰ ਵਿਚ ਹਾਲਾਤ ਉਸ ਨਾਲੋਂ ਵੀ ਤੇਜ਼ੀ ਨਾਲ ਖਰਾਬ ਹੋ ਰਹੇ ਸਨ ਜਿਤਨਾ ਬਰੈਡਫੋਰਡ ਨੇ ਸੋਚਿਆ ਸੀ। ਹਾਲਾਂਕਿ ਕੰਪਨੀ ਦੀਆਂ ਫੌਜਾਂ ਸਰਦੀਆਂ ਵਿਚ ਤਿਆਰੀਆਂ ਪੂਰੀਆਂ ਕਰਨ ਦਾ ਕੰਮ ਨਹੀਂ ਮੁਕਾ ਸਕੀਆਂ ਜਦੋਂ ਕਿ ਸਰਦੀਆਂ ਦੇ ਜਿਸ ਮੌਸਮ ਨੂੰ ਲੜਾਈ ਵਾਸਤੇ ਉਹ ਬੇਹਤਰ ਸਮਝਦੇ ਸਨ, ਅੱਧਾ ਬੀਤ ਚੁੱਕਿਆ ਸੀ। ਇਕ ਪੱਤਰ ਵਿਚ ਹਾਰਡਿੰਗ ਨੇ ਲਾਰਡ ਐਲਨਬਰੋ ਨੂੰ ਹਾਲਾਤ ਬਾਰੇ, 23 ਜਨਵਰੀ, 1845 ਨੂੰ ਲਿਖਿਆ, "ਜੇ ਅਸੀਂ ਦੁਸ਼ਮਣ ਨੂੰ ਉਸ ਦੀਆਂ ਬਹੁਤ ਅਣਸੁਖਾਵੀ ਹਾਲਤਾਂ ਵਿਚ ਘੇਰਨਾ ਚਾਹੀਏ ਤਾਂ ਵੀ ਅਜਿਹਾ ਨਹੀਂ ਕਰ ਸਕਦੇ ਕਿਉਂਕਿ ਅਸੀਂ ਤਿਆਰ ਨਹੀਂ ਹਾਂ। ਉਡੀਕ ਕਰਨਾ ਬੁਰਾ ਨਹੀਂ ਕਿਉਂਕਿ ਹੋ ਸਕਦਾ ਹੈ ਕਿ ਪਹਾੜ ਤੇ ਮੈਦਾਨ ਦੀਆਂ ਫੌਜਾਂ ਆਪਸ ਵਿਚ ਲੜ ਕੇ ਇਕ ਦੂਜੇ ਨੂੰ ਕਮਜ਼ੋਰ ਕਰ ਦੇਣ। ਇਕ ਸਵਾਲ ਇਹ ਵੀ ਹੈ ਕਿ ਜੇ ਅਸੀਂ ਅਕਤੂਬਰ ਤੱਕ ਲੜਾਈ ਦੀ ਪੂਰੀ ਤਿਆਰੀ ਕਰ ਵੀ ਲਈਏ ਤਾਂ ਕਿਸ ਬਹਾਨੇ ਨਾਲ ਲੜਾਈ ਸ਼ੁਰੂ ਕਰ ਸਕਦੇ ਹਾਂ?" ਖਤ ਨੂੰ ਅੱਗੇ ਜ਼ਾਰੀ ਰੱਖਦੇ ਹੋਏ ਉਹ ਲਿਖਦਾ ਹੈ ਕਿ ਇਹ ਸੱਚਮੁੱਚ ਵੱਡਾ ਸਵਾਲ ਹੈ ਕਿ ਉਸ ਦੋਸਤ ਦੇ ਇਲਾਕੇ ਉਪਰ ਕਿਵੇਂ ਕਬਜ਼ਾ ਕਰ ਸਕਦੇ ਹਾਂ, ਜੋ ਹਰ ਮੁਸੀਬਤ ਵਿਚ ਸਾਡਾ ਸਾਥ ਦੇਂਦਾ ਰਿਹਾ ਹੈ।

ਪੰਜਾਬ ਦੇ ਪਹਾੜ ਤੇ ਮੈਦਾਨ ਨੇ ਇਕ ਦੂਜੇ ਨੂੰ ਕਮਜ਼ੋਰ ਕਰਨਾ ਸ਼ੁਰੂ ਵੀ ਕਰ ਦਿੱਤਾ ਸੀ ਜਿਵੇਂ ਕਿ ਅੰਗਰੇਜ਼ਾਂ ਦੀ ਅੰਗਾਮੀ ਹਮਲੇ ਵਿਚ ਮਦਦ ਕਰਨੀ ਹੋਵੇ। ਗੁਲਾਬ ਸਿੰਘ ਡੋਗਰਾ ਨੇ ਇਕ ਵਾਰ ਫਿਰ ਦਰਬਾਰ ਦਾ ਅਧਿਕਾਰ ਮੰਨਣ ਤੋਂ ਇਨਕਾਰ ਕੀਤਾ। ਫਰਵਰੀ 1845 ਵਿਚ ਸਤਲੁਜ ਦੇ ਕੰਢੇ ਰੱਖਿਆ ਵਾਸਤੇ ਤੈਨਾਤ ਫੌਜਾਂ ਵਿਚ ਕਮੀ ਕਰਕੇ ਉਹਨਾਂ ਨੂੰ ਜੰਮੂ ਵੱਲ ਭੇਜਿਆ ਗਿਆ। ਇਸ ਮੁਹਿਮ ਦੇ ਲੀਡਰ ਸ਼ਾਮ ਸਿੰਘ ਅਟਰੀਵਾਲਾ, ਮੇਵਾ ਸਿੰਘ ਮਜੀਠੀਆ, ਸੁਲਤਾਨ ਮਹੰਮਦ ਖਾਨ ਤੇ ਫਤਿਹ ਸਿੰਘ ਮਾਨ ਸਨ। ਇਹਨਾਂ ਨਾਲ ਥੋੜੀ ਜਿਹੀ ਮੁੱਠਭੇੜ ਤੋਂ ਬਾਅਦ ਹੀ ਡੋਗਰਾ ਸਮਝ ਗਏ ਕਿ ਉਹ ਮੈਦਾਨ ਦੀਆਂ ਫੌਜਾਂ ਨਾਲ ਲੰਬੀ ਲੜਾਈ ਨਹੀਂ ਲੜ ਸਕਦੇ। ਗੁਲਾਬ ਸਿੰਘ ਡੋਗਰਾ ਨੇ ਇਕ ਚਾਲ ਚੱਲੀ। ਉਹ ਥੋੜੇ ਜਿਹੇ ਸਿਪਾਹੀ ਲੈ ਕੇ ਪੰਜਾਬੀ ਕੈਂਪ ਵਿਚ ਆਇਆ ਤੇ ਆਪਣੀ ਢਾਲ ਤੇ ਤਲਵਾਰ ਫੌਜ ਦੇ ਪੰਚਾਂ ਦੇ ਪੈਰਾਂ ਵਿਚ ਰੱਖ ਦਿੱਤੀ। ਉਸ ਨੇ ਮਹਾਰਾਜਾ ਰਣਜੀਤ

ਸਿੰਘ ਤੇ ਖਾਲਸਾ ਰਾਜ ਪ੍ਰਤੀ ਆਪਣੀਆਂ ਸੇਵਾਵਾਂ ਦੀ ਦੁਹਾਈ ਪਾਈ। ਉਸ ਨੇ ਚਾਪਲੂਸੀ ਦੇ ਲਫ਼ਜ਼ਾਂ ਦੇ ਨਾਲ ਹੀ ਤੋਹਫ਼ਿਆਂ ਦੀ ਝੜੀ ਵੀ ਸੀ। ਚਾਂਦੀ ਤੇ ਸੋਨੇ ਤੋਂ ਇਲਾਵਾ ਉਸ ਨੇ ਲਾਹੌਰ ਦਰਬਾਰ ਵਾਸਤੇ ਚਾਰ ਲੱਖ ਰੁਪਏ ਵੀ ਦਿੱਤੇ। ਪੰਚਾਂ ਨੇ ਡੋਗਰਾ ਨੂੰ ਮੁਆਫ਼ ਕਰ ਦਿੱਤਾ ਤੇ ਫੌਜਾਂ ਨੂੰ ਵਾਪਸ ਲਾਹੌਰ ਵੱਲ ਕੂਚ ਕਰਨ ਦਾ ਹੁਕਮ ਦਿੱਤਾ। ਲੇਕਿਨ ਇਹ ਥੋੜੀ ਦੂਰ ਹੀ ਗਏ ਸਨ ਕਿ ਰਸਤੇ ਵਿਚ ਘੇਰ ਲਿਆ ਗਿਆ। ਫਤਿਹ ਸਿੰਘ ਮਾਨ ਤੇ ਉਸ ਦਾ ਮੁਖੀ ਵਜ਼ੀਰ ਬਚਨਾ ਮਾਰੇ ਗਏ। ਤੋਹਫ਼ਿਆਂ ਨਾਲ ਲੱਦੇ ਊਠ ਵਾਪਸ ਮੋੜ ਲਏ ਗਏ, ਜ਼ਾਹਿਰ ਹੈ ਕਿ ਗੁਲਾਬ ਸਿੰਘ ਦੇ ਖ਼ਜ਼ਾਨੇ ਵੱਲ।

ਪੰਚਾਂ ਨੇ ਵਾਪਸ ਆਪਣੇ ਆਦਮੀ ਜੰਮੂ ਵੱਲ ਭੇਜੇ। ਪਹਿਲਾਂ ਥੋੜੀਆਂ ਹਾਰਾਂ ਤੋਂ ਬਾਅਦ ਆਖਰ ਸ਼ਾਮ ਸਿੰਘ ਅਟਾਰੀਵਾਲਾ ਤੇ ਰਣਜੋਧ ਸਿੰਘ ਮਜੀਠੀਆ ਨੇ ਡੋਗਰਿਆਂ ਨੂੰ ਬੁਰੀ ਤਰ੍ਹਾਂ ਹਰਾ ਦਿੱਤਾ। ਗੁਲਾਬ ਸਿੰਘ ਫੇਰ ਮੁਆਫ਼ੀ ਮੰਗਦਾ ਹੋਇਆ ਸਿੱਖ ਕੈਂਪ ਵਿਚ ਆਇਆ। ਉਸ ਨੇ ਢਾਲ ਤਲਵਾਰ ਸੁੱਟ ਕੇ ਤੇ ਗਲ ਵਿਚ ਰੱਸੀ ਪਾ ਕੇ ਕਿਹਾ ਕਿ ਉਸ ਨੂੰ ਜੋ ਸਜਾ ਠੀਕ ਸਮਝੀ ਜਾਵੇ ਦਿੱਤੀ ਜਾਵੇ। ਉਸ ਨੇ ਕਸਮ ਖਾ ਕੇ ਕਿਹਾ ਖਾਲਸਾ ਫੌਜ ਨੂੰ ਰਸਤੇ ਵਿਚ ਘੇਰਨ, ਤੋਹਫ਼ੇ ਲੁੱਟਣ ਅਤੇ ਫਤਿਹ ਸਿੰਘ ਨੂੰ ਮਾਰਨ ਵਿਚ ਉਸ ਦਾ ਕੋਈ ਹੱਥ ਨਹੀਂ। ਪੰਚਾਂ ਨੇ ਇਕ ਵਾਰ ਫਿਰ ਗੁਲਾਬ ਸਿੰਘ ਦੀ ਸਫ਼ਾਈ ਮੰਨ ਲਈ ਤੇ ਉਸ ਨਾਲ ਅਮਨ ਕਰ ਲਿਆ। ਦੱਸਿਆ ਜਾਂਦਾ ਹੈ ਕਿ ਗੁਲਾਬ ਸਿੰਘ ਨੇ ਹਰ ਸਿਪਾਹੀ ਨੂੰ ਸੋਨੇ ਦੀ ਇਕ ਇਕ ਅੰਗੂਠੀ ਦਿੱਤੀ ਤੇ ਦਰਬਾਰ ਵਾਸਤੇ ਹੋਰ ਤਿੰਨ ਲੱਖ ਰੁਪਏ। ਇਸ ਤੋਂ ਇਲਾਵਾ ਸਿਪਾਹੀਆਂ ਤੇ ਫੌਜੀਆਂ ਦੀ ਬਹੁਤ ਚੰਗੀ ਟਹਿਲ ਸੇਵਾ ਕੀਤੀ। ਸ਼ਰਾਬ, ਮੀਟ ਤੇ ਰੋਟੀਆਂ ਖੁੱਲ੍ਹ ਕੇ ਵਰਤਾਈਆਂ ਗਈਆਂ। ਗੁਲਾਬ ਸਿੰਘ ਨੇ ਰਾਣੀ ਜਿੰਦਾਂ ਤੇ ਜਵਾਹਰ ਸਿੰਘ ਬਾਰੇ ਵੀ ਬਹੁਤ ਗੱਲਾਂ ਕੀਤੀਆਂ। ਉਸ ਨੇ ਜ਼ਿਕਰ ਕੀਤਾ ਕਿ ਕਿਵੇਂ ਮੰਗਲਾ ਨਾਮ ਦੀ ਇਕ ਝੀਊਰ ਦਾਸੀ ਨੇ ਮਹਾਰਾਣੀ ਜਿੰਦਾਂ ਤੇ ਰਾਜਾ ਲਾਲ ਸਿੰਘ ਵਿਚਕਾਰ ਮੇਲ ਮਿਲਾਪ ਕਰਵਾਇਆ ਹੈ ਤੇ ਖੁਦ ਜਵਾਹਰ ਸਿੰਘ ਦੀ ਰਖੇਲ ਬਣੀ ਬੈਠੀ ਹੈ। ਗੁਲਾਬ ਸਿੰਘ ਨੇ ਫੌਜ ਨੂੰ ਕਾਇਲ ਕਰ ਲਿਆ ਕਿ ਪੰਜਾਬ ਵਾਸਤੇ ਬਹੁਤ ਚੰਗਾ ਹੋਵੇ ਜੇ ਨਾਬਾਲਗ ਦਲੀਪ ਸਿੰਘ ਦੀ ਬਜਾਏ ਪਿਸ਼ੌਰਾ ਸਿੰਘ ਨੂੰ ਮਹਾਰਾਜਾ ਬਣਾਇਆ ਜਾਵੇ। ਇਸ ਨੇ ਇਥੋਂ ਤੱਕ ਵੀ ਕਿਹਾ ਕਿ ਪ੍ਰਧਾਲ ਮੰਤਰੀ ਵਾਸਤੇ ਰਾਣੀ ਦੇ ਆਸ਼ਕ ਲਾਲ ਸਿੰਘ ਜਾਂ ਭਰਾ ਜਵਾਹਰ ਸਿੰਘ ਨਾਲੋਂ ਉਹ ਖੁਦ ਚੰਗਾ ਪ੍ਰਧਾਨ ਮੰਤਰੀ ਹੋ ਸਕਦਾ ਹੈ। ਪੰਚ ਕੋਈ ਫੈਸਲਾ ਨਹੀਂ ਲੈ ਸਕੇ ਪਰ ਉਹ ਗੁਲਾਬ ਸਿੰਘ ਨੂੰ ਆਪਣੇ ਨਾਲ ਲਾਹੌਰ ਲੈ ਗਏ, ਇਕ ਕੈਦੀ ਦੇ ਰੂਪ ਵਿਚ ਜੋ ਰਾਜਾ ਬਣਾਉਣ ਵਾਲਾ 'ਕਿੰਗ ਮੇਕਰ' ਵੀ ਹੋ ਸਕਦਾ ਸੀ।

ਗੁਲਾਬ ਸਿੰਘ ਡੋਗਰਾ ਨੂੰ ਲਾਹੌਰ ਦਰਾਬਾਰ ਵਿਚ ਪੂਰਾ ਇੱਜ਼ਤ ਮਾਣ ਮਿਲਿਆ। ਉਹ ਤਿੰਨ ਮਹੀਨੇ ਸ਼ਹਿਰ ਵਿਚ ਰਿਹਾ ਤੇ ਜਿਤਨੀ ਕੋਸ਼ਿਸ਼ ਤੋੜ ਫੋੜ

ਦੀ ਹੋ ਸਕਦੀ ਸੀ, ਕਰਦਾ ਰਿਹਾ। ਲੇਕਿਨ ਉਸ ਦੀ ਕਿਸਮਤ ਵਧੀਆ ਨਹੀਂ ਸੀ। ਉਸ ਨੂੰ ਜਵਾਹਰ ਸਿੰਘ ਦੇ ਪ੍ਰਧਾਨ ਮੰਤਰੀ ਪਦ ਦੀ ਪੁਸ਼ਟੀ ਸਹਿਣ ਕਰਨੀ ਪਈ ਤੇ ਸ਼ਾਮ ਸਿੰਘ ਅਟਾਰੀ ਵਾਲੇ ਦੀ ਉਚੀ ਪਦਵੀ ਵੀ ਜੋ ਉਸ ਨੂੰ ਮਹਾਰਾਜਾ ਦਲੀਪ ਸਿੰਘ ਦੀ ਮੰਗਣੀ ਚਤਰ ਸਿੰਘ ਅਟਾਰੀਵਾਲਾ ਦੀ ਲੜਕੀ ਨਾਲ ਹੋ ਜਾਣ ਕਰਕੇ ਬਣ ਗਈ। ਜਵਾਹਰ ਸਿੰਘ ਨੇ ਆਪਣਾ ਅਸਰ ਰਸੂਖ ਵਰਤ ਕੇ ਡੋਗਰੇ ਨੂੰ ਸਬਕ ਸਿਖਾਉਣ ਦੀ ਸੋਚੀ। ਗੁਲਾਬ ਸਿੰਘ ਨੂੰ 68 ਲੱਖ ਰੁਪਏ ਜੁਰਮਾਨਾ ਕੀਤਾ ਤੇ ਹਿਦਾਇਤ ਕੀਤੀ ਕਿ ਆਪਣੇ ਭਰਾ ਸੁਚੇਤ ਸਿੰਘ ਤੇ ਭਤੀਜੇ ਹੀਰਾ ਸਿੰਘ ਦੀਆਂ ਜਗੀਰਾਂ ਵਾਪਸ ਕਰੇ। ਉਸ ਦੀਆਂ ਲੂਣ ਦੀਆਂ ਖਾਨਾਂ ਵੀ ਅੱਗੇ ਨਾਲੋਂ ਵੱਧ ਪੈਸਿਆਂ ਉਪਰ ਲੀਜ਼ 'ਤੇ ਦਿੱਤੀਆਂ। ਗੁਲਾਬ ਸਿੰਘ ਨੇ ਆਪਣੇ ਪਰ ਕੱਟੇ ਜਾਣੇ ਇਹ ਸੋਚ ਕੇ ਬਰਦਾਸ਼ਤ ਕੀਤੇ ਕਿ ਵਿਰੋਧ ਕਰਨ ਦੀ ਸੂਰਤ ਵਿਚ ਉਹ ਆਪਣੇ ਭਰਾ ਤੇ ਭਤੀਜੇ ਦੀ ਤਰ੍ਹਾਂ ਹੀ ਆਪਣੀ ਵੀ ਜਾਨ ਗਵਾ ਬੈਠੇਗਾ। ਉਹ ਆਪਣੀ ਕਾਫ਼ੀ ਸਾਰੀ ਜਾਇਦਾਦ ਤੇ ਧਨ ਤੋਂ ਹੱਥ ਧੋ ਕੇ ਵਾਪਸ ਜੰਮੂ ਪਹੁੰਚ ਗਿਆ। ਉਸ ਨੇ ਦਰਬਾਰ ਨੂੰ ਸਬਕ ਸਖਾਉਣ ਦੀ ਪੱਕੀ ਧਾਰਨਾ ਕੀਤੀ ਚਾਹੇ ਇਸ ਕੰਮ ਵਾਸਤੇ ਉਸ ਨੂੰ ਅੰਗਰੇਜ਼ਾਂ ਨਾਲ ਰਿਸ਼ਤਾ ਹੀ ਨਾ ਜੋੜਨਾ ਪਵੇ।

***

ਜਦੋਂ ਦਰਬਾਰ ਦੀ ਫੌਜ ਪਹਾੜ ਵਿਚ ਰੁੱਝੀ ਹੋਈ ਸੀ ਤਾਂ ਏਧਰ ਸਤਲੁਜ ਦੇ ਕਿਨਾਰਿਆਂ ਦੇ ਨਾਲ ਹੀ ਅੰਮ੍ਰਿਤਸਰ ਤੇ ਲਾਹੌਰ ਵੀ ਸੁਰੱਖਿਆ ਤੋਂ ਬਗੈਰ ਹੀ ਸਨ। ਲਾਰਡ ਹਾਰਡਿੰਗ ਨੇ ਆਪਣੀਆਂ ਫੌਜਾਂ ਦੀ ਹਰਕਤ ਤੇਜ਼ ਕਰ ਦਿੱਤੀ। ਉਸ ਨੇ 8 ਮਾਰਚ, 1845 ਨੂੰ ਐਲਨਬਰੋ ਨੂੰ ਲਿਖਿਆ ਕਿ, "ਹੁਣ ਅਸੀਂ, ਫਿਰੋਜ਼ਪੁਰ, ਲੁਧਿਆਣਾ ਤੇ ਅੰਬਾਲਾ ਵੱਲ ਹੋਰ ਯੂਨਿਟਾਂ ਰਵਾਨਾਂ ਕਰ ਰਹੇ ਹਾਂ। ਉਹਨਾਂ ਵਾਸਤੇ ਬੈਰਕਾਂ ਲੱਗਪੱਗ ਤਿਆਰ ਹਨ। ਕਿਉਂਕਿ ਹੁਣ ਗਰਮੀ ਵਧਣੀ ਹੈ ਤੇ ਦਰਿਆਵਾਂ ਦੇ ਪਾਣੀ ਡੂੰਘੇ ਹੋ ਜਾਣੇ ਹਨ, ਇਸ ਵਾਸਤੇ ਸਾਡੀਆਂ ਤਿਆਰੀਆਂ, ਦੂਜੇ ਵਾਸਤੇ ਅਜੇ ਖਤਰੇ ਦੀ ਕੋਈ ਘੰਟੀ ਨਹੀਂ ਹੋ ਸਕਦੀਆਂ।" ਇਸ ਦੇ ਨਾਲ ਹੀ ਚੌੜੇ ਥੱਲੇ ਵਾਲੀਆਂ ਕਿਸ਼ਤੀਆਂ ਤਿਆਰ ਕੀਤੀਆਂ ਜਾ ਰਹੀਆਂ ਸਨ ਜਿਹਨਾਂ ਨਾਲ ਦਰਿਆ ਉਪਰ ਪੁਲ ਬਣਾਇਆ ਜਾ ਸਕਦਾ ਹੈ ਜੋ 1845 ਦੀਆਂ ਗਰਮੀਆਂ ਦੇ ਅੱਧ ਤੱਕ ਤਿਆਰ ਹੋ ਗਈਆਂ ਸਨ। ਚਾਰਲਸ ਹਾਰਡਿੰਗ ਜੋ ਉਸ ਵੇਲੇ ਆਪਣੇ ਪਿਤਾ ਲਾਰਡ ਹਾਰਡਿੰਗ ਦਾ ਸੈਕਟਰੀ ਸੀ, ਲੁਧਿਆਣਾ ਦੇ ਏਜੰਟ ਤੋਂ ਇਸ ਦੀ ਪੂਰੀ ਜਾਣਕਾਰੀ ਮੰਗਦਾ ਹੈ। ਉਹ ਅੱਗੋਂ ਜਵਾਬ ਦੇਂਦਾ ਹੈ ਕਿ, "ਇਹ ਸਭ ਬਰਾਬਰ ਦੇ ਸਾਈਜ਼ ਦੀਆਂ ਹਨ। ਹਰ ਇਕ ਵਿਚ ਦੋ ਤੋਪਾਂ ਚੁੱਕੀਆਂ ਜਾ ਸਕਦੀਆਂ ਹਨ, ਦੋ ਲੋਹੇ ਦੇ ਕੁੰਡੇ ਲਗਾਏ ਗਏ ਹਨ ਜਿਹਨਾਂ ਨਾਲ ਮਜ਼ਬੂਤ ਸੰਗਲ ਬੰਨੇ ਜਾ ਸਕਦੇ ਹਨ। ਇਕ ਕਿਸ਼ਤੀ ਵਿਚ 100 ਬੰਦੇ ਜਾ ਸਕਦੇ ਹਨ।

ਕੁਲ 60 ਕਿਸ਼ਤੀਆਂ ਹਨ ਤੇ ਛੋਟੇ ਰਸਤੇ ਵਾਸਤੇ, ਜਿਵੇਂ ਕਿ ਸਿਰਫ਼ ਦਰਿਆ ਨੂੰ ਪਾਰ ਕਰਨ ਵਾਸਤੇ, 6000 ਆਦਮੀ ਢੋਏ ਜਾ ਸਕਦੇ ਹਨ।" ਨੌਜਵਾਨ ਸੈਕਟਰੀ ਨੇ ਇਹ ਵੀ ਸਾਫ਼ ਕੀਤਾ ਕਿ ਇਹਨਾਂ ਕਿਸ਼ਤੀਆਂ ਬਾਰੇ ਬੇਲੋੜਾ ਸ਼ੋਰ ਨਹੀਂ ਮੱਚਣਾ ਚਾਹੀਦਾ। ਬਰੈਡਫੋਰਡ ਨੇ ਇਹ ਵੀ ਸੋਚ ਰੱਖਿਆ ਸੀ ਕਿ ਜੇ ਲਾਹੌਰ ਦਰਬਾਰ ਨੇ ਇਹਨਾਂ ਕਿਸ਼ਤੀਆਂ ਬਾਰੇ ਪੁੱਛਿਆ ਤਾਂ ਉਸ ਨੂੰ ਇਹ ਦੱਸਿਆ ਜਾਵੇਗਾ ਕਿ ਇਹ ਸਿੰਧ ਵਿਚ ਵਪਾਰਕ ਆਵਾਜਾਈ ਲਈ ਵਰਤੀਆਂ ਜਾਣਗੀਆਂ।

ਦੱਖਣ ਦੀ ਸਰਹੱਦ ਵੱਲ ਹੋਇਆ ਇਕ ਹੋਰ ਵਾਕਿਆ ਦਰਬਾਰ ਦੇ ਸਾਹਮਣੇ ਅੰਗਰੇਜ਼ਾਂ ਦੀ ਨੀਤੀ ਬਾਰੇ ਸ਼ੰਕਾ ਪੈਦਾ ਕਰਦਾ ਸੀ। ਦਰਬਾਰ ਦੇ ਘੋੜ ਸਵਾਰਾਂ ਦਾ ਇਕ ਗਰੁੱਪ ਸਿੰਧ ਦੇ ਇਲਾਕੇ ਵਿਚ ਕੁਝ ਹਮਲਾਵਰਾਂ ਦਾ ਪਿੱਛਾ ਕਰਦਾ ਸਿੰਧ ਤੇ ਪੰਜਾਬ ਦੇ ਵਿਚਕਾਰ ਦੇ ਇਕ ਇਲਾਕੇ ਵਿਚ ਗਿਆ ਜਿਸ ਦੀ ਕੋਈ ਨਿਸ਼ਾਨਦੇਹੀ ਨਹੀਂ ਹੋਈ ਸੀ। ਸਰ ਚਾਰਲਸ ਨੇਪੀਅਰ ਨੇ ਇਸ ਨੂੰ ਹੀ ਇਕ ਬਹਾਨਾ ਬਣਾ ਕੇ ਪੂਰੀ ਰਜਮੈਂਟ 'ਰੋਜਾਂ' ਦੀਆਂ ਸਰਹੱਦਾਂ ਵੱਲ ਭੇਜ ਦਿੱਤੀ।

ਅਜਿਹੀਆਂ ਬਹੁਤ ਗੱਲਾਂ ਸਨ ਜਿਹਨਾਂ ਨੇ ਅੰਗਰੇਜ਼ਾਂ ਨੂੰ ਪੱਤਝੜ ਤੱਕ ਹਰ ਕਾਰਵਾਈ ਰੋਕੀ ਰੱਖਣ ਵਾਸਤੇ ਮਜਬੂਰ ਕੀਤਾ ਹੋਇਆ ਸੀ। ਦਰਬਾਰ ਦੀਆਂ ਫੌਜਾਂ ਜੰਮੂ ਤੋਂ ਵਾਪਸ ਆ ਚੁੱਕੀਆਂ ਸਨ ਤੇ ਹੁਣ ਲੋੜ ਮਹਿਸੂਸ ਹੋ ਰਹੀ ਸੀ ਕਿ ਸਤਲੁਜ ਦੇ ਨਾਲ ਪਹਿਲਾਂ ਨਾਲੋਂ ਵੱਧ ਫੌਜਾਂ ਤਾਇਨਾਤ ਕਰਨੀਆਂ ਪੈਣਗੀਆਂ। ਦਰਬਾਰ ਵੱਲੋਂ ਵੱਡੀਆਂ ਤਨਖਾਹਾਂ ਦੇਣ ਦੇ ਐਲਾਨ ਨਾਲ ਕੰਪਨੀ ਦੇ ਬਹੁਤ ਸਾਰੇ ਹਿੰਦੁਸਤਾਨੀ ਸਿਪਾਹੀ ਛੱਡ ਕੇ ਇਸ ਪਾਸੇ ਆ ਗਏ। ਜਦੋਂ ਕੰਪਨੀ ਦੀਆਂ ਫੌਜਾਂ ਵਿਚ ਭਗੌੜੇ ਹੋਣ ਦਾ ਦਸਤੂਰ ਵਧਿਆ ਤਾਂ ਕਮਾਂਡਰ ਇਨ ਚੀਫ਼ ਲਾਰਡ ਗੱਫ ਨੇ ਇਸ ਨੂੰ ਸਖਤੀ ਨਾਲ ਦਬਾਉਣ ਦਾ ਤਰੀਕਾ ਅਪਣਾਇਆ। ਉਸ ਨੇ ਭਗੌੜਿਆਂ ਵਾਸਤੇ ਕੋਟੜੇ ਮਾਰਨ ਦੀ ਸਜ਼ਾ ਲਾਗੂ ਕੀਤੀ। ਇਕ ਵਾਰ ਤਾਂ ਇਹ ਸਿਲਸਿਲਾ ਰੁਕ ਗਿਆ ਪਰ ਉਸ ਦਾ ਹਿੰਦੁਸਤਾਨੀ ਸਿਪਾਹੀਆਂ ਉਪਰੋਂ ਭਰੋਸਾ ਉਠ ਗਿਆ ਸੀ। ਮਈ ਦੇ ਮਹੀਨੇ ਵਿਚ ਬਰੈਡਫੋਰਡ ਜਿਹੜਾ ਪੰਜਾਬ ਉਪਰ ਕਬਜ਼ੇ ਦੇ ਆਪਰੇਸ਼ਨ ਦਾ ਮੋਢੀ ਸੀ, ਬੀਮਾਰ ਪੈ ਗਿਆ ਤੇ ਉਸ ਨੂੰ ਸ਼ਿਮਲਾ ਲਿਜਾਇਆ ਗਿਆ। ਜਦੋਂ ਉਹ ਰਾਜ਼ੀ ਹੋ ਰਿਹਾ ਸੀ ਤਾਂ ਘੋੜੇ ਤੋਂ ਡਿੱਗ ਪਿਆ ਤੇ ਹੋਰ ਦੋ ਮਹੀਨੇ ਵਾਸਤੇ ਬਿਸਤਰ ਉਪਰ ਪੈ ਗਿਆ। ਜੂਨ ਦੇ ਮਹੀਨੇ ਲਾਹੌਰ ਵਿਚ ਹੈਜ਼ਾ ਫੈਲ ਗਿਆ ਤੇ ਤੇਜ਼ੀ ਨਾਲ ਵਧਦਾ ਗਿਆ। ਇਸ ਦੀ ਚਪੇਟ ਵਿਚ ਸ਼ਾਮ ਸਿੰਘ ਅਟਾਰੀਵਾਲਾ ਤੇ ਲਾਲ ਸਿੰਘ ਵੀ ਆ ਗਏ। ਜੁਲਾਈ ਦੇ ਮਹੀਨੇ ਤੱਕ ਇਹ ਬੀਮਾਰੀ ਸਤਲੁਜ ਤੋਂ ਪਾਰ ਵੀ ਪਹੁੰਚ ਗਈ। ਲੁਧਿਆਣਾ ਤੇ ਫਿਰੋਜ਼ਪੁਰ ਦੀਆਂ ਛਾਉਣੀਆਂ ਵਿਚ ਇਸ ਦਾ ਬਹੁਤ ਅਸਰ ਪਿਆ। ਜਦੋਂ ਬੀਮਾਰੀ ਦਾ ਅਸਰ ਘਟਿਆ ਤਾਂ ਸਰਹੱਦ ਉਪਰ ਦੋ ਵਿਰੋਧੀ ਸੋਢੀ ਗਰੁੱਪਾਂ ਦੇ ਝਗੜੇ ਨਾਲ ਅਨੰਦਪੁਰ ਵਿਚ ਬੇਚੈਨੀ ਪੈਦਾ ਹੋ

ਗਈ। ਇਕ ਹੋਰ ਘਟਨਾ ਜਿਸ ਨੇ ਗਵਰਨਰ ਜਨਰਲ ਨੂੰ ਆਪਣੇ ਹੱਥ ਰੋਕਣ ਵਾਸਤੇ ਪ੍ਰੇਰਿਆ ਉਹ ਮੋਹਨ ਲਾਲ ਦੇ ਲੰਡਨ ਪਹੁੰਚਣ ਦੀ ਖ਼ਬਰ ਸੀ। ਇਹ ਆਦਮੀ ਸਰ ਅਲੈਗਜੈਂਡਰ ਬਰਨੇਸ ਨਾਲ ਫਾਰਸੀ ਅੰਗਰੇਜ਼ੀ ਦੇ ਉਲਥਾਕਾਰ ਵਜੋਂ ਕੰਮ ਕਰਦਾ ਸੀ। ਉਹ ਇੰਗਲੈਂਡ ਵਿਚ ਆਪਣੇ ਸਾਬਕਾ ਤੇ ਸਵਰਗਵਾਸੀ ਮਾਲਕ ਦੀ ਵਸੀਅਤ ਦੇ ਸਿਲਸਿਲੇ ਵਿਚ ਗਿਆ ਸੀ। ਉਸ ਦਾ ਅਫ਼ਗਾਨਿਸਤਾਨ ਤੇ ਪੰਜਾਬ ਬਾਰੇ ਚੰਗਾ ਗਿਆਨ ਹੋਣ ਕਰਕੇ ਬ੍ਰਿਟਿਸ਼ ਰਾਜਧਾਨੀ ਵਿਚ ਚੰਗੀ ਕਦਰ ਪਾ ਰਿਹਾ ਸੀ। ਉਸ ਦੀ ਲੋੜ ਸੀ। ਉਸ ਨੂੰ ਕੁਝ ਮੀਟਿੰਗਾਂ ਵਿਚ ਬੁਲਾਇਆ ਜਾਂਦਾ, ਅਖਬਾਰਾਂ ਵਾਲੇ ਉਸ ਤੋਂ ਸਵਾਲ ਪੁੱਛਦੇ ਤੇ ਕਿਤਾਬਾਂ ਦੇ ਪ੍ਰਕਾਸ਼ਕ ਉਸ ਨੂੰ ਪੰਜਾਬ ਦੇ ਹਾਲਾਤ ਤੇ ਅਫ਼ਗਾਨਿਸਤਾਨ ਦੇ ਦੋਸਤ ਮੁਹੰਮਦ ਖਾਨ ਦੇ ਬਾਰੇ ਲਿਖਣ ਵਾਸਤੇ ਕਹਿੰਦੇ। ਮੋਹਨ ਲਾਲ ਨੇ ਆਪਣੇ ਸਰੋਤਿਆਂ ਨੂੰ ਪੰਜਾਬ ਬਾਰੇ ਹਮਲਾਵਰ ਰਵੱਈਆਂ ਅਖਤਿਆਰ ਕਰਨ ਤੋਂ ਖ਼ਬਰਦਾਰ ਕੀਤਾ। ਜਦੋਂ ਕਿ ਹਾਰਡਿੰਗ ਵੱਲੋਂ 'ਸਿੱਖ ਹਮਲੇ' ਦੀ ਖ਼ਬਰ ਜਾਣੀ ਹੀ ਸੀ ਕਿ ਉਸ ਨੇ ਮੋਹਨ ਲਾਲ ਦੀਆਂ ਗੱਲਾਂ ਦੇ ਪ੍ਰਤੀਕਰਮ ਦਾ ਇੰਤਜ਼ਾਰ ਜ਼ਰੂਰੀ ਸਮਝਿਆ। ਇਸ ਬਾਹਰਲੇ ਮੁੱਦੇ ਤੋਂ ਬਿਨਾਂ ਦਰਬਾਰ ਦੀ ਫੌਜੀ ਸ਼ਕਤੀ ਤੇ ਉਸ ਵੱਲੋਂ ਆਪਣੀ ਸੁਰੱਖਿਆ ਵਾਸਤੇ ਹੋਰ ਦੋਸਤ ਬਣਾ ਲੈਣ ਦੀ ਸਮਰੱਥਾ ਉਪਰ ਵੀ ਸੰਜੀਦਾ ਗੌਰ ਦੀ ਜ਼ਰੂਰਤ ਸਮਝੀ ਜਾ ਰਹੀ ਸੀ। ਇਕੋ ਇਕ ਤਾਕਤ ਜੋ ਪੰਜਾਬ ਉਪਰ ਅੰਗਰੇਜ਼ਾਂ ਦੇ ਹਮਲੇ ਵੇਲੇ ਮਦਦ ਵਿਚ ਆ ਸਕਦੀ ਸੀ, ਉਹ ਪਠਾਨ ਤੇ ਅਫ਼ਗਾਨ ਸਨ। ਬ੍ਰਿਟਿਸ਼ ਏਜੰਟਾਂ ਨੇ ਦੱਸਿਆ ਕਿ ਦਰਬਾਰ ਨੇ ਪਹਿਲਾਂ ਹੀ ਸੁਲਾਤਨ ਮੁਹੰਮਦ ਖਾਨ ਬਰਾਕਜ਼ੀ ਨਾਲ ਗੱਲਬਾਤ ਸ਼ੁਰੂ ਕੀਤੀ ਹੈ। ਉਹ ਅਮੀਰ ਦੋਸਤ ਮੁਹੰਮਦ ਖਾਨ ਦਾ ਭਰਾ ਸੀ। ਉਸ ਨਾਲ ਵਾਅਦਾ ਕੀਤਾ ਗਿਆ ਸੀ ਕਿ ਜੇ ਉਹ ਅੰਗਰੇਜ਼ੀ ਹਮਲੇ ਵੇਲੇ ਪੰਜਾਬ ਦਾ ਸਾਥ ਦੇਵੇਗਾ ਤਾਂ ਪਿਛਾਵਰ ਦਾ ਇਲਾਕਾ ਉਸ ਨੂੰ ਦੇ ਦਿੱਤਾ ਜਾਵੇਗਾ। ਉਸ ਵੇਲੇ ਤੱਕ ਅੰਗਰੇਜ਼ਾਂ ਦੀ ਨੀਤੀ ਇਹ ਸੀ ਕਿ ਪੰਜਾਬ ਨੂੰ ਜਾਂ ਤਾਂ ਅੰਗਰੇਜ਼ੀ ਸੁਰੱਖਿਆ ਵਿਚ ਲਿਆ ਜਾਵੇ ਜਾਂ ਇਸ ਉਪਰ ਕਬਜ਼ਾ ਕੀਤਾ ਜਾਵੇ ਪਰ ਇਸ ਨੂੰ ਮੁਸਲਿਮ ਸਟੇਟ ਨਹੀਂ ਬਣਨ ਦਿੱਤਾ ਜਾ ਸਕਦਾ। ਇਸ ਉਪਰ ਦੋ ਖ਼ਤ ਰੋਸ਼ਨੀ ਪਾਉਂਦੇ ਹਨ। ਸਰ ਫਰੈਡਰਿਕ ਕੱਰੀ ਨੇ 19 ਜਨਵਰੀ 1845 ਨੂੰ ਬਰੈਡਫੋਰਡ ਨੂੰ ਲਿਖਿਆ ਕਿ, "ਸਾਨੂੰ ਕਦੇ ਨਾ ਕਦੇ ਸਤਲੁਜ ਤੋਂ ਪਾਰ ਫੌਜਾਂ ਭੇਜਣੀਆਂ ਹੀ ਪੈਣੀਆਂ ਹਨ, ਚਾਹੇ ਉਸ ਦਾ ਨਤੀਜਾ ਕੁਝ ਵੀ ਹੋਵੇ। ਅਸੀਂ ਕੱਟਕ ਦਰਿਆ ਤੋਂ ਇਸ ਪਾਰ ਮੁਸਲਿਮ ਹਕੂਮਤ ਨਹੀਂ ਵੇਖ ਸਕਦੇ। ਪਹਾੜਾਂ ਦੇ ਰਾਜਪੂਤ ਪੰਜਾਬ ਨੂੰ ਆਪਣੇ ਅਧੀਨ ਨਹੀਂ ਰੱਖ ਸਕਦੇ। ਜੇ ਉਥੇ ਸਿੱਖ ਰਾਜ ਨਹੀਂ ਰਹਿੰਦਾ ਤਾਂ ਸਿਰਫ, ਮੈਂ ਸਮਝਦਾ ਹਾਂ ਕਿ, ਅੰਗਰੇਜ਼ਾਂ ਦਾ ਹੀ ਹੋਣਾ ਚਾਹੀਦਾ ਹੈ।"

4 ਅਕਤੂਬਰ, 1845 ਨੂੰ ਬਰੈਡਫੋਰਡ ਨੇ ਹਾਰਡਿੰਗ ਨੂੰ ਲਿਖਿਆ, "ਇਸ ਗੱਲ ਦੀ ਪੂਰੀ ਕੋਸ਼ਿਸ਼ ਹੋਵੇਗੀ ਕਿ ਪੇਸ਼ਾਵਰ ਨੂੰ ਅਫ਼ਗਾਨਿਸਤਾਨ ਵਿਚ ਤਬਦੀਲ ਕਰ ਦਿੱਤਾ ਜਾਵੇ, ਸਾਡੇ ਹਮਲੇ ਤੋਂ ਪਹਿਲਾਂ ਜਾਂ ਸਾਡੇ ਵੱਲੋਂ ਲਾਹੌਰ ਉਪਰ ਕਬਜ਼ਾ ਕਰਨ ਤੋਂ ਪਹਿਲਾਂ। ਇਹ ਸਾਡੇ ਵਾਸਤੇ ਬਹੁਤ ਗੰਭੀਰ ਗੱਲ ਹੋਵੇਗੀ। ਮੈਂ ਤੁਹਾਡੇ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ ਕਿ ਜਦੋਂ ਅਸੀਂ ਲਾਹੌਰ ਵਿਚ ਹੋਏ ਤਾਂ ਪੇਸ਼ਾਵਰ ਉਪਰ ਬਰਾਕਜ਼ੀ ਦਾ ਕਬਜ਼ਾ ਸਹਿਣ ਨਹੀਂ ਕੀਤਾ ਜਾ ਸਕੇਗਾ।"

ਇਹਨਾਂ ਸਾਰੀਆਂ ਗੱਲਾਂ ਨੂੰ ਧਿਆਨ ਵਿਚ ਰੱਖ ਕੇ ਹਮਲਾ ਰੋਕਣਾ ਬਹੁਤ ਜ਼ਰੂਰੀ ਹੋ ਗਿਆ ਸੀ। ਇਸ ਦੇ ਨਾਲ ਹੀ ਤਿਆਰੀਆਂ ਵਿਚ ਕੋਈ ਢਿੱਲ ਨਹੀਂ ਦਿੱਤੀ ਜਾ ਰਹੀ ਸੀ ਤੇ ਦਰਬਾਰ ਦੀਆਂ ਹਰਕਤਾਂ ਉਪਰ ਪੂਰੀ ਨਿਗ੍ਹਾ ਰੱਖੀ ਜਾ ਰਹੀ ਸੀ। ਤਿਆਰ ਬਰ ਤਿਆਰ ਸ਼ਤਰੰਜ ਦਾ ਮੋਹਰਾ ਸ਼ਹਿਜ਼ਾਦਾ ਪਿਸ਼ੌਰਾ ਸਿੰਘ ਸੀ ਜਿਸ ਨੂੰ ਪਹਿਲਾਂ ਹੀ ਕਹਿ ਦਿੱਤਾ ਹੋਇਆ ਸੀ ਕਿ ਪੰਜਾਬ ਵਿਚ ਉਸ ਦਾ ਸੁਆਗਤ ਹੈ।

14 ਜੁਲਾਈ, 1845 ਦੀ ਰਾਤ ਨੂੰ ਸ਼ਹਿਜ਼ਾਦਾ ਪਿਸ਼ੌਰਾ ਸਿੰਘ ਸੱਤ ਸਿਰਲੱਥ ਲੜਾਕਿਆਂ ਨੂੰ ਲੈ ਕੇ ਅੱਟਕ ਦੇ ਕਿਲੇ 'ਤੇ ਪਹੁੰਚ ਗਿਆ ਤੇ ਸਾਰੇ ਗੈਰੀਸਨ ਨੂੰ ਹਥਿਆਰ ਰੱਖਣ ਦਾ ਹੁਕਮ ਦਿੱਤਾ। ਅੱਟਕ ਤੋਂ ਹੀ ਉਸ ਨੇ ਸ਼ਹਿਨਸ਼ਾਹ ਹੋਣ ਦਾ ਐਲਾਨ ਕੀਤਾ ਤੇ ਆਸ ਪਾਸ ਦੇ ਕਿਸਾਨਾਂ ਨੂੰ ਉਸ ਦਾ ਸਾਥ ਦੇਣ ਦੀ ਜ਼ੋਰਦਾਰ ਅਪੀਲ ਕੀਤੀ। ਉਸ ਨੇ ਬਰਾਕਜ਼ੀ ਨਾਲ ਸੌਦੇਬਾਜ਼ੀ ਸ਼ੁਰੂ ਕਰ ਦਿੱਤੀ ਤੇ ਕਹਿ ਦਿੱਤਾ ਕਿ ਲਾਹੌਰ ਦੇ ਵਿਰੁੱਧ ਉਸ ਦੀ ਮਦਦ ਕਰੇਗਾ ਤਾਂ ਉਸ ਨੂੰ ਪੇਸ਼ਾਵਰ ਦੇ ਦਿੱਤਾ ਜਾਵੇਗਾ। ਸ਼ਹਿਜ਼ਾਦੇ ਵੱਲੋਂ ਅੱਟਕ ਉਪਰ ਕਬਜ਼ੇ ਨੇ ਉਸ ਨੂੰ ਹੀਰੋ ਬਣਾ ਦਿੱਤਾ, ਮਹਾਰਾਜਾ ਰਣਜੀਤ ਸਿੰਘ ਦਾ ਅਸਲੀ ਪੁੱਤਰ। ਦਰਬਾਰੀਆਂ ਨੂੰ ਰਾਣੀ ਜਿੰਦਾਂ, ਜਵਾਹਰ ਸਿੰਘ ਤੇ ਦਲੀਪ ਸਿੰਘ ਦੀ ਤ੍ਰਿਗੜੀ ਦੇ ਖਿਲਾਫ਼ ਇਕ ਹੋਰ ਮੋਹਰਾ ਮਿਲ ਗਿਆ ਸੀ। ਗੁਲਾਬ ਸਿੰਘ ਨੇ ਇਸ ਹਾਲਾਤ ਦਾ ਫਾਇਦਾ ਉਠਾ ਕੇ ਜੰਮੂ ਵਾਪਸ ਜਾਣ ਦੀ ਆਗਿਆ ਹਾਸਿਲ ਕਰ ਲਈ।

ਇਸ ਬਗਾਵਤ ਨੂੰ ਦਬਾਉਣ ਵਾਸਤੇ ਜਿਹੜੀ ਫੌਜ ਭੇਜੀ ਸੀ, ਉਹ ਨਾ ਸਿਰਫ਼ ਲੜਨ ਵਾਸਤੇ ਝਿਜਕਦੀ ਸੀ, ਉਹ ਤਾਂ ਇਹ ਵੀ ਚਾਹੁੰਦੀ ਸੀ ਕਿ ਪਿਸ਼ੌਰਾ ਸਿੰਘ ਨੂੰ ਲਾਹੌਰ ਲੈ ਜਾਇਆ ਜਾਵੇ ਤੇ ਇਸ ਨੂੰ ਮਹਾਰਾਜਾ ਬਣਾ ਦਿੱਤਾ ਜਾਵੇ ਤੇ ਦਲੀਪ ਸਿੰਘ ਤੇ ਉਸ ਦੀ ਤ੍ਰਿਕੜੀ ਨੂੰ ਹਟਾ ਦਿੱਤਾ ਜਾਵੇ। ਇਸ ਫੌਜ ਦੇ ਕਮਾਂਡਰ ਚਤਰ ਸਿੰਘ ਅਟਾਰੀਵਾਲਾ ਤੇ ਫਤਿਹ ਖਾਨ ਟਿਵਾਣਾ ਨੇ ਇਸ ਤਰ੍ਹਾਂ ਦਾ ਵਿਖਾਵਾ ਕੀਤਾ ਕਿ ਉਹ ਫੌਜੀਆਂ ਦੀ ਗੱਲ ਨਾਲ ਸਹਿਮਤ ਹਨ ਤੇ ਪਿਸ਼ੌਰਾ ਸਿੰਘ ਨੂੰ ਬੇਨਤੀ ਭੇਜ ਦਿੱਤੀ ਕਿ ਇਸ ਫੌਜ ਨਾਲ ਲੜਨ ਦੀ ਜ਼ਰੂਰਤ ਨਹੀਂ। ਸ਼ਹਿਜ਼ਾਦੇ ਨੇ ਇਹਨਾਂ ਦੇ ਦਿੱਤੇ ਯਕੀਨ ਨੂੰ ਮੰਨ ਲਿਆ ਤੇ ਕਿਲ੍ਹਾ ਖਾਲੀ ਕਰ

ਦਿੱਤਾ। ਲਾਹੌਰ ਦੀਆਂ ਫੌਜਾਂ ਨੇ ਸ਼ਹਿਜ਼ਾਦੇ ਦਾ ਬੰਦੂਕਾਂ ਦੀ ਸਲਾਮੀ ਨਾਲ ਸੁਆਗਤ ਕੀਤਾ। ਅਤਰ ਸਿੰਘ ਅਟਾਰੀਵਾਲਾ ਤੇ ਫਤਿਹ ਖਾਨ ਟਿਵਾਨਾ, ਦੋਹਾਂ, ਨੇ ਸ਼ਹਿਜ਼ਾਦੇ ਨੂੰ ਸਤਿਕਾਰ ਦਿੱਤਾ। ਪਿਸ਼ੌਰਾ ਸਿੰਘ ਨੂੰ ਨਾਲ ਲੈ ਕੇ ਇਹ ਸਾਰੀ ਕਾਨਵਾਈ ਲਾਹੌਰ ਨੂੰ ਵਾਪਸ ਚੱਲ ਪਈ।

ਅੱਟਕ ਤੋਂ 20 ਕਿਲੋਮੀਟਰ ਚੱਲਣ ਬਾਅਦ ਹੀ ਪਿਸ਼ੌਰਾ ਸਿੰਘ ਆਰਾਮ ਵਾਸਤੇ ਰੁਕਣਾ ਮੰਨ ਗਿਆ। ਇਹ ਵੀ ਵਿਚਾਰ ਸੀ ਕਿ ਇਥੇ ਜੰਗਲੀ ਸੂਰਾਂ ਦਾ ਸ਼ਿਕਾਰ ਕਰ ਲਿਆ ਜਾਵੇ ਜੋ ਉਸ ਇਲਾਕੇ ਵਿਚ ਬਹੁਤ ਮਿਲਦੇ ਸਨ। ਫੌਜ ਨੂੰ ਲਾਹੌਰ ਵੱਲ ਦੀ ਯਾਤਰਾ ਜਾਰੀ ਰੱਖਣ ਦਾ ਹੁਕਮ ਸੀ। ਜਦੋਂ ਸ਼ਹਿਜ਼ਾਦਾ ਆਪਣੇ ਜਾਤੀ ਬਾਡੀ ਗਾਰਡਾਂ ਤੋ ਬਗੈਰ ਸੀ ਤੇ ਸੂਰਾਂ ਦੇ ਸ਼ਿਕਾਰ ਦਾ ਥੱਕਿਆ ਆਰਾਮ ਕਰ ਰਿਹਾ ਸੀ ਤਾਂ ਉਸ ਨੂੰ ਫੜ ਲਿਆ ਤੇ ਵਾਪਸ ਅੱਟਕ ਲੈ ਆਂਦਾ। ਕਿਲੇ ਵਿਚ ਸ਼ਹਿਜ਼ਾਦੇ ਦਾ ਗਲਾ ਘੁੱਟ ਕੇ ਉਸ ਨੂੰ ਮਾਰ ਦਿੱਤਾ ਤੇ ਉਸ ਦੀਆਂ ਹੱਡੀਆਂ ਦੇ ਟੋਟੇ ਕਰਕੇ ਸਿੰਧ ਵਿਚ ਸੁੱਟ ਦਿੱਤੇ ਜਿਹੜਾ ਕਿਲ੍ਹੇ ਦੇ ਨਜ਼ਦੀਕ ਹੀ ਵਗਦਾ ਸੀ। ਚਤਰ ਸਿੰਘ ਅਟਾਰੀਵਾਲਾ ਨੇ ਜੰਮੂ ਦਾ ਰਸਤਾ ਫੜ੍ਹਿਆ ਤੇ ਫ਼ਤਿਹ ਖਾਨ ਟਿਵਨਾ ਡੇਰਾ ਇਮਾਈਲ ਖਾਨ ਵੱਲ ਚਲਾ ਗਿਆ। ਇਹ ਲੋਕ ਸ਼ਹਿਜ਼ਾਦਾ ਪਿਸ਼ੌਰਾ ਸਿੰਘ ਦੇ ਕਤਲ ਵਿਚ ਸ਼ਾਮਿਲ ਸਨ, ਇਸ ਵਾਸਤੇ ਵਜ਼ੀਰ ਜਵਾਹਰ ਸਿੰਘ ਨੇ ਇਹਨਾਂ ਨੂੰ ਤਕੜੇ ਇਨਾਮ ਦਿੱਤੇ।

ਜਦੋਂ ਸ਼ਹਿਜ਼ਾਦਾ ਪਿਸ਼ੌਰਾ ਸਿੰਘ ਦੇ ਕਤਲ ਦੀ ਖ਼ਬਰ ਮਿਲੀ ਤਾਂ ਸ਼ਹਿਰੀ ਤੇ ਫੌਜ ਦੇ ਸਿਪਾਹੀ ਮਾਯੂਸ ਹੋ ਗਏ। ਪੰਚਾਂ ਨੇ ਮੀਆਂਪੁਰ ਦੀ ਛਾਉਣੀ ਵਿਚ ਇਸ ਮਸਲੇ ਨੂੰ ਚੰਗੀ ਤਰ੍ਹਾਂ ਵਿਚਾਰਿਆ ਤੇ ਆਖਰ ਫੈਸਲਾ ਕੀਤਾ ਕਿ ਫੌਜ ਨੂੰ ਖੁਦ ਹਕੂਮਤ ਸੰਭਾਲਣੀ ਚਾਹੀਦੀ ਹੈ। ਪੰਚਾਂ ਨੇ 'ਖਾਲਸਾ ਪੰਥ' ਦੇ ਨਾਮ 'ਤੇ ਹੁਕਮ ਦੇਣੇ ਸ਼ੁਰੂ ਕਰ ਦਿੱਤੇ ਤੇ 'ਅਕਾਲ ਸਹਾਏ' ਨਾਮ ਦੀ ਮੋਹਰ ਦਾ ਇਸਤੇਮਾਲ ਹੋਣ ਲੱਗਾ। ਉਹਨਾਂ ਨੇ ਜਵਾਹਰ ਸਿੰਘ, ਰਾਣੀ ਜਿੰਦਾਂ ਤੇ ਦਲੀਪ ਸਿੰਘ ਦੇ ਨਾਵਾਂ ਦੇ ਸੰਮਨ ਜਾਰੀ ਕੀਤੇ ਕਿ ਉਹ ਫੌਜੀ ਅਦਾਲਤ ਵਿਚ ਪੇਸ਼ ਹੋ ਕੇ ਪਿਸ਼ੌਰਾ ਸਿੰਘ ਦੇ ਕਤਲ ਦੀ ਵਾਰਦਾਤ ਦੀ ਸਫ਼ਾਈ ਦੇਣ।

ਜਵਹਾਰ ਸਿੰਘ ਨੇ ਸੰਮਨ ਨਜ਼ਰ ਅੰਦਾਜ਼ ਕਰ ਦਿੱਤੇ। ਉਸ ਨੇ ਕਿਲੇ ਦੇ ਦਰਵਾਜ਼ੇ ਬੰਦ ਕਰ ਦਿੱਤੇ ਤੇ ਕਰਨਲ ਗਾਰਡਨਰ ਦੀ ਬਟਾਲੀਅਨ ਨੂੰ ਕਿਲ੍ਹੇ ਦੇ ਅੰਦਰ ਇਸ ਦੀ ਹਿਫ਼ਾਜ਼ਤ ਵਾਸਤੇ ਤੈਨਾਤ ਕਰ ਦਿੱਤਾ। ਫੌਜੀਆਂ ਨੇ ਕਿਲੇ ਨੂੰ ਘੇਰ ਲਿਆ ਤੇ ਵਜ਼ੀਰ ਨੂੰ ਪੰਚਾਇਤ ਦੇ ਹੁਕਮਾਂ ਦੀ ਪਾਲਣਾ ਕਰਨ ਦਾ ਹੁਕਮ ਪਹੁੰਚਾਇਆ।

ਰਾਣੀ ਜਿੰਦਾਂ ਨੇ ਸਿਪਾਹੀਆਂ ਨੂੰ ਵਤਨ ਦੀ ਰੱਖਿਆ ਦੀ ਦੁਹਾਈ ਪਾ ਕੇ ਨਰਮ ਕਰਨ ਦੀ ਕੋਸ਼ਿਸ਼ ਕੀਤੀ। ਉਸ ਦਾ ਕਹਿਣਾ ਸੀ ਕਿ ਅੰਗਰੇਜ਼ ਸਤਲੁਜ ਦੇ

ਕੰਢੇ 'ਤੇ ਹਮਲੇ ਵਾਸਤੇ ਮੋਰਚਾ ਲਗਾ ਕੇ ਬੈਠੇ ਹੋਏ ਹਨ। ਉਹ ਨੇ ਫਕੀਰ ਨੂਰਉਦੀਨ, ਦੀਨਾ ਨਾਥ ਅਤੇ ਅਤਰ ਸਿੰਘ ਕਲਿਆਂਵਾਲੇ ਨੂੰ ਉਹਨਾਂ ਨਾਲ ਗੱਲਬਾਤ ਵਾਸਤੇ ਭੇਜਿਆ। ਪੰਚਾਂ ਨੇ ਦੋ ਦੂਤਾਂ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ ਤੇ ਫਕੀਰ ਨੂੰ ਇਕ ਸੰਦੇਸ਼ਾ ਦੇ ਕੇ ਵਾਪਸ ਭੇਜ ਦਿੱਤਾ ਕਿ ਜੇ 24 ਘੰਟੇ ਅੰਦਰ ਕਿਲ੍ਹੇ ਦੇ ਦਰਵਾਜ਼ੇ ਨਹੀਂ ਖੁੱਲੇ ਤੇ ਜਵਾਹਰ ਸਿੰਘ ਮੁਕਦਮੇ ਵਾਸਤੇ ਪੇਸ਼ ਨਹੀਂ ਹੋਇਆ ਤਾਂ ਕਿਲ੍ਹੇ ਦੀਆਂ ਦੀਵਾਰਾਂ ਉਪਰ ਤੋਪਾਂ ਚੱਲਣਗੀਆਂ। ਜਵਾਹਰ ਸਿੰਘ ਨੇ ਇਸ ਮਕਦਮੇ ਤੋਂ ਦੌੜਨ ਦੀ ਹੱਦ ਦਰਜੇ ਤੱਕ ਦੀ ਕੋਸ਼ਿਸ਼ ਕੀਤੀ। ਉਸ ਨੇ ਕਿਲ੍ਹੇ ਦੇ ਗਾਰਡਾਂ ਨੂੰ 50 ਹਜ਼ਾਰ ਤੱਕ ਦੀ ਰਿਸ਼ਵਤ ਦੀ ਪੇਸ਼ਕੱਸ਼ ਕੀਤੀ ਕਿ ਉਸ ਨੂੰ ਦੌੜ ਜਾਣ ਦਿੱਤਾ ਜਾਵੇ। ਇਕ ਅਫ਼ਸਰ ਨੇ 50 ਹਜ਼ਾਰ ਲੈ ਲਿਆ ਤੇ ਸਿਪਾਹੀ ਨੇ ਉਸ ਨੂੰ ਤੁਰੰਤ ਖਾਲਸਾ ਪੰਥ ਦੇ ਨਾਮ ਉਪਰ ਗਿਰਫ਼ਤਾਰ ਕਰ ਲਿਆ।

ਲੈਫਟੀਨੈਂਟ ਕਰਨਲ ਗਾਰਡਨਰ ਜੋ ਇਸ ਤੋਂ ਬਾਅਦ ਵਾਪਰਨ ਵਾਲੇ ਸਾਰੇ ਕਿੱਸੇ ਦਾ ਚਸ਼ਮਦੀਦ ਗਵਾਹ ਸੀ, ਇਸ ਨਾਟਕ ਦਾ ਵਿਸਥਾਰ ਲਿਖਦਾ ਹੈ:

"21 ਸਤੰਬਰ, 1845 ਨੂੰ ਜਵਾਹਰ ਸਿੰਘ ਨੂੰ ਫੌਜ ਨੇ ਸੰਮਨ ਕੀਤਾ ਸੀ। ਉਹ ਇਕ ਹਾਥੀ ਉਪਰ ਬਾਹਰ ਆਇਆ ਤੇ ਆਪਣੀ ਗੋਦੀ ਵਿਚ ਆਪਣੇ ਭਣੇਵੇਂ ਮਹਾਰਾਜਾ ਦਲੀਪ ਸਿੰਘ ਨੂੰ ਚੁੱਕਿਆ ਸੀ ਜੋ ਮਹਾਰਾਜਾ ਰਣਜੀਤ ਸਿੰਘ ਦੇ ਖਾਨਦਾਨ ਦੀ ਹੁਣ ਇਕੋ ਇਕ ਜਿੰਦਾ ਔਲਾਦ ਸੀ। ਮਹਾਰਾਣੀ ਜਿੰਦਾਂ ਉਸ ਦੇ ਨਾਲ ਇਕ ਦੂਸਰੇ ਹਾਥੀ ਉਪਰ ਸੀ। ਜਵਾਹਰ ਸਿੰਘ ਦੇ ਨਾਲ 400 ਘੋੜ ਸਵਾਰ ਤੇ ਦੋ ਹਾਥੀ ਸੋਨੇ ਚਾਂਦੀ ਦੇ ਲੱਦੇ ਹੋਏ ਸਨ ਜਿਹਨਾਂ ਦੀ ਲੋੜ ਫੌਜੀਆਂ ਨੂੰ ਖੁਸ਼ ਕਰਨ ਵਾਸਤੇ ਪੈ ਸਕਦੀ ਸੀ। ਜਿਵੇਂ ਇਹ ਕਾਨਵਾਈ ਕਿਲੇ ਤੋਂ ਬਾਹਰ ਨਿਕਲੀ 180 ਤੋਪਾਂ ਦੀ ਸਲਾਮੀ ਹੋਈ। ਨਾਮ ਬੋਲ ਕੇ ਹਾਜ਼ਰੀ ਲਗਾਈ ਗਈ ਤੇ ਸ਼ਾਹੀ ਦਸਤੇ ਦਾ ਇਕ ਵੀ ਬੰਦਾ ਗੈਰ ਹਾਜ਼ਿਰ ਨਹੀਂ ਸੀ। ਸਲੂਟ ਤੋਂ ਬਾਅਦ ਮੁਕੰਮਲ ਚੁੱਪ ਵਰਤ ਗਈ ਤੇ ਸਿਰਫ਼ ਸਿਪਾਹੀਆਂ ਦੀ ਪਰੇਡ ਦੀ ਆਵਾਜ਼ ਹੀ ਸੁਣਾਈ ਦੇ ਰਹੀ ਸੀ।

"ਦਲੀਪ ਸਿੰਘ ਦਾ ਸ਼ਾਹੀ ਸੁਆਗਤ ਕੀਤਾ ਗਿਆ। ਉਸ ਦੀ ਮਾਤਾ ਮਹਾਰਾਣੀ ਜਿੰਦਾਂ ਆਪਣੇ ਭਰਾ ਵਾਸਤੇ ਬੁਰੀ ਤਰ੍ਹਾਂ ਡਰੀ ਹੋਈ ਸੋਨੇ ਦੇ ਹਾਉਦ ਵਿਚ ਸਫੈਦ ਸਿੱਖ ਬਸਤਰ ਪਹਿਨੀ ਤੇ ਸਿਰ ਉਪਰ ਪਰਦਾ ਕਰ ਕੇ ਬੈਠੀ ਸੀ। ਜਿਵੇਂ ਹੀ ਸਾਰਾ ਜਲੂਸ ਮੈਦਾਨ ਦੇ ਵਿਚਕਾਰ ਆਇਆਂ ਤਾਂ ਇਕ ਬੰਦਾ ਸਾਹਮਣੇ ਆਇਆ ਤੇ ਜ਼ੋਰ ਦੀ ਹੁਕਮ ਦਿੱਤਾ, 'ਰੁਕੋ' ਤੇ ਸਾਰਾ ਕਾਰਵਾਂ ਰੁਕ ਗਿਆ। ਸ਼ਾਹੀ ਜਲੂਸ ਦੇ ਹਰ ਬੰਦੇ ਵਿਚ ਸਹਿਮ ਸੀ ਤੇ ਇਹ ਵੀ ਉਮੀਦ ਸੀ ਕਿ ਫਰਾਂਸੀਸੀ ਸਿਪਾਹੀ ਉਹਨਾਂ ਦੀ ਮਦਦ ਕਰਨਗੇ ਪਰ ਇਕ ਵੀ ਨਹੀਂ ਹਿੱਲਿਆ। ਫੌਜੀ ਪੰਚਾਂ

ਦਾ ਮੁਖੀ ਅਜੇ ਵੀ ਲਾਈਨ ਦੇ ਸੱਜੇ ਪਾਸੇ ਬੈਠਾ ਸੀ। ਉਸ ਨੇ ਚਾਰ ਬਟਾਲੀਅਨਾਂ ਨੂੰ ਅੱਗੇ ਆਉਣ ਦਾ ਹੁਕਮ ਦਿੱਤਾ ਤੇ ਉਹਨਾਂ ਨੂੰ ਕਿਹਾ ਕਿ ਜਵਾਹਰ ਸਿੰਘ ਦੇ ਸਭ ਬਾਡੀ ਗਾਰਡਾਂ ਨੂੰ ਏਥੋਂ ਦੂਰ ਲੈ ਜਾਓ। ਇਕ ਬਟਾਲੀਅਨ ਨੇ ਸ਼ਾਹੀ ਹਾਥੀਆਂ ਨੂੰ ਘੇਰਾ ਪਾ ਲਿਆ। ਦਸ ਪੰਚਾਂ ਨੇ ਆ ਕੇ ਰਾਣੀ ਦੇ ਹਾਥੀ ਨੂੰ ਗੋਡੇ ਮੂਧੇ ਕਰਨ ਵਾਸਤੇ ਹੁਸ਼ ਹੁਸ਼ ਦਾ ਆਰਡਰ ਦਿੱਤਾ। ਹਾਥੀ ਦੇ ਬੈਠਦਿਆਂ ਹੀ ਰਾਣੀ ਨੂੰ ਪੂਰੇ ਸਤਿਕਾਰ ਨਾਲ ਉਤਰਨ ਵਾਸਤੇ ਕਿਹਾ ਤੇ ਉਸ ਨੂੰ ਇਕ ਸੁੰਦਰ ਸਜਾਏ ਹੋਏ ਟੈਂਟ ਵਿਚ ਲਿਜਾਇਆ ਗਿਆ।

ਫਿਰ ਅਚਾਨਕ ਰਾਣੀ ਬਾਹਰ ਆ ਕੇ ਫੌਜੀਆਂ ਅੱਗੇ ਆਪਣੇ ਭਰਾ ਨੂੰ ਬਚਾਉਣ ਵਾਸਤੇ ਦੁਹਾਈਆਂ ਪਾਉਣ ਲੱਗੀ। ਉਸ ਨੂੰ ਘਸੀਟ ਕੇ ਅੰਦਰ ਲੈ ਜਾਇਆ ਗਿਆ। ਹੁਣ ਜਵਾਹਰ ਸਿੰਘ ਨੂੰ ਹਾਥੀ ਤੋਂ ਉਤਰਨ ਦਾ ਹੁਕਮ ਦਿੱਤਾ ਪਰ ਉਹ ਗੁੱਸੇ ਵਿਚ ਪਾਗਲ ਹੋ ਗਿਆ ਤੇ ਰੋਅਬ ਪਾਉਣ ਦੀ ਕੋਸ਼ਿਸ਼ ਕਰਨ ਲੱਗਾ। ਇਕ ਲੰਬੇ ਕੱਦ ਦੇ ਸਿੱਖ ਸਿਪਾਹੀ ਨੇ ਉਸ ਦੇ ਮੂੰਹ ਉਪਰ ਜ਼ੋਰ ਦੀ ਲੱਪੜ ਮਾਰਿਆ ਤੇ ਉਸ ਦੇ ਹੱਥੋਂ ਦਲੀਪ ਸਿੰਘ ਨੂੰ ਇਹ ਕਹਿ ਕੇ ਖੋਹ ਲਿਆ ਕਿ ਤੇਰੀ ਹਿੰਮਤ ਕਿਸ ਤਰ੍ਹਾਂ ਪਈ ਪੰਥ ਖਾਲਸਾ ਦੀ ਹੁਕਮ ਅਦੂਲੀ ਕਰਨ ਦੀ। ਦਲੀਪ ਸਿੰਘ ਨੂੰ ਉਸਦੀ ਮਾਂ ਦੀ ਗੋਦ ਵਿਚ ਦੇ ਦਿੱਤਾ ਗਿਆ ਪਰ ਉਹ ਉਸ ਨੂੰ ਸਿਰ ਤੋਂ ਉਪਰ ਚੁੱਕ ਕੇ ਸਭ ਨੂੰ ਵਿਖਾ ਵਿਖਾ ਕੇ ਉਸ ਦੇ ਨਾਮ ਦਾ ਵਾਸਤਾ ਪਾ ਕੇ ਆਪਣੇ ਭਰਾ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੀ ਸੀ। ਅਚਾਨਕ ਉਸ ਨੂੰ ਉਸ ਦੀ ਜਾਣੀ ਪਹਿਚਾਣੀ ਆਵਾਜ਼ ਵਿਚ ਇਕ ਦਿਲ ਚੀਰਵੀ ਆਵਾਜ਼ ਸੁਣੀ ਤੇ ਉਸ ਨੇ ਵੈਣ ਪਾਉਂਦਿਆਂ ਬੱਚੇ ਨੂੰ ਪਰਾਂਹ ਸੁੱਟਿਆ। ਖੁਸ਼ਕਿਸਮਤੀ ਨਾਲ ਇਕ ਸਿਪਾਹੀ ਨੇ ਫੜ ਲਿਆ ਤੇ ਉਸ ਨੂੰ ਕੋਈ ਸੱਟ ਵਗੈਰਾ ਨਹੀਂ ਲੱਗੀ।

ਇਸ ਦਰਮਿਆਨ ਨਫ਼ਰਤ ਦੇ ਪਾਤਰ ਵਜ਼ੀਰ ਵਿਰੁੱਧ ਖ਼ੂਨੀ ਕਾਰਵਾਈ ਹੋ ਚੁਕੀ ਸੀ। ਇਕ ਸਿਪਾਹੀ, ਜਿਸ ਨੂੰ ਅਜਿਹਾ ਹੁਕਮ ਮਿਲਿਆ ਹੋਵੇਗਾ, ਜਵਾਹਰ ਸਿੰਘ ਦੇ ਹਾਥੀ ਦੀ ਪੌੜੀ ਉਪਰ ਚੜ੍ਹਿਆ ਤੇ ਬੰਦੂਕ ਦਾ ਬੋਨਟ ਖੁਭਾ ਕੇ ਥੱਲੇ ਸੁੱਟ ਦਿੱਤਾ। ਅਗਲੇ ਹੀ ਪਲ ਉਸ ਨੂੰ 50 ਫੱਟ ਮਾਰੇ ਗਏ।

ਇਸ ਤਰ੍ਹਾਂ ਸਿੱਖ ਫੌਜ ਨੇ ਸ਼ਹਿਜ਼ਾਦਾ ਕਸ਼ਮੀਰਾ ਸਿੰਘ ਤੇ ਸ਼ਹਿਜ਼ਾਦਾ ਪਿਸ਼ੌਰਾ ਸਿੰਘ ਦੇ ਕਤਲਾਂ ਦੇ ਬਦਲੇ ਲਏ।

ਫੌਜੀ ਪੰਚ ਸਾਰੀ ਰਾਤ ਮਹਾਰਾਣੀ ਜਿੰਦਾਂ ਤੇ ਜਵਾਹਰ ਸਿੰਘ ਦੀਆਂ ਵਿਧਵਾਵਾਂ ਨੂੰ ਧੀਰਜ ਦਿਲਵਾਉਣ ਦੀ ਕੋਸ਼ਿਸ਼ ਕਰਦੇ ਰਹੇ ਜੋ ਪਰਦੇ ਦੇ ਓਹਲੇ ਵੈਣ ਪਾ ਰਹੀਆਂ ਸਨ। ਹਾਲਾਂਕਿ ਪਿੱਛੇ ਬੈਠੇ ਕੁਝ ਫੌਜੀਆਂ ਨੇ ਇਹ ਵੀ ਕਿਹਾ ਕਿ ਹੁਣ ਤੁਹਾਨੂੰ ਪਤਾ ਲੱਗਾ ਹੋਵੇਗਾ ਕਿ ਸ਼ਹਿਜ਼ਾਦਾ ਪਿਸ਼ੌਰਾ ਸਿੰਘ ਦੀ ਮਾਂ ਨੇ ਆਪਣੇ ਪੁੱਤਰ ਦੇ ਕਤਲ ਤੋਂ ਬਾਅਦ ਕਿਸ ਤਰ੍ਹਾਂ ਮਹਿਸੂਸ ਕੀਤਾ ਹੋਵੇਗਾ।

ਮਹਾਂਰਾਣੀ ਜਿੰਦਾਂ ਨੇ ਧਮਕੀ ਦਿੱਤੀ ਕਿ ਉਹ ਆਪਣੇ ਪੁਤਰ, ਦਲੀਪ ਸਿੰਘ, ਨੂੰ ਗੋਦੀ ਲੈ ਕੇ ਆਪਣੇ ਭਰਾ ਦੀ ਚਿਤਾ ਦੇ ਨਾਲ ਹੀ ਆਤਮ ਦਾਹ ਕਰ ਲਵੇਗੀ। ਉਸ ਦੀ ਇਸ ਕੁਰਲਾਹਟ ਨੇ ਨਰਮ ਦਿਲ ਪੰਚਾਂ ਨੂੰ ਪਿਘਲਾ ਦਿੱਤਾ। ਉਹਨਾਂ ਨੇ ਦੀਨਾ ਨਾਥ ਤੇ ਅਤਰ ਸਿੰਘ ਕਲਿਆਂਵਾਲੇ ਨੂੰ ਰਿਹਾ ਕਰ ਦਿੱਤਾ ਕਿ ਉਹ ਰਾਣੀ ਨੂੰ ਸਮਝਾ ਕੇ ਆਤਮ ਦਾਹ ਤੋਂ ਰੋਕਣ। ਜਵਾਹਰ ਸਿੰਘ ਦੀ ਦੇਹ ਨੂੰ ਕਿਲੇ ਵਿਚ ਲੈ ਜਾਇਆ ਗਿਆ ਤੇ ਅਗਲੀ ਸਵੇਰ ਉਸ ਦਾ ਸਸਕਾਰ ਕਰ ਦਿੱਤਾ। ਉਸ ਦੀ ਚਿਤਾ ਦੇ ਨਾਲ ਹੀ ਉਸ ਦੀਆਂ ਚਾਰ ਵਿਧਵਾਵਾਂ ਵੀ ਸਤੀ ਹੋ ਗਈਆਂ। ਇਸ ਦੇ ਨਾਲ ਹੀ ਦਰਬਾਰ ਦੇ ਇਤਿਹਾਸ ਦਾ ਆਖਰੀ ਖ਼ੂਨੀ ਸਾਕਾ ਪੂਰਾ ਹੋ ਗਿਆ।

ਦੁਪਹਿਰ ਬਾਅਦ ਪੰਚ ਫਿਰ ਮਿਲ ਬੈਠੇ ਕਿ ਹੁਣ ਦਰਬਾਰ ਦਾ ਪ੍ਰਬੰਧ ਕਿਵੇਂ ਕਰਨਾ ਹੈ। ਇਹ ਪੇਂਡੂ ਕਿਸਾਨੀ ਦੇ ਬੰਦੇ ਸਨ ਜੋ ਪ੍ਰਸਾਸ਼ਨ ਜਾਂ ਕੂਟਨੀਤੀ ਬਾਰੇ ਕੁਝ ਨਹੀਂ ਜਾਣਦੇ ਸਨ। ਇਸ ਕਰਕੇ ਉਹਨਾਂ ਫੈਸਲਾ ਕੀਤਾ ਕਿ ਅੰਤਮ ਤਾਕਤ ਤਾਂ ਉਹਨਾਂ ਦੇ ਹੱਥ ਰਹੇਗੀ ਪਰ ਰੋਜ਼ ਬਾ ਰੋਜ਼ ਦੀ ਕਾਰਵਾਈ ਵਾਸਤੇ ਇਤਬਾਰ ਵਾਲੇ ਵਜ਼ੀਰਾਂ ਦਾ ਹੋਣਾ ਜ਼ਰੂਰੀ ਹੈ। ਉਸ ਵੇਲੇ ਦੀਵਾਨ ਦੀਨਾ ਨਾਥ ਤੇ ਫਕੀਰ ਅਜ਼ੀਜ਼ੁਦੀਨ ਹੀ ਸਨ ਜਿਹਨਾਂ ਦੀ ਈਮਾਨਦਾਰੀ ਉਪਰ ਕੋਈ ਸ਼ੱਕ ਨਹੀਂ ਕੀਤਾ ਜਾ ਸਕਦਾ ਸੀ। ਫਕੀਰ ਸਰਗਰਮ ਜ਼ਿੰਦਗੀ ਤੋਂ ਰੀਟਾਇਰ ਹੋਣਾ ਚਾਹੁੰਦਾ ਸੀ ਤੇ ਉਸ ਨੂੰ ਦਰਬਾਰ ਦੀ ਸਿਆਸਤ ਪਸੰਦ ਵੀ ਨਹੀਂ ਸੀ। ਫਿਰ ਚੋਣ ਸਿਰਫ਼ ਦੀਨਾ ਨਾਥ ਦੀ ਬਣੀ ਜਿਸ ਦੀ ਪਹਿਲੀ ਜ਼ਿੰਮੇਵਾਰੀ ਜਵਾਹਰ ਸਿੰਘ ਦੀ ਮੌਤ ਦਾ ਐਲਾਨ ਕਰਨਾ ਸੀ। ਦਲੀਪ ਸਿੰਘ ਮਹਾਰਾਜਾ ਬਣਿਆ ਰਹੇਗਾ ਤੇ ਉਸ ਦੀ ਮਾਂ ਮਹਾਰਾਣੀ ਜਿੰਦਾ ਰਾਜ ਮਾਤਾ ਰਹੇਗੀ। ਪਰ ਨਾ ਇਹਨਾਂ ਵਿਚੋਂ ਕੋਈ ਤੇ ਨਾ ਵਜ਼ੀਰਾਂ ਵਿਚੋਂ ਕੋਈ ਕਿਸੇ ਵਿਦੇਸ਼ੀ ਤਾਕਤ ਨਾਲ, ਖਾਸ ਕਰਕੇ ਅੰਗਰੇਜ਼ਾਂ ਨਾਲ, ਕੋਈ ਗੱਲਬਾਤ ਪੰਚਾਂ ਤੋਂ ਪੁੱਛੇ ਬਿਨਾਂ ਕਰੇਗਾ। ਖਾਲਸਾ ਪੰਥ ਵੱਲੋਂ ਇਕ ਬਾਕਾਇਦਾ ਸੰਦੇਸ਼ ਬ੍ਰਿਟਿਸ਼ ਹਕੂਮਤ ਨੂੰ ਭੇਜ ਦਿੱਤਾ ਕਿ ਉਹ ਅਮਨ ਚਾਹੁੰਦੇ ਹਨ ਪਰ ਜੇ ਲੁਧਿਆਣਾ ਤੇ ਫਿਰੋਜ਼ਪੁਰ ਵਿਚ ਫੌਜਾਂ ਦਾ ਇਕੱਠਿਆਂ ਕਰਨਾ ਜਾਰੀ ਰੱਖਿਆ ਤਾਂ ਉਹਨਾਂ ਨੂੰ ਆਪਣੀਆਂ ਸਰਹੱਦਾਂ ਦੀ ਰਾਖੀ ਵਾਸਤੇ ਕੁਝ ਕਰਨਾ ਪਵੇਗਾ। ਇਹ ਵੀ ਕਿਹਾ ਕਿ ਜੇ ਪੰਜਾਬ ਉਪਰ ਹਮਲਾ ਕੀਤਾ ਤਾਂ ਉਹਨਾਂ ਨੂੰ ਇਥੋਂ ਖਦੇੜ ਦਿੱਤਾ ਜਾਵੇਗਾ। ਇਸ ਦੇ ਅੰਤ ਵਿਚ ਕਿਹਾ ਗਿਆ ਕਿ ਅੰਗਰੇਜ਼ ਲੜਾਈਆਂ ਦੀਆਂ ਤਿਆਰੀਆਂ ਬੰਦ ਕਰ ਦੇਣ ਤੇ ਦੁਸ਼ਮਣੀ ਦਾ ਮਾਹੌਲ ਬਣਨ ਤੋਂ ਰੋਕਣ।

ਜਵਾਹਰ ਸਿੰਘ ਦੀ ਮੌਤ ਦੀ ਸਜ਼ਾ ਦੇ ਇਕ ਹਫ਼ਤੇ ਬਾਅਦ ਹੀ 27 ਸਤੰਬਰ, 1854 ਨੂੰ ਸਾਰੀਆਂ ਰਜਮੰਟਾਂ ਦੇ ਸਿਪਾਹੀਆਂ ਨੇ ਮਹਾਰਾਜਾ ਦਲੀਪ ਸਿੰਘ ਤੇ ਮਹਾਰਾਣੀ ਜਿੰਦਾਂ ਪ੍ਰਤੀ ਵਫ਼ਾਦਰੀ ਦੀਆਂ ਕਸਮਾਂ ਖਾਧੀਆਂ। ਉਹਨਾਂ ਨੇ ਕਸਮ ਖਾਧੀ ਕਿ ਜੇ ਲੋੜ ਪਈ ਤਾਂ ਫਰੰਗੀ ਨਾਲ ਸਤਲੁਜ ਤੋਂ ਪਾਰ ਜਾ ਕੇ ਵੀ

ਲੜਾਈ ਕੀਤੀ ਜਾਵੇਗੀ। ਦੁਸਹਿਰੇ ਵਾਸਤੇ ਸਾਰਾ ਦਰਬਾਰ ਅੰਮ੍ਰਿਤਸਰ ਨੂੰ ਚਲਾ ਗਿਆ ਤੇ ਇਸ ਤਿਉਹਾਰ ਨੂੰ ਫੌਜੀ ਪਰੇਡਾਂ, ਲੜਾਈ ਦੀਆਂ ਮਸ਼ਕਾਂ ਤੇ ਹਥਿਆਰਾਂ ਦੀ ਪੂਜਾ ਨਾਲ ਮਨਾਇਆ ਗਿਆ। ਇਕ ਵਾਰ ਫਿਰ ਸਿੱਖ ਫੌਜੀ ਹਰਮੰਦਿਰ ਸਾਹਿਬ ਗਏ, ਤੇ ਵਿਦੇਸ਼ੀਆਂ ਵਿਰੁੱਧ ਜਿੱਤ ਦੀਆਂ ਅਰਦਾਸਾਂ ਕੀਤੀਆਂ ਗਈਆਂ।

ਵਾਪਸੀ ਉਪਰ ਦਰਬਾਰ ਕੁਝ ਦਿਨਾਂ ਵਾਸਤੇ ਸ਼ਾਲੀਮਾਰ ਬਾਗ ਰੁਕਿਆ ਜਿਥੇ ਬਹੁਤ ਨਾਟਕੀ ਘਟਨਾਵਾਂ ਵਾਲੀ ਮੀਟਿੰਗ ਹੋਈ। ਦੀਵਾਨ ਦੀਨਾ ਨਾਥ ਨੇ ਪਿਛਲੇ ਮਹੀਨੇ ਦੀਆਂ ਸਾਰੀਆਂ ਸਰਗਰਮੀਆਂ ਤੇ ਘਟਨਾਵਾਂ ਦੀ ਘੋਖ ਕੀਤੀ ਤੇ ਸਤਲੁਜ ਦੇ ਪਾਰ ਦੇ ਦਰਬਾਰ ਦੇ ਇਲਾਕਿਆਂ ਦੇ ਫੌਜੀ ਅਫ਼ਸਰਾਂ ਦੀ ਚਿੱਠੀਆਂ ਪੜ੍ਹ ਕੇ ਸੁਣਾਈਆਂ ਜਿਸ ਵਿਚ ਕਿਹਾ ਗਿਆ ਕਿ ਅੰਗਰੇਜ਼ ਉਹਨਾਂ ਤੋਂ ਨਜ਼ਰਾਨਾ ਮੰਗਦੇ ਹਨ ਤੇ ਕਹਿੰਦੇ ਹਨ ਕਿ ਇਹ ਇਲਾਕੇ ਪਹਿਲਾਂ ਹੀ ਅੰਗਰੇਜ਼ੀ ਰਾਜ ਵਿਚ ਸ਼ਾਮਿਲ ਕਰ ਲਏ ਹੋਏ ਹਨ। ਉਸ ਨੇ ਖਾਸ ਜ਼ਿਕਰ ਅਨੰਦਪੁਰ ਦਾ ਕੀਤਾ ਜੋ ਗੁਰੂ ਤੇਗ਼ ਬਹਾਦਰ ਤੇ ਗੁਰੂ ਗੋਬਿੰਦ ਸਿੰਘ ਨਾਲ ਜੁੜੇ ਸਥਾਨ ਸਨ। ਦੀਵਾਨ ਨੇ ਕਿਹਾ ਜੇ ਇਸ ਤਰ੍ਹਾਂ ਸਾਡਾ ਇਲਾਕਾ ਖੁੱਸਦਾ ਰਿਹਾ ਤਾਂ ਮਹਾਰਾਜਾ ਰਣਜੀਤ ਸਿੰਘ ਦਾ ਇਹ ਰਾਜ ਖ਼ਤਮ ਹੋ ਜਾਵੇਗਾ। ਦੀਵਾਨ ਦੀ ਤਕਰੀਰ ਨੇ ਸਰੋਤਿਆਂ ਉਪਰ ਵੱਡਾ ਅਸਰ ਪਾਇਆ। ਪੰਚਾਂ ਨੇ ਓਦੋਂ ਹੀ ਲੀਡਰ ਚੁਣ ਲੈਣ ਦਾ ਫੈਸਲਾ ਕੀਤਾ। ਦੀਵਾਨ ਦੀ ਸਲਾਹ, ਜੋ ਮਹਾਰਾਣੀ ਜਿੰਦਾਂ ਦੇ ਕਹਿਣ ਉਪਰ ਪੇਸ਼ ਕੀਤੀ ਗਈ, ਲਾਲ ਸਿੰਘ ਨੂੰ ਪ੍ਰਧਾਨ ਮੰਤਰੀ ਤੇ ਤੇਜ ਸਿੰਘ ਨੂੰ ਫੌਜਾਂ ਦਾ ਕਮਾਂਡਰ ਇਨ ਚੀਫ਼ ਮੁਕੱਰਰ ਕੀਤਾ ਗਿਆ। ਇਹਨਾਂ ਨਿਯੁਕਤੀਆਂ ਦੀ ਤਸਦੀਕ ਮਹਾਰਾਜਾ ਰਣਜੀਤ ਸਿੰਘ ਦੀ ਸਮਾਧੀ 'ਤੇ ਜਾ ਕੇ ਕੀਤੀ ਗਈ ਜਿੱਥੇ ਪੰਚਾਂ ਤੇ ਅਫ਼ਸਰਾਂ ਨੇ ਫਿਰ ਵਫਾਦਾਰੀਆਂ ਦੀਆਂ ਕਸਮਾਂ ਖਾਧੀਆਂ।

ਕਰਨਲ ਗਾਰਡਨਰ ਨੇ ਪੰਜਾਬ ਦੇ ਹਾਲਾਤ ਦਾ ਇਕ ਨਕਸ਼ਾ ਪੇਸ਼ ਕੀਤਾ। ਉਸ ਨੇ ਕਿਹਾ ਕਿ ਇਹ ਵਿਸ਼ਵਾਸ ਘਰ ਕਰ ਗਿਆ ਸੀ ਕਿ ਅੰਗਰੇਜ਼ਾਂ ਦੀ ਨੀਅਤ ਸਾਫ਼ ਨਹੀਂ। ਸਾਰੇ ਪਾਸੇ ਇਸ ਦੇ ਖਿਲਾਫ਼ ਵੱਡਾ ਜੋਸ਼ ਸੀ। ਇਕੋ ਨਾਹਰਾ ਸੀ ਹਰ ਕੁਰਬਾਨੀ ਦੇਵਾਂਗੇ ਪਰ ਫਰੰਗੀ ਨੂੰ ਪੰਜਾਬ ਦੀ ਧਰਤੀ 'ਤੇ ਪੈਰ ਨਹੀਂ ਰੱਖਣ ਦੇਣੇ। ਉਸ ਨੇ ਇਕ ਜ਼ਿਕਰ ਦੱਸਿਆ ਕਿ ਡਰ ਦੇ ਮਾਰੇ ਫੌਜ ਤੋਂ ਭਗੌੜੇ ਹੋਏ ਇਕ ਸਿਪਾਹੀ ਨੂੰ ਪੰਜਾਬ ਦੀਆਂ ਔਰਤਾਂ ਨੇ ਕੁੱਟ ਕੁੱਟ ਕੇ ਅਧਮੋਇਆ ਕਰ ਦਿੱਤਾ ਸੀ।

7

ਅੰਗਰੇਜ਼ਾਂ ਵਿਰੁੱਧ ਪਹਿਲੀ ਲੜਾਈ

ਪੂਰਬ ਦੀ ਦਿਸ਼ਾ ਵੱਲੋਂ ਹਮਲੇ ਦੇ ਖ਼ਤਰੇ ਨੇ ਸਾਰੀ ਕੌਮ ਨੂੰ ਇਕ ਕਰ ਦਿੱਤਾ। ਆਪ ਹੁਦਰੀਆਂ ਕਰਨ ਵਾਲੇ ਦਰਬਾਰੀਆਂ ਨੂੰ ਮੁਆਫ਼ ਕਰ ਦਿੱਤਾ ਗਿਆ ਸੀ। ਸਿੱਖਾਂ ਤੇ ਡੋਗਰਿਆਂ ਵਿਚਕਾਰ ਮਤਭੇਦ ਭੁਲਾ ਦਿੱਤੇ ਗਏ ਸਨ। ਸਾਰੇ ਹਿੰਦੂ, ਸਿੱਖ ਤੇ ਮੁਸਲਮਾਨ ਆਪਣੀ ਮਾਤ ਭੂਮੀ ਦੀ ਰੱਖਿਆ ਵਾਸਤੇ ਡਟ ਗਏ ਸਨ। ਜਦੋਂ ਇਹ ਪਤਾ ਲੱਗਾ ਕਿ ਟੁੰਡਾ ਲਾਟ ਯਾਨੀ ਲਾਰਡ ਹਾਰਡਿੰਗ ਖੁਦ ਸਰਹੱਦ ਉਪਰ ਲਾਰਡ ਗਫ ਵੱਲੋਂ ਫੌਜ ਦੀ ਅਗਵਾਈ ਵਾਸਤੇ ਆ ਰਿਹਾ ਹੈ ਤਾਂ ਲਾਹੌਰ ਵਿਚ ਬਹੁਤ ਉਤੇਜਨਾ ਹੋ ਰਹੀ ਸੀ। ਓਦੋਂ ਪੰਜਾਬੀ ਸੰਕਟ ਦੇ ਦਿਨਾਂ ਵਿਚ ਪ੍ਰਾਰਥਨਾਂ ਕਰਨ ਵਾਸਤੇ ਮੰਦਿਰ, ਗੁਰਦੁਆਰੇ ਜਾਂ ਮਸਜਿਦ ਨਹੀਂ ਜਾਂਦੇ ਸਨ, ਸਾਰਿਆਂ ਵਾਸਤੇ ਇਕੋ ਪਵਿਤਰ ਜਗ੍ਹਾ ਮਹਾਰਾਜਾ ਰਣਜੀਤ ਸਿੰਘ ਦੀ ਸਮਾਧੀ ਸੀ। ਸਭ ਓਥੋਂ ਹੀ ਹਿੰਮਤਾਂ ਮੰਗਦੇ ਸਨ। ਸਾਰਾ ਦਿਨ ਤੇ ਰਾਤ ਕਿਲੇ ਦੇ ਸਾਹਮਣੇ ਵਾਲਾ ਰਣਜੀਤ ਸਿੰਘ ਦੀ ਸਮਾਧੀ ਨਾਲ ਲੱਗਦਾ ਮੈਦਾਨ ਲੋਕਾਂ ਨਾਲ ਭਰਿਆ ਰਹਿੰਦਾ ਜੋ ਸਰਹੱਦ ਦੀਆਂ ਖ਼ਬਰਾਂ ਦਾ ਇੰਤਜ਼ਾਰ ਕਰਦੇ। ਅੰਗਰੇਜ਼ਾਂ ਦੇ ਸਰਹੱਦ ਵੱਲ ਵਧਣ ਦੀਆਂ ਖਬਰਾਂ ਆ ਰਹੀਆਂ ਸਨ ਤੇ ਨਾਲ ਹੀ ਪੰਚਾਂ ਵੱਲੋਂ ਇਸ ਦੇ ਮੁਕਾਬਲੇ ਦੀਆਂ ਤਿਆਰੀਆਂ ਦੀਆਂ।

ਪੰਚ ਇਕੱਠੇ ਹੋ ਕੇ ਆਪਣੀ ਯੋਜਨਾ ਬਾਰੇ ਮਹਾਰਾਣੀ ਜਿੰਦਾ ਦੀ ਮੰਨਜ਼ੂਰੀ ਲੈਣ ਵਾਸਤੇ ਮਹੱਲ ਵਿਚ ਪਹੁੰਚੇ ਤੇ ਇਹ ਵੀ ਤੈਅ ਕਰਨ ਕਿ ਉਹਨਾਂ ਦਾ ਲੀਡਰ ਕੌਣ ਹੋਵੇਗਾ। ਚਾਰ ਘੰਟੇ ਤੱਕ ਬਹੁਤ ਗਰਮਾ ਗਰਮ ਬਹਿਸ 17 ਨਵੰਬਰ 1844 ਨੂੰ ਹੋਈ। ਉਹਨਾਂ ਵਿਚ ਕੁਝ ਲੋਕ ਜਿਵੇਂ ਕਿ ਭਈਆ ਰਾਮ ਸਿੰਘ ਤੇ ਫਕੀਰ ਅਜ਼ੀਜ਼ੁਦੀਨ ਇਹ ਵਿਸ਼ਵਾਸ ਨਹੀਂ ਕਰ ਰਹੇ ਸਨ ਕਿ ਅੰਗਰੇਜ਼ ਸਤਲੁਜ ਪਾਰ ਕਰਨਗੇ। ਉਹਨਾਂ ਦਾ ਕਹਿਣਾ ਸੀ ਕਿ ਉਹਨਾਂ ਦੀ ਤਿਆਰੀ ਵੀ ਉਸੇ ਤਰ੍ਹਾਂ

ਰੱਖਿਅਕ ਹੈ ਜਿਸ ਤਰ੍ਹਾਂ ਸਾਡੇ ਪਾਸੇ ਵੱਲ। ਇਹ ਦਲੀਲਾਂ ਕਿਸੇ ਨੂੰ ਕਾਇਲ ਨਹੀਂ ਕਰ ਰਹੀਆਂ ਸਨ। ਜੇ ਅੰਗਰੇਜ਼ਾਂ ਦੇ ਕਦਮ ਸਿਰਫ ਰੱਖਿਅਕ ਸਨ ਤਾਂ ਸਤਲੁਜ ਉਪਰ ਪੈਂਟਨ ਪੁਲ ਦਾ ਕੀ ਮਤਲਬ ਹੋਇਆ ਤੇ ਫਿਰੋਜ਼ਪੁਰ ਨੂੰ ਕਿਉਂ ਫੌਜੀ ਅੱਡਾ ਬਣਾਇਆ ਗਿਆ ਜੋ ਲਾਹੌਰ ਤੋਂ ਸਿਰਫ਼ ਚਾਲੀ ਮੀਲ ਦੂਰ ਹੈ। ਪਿਛਲੇ ਪੰਜਾਂ ਸਾਲਾਂ ਵਿਚ ਜਦੋਂ ਪੰਜਾਬੀ ਉਹਨਾਂ ਦੀ ਅਫ਼ਗਾਨਿਸਤਾਨ ਵਿਚ ਮਦਦ ਕਰ ਰਹੇ ਸਨ, ਉਹਨਾਂ ਨੇ ਇਸ ਸਰਹੱਦ ਉਪਰ ਆਪਣੀਆਂ ਫੌਜਾਂ ਤੇ ਤੋਪਾਂ ਤਿੰਨ ਗੁਣਾ ਕਰ ਦਿੱਤੀਆਂ ਹਨ। ਇਕ ਆਖਰੀ ਦਲੀਲ ਦਾ ਕੋਈ ਜਵਾਬ ਨਹੀਂ ਸੀ ਕਿ ਜਦੋਂ ਲਾਰਡ ਐਲਨਬਰੋ ਹਿੰਦੁਸਤਾਨ ਛੱਡ ਕੇ ਗਿਆ ਤਾਂ ਪੰਜਾਬ ਦੀ ਸਰਹੱਦ ਉਪਰ ਪਹਾੜੀ ਇਲਾਕੇ ਸਮੇਤ ਸਿਰਫ਼ 17 ਹਜ਼ਾਰ ਦੀ ਫੌਜ ਸੀ ਤੇ ਹੁਣ 40 ਹਜ਼ਾਰ ਦੀ ਹੋ ਗਈ ਹੈ। ਓਦੋਂ 66 ਤੋਪਾਂ ਸਨ ਤੇ ਹੁਣ 94 ਹੋ ਗਈਆਂ ਹਨ। ਪਹਿਲਾਂ 1809 ਤੱਕ ਸਿਰਫ਼ ਲੁਧਿਆਣਾ ਹੀ ਫੌਜੀ ਛਾਉਣੀ ਸੀ ਤੇ ਹੁਣ ਫਿਰੋਜ਼ਪੁਰ ਤੇ ਅੰਬਾਲਾ ਵੀ ਬਣਾ ਲਈਆਂ ਹਨ ਤੇ ਓਧਰ ਪਹਾੜ ਵਿਚ ਸਪਾਟੂ, ਕਸੌਲੀ ਤੇ ਡਗਸਈ ਦੀਆਂ ਛੌਣੀਆਂ ਬਣਾਈਆਂ ਜੋ ਸਤਲੁਜ ਤੋਂ ਜ਼ਿਆਦਾ ਦੂਰ ਨਹੀਂ। ਦਿੱਲੀ ਤੇ ਮੇਰਠ ਵਿਚ ਵੀ ਰੀਜ਼ਰਵ ਦੇ ਵੱਡੇ ਅੱਡੇ ਬਣਾਏ ਗਏ ਹਨ। ਪੰਜਾਬੀਆਂ ਨੂੰ ਇਹ ਚੰਗੀ ਤਰ੍ਹਾਂ ਸਾਫ ਸੀ ਕਿ ਅੰਗਰੇਜ਼ ਕਈ ਸਾਲਾਂ ਤੋਂ ਪੰਜਾਬ ਉਪਰ ਹਮਲਾ ਕਰਨ ਦੀਆਂ ਸਕੀਮਾਂ ਬਣਾ ਰਹੇ ਹਨ ਤੇ ਉਹਨਾਂ ਵਾਸਤੇ ਮੈਦਾਨਾਂ ਵਿਚ ਲੜਾਈ ਦੀ ਇਹ ਰੁੱਤ ਸਹੀ ਹੈ। ਅਸਲ ਵਿਚ ਫੌਜੀ ਅਮਲਾ ਪੂਰੀ ਤਰ੍ਹਾਂ ਤਿਆਰ ਸੀ ਤੇ ਉਹ ਸਿਰਫ਼ ਆਪਣੇ ਗਵਰਨਰ ਜਨਰਲ ਤੇ ਕਮਾਂਡਰ ਇਨ ਚੀਫ਼ ਦੇ ਹੁਕਮ ਦਾ ਇੰਤਜ਼ਾਰ ਕਰ ਰਹੇ ਸਨ ਕਿ ਕਦੋਂ ਪਲਟੂਨ ਪੁਲ ਪਾਰ ਕਰ ਕੇ ਲਾਹੌਰ ਵੱਲ ਕੂਚ ਕਰੀਏ।

17 ਨਵੰਬਰ ਦੀ ਮੀਟਿੰਗ ਵਿਚ ਇਸ ਗੱਲ ਦੀ ਸਹਿਮਤੀ ਸੀ ਕਿ ਅੰਗਰੇਜ਼ ਪੰਜਾਬ ਦੇ ਖਿਲਾਫ਼ ਲੜਾਈ ਵਾਸਤੇ ਪੂਰੀ ਤਰ੍ਹਾਂ ਤਿਆਰ ਹਨ ਤੇ ਇਸ ਦਾ ਮੁਕਾਬਲਾ ਹਰ ਕੀਮਤ 'ਤੇ ਕਰਨਾ ਚਾਹੀਦਾ ਹੈ। ਦਰਬਾਰ ਨੇ ਆਪਣੀ ਸਾਰੀ ਫੌਜ ਨੂੰ ਸੱਤ ਡੀਵੀਜ਼ਨਾਂ ਵਿਚ ਵੰਡ ਦਿੱਤਾ। ਚਾਰ ਡਿਵੀਜ਼ਨ ਰੋਪੜ, ਲੁਧਿਆਣਾ, ਹਰੀਕੇ ਤੇ ਫਿਰੋਜ਼ਪੁਰ ਤੈਨਾਤ ਕਰ ਦਿੱਤੇ। ਇਕ ਡਿਵੀਜ਼ਨ ਦੱਖਣ ਵਿਚ ਸਿੰਧ ਦੇ ਨਾਲ ਤੇ ਇਕ ਪਿਸ਼ਾਵਰ ਤੇ ਅੱਟਕ ਵਾਸਤੇ ਤੈਨਾਤ ਕਰ ਦਿੱਤਾ। ਇਕ ਡਿਵੀਜ਼ਨ ਲਾਹੌਰ ਰਹਿਣਾ ਸੀ। ਹਰ ਡਿਵੀਜ਼ਨ ਵਿਚ 8 ਹਜ਼ਾਰ ਤੋਂ 12 ਹਜ਼ਾਰ ਤੱਕ ਦੀ ਨਫਰੀ ਸੀ।

ਬ੍ਰਿਟਿਸ਼ ਏਜੰਟ ਨੇ ਇਸ ਫੌਜੀ ਤਿਆਰੀ ਦੀ ਸਫਾਈ ਮੰਗੀ। ਪੰਜਾਬ ਸਰਕਾਰ ਦਾ ਜਵਾਬ ਸੀ ਕਿ ਇਹ ਤਾਂ ਦੂਸਰੇ ਪਾਸੇ ਕੀਤੀ ਜਾ ਰਹੀ ਤਿਆਰੀ ਦੇ ਜਵਾਬ ਵਿਚ ਕੀਤੀ ਗਈ ਹੈ। ਇਸ ਤੋਂ ਇਲਾਵਾ ਦਰਬਾਰ ਨੇ ਮੰਗ ਕੀਤੀ ਕਿ ਸੁਚੇਤ

ਸਿੰਘ ਦਾ ਖਜ਼ਾਨਾ ਵਾਪਸ ਕੀਤਾ ਜਾਵੇ ਜੋ ਅੰਗਰੇਜ਼ਾਂ ਨੇ ਜ਼ਬਤ ਕੀਤਾ ਸੀ। ਇਸ ਤੋਂ ਇਲਾਵਾ ਮੋਰਾਂ ਤੇ ਨਾਭਾ ਨਾਮ ਦੇ ਪਿੰਡਾਂ ਨੂੰ ਵੀ ਦਰਬਾਰ ਦੇ ਨਮਾਇੰਦਾ ਧੰਨਾ ਸਿੰਘ ਦੇ ਨਾਮ ਨਾਲ ਬਹਾਲ ਕੀਤਾ ਜਾਵੇ। ਇਹ ਪਿੰਡ ਨਾਭਾ ਦੇ ਮਹਾਰਾਜਾ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਪੰਜਾਬ ਅੰਦਰ ਕੁਝ ਜ਼ਮੀਨ ਦੇ ਬੰਟਵਾਰੇ ਵਜੋਂ ਦਿੱਤਾ ਸੀ। ਰਣਜੀਤ ਸਿੰਘ ਨੇ ਇਹ ਪਿੰਡ ਧੰਨਾ ਸਿੰਘ ਮਲਵਈ ਨੂੰ ਦੇ ਦਿੱਤਾ ਸੀ। ਫਿਰ ਨਾਭਾ ਦੇ ਰਾਜਾ ਨੇ 1843 ਵਿਚ ਇਸ ਉਪਰ ਜ਼ਬਰੀ ਕਬਜ਼ਾ ਕਰ ਲਿਆ ਤੇ ਦਰਬਾਰ ਵੱਲੋਂ ਕਈ ਵਾਰ ਰੋਸ ਪ੍ਰਗਟ ਕਰਨ ਦੇ ਬਾਵਜੂਦ ਅੰਗਰੇਜ਼ ਹਕੂਮਤ ਨੇ ਨਾਭਾ ਦੇ ਰਾਜਾ ਦੀ ਕਾਰਵਾਈ ਨੂੰ ਜਾਇਜ਼ ਕਰਾਰ ਦਿੱਤਾ। ਅਖੀਰ ਵਿਚ ਇਕ ਸਵਾਲ ਦਰਬਾਰ ਦੀਆਂ ਫੌਜਾਂ ਨੂੰ ਸਤਲੁਜ ਦੇ ਪਾਰ ਦੇ ਇਲਾਕਿਆਂ ਵਿਚ ਜਾਣ ਦੀ ਇਜਾਜ਼ਤ ਦਾ ਸੀ। ਇਹ ਕਾਗਜ਼ਾਂ ਵਿਚ ਤਾਂ ਮੰਨਿਆ ਹੋਇਆ ਸੀ ਪਰ ਅੰਗਰੇਜ਼ਾਂ ਨੇ ਕਦੇ ਘੱਟ ਹੀ ਇਸ ਉਪਰ ਅਮਲ ਕੀਤਾ ਸੀ।

ਇਹਨਾਂ ਜਵਾਬਾਂ ਨਾਲ ਬ੍ਰਿਟਿਸ਼ ਏਜੰਟ ਸਹਿਮਤ ਨਹੀਂ ਹੋਇਆ ਅਤੇ 3 ਦਸੰਬਰ 1845 ਨੂੰ ਉਸ ਨੇ ਦਰਬਾਰ ਦੇ ਪ੍ਰਤੀਨਿਧ ਨੂੰ ਆਪਣਾ ਪਾਸਪੋਰਟ ਵਾਪਸ ਕਰ ਦਿੱਤਾ। ਇਸ ਦੇ ਨਾਲ ਹੀ ਇਹਨਾਂ ਦੋਹਾਂ ਹਕੂਮਤਾਂ ਦੇ ਆਪਸੀ ਸਫਾਰਤੀ ਰਿਸ਼ਤੇ ਖਤਮ ਹੋ ਗਏ। ਵਿਹਾਰਕ ਤੌਰ ’ਤੇ ਹੁਣ ਦੋਵੇਂ ਧਿਰਾਂ ਲੜਾਈ ਉਪਰ ਸਨ।

ਇਸ ਹਾਲਾਤ ਬਾਰੇ ਸ਼ਾਹ ਮੁਹੰਮਦ ਲਿਖਦਾ ਹੈ:

“ਚੜ੍ਹੇ ਪੁੱਤ ਸਰਦਾਰਾ ਦੇ ਛੈਲ ਬਾਂਕੇ ਜਿਵੇਂ ਜੰਗਲੋਂ ਨਿਕਲੇ ਸ਼ੇਰ ਮੀਆਂ
ਚੜ੍ਹੇ ਸਭੇ ਮਝੈਲ ਦੁਆਬੀਏ ਜੀ, ਜਿਨ੍ਹਾਂ ਕਿਲ੍ਹੇ ਨਿਵਾਏ ਸਨ ਢੇਰ ਮੀਆਂ
ਸ਼ਾਹ ਮੁਹੰਮਦਾ ਚੜ੍ਹੇ ਜਮੂਰ ਖਾਨੇ, ਹੋਇਆ ਹੁਕਮ ਨਾ ਲਾਂਵਦੇ ਦੇਰ ਮੀਆਂ।

8 ਦਸੰਬਰ, 1845 ਨੂੰ ਮੇਰਠ ਅਤੇ ਅੰਬਾਲਾ ਛਾਉਣੀ ਤੋਂ ਫੌਜਾਂ ਦਾ ਦਸਤਾ ਕਮਾਂਡਰ ਇਨ ਚੀਫ ਜਨਰਲ ਗੱਫ ਦੀ ਅਗਵਾਈ ਵਿਚ ਉੱਤਰ ਵੱਲ ਨੂੰ ਫਿਰੋਜ਼ਪੁਰ ਵਿਖੇ ਜਨਰਲ ਲਿਟਲਰ ਦੀ ਫੌਜ ਨਾਲ ਮਿਲਨ ਵਾਸਤੇ ਰਵਾਨਾ ਹੋਇਆ। ਪੰਜਾਬੀ ਜਰਨੈਲਾਂ ਨੇ ਸੋਚਿਆ ਕਿ ਜੇ ਇਹਨਾਂ ਦੋ ਫੌਜਾਂ ਨੂੰ ਮਿਲਣ ਦਿੱਤਾ ਤਾਂ ਇਹ ਜ਼ਰੂਰ ਹੀ ਬੇੜੀਆਂ ਦੇ ਪੁਲ ਤੋਂ ਪਾਰ ਆ ਜਾਣਗੇ ਤੇ ਸਿੱਧਾ ਲਾਹੌਰ ਵੱਲ ਕੂਚ ਕਰਨਗੇ। ਦਰਬਾਰ ਦੀ ਫੌਜ ਨੂੰ ਕੂਚ ਦਾ ਹੁਕਮ ਹੋ ਗਿਆ। ਸਕੀਮ ਇਹ ਸੀ ਜਨਰਲ ਲਿਟਲਰ ਜਿੱਥੇ ਬੈਠਾ ਹੈ ਬੈਠਾ ਰਹੇ ਅਸੀਂ ਗੱਫ ਤੇ ਹਾਰਡਿੰਗ ਦੇ ਵਧ ਰਹੇ ਕਾਫਲੇ ਨੂੰ ਰੋਕਾਂਗੇ।

ਅਜੇ ਤੱਕ ਇਹ ਸਾਫ ਨਹੀਂ ਸੀ ਕਿ ਸਹੀ ਤੌਰ ’ਤੇ ਕਦੋਂ ਦਰਬਾਰ ਦੀ ਫੌਜ ਨੇ ਸਤਲੁਜ ਪਾਰ ਕੀਤਾ। ਕੁਝ ਭਾਰਤੀ ਇਤਿਹਾਸਕਾਰਾਂ ਮੁਤਾਬਕ ਇਹ 14 ਦਸੰਬਰ ਸੀ ਤੇ ਕਿਉਂਕਿ ਸਾਰੀ ਕਾਨਵਾਈ ਸਿਰਫ਼ 24 ਛੋਟੀਆਂ ਕਿਸ਼ਤੀਆਂ

ਉਪਰ ਸੀ, ਇਹਨਾਂ ਨੂੰ ਪਾਰ ਕਰਿਦਆਂ ਦੋ ਦਿਨ ਲੱਗ ਗਏ। ਬ੍ਰਿਟਿਸ਼ ਰੀਕਾਰਡ ਦੇ ਮੁਤਾਬਕ ਪਾਰ ਜਾਣ ਦਾ ਕੰਮ 11 ਦਸੰਬਰ ਨੂੰ ਹਰੀਕੇ ਪੱਤਣ ਤੋਂ ਸ਼ੁਰੂ ਹੋ ਗਿਆ ਸੀ। ਸਤਲੁਜ ਪਾਰ ਕਰਨ ਦੀ ਖ਼ਬਰ ਲਾਰਡ ਹਾਰਡਿੰਗ ਨੂੰ ਦੋ ਦਿਨ ਬਾਅਦ ਮਿਲਦੀ ਹੈ ਤੇ ਉਹ ਦਰਬਾਰ ਦੇ ਖਿਲਾਫ਼ ਜੰਗ ਦਾ ਐਲਾਨ ਕਰ ਦੇਂਦਾ ਹੈ। ਕੁਝ ਭਾਰਤੀ ਇਤਿਹਾਸਕਾਰਾਂ ਮੁਤਾਬਕ ਜਿਸ ਇਲਾਕੇ ਵੱਲ ਦਰਬਾਰ ਦੀਆਂ ਫੌਜਾਂ ਸਤਲੁਜ ਤੋਂ ਪਾਰ ਗਈਆਂ, ਇਹ 1809 ਦੀ ਸੰਧੀ ਮੁਤਾਬਕ ਦਰਬਾਰ ਦਾ ਇਲਾਕਾ ਸੀ ਤੇ ਇਸ ਵਾਸਤੇ ਇਸ ਨੂੰ ਹਮਲਾ ਨਹੀਂ ਤਸੱਵਰ ਕੀਤਾ ਜਾ ਸਕਦਾ ਸੀ। ਬ੍ਰਿਟਿਸ਼ ਸਰਕਾਰ ਦਾ ਕਹਿਣਾ ਸੀ ਕਿ ਦਰਿਆ ਪਾਰ ਕਰਨਾ 1809 ਦੀ ਸੰਧੀ ਦੀ ਉਲੰਘਣਾ ਸੀ ਤੇ ਇਸ ਤਰ੍ਹਾਂ ਇਹ ਹਮਲਾ ਬਣਦਾ ਸੀ।

ਲਾਰਡ ਹਾਰਡਿੰਗ ਨੇ ਜੰਗ ਦਾ ਇਹ ਐਲਾਨ ਆਪਣੇ ਰਸਤੇ ਦੇ ਇਕ ਕੈਂਪ 'ਲਸ਼ਕਰੀ ਖਾਨ ਕੀ ਸਰਾਏ' ਤੋਂ ਕੀਤਾ। ਉਸ ਨੇ 1809 ਦੇ ਸਮਝੌਤੇ ਤੋਂ ਬਾਅਦ ਦੇ ਮਹਾਰਾਜਾ ਰਣਜੀਤ ਸਿੰਘ ਨਾਲ ਦੋਸਤਾਨਾਂ ਸੰਬੰਧਾਂ ਨੂੰ ਯਾਦ ਕੀਤਾ ਤੇ ਕਿਹਾ ਕਿ ਅੰਗਰੇਜ਼ਾਂ ਨੇ ਉਸ ਸਮਝੌਤੇ ਨੂੰ ਅੱਜ ਤੱਕ ਪੂਰੀ ਇਮਾਨਦਾਰੀ ਨਾਲ ਨਿਭਾਇਆ ਹੈ ਪਰ ਉਸ ਨੂੰ ਹੁਣ ਦਰਬਾਰ ਨੇ ਬੁਰੀ ਤਰ੍ਹਾਂ ਭੰਗ ਕਰ ਦਿੱਤਾ ਹੈ। ਉਸ ਦਾ ਦਾਅਵਾ ਸੀ ਕਿ ਅੰਗਰੇਜ਼ੀ ਫੌਜਾਂ ਦੀ ਤਿਆਰੀ ਸਿਰਫ ਸੁਰੱਖਿਆ ਦੀ ਚੌਕਸੀ ਵਾਸਤੇ ਸੀ ਪਰ ਸਿੱਖ ਫੌਜ ਨੇ ਹੁਣ ਬਿਨਾ ਕਿਸੇ ਉਕਸਾਵੇ ਜਾਂ ਕਾਰਨ ਦੇ ਬ੍ਰਿਟਿਸ਼ ਇਲਾਕੇ ਉਪਰ ਹਮਲਾ ਕਰ ਦਿੱਤਾ ਹੈ। ਗਵਰਨਰ ਜਨਰਲ ਨੇ ਸਤਲੁਜ ਦੇ ਪੂਰਬ ਵੱਲ ਦੇ ਦਰਬਾਰ ਦੇ ਸਾਰੇ ਇਲਾਕੇ ਨੂੰ ਕਬਜ਼ੇ ਵਿਚ ਲੈਣ ਦਾ ਐਲਾਨ ਕੀਤਾ ਤੇ ਇਸ ਪਾਸੇ ਦੇ ਸਾਰਿਆਂ ਰਾਜਿਆਂ ਤੇ ਸਰਦਾਰਾਂ ਨੂੰ ਇਸ ਸਾਂਝੇ ਦੁਸ਼ਮਣ ਦਾ ਮਿਲ ਕੇ ਮੁਕਾਬਲਾ ਕਰਨ ਵਾਸਤੇ ਕਿਹਾ।

ਬੇਸ਼ੱਕ ਸਾਫ ਭਾਸ਼ਾ ਵਿਚ ਲੜਾਈ ਦਾ ਐਲਾਨ ਹੋ ਚੁਕਿਆ ਸੀ ਪਰ ਲਾਰਡ ਹਾਰਡਿੰਗ ਅਜੇ ਵੀ ਕੁਝ ਸ਼ੰਕਿਆਂ ਵਿਚ ਸੀ। ਪੰਜ ਦਿਨ ਬਾਅਦ ਉਸ ਨੇ ਬਰੌਡਫੁੱਟ ਦੇ ਪਰਸਨਲ ਅਸਿਸਟੈਂਟ ਰੌਬਰਟ ਕਰੱਸਟ ਨੂੰ ਖ਼ਤ ਲਿਖਿਆ ਕਿ "ਕੀ ਇੰਗਲੈਂਡ ਦੇ ਲੋਕ ਸਮਝਣਗੇ ਕਿ ਇਹ ਸਾਡੇ ਇਲਾਕੇ ਦੇ ਉਪਰ ਹਮਲਾ ਸੀ ਤੇ ਸਾਡੇ ਵਾਸਤੇ ਲੜਾਈ ਵਾਸਤੇ ਇਕ ਹੱਕੀ ਗੱਲ ?" ਹੈਰਾਨੀ ਦੀ ਗੱਲ ਨਹੀਂ ਕਿ ਕਰੱਸਟ ਨੇ ਅੰਗਰੇਜ਼ ਫੌਜਾਂ ਦੇ ਕੂਚ ਦਾ ਹਵਾਲਾ ਦੇ ਕੇ ਜਵਾਬ ਦਿੱਤਾ ਕਿ "ਸਭ ਤੋਂ ਪਹਿਲਾਂ ਇਹ ਬ੍ਰਿਟਿਸ਼ ਹਮਲਾ ਸੀ ਆਜ਼ਾਦ ਪੰਜਾਬ ਦੀ ਸਲਤਨਤ ਉਪਰ।"

ਦੋ ਹੋਰ ਬ੍ਰਿਟਿਸ਼ ਅਫਸਰ ਜੋ ਅੰਗਰੇਜ਼-ਪੰਜਾਬ ਦੇ ਸੰਬੰਧਾਂ ਨਾਲ ਬਹੁਤ ਗਹਿਰੇ ਜੁੜੇ ਹੋਏ ਸਨ, ਦੇ ਵਿਚਾਰ ਵੀ ਬਹੁਤ ਅਰਥ ਭਰਪੂਰ ਹਨ। ਨਾਰਥ ਵੈਸਟਰਨ ਏਜੰਸੀ ਦੇ ਮੇਜਰ ਜੀ. ਕਾਰਮੀਚਾਇਲ ਸਮਿਥ ਨੇ ਲਿਖਿਆ ਕਿ, "ਪੰਜਾਬ ਦੀ ਲੜਾਈ ਬਾਰੇ ਨਾ ਤਾਂ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਿੱਖਾਂ ਨੇ ਬਿਨਾਂ ਕਿਸੇ ਕਾਰਨ ਲੜਾਈ ਸ਼ੁਰੂ ਕੀਤੀ ਤੇ ਨਾ ਹੀ ਇਹ ਕਿ ਸਾਡਾ ਉਹਨਾਂ ਪ੍ਰਤੀ

ਰਵੱਈਆ ਬਹੁਤ ਧੀਰਜ ਵਾਲਾ ਸੀ। ਅਗਰ ਅਸੀਂ ਸਿੱਖਾਂ ਨੂੰ ਇਕ ਆਜ਼ਾਦ ਰਿਆਸਤ ਮੰਨਦੇ ਹਾਂ ਕਿ ਉਹ ਹਰ ਗੱਲ ਵਾਸਤੇ ਸਾਨੂੰ ਜਵਾਬ ਦੇਹ ਨਹੀਂ ਹਨ ਤੇ ਸਾਨੂੰ ਉਹਨਾਂ ਵਾਸਤੇ ਭੜਕਾਹਟ ਦਾ ਕੋਈ ਕੰਮ ਨਹੀਂ ਕਰਨਾ ਚਾਹੀਦਾ ਸੀ। ਇਸ ਤਰ੍ਹਾਂ ਕਹਿਣਾ ਕਿ ਬੰਬਈ ਤੋਂ ਲਿਆ ਕੇ ਬੇੜੀਆਂ ਦਾ ਪੁਲ ਬਣਾਉਣਾ ਸਿਰਫ਼ ਰੱਖਿਅਕ ਕਦਮ ਸੀ, ਬਿਲਕੁੱਲ ਬਕਵਾਸ ਗੱਲ ਹੈ। ਸਿੱਖਾਂ ਕੋਲ ਚਾਰਲਸ ਨੇਪੀਅਰ ਦੀ ਸਪੀਚ ਦਾ ਉਲਥਾ ਹੈ ਜਿਹੜੀ 'ਦਿੱਲੀ ਗਜਟ' ਵਿਚ ਛਪੀ ਸੀ ਤੇ ਜਿਸ ਵਿਚ ਸਾਫ਼ ਕਿਹਾ ਗਿਆ ਕਿ ਅਸੀਂ ਉਹਨਾਂ ਵਿਰੁੱਧ ਲੜਾਈ ਵਿਚ ਜਾ ਰਹੇ ਹਾਂ ਤੇ ਹਰ ਯੂਰਪੀਨ ਤਾਕਤ ਅਜਿਹੀ ਹਾਲਤ ਵਿਚ ਇਸ ਤਰ੍ਹਾਂ ਹੀ ਕਰਦੀ। ਸਿੱਖਾਂ ਨੇ ਸਿਰਫ਼ ਇਹ ਸੋਚਿਆ ਕਿ ਉਹ ਲੜਾਈ ਦੇ ਮੈਦਾਨ ਵਿਚ ਪਹਿਲਾਂ ਪਹੁੰਚ ਜਾਣ ਤਾਂ ਫਾਇਦੇ ਵਿਚ ਰਹਿਣਗੇ। ਇਸ ਤੋਂ ਇਲਾਵਾ ਉਹ ਸਾਡੇ ਇਲਾਕੇ ਵਿਚ ਨਹੀਂ, ਆਪਣੇ ਹੀ ਇਲਾਕੇ ਵਿਚ ਆਏ ਸਨ।

"....ਮੈਂ ਸਿਰਫ਼ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਦੋਸਤੀ ਦੇ ਅਸੂਲਾਂ ਤੋਂ ਪਿੱਛੇ ਹਟਣ ਵਾਲੇ ਅਸੀਂ ਪਹਿਲੇ ਨਹੀਂ ਸਾਂ। ਕੀ ਲੜਾਈ ਦੇ ਸ਼ੁਰੂ ਹੋਣ ਤੋਂ ਇਕ ਸਾਲ ਪਹਿਲਾਂ ਹੀ ਅਸਾਂ ਫਿਰੋਜ਼ਪੁਰ ਤੋਂ ਪੰਜਾਬ ਦੀ ਸਰਹੱਦ ਵਿਚਕਾਰ ਪੈਂਦੇ ਟਾਪੂ ਉਪਰ ਕਬਜ਼ਾ ਨਹੀਂ ਕਰ ਲਿਆ ਸੀ? ਇਹ ਟਾਪੂ ਪੰਜਾਬ ਵਿਚ ਪੈਂਦਾ ਸੀ ਕਿਉਂਕਿ ਡੂੰਘਾ ਪਾਣੀ ਟਾਪੂ ਤੋਂ ਸਾਡੇ ਪਾਸੇ ਸੀ।

"....ਪਰ ਜੇ ਦੂਜੇ ਪਾਸੇ ਇਹ ਕਿਹਾ ਜਾਂਦਾ ਹੈ ਕਿ 1809 ਦੀ ਸੰਧੀ ਦੋਹਾਂ ਸਰਾਕਰਾਂ ਉਪਰ ਲਾਗੂ ਸੀ ਤਾਂ ਸੌਖਾ ਜਿਹਾ ਸਵਾਲ ਹੈ ਕਿ ਇਸ ਸੰਧੀ ਤੋਂ ਅਤੇ 'ਦੋਸਤੀ ਦੇ ਅਸੂਲਾਂ' ਤੋਂ ਕੌਣ ਪਾਸੇ ਹਟਿਆ? ਮੈਂ ਚੰਗੀ ਤਰ੍ਹਾਂ ਸੋਚ ਕੇ ਇਸ ਨਤੀਜੇ ਉਪਰ ਪਹੁੰਚਦਾ ਹਾਂ ਕਿ ਅਸੀਂ।"

ਇਸ ਮੁੱਦੇ ਉਪਰ ਜ਼ਿਆਦਾ ਜ਼ੋਰਦਾਰ ਸ਼ਬਦ ਸਰ ਜਾਰਜ ਕੈਂਮਬੈਲ ਦੇ ਹਨ ਜੋ ਉਸ ਵਕਤ ਕੈਥਲ ਦੀ ਅੰਗਰੇਜੀ ਸਰੱਖਿਆ ਹੇਠਲੀ ਸਿੱਖ ਰਿਆਸਤ ਵਿਚ ਤੈਨਾਤ ਸੀ ਉਸ ਨੇ ਲਿਖਿਆ ਕਿ, "ਇਤਿਹਾਸ ਲਿਖਣ ਵਾਲਿਆਂ ਦਾ ਤਰੀਕਾ ਹੀ ਕੁਝ ਅਜਿਹਾ ਹੁੰਦਾ ਹੈ। ਆਉਣ ਵਾਲੇ ਵਕਤਾਂ ਵਿਚ ਇਤਿਹਾਸ ਦੀਆਂ ਕਿਤਾਬਾਂ ਦੱਸਣਗੀਆਂ ਕਿ ਸਿੱਖ ਫੌਜ ਹਮਲਾ ਕਰਨ ਦੇ ਇਰਾਦੇ ਨਾਲ ਅੰਗਰੇਜ਼ੀ ਇਲਾਕੇ ਵਿਚ ਦਾਖਲ ਹੋਈ। ਲੇਕਿਨ ਬਹੁਤ ਸਾਰੇ ਲੋਕ ਸੱਚਾਈ ਜਾਣ ਕੇ ਹੈਰਾਨ ਹੋਣਗੇ ਕਿ ਇਸ ਤਰ੍ਹਾਂ ਦਾ ਕੁਝ ਨਹੀਂ ਵਾਪਰਿਆ ਸੀ। ਉਹਨਾਂ ਨੇ ਸਾਡੀ ਕਿਸੇ ਛਾਉਣੀ ਉਪਰ ਹਮਲਾ ਨਹੀਂ ਕੀਤਾ ਤੇ ਨਾ ਹੀ ਸਾਡੇ ਇਲਾਕੇ ਵਿਚ ਆਪਣੇ ਪੈਰ ਰੱਖੇ। ਉਹਨਾਂ ਨੇ ਜੋ ਕੀਤਾ, ਉਹ ਇਹ ਸੀ ਕਿ ਉਹ ਦਰਿਆ ਤੋਂ ਪਾਰ ਆਏ ਤੇ ਏਧਰ ਆਪਣੇ ਹੀ ਇਲਾਕੇ ਵਿਚ ਦਾਖਲ ਹੋਏ।"

ਪੰਜਾਬ ਦੀ ਜੋ ਫੌਜ ਅੰਗਰੇਜ਼ਾ ਵਿਰੁੱਧ ਭੇਜੀ ਗਈ ਸੀ, ਉਸ ਦੀ ਪੂਰੀ ਗਿਣਤੀ ਦਾ ਪਤਾ ਨਹੀਂ ਲੇਕਿਨ ਮੋਟਾ ਅੰਦਾਜ਼ਾ ਇਹ ਸੀ ਕਿ ਇਹ ਉਤਨੀ ਹੀ

ਸੀ ਜਿਤਨੀ ਦੁਸ਼ਮਣ ਦੀ ਬਲਕਿ ਤੋਪਾਂ ਦੇ ਮਾਮਲੇ ਵਿਚ ਉਹਨਾਂ ਤੋਂ ਥੋੜੀਆਂ ਜਿਹੀਆਂ ਜ਼ਿਆਦਾ ਸਨ। ਇਸ ਵਿਚ ਮੁੱਖ ਤੌਰ 'ਤੇ ਸਿੱਖ ਤੇ ਮੁਸਲਮਾਨ ਸਨ। ਤੋਪਾਂ ਆਮ ਤੌਰ 'ਤੇ ਮੁਸਲਮਾਨਾਂ ਦੇ ਹੱਥ ਹੀ ਸਨ। ਕਵੀ ਸ਼ਾਹ ਮੁਹੰਮਦ ਮਾਹਿਰ ਤੋਪਚੀਆਂ ਵਿਚ ਸੁਲਤਾਨ ਮਹੰਮਦ ਦਾ ਨਾਮ ਲੈਂਦਾ ਹੈ ਜੋ ਰਣਜੀਤ ਸਿੰਘ ਦੇ ਚਹੇਤੇ ਤੋਪਚੀ ਮੀਆਂ ਘੂਸਾ ਦਾ ਪੁਤਰ ਸੀ। ਇਸ ਤੋਂ ਇਲਵਾ ਸ਼ਾਹ ਮਹੰਮਦ ਨੇ ਇਮਾਮ ਬਖ਼ਸ਼ ਤੇ ਇਲਾਹੀ ਬਖ਼ਸ਼ ਦੇ ਨਾਂ ਵੀ ਲਏ। ਪੰਜਾਬ ਦੀ ਫੌਜ ਵਿਚ ਬਹੁਤ ਥੋੜੀ ਜਿਹੀ ਗਿਣਤੀ ਪੂਰਬੀਆਂ ਤੇ ਗੋਰਖਿਆਂ ਦੀ ਵੀ ਸੀ। ਗੁਲਾਬ ਸਿੰਘ ਨੇ ਡੋਗਰਿਆਂ ਨੂੰ ਲੜਾਈ ਵਿਚ ਜਾਣ ਤੋਂ ਮਨ੍ਹਾਂ ਕਰ ਦਿੱਤਾ ਸੀ।

ਪੰਜਾਬੀਆਂ ਦੀ ਸਭ ਤੋਂ ਵੱਡੀ ਘਾਟ ਇਹ ਸੀ ਕਿ ਉਹਨਾਂ ਦੀ ਅਗਵਾਈ ਗੱਦਾਰ ਕਰ ਰਹੇ ਸਨ। ਐਸਾ ਸਾਬਤ ਕਰਨ ਦੀਆਂ ਬਹੁਤ ਗਵਾਹੀਆਂ ਹਨ ਕਿ ਪ੍ਰਧਾਨ ਮੰਤਰੀ ਰਾਜਾ ਲਾਲ ਸਿੰਘ, ਕਮਾਂਡਰ ਇਨ ਚੀਫ ਤੇਜ ਸਿੰਘ ਅਤੇ ਬਾਅਦ ਵਿਚ ਜਾ ਕੇ ਗੁਲਾਬ ਸਿੰਘ ਡੋਗਰਾ ਲਗਾਤਾਰ ਦੁਸ਼ਮਣਾਂ ਦੇ ਏਜੰਟਾਂ ਦੇ ਸੰਪਰਕ ਵਿਚ ਰਹੇ। ਰਾਣੀ ਜਿੰਦਾਂ ਨੂੰ ਇਹਨਾਂ ਵਿਚ ਸ਼ਾਮਲ ਹੋਣ ਦੇ ਕੋਈ ਸਬੂਤ ਨਹੀਂ, ਹਾਲਾਂਕਿ ਉਸ ਦੇ ਸੰਬੰਧ ਗੱਦਾਰ ਲਾਲ ਸਿੰਘ ਨਾਲ ਜ਼ਰੂਰ ਸਨ ਜਿਸ ਨੇ ਅੰਗਰੇਜ਼ ਏਜੰਟ ਨੂੰ ਖ਼ਤ ਲਿਖਿਆ ਸੀ ਕਿ ਉਹ ਉਸ ਨੂੰ ਤੇ ਬੀਬੀ ਸਾਹਿਬਾ ਨੂੰ ਆਪਣੇ ਦੋਸਤ ਸਮਝਣ। ਇਸ ਤੋਂ ਇਲਾਵਾ ਬਹੁਤ ਸਾਰੇ ਲੋਕਾਂ ਦਾ ਖਿਆਲ ਹੈ ਕਿ ਦਰਬਾਰ ਅਤੇ ਮਹਾਰਾਣੀ ਜਿੰਦਾਂ ਹੀ ਸਿਪਾਹੀਆਂ ਨੂੰ ਲੜਾਈ ਵਿਚ ਧੱਕਣ ਤੇ ਫਿਰ ਉਥੇ ਹਰਾਉਣ ਵਾਸਤੇ ਜ਼ਿੰਮੇਵਾਰ ਹਨ। ਉਹ ਉਹਨਾਂ ਨੂੰ ਜਿੰਦਾਂ ਦੇ ਭਰਾ ਜਵਾਹਰ ਸਿੰਘ ਨੂੰ ਕਤਲ ਕਰਨ ਦਾ ਸਬਕ ਸਿਖਾਉਣਾ ਚਾਹੁੰਦੇ ਸਨ। ਕਵੀ ਸ਼ਾਹ ਮਹੰਮਦ ਨੇ ਬਿਨਾ ਕਿਸੇ ਝਿਜਕ ਦੇ ਲਿਖਿਆ ਹੈ ਕਿ ਰਾਣੀ ਜਿੰਦਾ ਨੇ ਹੀ ਪੰਜਾਬ ਨੂੰ ਬਰਬਾਦ ਕੀਤਾ। ਉਸ ਦੇ ਬੋਲ ਨੇਂ

"ਕੀਤਾ ਅਕਲ ਦਾ ਪੇਚ ਰਾਣੀ ਜਿੰਦ ਕੌਰਾਂ, ਮੱਥਾ ਦੋਹਾਂ ਪਾਤਸ਼ਾਹੀਆਂ ਦਾ ਜੋੜਿਆ ਈ

ਗੁੱਝੀ ਰਮਜ ਕਰਕੇ ਆਪ ਰਹੀ ਸੱਚੀ, ਬਦਲਾ ਤੁਰੰਤ ਭਰਾਓ ਦਾ ਮੋੜਿਆ ਈ
ਲਏ ਤੁਰੰਤ ਮੁਸਾਹਿਬ ਲਪੇਟ ਰਾਣੀ, ਲਸ਼ਕਰ ਵਿਚ ਦਰਿਆ ਦੇ ਰੋੜ੍ਹਿਆ ਈ
ਸ਼ਾਹ ਮੁਹੰਮਦਾ ਕਰੇ ਜਹਾਨ ਗੱਲਾਂ, ਉਹਨਾਂ ਕੁਫ਼ਰ ਮੁੱਦਈ ਦਾ ਤੋੜਿਆ ਈ

ਹੁੰਦੇ ਆਏ ਨੇ ਰੰਨਾਂ ਦੇ ਧੁਰੋਂ ਕਾਰੇ, ਲੰਕਾ ਵਿਚ ਤਾਂ ਰਾਵਣ ਕੁਹਾਇ ਦਿੱਤਾ
ਕੌਰਵ ਪਾਂਡਵਾਂ ਨਾਲ ਕੀ ਭਲਾ ਕੀਤਾ,ਅਠਾਰਾਂ ਖੂਹਣੀਆਂ ਕਟਕ ਮੁਕਾਇ ਦਿੱਤਾ
ਰਾਜੇ ਭੋਜ ਦੇ ਮੂੰਹ ਲਗਾਮ ਦਿੱਤੀ, ਮਾਰ ਅੱਡੀਆਂ ਹੋਸ਼ ਭੁਲਾਇ ਦਿੱਤਾ
ਸ਼ਾਹ ਮੁਹੰਮਦਾ ਏਸ ਰਾਣੀ ਜਿੰਦ ਕੌਰਾਂ, ਸਾਰੇ ਦੇਸ਼ ਦਾ ਫਰਸ਼ ਉਠਾਇ ਦਿੱਤਾ"

ਆਪਣੀਆਂ ਫੌਜਾਂ ਨਾਲ ਸਤਲੁਜ ਤੋਂ ਪਾਰ ਜਾ ਕੇ ਪਹਿਲਾ ਕੰਮ ਜੋ ਰਾਜਾ ਲਾਲ ਸਿੰਘ ਨੇ ਕੀਤਾ ਉਹ ਫਿਰੋਜ਼ਪੁਰ ਵਿਚ ਕੈਪਟਨ ਨਿਕਲਸਨ ਨੂੰ ਖਤ ਭੇਜਣਾ ਸੀ ਕਿ "ਮੈਂ ਸਿੱਖ ਫੌਜ ਨਾਲ ਸਤਲੁਜ ਪਾਰ ਕਰ ਆਇਆ ਹਾਂ, ਤੁਹਾਨੂੰ ਮੇਰੀ ਅੰਗਰੇਜ਼ਾਂ ਨਾਲ ਦੋਸਤੀ ਦਾ ਪਤਾ ਹੀ ਹੈ, ਇਸ ਵਾਸਤੇ ਦੱਸੋ ਕਿ ਮੈਂ ਕੀ ਕਰਾ।"

ਉਸ ਨੇ ਜਵਾਬ ਭੇਜਿਆ, "ਫਿਰੋਜ਼ਪੁਰ 'ਤੇ ਹਮਲਾ ਨਾ ਕਰੋ, ਜਿਤਨੇ ਦਿਨ ਰੁਕ ਸਕਦੇ ਹੋ ਰੁਕੋ ਤੇ ਫਿਰ ਗਵਰਨਰ ਜਨਰਲ ਵੱਲ ਅੱਗੇ ਵਧੋ।"

ਲਾਲ ਸਿੰਘ ਨੇ ਨਿਕਲਸਨ ਦਾ ਕਿਹਾ ਮੰਨਿਆ। ਉਸ ਨੇ ਕੁਝ ਦਸਤੇ ਤੇਜ ਸਿੰਘ ਨੂੰ ਦੇ ਕੇ ਫਿਰੋਜ਼ਪੁਰ ਵੱਲ ਭੇਜ ਦਿੱਤੇ ਤੇ ਖੁਦ ਮੁੱਖ ਫੌਜ ਲੈ ਕੇ ਦਰਿਆ ਦੇ ਉਪਰ ਵੱਲ ਨੂੰ ਚੱਲ ਪਿਆ। ਥੋੜੀ ਦੂਰ ਜਾ ਕੇ ਪਿੰਡ ਫੇਰੂ ਸ਼ਾਹ, ਜਿਸ ਦਾ ਨਾਮ ਹੁਣ ਫਿਰੋਜ਼ਸ਼ਾਹ ਹੈ, ਦੇ ਕੋਲ ਪਹੁੰਚ ਕੇ ਘੋੜੇ ਦੇ ਸੁੰਮ ਵਰਗੀ ਫਾਰਮੇਸ਼ਨ ਬਣਾ ਲਈ। ਇਥੇ ਪਿੱਛੇ ਸਤਲੁਜ ਦਰਿਆ ਸੀ ਤੇ ਪੀਣ ਵਾਲੇ ਚੰਗੇ ਪਾਣੀ ਦੇ ਸੱਤ ਖੂਹ ਸਨ। ਫਿਰ ਜਿਸ ਤਰ੍ਹਾਂ ਨਿਕਲਸਨ ਨੇ ਦੱਸਿਆ ਸੀ ਤੇ ਇਕ ਫੌਜ ਨੂੰ ਅਲਗ ਕਰਕੇ ਅੰਗਰੇਜ਼ਾਂ ਦੀ ਮੁੱਖ ਫੌਜ ਵੱਲ ਵਧ ਗਿਆ ਜਿਸ ਦੀ ਕਮਾਨ ਲਾਰਡ ਗੱਫ ਤੇ ਗਰਵਰਨਰ ਜਨਰਲ ਹਾਰਡਿੰਗ ਕਰ ਰਹੇ ਸਨ।

ਮੁਦਕੀ ਦੀ ਲੜਾਈ - 18 ਦਸੰਬਰ, 1845

ਜਿਹੜੀ ਫੌਜ ਲਾਲ ਸਿੰਘ ਲੈ ਕੇ ਗਿਆ ਸੀ, ਉਹ ਅੰਗਰੇਜ਼ੀ ਫੌਜ ਨਾਲੋਂ ਕਾਫੀ ਛੋਟੀ ਸੀ। ਕੈਪਟਨ ਨਿਕਲਸਨ ਦੇ ਮੁਤਾਬਕ ਇਹ 3,500 ਤੋਂ ਵੱਧ ਨਹੀਂ ਸੀ। ਕੈਪਟਨ ਕਨਿੰਘਮ ਦੇ ਮੁਤਾਬਕ ਇਹ 12,000 ਆਦਮੀ ਸਨ ਤੇ 22 ਤੋਪਾਂ। ਆਪਣੀ ਤਾਕਤ ਕੋਈ ਵੀ ਹੋਵੇ, ਪੰਜਾਬੀ ਗਫ਼ ਦੀ ਆਰਮੀ ਦੀ ਵੱਡੀ ਗਿਣਤੀ ਵੇਖ ਕੇ ਹੈਰਾਨ ਹੋ ਗਏ ਸਨ। ਲਾਲ ਸਿੰਘ ਤੋਂ ਬਿਨਾਂ ਕਿਸੇ ਨੂੰ ਨਹੀਂ ਸੀ ਪਤਾ ਕਿ ਦੁਸ਼ਮਣ ਦੀ ਫੌਜ ਨਾਲ ਦੋ ਦਿਨ ਦੇ ਅੰਦਰ ਹੀ ਟਾਕਰਾ ਹੋ ਜਾਵੇਗਾ। ਜਦੋਂ ਅਚਾਨਕ ਹੀ 18 ਦਸੰਬਰ ਨੂੰ ਬਾਅਦ ਦੁਪਹਿਰ ਉਹਨਾਂ ਅੰਗਰੇਜ਼ੀ ਫੌਜਾਂ ਨੂੰ ਮੁਦਕੀ ਪਿੰਡ ਦੇ ਨਜ਼ਦੀਕ ਵੇਖਿਆ ਤਾਂ ਬਜਾਏ ਆਪਣੀਆਂ ਫੌਜਾਂ ਨੂੰ ਜ਼ਰਾ ਪਾਸੇ ਜਾਂ ਪਿੱਛੇ ਹਟਾ ਕੇ ਮਿੱਟੀ ਦੇ ਵੱਡੇ ਢੇਰਾਂ ਵਾਲੇ ਮੋਰਚੇ ਲੱਭੇ ਜਾਂਦੇ, ਲਾਲ ਸਿੰਘ ਨੇ ਆਪਣੀ ਫੌਜ ਨੂੰ ਤੁਰੰਤ ਪੋਜ਼ੀਸ਼ਨਾਂ ਲੈਣ ਵਾਸਤੇ ਕਿਹਾ। ਉਹ ਕਰੀਬ ਕਰੀਬ ਰੜਾ ਮੈਦਾਨ ਸੀ ਤੇ ਬੱਸ ਮਾਮੂਲੀ ਜਿਹੀਆਂ ਰੇਤਲੀ ਮਿੱਟੀ ਦੀਆਂ ਢੇਰੀਆਂ ਤੇ ਕੁਝ ਕੁ ਹੀ ਝਾੜੀਆਂ ਸਨ। ਕੁਝ ਪੰਜਾਬੀ ਨਿਸ਼ਾਨਚੀ ਬੰਦੂਕਾਂ ਲੈ ਕੇ ਨਜ਼ਦੀਕ ਦੇ ਰੁੱਖਾਂ 'ਤੇ ਚੜ੍ਹ ਗਏ ਸਨ। ਇਸ ਤੋਂ ਬਾਅਦ ਦੁਸ਼ਮਣ ਦੇ ਰੇਂਜ ਵਿਚ ਆਉਣ ਤੋਂ ਪਹਿਲਾਂ ਹੀ ਲਾਲ ਸਿੰਘ ਨੇ ਫਾਇਰ ਕਰਨ ਦਾ ਹੁਕਮ ਦਿੱਤਾ ਜਿਸ ਨਾਲ ਆਪਣੀਆਂ

ਪੁਜ਼ੀਸ਼ਨਾਂ ਦਾ ਪਤਾ ਦੇ ਦਿੱਤਾ ਤੇ ਫਜ਼ੂਲ ਵਿਚ ਗੋਲੀ ਸਿੱਕੇ ਦੀ ਬਰਬਾਦੀ ਕੀਤੀ।

ਲਾਰਡ ਗੱਫ ਨੇ ਬੜੇ ਧੀਰਜ ਨਾਲ ਪੰਜਾਬੀ ਗੋਲੀਬਾਰੀ ਮੱਧਮ ਪੈਣ ਦਾ ਇੰਤਜ਼ਾਰ ਕੀਤਾ। ਫਿਰ ਉਸ ਨੇ ਆਪਣੀਆਂ ਬੰਦੂਕਾਂ ਦੇ ਮੋਰਚੇ ਮੱਲੇ ਤੇ ਓਧਰ ਨੂੰ ਸ਼ਿਸਤਾਂ ਕੀਤੀਆਂ ਜਿਧਰੋਂ ਪੰਜਾਬੀ ਬੰਦੂਕਾਂ ਦੇ ਅੰਗਿਆਰੇ ਚਮਕ ਰਹੇ ਸਨ ਤੇ ਇਕ ਜ਼ੋਰਦਾਰ ਹਮਲੇ ਨਾਲ ਇਹ ਚਮਕਦੇ ਅੰਗਿਆਰੇ ਸ਼ਾਂਤ ਕਰ ਦਿੱਤੇ। ਸੂਰਜ ਛੁਪਣ ਤੋਂ ਥੋੜੀ ਦੇਰ ਪਹਿਲਾਂ ਹੀ ਅੰਗਰੇਜ਼ ਘੋੜ ਸਵਾਰਾਂ ਨੇ ਪੰਜਾਬੀ ਦਸਤਿਆਂ ਦੇ ਵੱਖੀ ਪਾਸਿਓਂ ਹਮਲਾ ਕੀਤਾ। ਲਾਲ ਸਿੰਘ ਇਕ ਦਮ ਆਪਣੇ ਬੰਦਿਆਂ ਨੂੰ ਛੱਡ ਕੇ ਆਪਣੇ ਕੈਂਪ ਫਿਰੋਜ਼ਸ਼ਾਹ ਵਿਚ ਚਲਾ ਗਿਆ। ਲੇਕਿਨ ਪੰਜਾਬੀ ਪਿੱਛੇ ਨਹੀਂ ਹਟੇ ਉਹਨਾਂ ਨੇ ਹੱਥੋ ਹੱਥ ਦੀ ਲੜਾਈ ਲੜੀ। ਉਹਨਾਂ ਨੇ ਆਪਣੇ ਤੋਂ ਵੱਡੀ ਗਿਣਤੀ ਦੀ ਫੌਜ ਦਾ ਮੁਕਾਬਲਾ ਕੀਤਾ ਜੋ ਯੂਰਪ ਦੇ ਤਜਰਬੇਕਾਰ ਕਮਾਂਡਰ ਗਫ਼ ਤੇ ਲਾਰਡ ਹਾਰਡਿੰਗ ਦੀ ਅਗਵਾਈ ਵਿਚ ਲੜ ਰਹੀ ਸੀ। ਇਹ ਲੜਾਈ ਅੱਧੀ ਰਾਤ ਤੱਕ ਚੱਲਦੀ ਰਹੀ ਤੇ ਇਸੇ ਵਾਸਤੇ ਇਸ ਜਗ੍ਹਾ ਨੂੰ 'ਅੱਧੀ ਰਾਤ ਦੀ ਮੁਦਕੀ' ਕਿਹਾ ਜਾਂਦਾ ਹੈ। ਫਿਰ ਬਿਨਾਂ ਅਗਵਾਈ ਦੇ ਪੰਜਾਬੀ, ਜਿਹਨਾਂ ਨੇ ਆਪਣੇ ਅੱਧੇ ਸਾਥੀ ਤੇ 15 ਤੋਪਾਂ ਗਵਾ ਲਈਆਂ ਸਨ, ਮੈਦਾਨ ਵਿਚੋਂ ਬਾਹਰ ਆ ਗਏ।

ਮੁਦਕੀ ਦੀ ਇਸ ਝੜਪ ਨੂੰ ਅਹਿਮ ਫੌਜੀ ਮਹੱਤਵ ਨਹੀਂ ਦਿੱਤਾ ਜਾ ਸਕਦਾ। ਅੰਗਰੇਜ਼ਾਂ ਵਾਸਤੇ ਵੀ ਇਹ ਮੁੱਠਭੇੜ ਅਣਸੁਖਾਵੀਂ ਹੈਰਾਨੀ ਵਾਲੀ ਸੀ। ਉਹਨਾਂ ਦੇ 872 ਆਦਮੀ ਮਾਰੇ ਗਏ ਤੇ ਜ਼ਖਮੀ ਹੋਏ ਸਨ। ਮਰਨ ਵਾਲਿਆਂ ਵਿਚ ਕੁਆਰਟਰ ਮਾਸਟਰ ਜਨਰਲ ਸਰ ਰੌਬਰਟ ਸੇਲ, ਸਰ ਜੌਹਨ ਮੈਕਗਾਸਕਲ, ਤੇ ਬਰਗੇਡੀਅਰ ਬੁਲਟਨ ਸਨ। ਪੰਜਾਬੀ ਬੰਦੂਕਚੀਆਂ ਬਹੁਤ ਸਾਰੀਆਂ ਅੰਗਰੇਜ਼ੀ ਜ਼ਿੰਦਗੀਆਂ ਲਈਆਂ ਸਨ। ਅੰਗਰੇਜ਼ਾਂ ਨੇ ਮਹਿਸੂਸ ਕੀਤਾ ਕਿ ਉਹ ਐਹੋ ਜਿਹੇ ਪੱਕੇ ਇਰਾਦੇ ਵਾਲੇ ਸਿਪਾਹੀਆਂ ਨਾਲ ਲੜ ਰਹੇ ਹਨ ਜਿਹੋ ਜਿਹੇ ਉਹਨਾਂ ਨੂੰ ਹਿੰਦ ਉਪ ਮਹਾਂਦੀਪ ਵਿਚ ਹੋਰ ਕਿਧਰੇ ਨਹੀਂ ਟੱਕਰੇ ਸਨ। ਗੱਫ ਨੇ ਫਿਰੋਜ਼ਪੁਰ ਵਿਚ ਲਿਟਲਰ ਨੂੰ ਸੁਨੇਹਾ ਭੇਜਿਆ ਕਿ ਉਹ ਆਪਣੇ ਆਪ ਲੜਾਈ ਵਿਚ ਨਾ ਕੁੱਦੇ ਪਰ ਜਿਤਨੀ ਜਲਦੀ ਹੋ ਸਕੇ ਉਸ ਨੂੰ ਮਿਲੇ। ਅੰਬਾਲਾ, ਮੇਰਠ ਤੇ ਦਿੱਲੀ ਤੋਂ ਹੋਰ ਫੌਜਾਂ ਮੰਗਵਾਉਣ ਦਾ ਹੁਕਮ ਵੀ ਭੇਜ ਦਿੱਤਾ ਗਿਆ ਸੀ। ਲਾਰਡ ਹਾਰਡਿੰਗ ਨੇ ਆਪਣੀ ਗਵਰਨਰ ਜਨਰਲ ਵਾਲੀ ਉਚੀ ਪਦਵੀ ਦਾ ਖਿਆਲ ਛੱਡਿਆ ਤੇ ਲਾਰਡ ਗੱਫ ਦੀ ਕਮਾਨ ਹੇਠ ਬਤੌਰ ਦੂਜੇ ਨੰਬਰ ਦੇ ਕਮਾਂਡਰ ਲੜਾਈ ਵਿਚ ਹਿੱਸਾ ਲੈਣ ਦਾ ਫੈਸਲਾ ਕੀਤਾ।

ਫੇਰੂ ਸ਼ਾਹ ਦੀ ਲੜਾਈ - 21 ਦਸੰਬਰ 1845

ਲਾਲ ਸਿੰਘ ਫੇਰੂ ਸ਼ਾਹ ਦੇ ਮੋਰਚਿਆਂ ਪਿੱਛੇ ਸੁਰੱਖਿਅਤ ਛਿਪਿਆ ਹੋਇਆ ਸੀ ਜਦੋਂ ਉਸ ਦੇ ਸਿਪਾਹੀ ਮੁਦਕੀ ਵਿਚ ਜਾਨਾਂ ਤੋੜ ਕੇ ਲੜ ਰਹੇ ਸਨ। ਸਕੀਮ

ਅਜੇ ਵੀ ਇਹ ਸੀ ਕਿ ਤੇਜ ਸਿੰਘ ਲਿਟਲਰ ਤੋਂ ਫਿਰੋਜ਼ਪੁਰ ਲੈ ਲਵੇਗਾ ਤੇ ਫਿਰ ਲਾਲ ਸਿੰਘ ਨਾਲ ਮਿਲ ਕੇ ਮੁਦਕੀ ਤੋਂ ਆ ਰਹੀ ਫੌਜ ਨੂੰ ਘੇਰੇਗਾ। ਲੇਕਿਨ ਲਿਟਲਰ ਦੀ 8,000 ਤੋਂ ਵੀ ਘੱਟ ਫੌਜ ਨੂੰ ਨੱਪਣ ਦੀ ਬਜਾਏ ਤੇਜ ਸਿੰਘ, ਜਿਸ ਪਾਸ 30,000 ਸਿਪਾਹੀ ਸਨ, ਉਸ ਨੂੰ ਦਿਨ ਦੀ ਰੋਸ਼ਨੀ ਵਿਚ ਹੀ ਫਿਰੋਜ਼ਪੁਰ ਤੋਂ ਨਿਕਲਣ ਦਿੱਤਾ। ਉਸ ਨੇ ਦੁਸ਼ਮਣ ਦੀਆਂ ਫੌਜਾਂ ਉਪਰ ਨਿਗ੍ਹਾ ਰੱਖਣ ਦੀ ਵੀ ਕੋਸ਼ਿਸ਼ ਨਹੀਂ ਕੀਤੀ।

ਗੱਫ ਤੇ ਹਾਰਡਿੰਗ ਰਾਤ ਦੇ ਦੋ ਵਜੇ ਹੀ ਮੁਦਕੀ ਤੋਂ ਨਿਕਲ ਪਏ ਤੇ ਅਗਲੀ ਸਵੇਰ 10 ਵਜੇ ਫਿਰੋਜ਼ਪੁਰ ਪਹੁੰਚ ਗਏ। ਬਾਦ ਦੁਪਹਿਰ ਲਿਟਲਰ ਵੀ ਉਹਨਾਂ ਕੋਲ ਪਹੁੰਚ ਗਿਆ। ਗੱਫ ਇਹ ਮੌਕਾ ਨਹੀਂ ਦੇਣਾ ਚਾਹੁੰਦਾ ਸੀ ਕਿ ਤੇਜ ਸਿੰਘ ਫਿਰੋਜ਼ਪੁਰ ਤੋਂ ਪਹੁੰਚ ਜਾਵੇ ਤੇ ਲਾਲ ਸਿੰਘ ਨੂੰ ਆਣ ਮਿਲੇ ਤੇ ਫੌਰੀ ਤੌਰ 'ਤੇ ਸਿੱਖ ਮੋਰਚਿਆਂ ਉਪਰ ਹਮਲਾ ਕਰਨ ਦਾ ਹੁਕਮ ਦੇ ਦਿੱਤਾ। ਇਹ ਲੜਾਈ 21 ਦਸੰਬਰ, 1845, ਸਾਲ ਦੇ ਸਭ ਤੋਂ ਛੋਟੇ ਦਿਨ, ਨੂੰ ਲਿਟਲਰ ਦੇ ਘੋੜ ਸਵਾਰਾਂ ਤੇ ਪੈਦਲ ਦਸਤਿਆਂ ਦੇ ਹਮਲੇ ਨਾਲ ਸ਼ਾਮੀ ਚਾਰ ਵਜੇ ਸ਼ੁਰੂ ਹੋਈ। ਪੰਜਾਬੀਆਂ ਨੇ ਲਿਟਲਰ ਦੇ ਹਿੰਦੁਸਤਾਨੀ ਸਿਪਾਹੀਆਂ ਨੂੰ ਬੁਰੀ ਤਰ੍ਹਾਂ ਮਾਰ ਕੇ ਭਜਾ ਦਿੱਤਾ। ਪੰਜਾਬੀ ਬੰਦੂਕਾਂ ਜ਼ਿਆਦਾ ਤੇਜ਼ੀ ਤੇ ਲਾਹੇਵੰਦ ਮੋਰਚੇ ਤੋਂ ਚੱਲ ਰਹੀਆਂ ਸਨ, ਅੰਗਰੇਜ਼ਾਂ ਦੇ ਮੁਕਾਬਲੇ। ਹੁਣ ਗੱਫ ਨੇ ਆਪਣਾ ਘੋੜ ਸਵਾਰ ਦਸਤਾ ਝੋਕ ਦਿੱਤਾ। ਪੰਜਾਬੀ ਪੈਦਲ ਦਸਤੇ ਨੇ ਬੰਦੂਕਾਂ ਚਲਾਈਆਂ ਤੇ ਫਿਰ ਹੱਥੋਹੱਥ ਦੀ ਲੜਾਈ ਲੜੀ। ਜਦੋਂ ਦਿਨ ਛਿਪਣ ਲੱਗਾ ਤਾਂ ਗੱਫ ਨੇ ਆਪਣੀ ਸਾਰੀ ਪੈਦਲ ਫੌਜ, ਘੋੜ ਸਵਾਰ ਤੇ ਤੋਪਖਾਨਾ ਇਕ ਆਖਰੀ ਉਪਰਾਲੇ ਵੱਜੋਂ ਝੋਕ ਦਿੱਤਾ। ਇਹ ਫੌਜਾਂ ਉਹਨਾਂ ਸਾਰਿਆਂ ਪਾਸਿਓਂ ਪੰਜਾਬੀਆਂ ਵੱਲ ਵਧੀਆਂ ਜਿੱਥੇ ਉਹਨਾਂ ਦੇ ਘੋੜੇ ਦੇ ਸੁੰਮ ਵਰਗਾ ਸਰਕਲ ਬਣਾ ਲਿਆ ਸੀ। ਲੜਾਈ ਬਹੁਤ ਗਹਿਗੱਚ ਚੱਲ ਰਹੀ ਸੀ ਤੇ ਚਾਰੇ ਪਾਸੇ ਗਰਦਾ ਉਡ ਰਿਹਾ ਸੀ। ਅਚਾਨਕ ਇਕ ਗੋਲਾ ਪੰਜਾਬੀਆਂ ਦੇ ਬਾਰੂਦ ਦੇ ਭੰਡਾਰ ਉਪਰ ਜਾ ਡਿੱਗਾ ਤੇ ਉਹ ਲਾਟਾਂ ਨਾਲ ਬਲਣ ਲੱਗ ਪਿਆ। ਇਸ ਬਦਕਿਸਮਤ ਵਾਕਿਆ ਨੂੰ ਵੀ ਪੰਜਾਬੀਆਂ ਨੇ ਆਪਣੇ ਹੱਕ ਵਿਚ ਵਰਤ ਲਿਆ ਤੇ ਉਹ ਉਹਨਾਂ ਦੁਸ਼ਮਣਾਂ ਨੂੰ ਖ਼ਤਮ ਕਰਨ ਲੱਗੇ ਜਿਹੜੇ ਉਹਨਾਂ ਦੇ ਘੇਰੇ ਵਿਚ ਘੁੱਸ ਆਏ ਸਨ। ਅੰਗਰੇਜ਼ਾਂ ਵਾਸਤੇ ਲੜਨ ਨੂੰ ਕੁਝ ਨਹੀਂ ਬਚ ਰਿਹਾ ਸੀ। ਉਹ ਬਹੁਤ ਤਿਹਾਏ ਸਨ ਤੇ ਸਾਰੇ ਖੂਹ ਪੰਜਾਬੀਆਂ ਦੇ ਕਬਜ਼ੇ ਵਿਚ ਸਨ। ਅਤੇ ਓਧਰੋਂ ਕੜਾਕੇ ਦੀ ਠੰਡ ਉਤਰ ਆਈ ਸੀ। ਰਾਤ ਦੇ ਤਿੰਨ ਵਜੇ ਯਾਨੀ ਕਿ 22 ਦਸੰਬਰ ਦੀ ਸਵੇਰ ਨੂੰ ਦੁਸ਼ਮਣਾਂ ਦਾ ਅੱਗੇ ਵਧਣ ਵਾਲਾ ਆਖਰੀ ਯੂਨਿਟ ਜੋ ਸਰ ਹੈਨਰੀ ਸਮਿਥ ਦੀ ਅਗਵਾਈ ਵਿਚ ਵਧ ਰਿਹਾ ਸੀ, ਖਦੇੜ ਦਿੱਤਾ ਗਿਆ ਤੇ ਹਰ ਉਹ ਇੰਚ ਜਿਹੜਾ ਖੋਇਆ ਸੀ ਦੋਬਾਰਾ ਪ੍ਰਾਪਤ ਹੋ ਗਿਆ।

21 ਤੇ 22 ਦਸੰਬਰ ਦੀ ਵਿਚਕਾਰਲੀ ਰਾਤ ਲੜਾਈ ਦਾ ਪੱਲੜਾ ਸਪੱਸ਼ਟ ਤੌਰ 'ਤੇ ਪੰਜਾਬੀਆਂ ਵੱਲ ਹੀ ਭਾਰਾ ਸੀ। ਅੰਗਰੇਜ਼ਾਂ ਦੀਆਂ ਬਹੁਤ ਮੌਤਾਂ ਹੋ ਗਈਆਂ ਸਨ। ਗਵਰਨਰ ਜਨਰਲ ਦੇ ਸਟਾਫ਼ ਦਾ ਹਰ ਬੰਦਾ ਜਾਂ ਮਾਰਿਆ ਗਿਆ ਸੀ ਜਾਂ ਜ਼ਖਮੀ ਹੋ ਗਿਆ ਸੀ। ਮਰਨ ਵਾਲਿਆਂ ਵਿਚ ਬਦਨਾਮ ਬਰੈਡਫੁਟ ਵੀ ਸੀ। ਜਿਸ ਘੋੜੇ ਦੀ ਗੱਫ ਸਵਾਰੀ ਕਰ ਰਿਹਾ ਸੀ, ਉਸ ਨੂੰ ਵੀ ਗੋਲੀ ਲੱਗੀ ਸੀ। ਇਕ ਬ੍ਰਿਟਿਸ਼ ਜਨਰਲ ਸਰ ਹੋਪ ਗਰਾਂਟ ਜੋ ਉਸ ਲੜਾਈ ਵਿਚ ਸ਼ਾਮਲ ਸੀ, ਲਿਖਦਾ ਹੈ ਕਿ, "ਉਸ ਬਰਫੀਲੀ ਰਾਤ ਭਾਰਤ ਦੀ ਕਿਸਮਤ ਇਕ ਤਰਾਜੂ ਵਿਚ ਡੋਲ ਰਹੀ ਸੀ। ਸੱਚੀ ਗੱਲ ਹੈ ਕਿ ਉਹ ਰਾਤ ਕਹਿਰ ਦੀ ਰਾਤ ਸੀ। ਸ਼ਾਇਦ ਭਾਰਤ ਅੰਦਰ ਲੜਾਈਆਂ ਦੇ ਇਤਿਹਾਸ ਵਿਚ ਬ੍ਰਿਟਿਸ਼ ਫੌਜ ਨੂੰ ਕਦੇ ਵੀ ਹਾਰ ਦੇ ਇਤਨਾ ਨਜ਼ਦੀਕ ਨਹੀਂ ਜਾਣਾ ਪਿਆ ਤੇ ਨਾ ਹੀ ਇਤਨੀਆਂ ਮੌਤਾਂ ਵੇਖਣੀਆਂ ਪਈਆਂ। ਸਿੱਖਾਂ ਨੇ ਆਪਣੇ ਕੈਂਪ ਦਾ ਲੱਗਪੱਗ ਸਾਰਾ ਹਿੱਸਾ ਹਾਸਿਲ ਕਰ ਲਿਆ ਸੀ। ਸਾਡਾ ਥੱਕਿਆ ਟੁੱਟਿਆ ਤੇ ਦਸਵਾਂ ਹਿਸਾ ਬਚਿਆ ਰਿਹਾ ਡੀਵੀਜ਼ਨ ਆਪਣੇ ਡੇਰੇ ਵਿਚ ਡਿੱਗਿਆ ਪਿਆ ਸੀ।"

ਲਾਰਡ ਹਾਰਡਿੰਗ ਨੇ ਆਪਣੇ ਪੁੱਤਰ ਅਤੇ ਬਾਵੇਰੀਅਨ ਸ਼ਹਿਜ਼ਾਦੇ ਵਾਲਦੀਮੀਰ, ਜੋ ਉਸ ਦਾ ਮਹਿਮਾਨ ਸੀ, ਨੂੰ ਵਾਪਸ ਮੁਦਕੀ ਭੇਜ ਦਿੱਤਾ। ਉਸ ਨੇ ਨਿਪੋਲੀਅਨ ਵਿਰੋਧੀ ਮੁਹਿੰਮ ਵਿਚ ਹਿੱਸਾ ਲੈਣ ਦੇ ਇਨਾਮ ਵਜੋਂ ਮਿਲੀ ਤਲਵਾਰ ਵੀ ਦੇ ਦਿੱਤੀ ਤੇ ਕਿਹਾ ਕਿ ਹਾਰ ਦੀ ਸੂਰਤ ਵਿਚ ਉਸ ਦੇ ਸਾਰੇ ਕਾਗਜ਼ਾਤ ਜਲਾ ਦਿੱਤੇ ਜਾਣ। ਰਾਬਰਟ ਕਰੱਸਟ ਦੀ ਡਾਇਰੀ ਵਿਚ ਲਿਖਿਆ ਹੈ ਕਿ ਬ੍ਰਿਟਿਸ਼ ਜਨਰਲਾਂ ਨੇ ਹਥਿਆਰ ਸੁੱਟ ਦੇਣ ਦਾ ਫੈਸਲਾ ਕਰ ਲਿਆ ਸੀ। ਉਸ ਨੇ ਲਿਖਿਆ ਕਿ, "ਦਸੰਬਰ 22 ਨੂੰ ਗਵਰਨਰ ਜਨਰਲ ਵੱਲੋਂ ਖਬਰ ਸੀ ਕਿ ਸਾਡਾ ਕੱਲ ਵਾਲਾ ਹਮਲਾ ਨਾਕਾਮ ਰਿਹਾ ਹੈ। ਹਾਲਾਤ ਬਹੁਤ ਖਰਾਬ ਹੋ ਗਏ ਹਨ ਅਤੇ ਸਾਰੇ ਸਰਕਾਰੀ ਪੇਪਰ ਬਰਬਾਦ ਕਰਨੇ ਹੋਣਗੇ। ਅਗਰ ਸਵੇਰ ਵਾਲਾ ਹਮਲਾ ਫੇਲ ਹੋਇਆ ਤਾਂ ਸਭ ਕੁਝ ਖ਼ਤਮ ਹੋ ਜਾਵੇਗਾ। ਇਸ ਨੂੰ ਗੁਪਤ ਰੱਖਿਆ ਗਿਆ ਸੀ ਤੇ ਅਸੀਂ ਸਾਰੇ ਸੋਚ ਰਹੇ ਸਾਂ ਕਿ ਜ਼ਖਮੀਆਂ ਨੂੰ ਬਚਾਉਣ ਵਾਸਤੇ ਹਥਿਆਰ ਸੁੱਟ ਦਿੱਤੇ ਜਾਣ।

ਬ੍ਰਿਟਿਸ਼ ਕਮਾਂਡਰ ਇਨ ਚੀਫ ਲਾਰਡ ਗੱਫ ਨੇ ਮੰਨਿਆ ਕਿ "ਕੁਝ ਬਹਾਦਰ ਲੋਕਾਂ ਨੇ ਦਿਲ ਛੱਡ ਦਿੱਤਾ ਸੀ ਤੇ ਫਿਰੋਜ਼ਪੁਰ ਤੋਂ ਪਿਛਾਂਹ ਹਟਣ ਵਾਸਤੇ ਕਹਿ ਰਹੇ ਸਨ।". ਪਰ ਉਸ ਨੇ ਵੱਖਰਾ ਫੈਸਲਾ ਕੀਤਾ ਜੋ ਉਸ ਦੇ ਸ਼ਬਦਾਂ ਵਿਚ ਇਸ ਤਰ੍ਹਾਂ ਸੀ ਕਿ "ਮੈਂ ਆਪਣੀਆਂ ਹੱਡੀਆਂ ਫਿਰੋਜ਼ਸ਼ਾਹ ਦੇ ਮੈਦਾਨ ਵਿਚ ਇੱਜ਼ਤ ਨਾਲ ਮੱਚਦੀਆਂ ਬਰਦਾਸ਼ਤ ਕਰ ਸਕਦਾ ਹਾਂ ਪਰ ਫਿਰੋਜ਼ਪੁਰ ਵਿਚ ਬਦਨਾਮੀ ਨਾਲ ਗਲਦੀਆਂ ਸੜਦੀਆਂ ਨਹੀਂ।"

ਅਖੀਰ ਜਦੋਂ ਫੇਰੂ ਸ਼ਾਹ ਦੇ ਮੈਦਾਨ ਉਪਰ ਸੂਰਜ ਨਿਕਲ ਆਇਆ ਤਾਂ ਅੰਗਰੇਜ਼ਾਂ ਨੂੰ ਜਿਸ ਗੱਲ ਦਾ ਸਭ ਤੋਂ ਵੱਡਾ ਡਰ ਸਤਾ ਰਿਹਾ ਸੀ, ਉਹ ਵਾਪਰ ਗਿਆ। ਤੇਜ ਸਿੰਘ ਆਪਣੀ ਫੌਜ ਲੈ ਕੇ ਫਿਰੋਜ਼ਪੁਰ ਤੋਂ ਪਹੁੰਚ ਗਿਆ, ਬਿਲਕੁਲ ਤਾਜ਼ਾ ਤੇ ਲੜਾਈ ਵਾਸਤੇ ਤਿਆਰ ਫੌਜ। ਅੰਗਰੇਜ਼ੀ ਬੰਦੂਕਾਂ ਵਿਚੋਂ ਗੋਲੀਆਂ ਚਲਾਉਣ ਵਾਸਤੇ ਕੋਈ ਗੋਲੀ ਸਿੱਕਾ ਨਹੀਂ ਬਚਿਆ ਸੀ ਤੇ ਘੋੜ ਸਵਾਰਾਂ ਦੇ ਘੋੜੇ ਵੀ ਆਪਣੇ ਸਵਾਰਾਂ ਦੀ ਤਰ੍ਹਾਂ ਬੁਰੀ ਤਰ੍ਹਾਂ ਥੱਕੇ ਟੁਟੇ ਹੋਏ ਸਨ। ਇਹੀ ਗੱਲ ਲਾਰਡ ਗੱਫ ਨੇ ਆਪਣੀ ਕਥਾ ਵਿਚ ਲਿਖੀ। ਅੰਗਰੇਜ਼ਾਂ ਨੇ ਆਪਣੇ ਆਪ ਨੂੰ ਕਿਸਮਤ ਉਪਰ ਤੇ ਜਾਂ ਪੰਜਾਬੀਆਂ ਦੇ ਰਹਿਮ ਉਪਰ ਛੱਡ ਰੱਖਿਆ ਸੀ। ਉਸ ਹਾਲਾਤ ਬਾਰੇ ਹੈਰੀ ਸਮਿੱਥ ਨੇ ਆਪਣੀ ਸਵੈ ਜੀਵਨੀ ਵਿਚ ਲਿਖਿਆ ਕਿ, "ਸਾਡੀਆਂ ਬੰਦੂਕਾਂ ਦਾ ਸਾਰਾ ਗੋਲੀ ਸਿੱਕਾ ਖ਼ਤਮ ਹੋ ਚੁਕਾ ਸੀ ਤੇ ਸਾਡੇ ਫੌਜੀ ਟੁੱਟ ਚੁੱਕੇ ਸਨ ਅਤੇ ਅਸੀਂ ਹਮਲਾ ਨਹੀਂ ਕਰ ਸਕਦੇ ਹਾਂ। ਸਾਡੀ ਹਾਲਤ ਇਸ ਤੋਂ ਬੁਰੀ ਹੋਰ ਕੀ ਹੋ ਸਕਦੀ ਸੀ।"

ਤੇਜ ਸਿੰਘ ਦੀਆਂ ਬੰਦੂਕਾਂ ਨੇ ਗੋਲੀਆਂ ਚਲਾਈਆਂ। ਅੱਗੋਂ ਅੰਗਰੇਜ਼ਾਂ ਨੇ ਕੋਈ ਜਵਾਬ ਨਹੀਂ ਦਿੱਤਾ। ਕੁਝ ਮਿੰਟਾਂ ਬਾਅਦ ਪੰਜਾਬੀ ਬੰਦੂਕਾਂ ਵੀ ਬੰਦ ਹੋ ਗਈਆਂ। ਤੇਜ ਸਿੰਘ ਨੇ ਫੌਜ ਨੂੰ ਪਿੱਛੇ ਹਟਣ ਦਾ ਹੁਕਮ ਦਿੱਤਾ। ਲੜਾਈ ਵਾਸਤੇ ਤਾਂਘਦੇ ਸਿਪਾਹੀ ਹੈਰਾਨ ਹੋ ਗਏ। ਇਕ ਨਿਹੰਗ ਨੇ ਤਲਵਾਰ ਕੱਢੀ ਤੇ ਤੇਜ ਸਿੰਘ ਵੱਲ ਦੌੜਿਆ ਕਿ ਇਸ ਹੁਕਮ ਦਾ ਮਤਲਬ ਕੀ ਹੈ। ਤੇਜਾ ਸਿੰਘ ਨੇ ਆਪਣੇ ਹੱਥ ਆਪਸ ਵਿਚ ਰਗੜੇ ਤੇ ਕਿਹਾ ਕਿ ਮੈਂ ਇਹ ਕੰਮ ਖਾਲਸਾ ਦੇ ਹਿਤ ਵਿਚ ਕਰ ਰਿਹਾ ਹਾਂ, ਮੈਂ ਅੰਗਰੇਜ਼ ਫੌਜ ਨੂੰ ਪਿਛਲੇ ਪਾਸਿਓਂ ਘੇਰਨਾ ਚਾਹੁੰਦਾ ਹਾਂ। ਸਿਪਾਹੀ ਗੱਲਾਂ ਵਿਚ ਆ ਗਏ ਤੇ ਤੇਜ ਸਿੰਘ ਦੇ ਪਿੱਛੇ ਲੱਗ ਗਏ। ਜਿਹੜੇ ਸਿਪਾਹੀ ਇਕ ਰਾਤ ਪਹਿਲਾਂ ਫਿਰੋਜ਼ਸ਼ਾਹ ਵਿਚ ਪੂਰੀ ਬਹਾਦਰੀ ਨਾਲ ਲੜੇ ਸਨ, ਹੁਣ ਹੀ ਜਾਨਣ ਲੱਗੇ ਕਿ ਉਹਨਾਂ ਦਾ ਕਮਾਂਡਰ ਲਾਲ ਸਿੰਘ ਵੀ ਕੈਂਪ ਛੱਡ ਕੇ ਦੌੜ ਗਿਆ ਹੈ। ਪੰਜਾਬੀ ਕੈਂਪ ਵਿਚ ਬਹਿਸਾਂ ਤੇ ਨਰਾਜ਼ਗੀਆਂ ਸ਼ੁਰੂ ਹੋ ਗਈਆਂ।

ਲਾਰਡ ਗੱਫ ਨੂੰ ਇਹ ਸਮਝਣ ਵਿਚ ਜ਼ਿਆਦਾ ਦੇਰ ਨਹੀਂ ਲੱਗੀ ਕਿ ਲਾਲ ਸਿੰਘ ਤੇ ਤੇਜ ਸਿੰਘ ਨੇ ਆਪਣੇ ਗੱਦਾਰਾਨਾ ਵਾਅਦੇ ਪੂਰੇ ਕੀਤੇ ਹਨ ਤੇ ਉਸ ਨੇ ਆਪਣੇ ਸਿਪਾਹੀਆਂ ਨੂੰ ਫਿਰੋਜ਼ਸ਼ਾਹ ਵਿਚ ਇਕ ਹੋਰ ਹਮਲਾ ਕਰਨ ਵਾਸਤੇ ਹੁਕਮ ਦਿੱਤਾ। ਸਿੱਖ ਫੌਜੀ ਦਸਤੇ ਜੋ ਸਮਝਦੇ ਸਨ ਕਿ ਤੇਜਾ ਸਿੰਘ ਉਹਨਾਂ ਨੂੰ ਰਾਹਤ ਦੇਵੇਗਾ, ਹੈਰਾਨੀ ਵਿਚ ਆ ਗਏ। ਉਹ ਆਪਣੇ ਮੋਰਚੇ, ਤੋਪਾਂ ਤੇ 80,000 ਪੌਂਡ ਬਰੂਦ ਦਾ ਭੰਡਾਰ ਛੱਡ ਕੇ ਦੌੜ ਗਏ।

ਇਸ ਤਰ੍ਹਾਂ ਫਿਰੋਜ਼ਸ਼ਾਹ ਦੀ ਲੜਾਈ ਖ਼ਤਮ ਹੋਈ। ਇਕ ਲੜਾਈ ਜੋ ਫੌਜੀਆਂ ਨੇ ਜਿੱਤੀ ਸੀ ਤੇ ਉਹਨਾਂ ਦੇ ਗੱਦਾਰ ਕਮਾਂਡਰਾਂ ਨੇ ਹਰਾ ਦਿੱਤੀ।

ਇਸ ਹਾਰ ਤੋਂ ਫੌਰੀ ਬਾਅਦ ਤੇਜ ਸਿੰਘ ਬ੍ਰਿਟਿਸ਼ ਕੈਂਪ ਵਿਚ ਗਿਆ ਤੇ

ਲਾਰਡ ਹਾਰਡਿੰਗ ਨੂੰ ਮਿਲਿਆ। ਉਹਨਾਂ ਵਿਚਕਾਰ ਕੀ ਗੱਲਬਾਤ ਹੋਈ, ਕਿਸੇ ਨੂੰ ਪਤਾ ਨਹੀਂ ਲੱਗਾ ਪਰ ਬਾਅਦ ਦੇ ਦਿਨਾਂ ਵਿਚ ਅੰਗਰੇਜ਼ਾਂ ਨੇ ਇਹਨਾਂ ਗੱਦਾਰਾਂ ਨਾਲ ਕੀ ਵਿਹਾਰ ਕੀਤਾ, ਉਸ ਗੱਲਬਾਤ ਬਾਰੇ ਅੰਦਾਜ਼ਾ ਲਗਾਉਣਾ ਮੁਸ਼ਕਿਲ ਨਹੀਂ।

ਬੱਦੋਵਾਲ - 21 ਜਨਵਰੀ, 1846

ਅੰਗਰੇਜ਼ ਫੌਜ ਫਿਰੋਜ਼ਸ਼ਾਹ ਦੀ ਜਿੱਤ ਤੋਂ ਬਾਅਦ ਸਤਲੁੱਜ ਦੇ ਕੰਢੇ ਵੱਲ ਵਧ ਗਈ ਜਿੱਥੇ ਲਾਰਡ ਬ੍ਰਸ਼ ਨੇ ਲਾਹੌਰ ਵੱਲ ਵਧਣ ਤੋਂ ਪਹਿਲਾਂ ਹੋਰ ਫੌਜਾਂ ਦੇ ਪਹੁੰਚਣ ਦਾ ਇੰਤਜ਼ਾਰ ਕਰਨ ਦਾ ਫੈਸਲਾ ਕੀਤਾ। ਲਾਲ ਸਿੰਘ ਤੇ ਤੇਜ ਸਿੰਘ ਨੇ ਕਮਜ਼ੋਰ ਪੈ ਚੁਕੇ ਦੁਸ਼ਮਣ ਨਾਲ ਲੜਨ ਦੇ ਮੌਕੇ ਦਾ ਫਾਇਦਾ ਨਹੀਂ ਉਠਾਇਆ। ਖਾਲਸਾ ਫੌਜ ਵੀ ਫੇਰੂਸ਼ਹਿਰ ਦੀ ਲੜਾਈ ਤੋਂ ਕਾਫ਼ੀ ਥੱਕ ਚੁੱਕੀ ਸੀ ਤੇ ਉਹਨਾਂ ਆਸਾਨੀ ਨਾਲ ਇਸ ਗੱਲ 'ਤੇ ਯਕੀਨ ਕਰ ਲਿਆ ਕਿ ਅੰਗਰੇਜ਼ ਇਤਨੀ ਬੁਰੀ ਤਰ੍ਹਾਂ ਹਾਰ ਗਏ ਹਨ ਕਿ ਉਹ ਸਤਲੁਜ ਪਾਰ ਕਰਨ ਦੀ ਸੋਚ ਹੀ ਨਹੀਂ ਸਕਦੇ।

ਖ਼ੁਸ਼ ਫਹਿਮੀ ਵਾਲਾ ਇਹ ਮੂਡ ਥੋੜੇ ਦਿਨ ਹੀ ਰਿਹਾ। ਜਲਦੀ ਇਤਲਾਹ ਮਿਲ ਗਈ ਕਿ ਅੰਬਾਲਾ ਤੇ ਦਿੱਲੀ ਤੋਂ ਅੰਗਰੇਜ਼ੀ ਫੌਜ ਦੀ ਵੱਡੀ ਨਫਰੀ ਇਸ ਪਾਸੇ ਨੂੰ ਚੱਲ ਪਈ ਹੈ। ਇਹ ਵੀ ਪਤਾ ਲੱਗਾ ਕਿ ਇਹ ਕਾਨਵਾਈ ਪਹਿਲਾਂ ਲੁਧਿਆਣਾ ਜਾਵੇਗੀ ਤੇ ਫਿਰ ਸਤਲੁਜ ਦੇ ਨਾਲ ਨਾਲ ਹੇਠਾਂ ਫਿਰੋਜ਼ਪੁਰ ਵੱਲ ਜਾਵੇਗੀ।

8,000 ਆਦਮੀ ਤੇ 70 ਤੋਪਾਂ ਦੀ ਇਕ ਸਿੱਖ ਫੌਜ ਫਿਲੌਰ ਦੇ ਕਿਲੇ ਵਿਚ ਤੈਨਾਤ ਸੀ ਜਿਸ ਨੇ ਲੁਧਿਆਣਾ ਵਿਚ ਦੁਸ਼ਮਣ ਦੀਆਂ ਹਰਕਤਾਂ ਉਤੇ ਨਜ਼ਰ ਰੱਖਣੀ ਸੀ। ਇਸ ਦਾ ਕਮਾਂਡਰ ਰਣਜੋਧ ਸਿੰਘ ਮਜੀਠੀਆ ਸੀ। ਉਸ ਦੇ ਨਾਲ ਰਾਜਾ ਅਜੀਤ ਸਿੰਘ ਲਾਡਵਾ ਸੀ ਜੋ ਮਾਲਵੇ ਦਾ ਇਕ ਹੀ ਸਰਦਾਰ ਸੀ ਜਿਹੜਾ ਅੰਗਰੇਜ਼ਾਂ ਦਾ ਸਾਥ ਦੇਣ ਦੀ ਬਜਾਏ ਲਾਹੌਰ ਦਰਬਾਰ ਪ੍ਰਤੀ ਵਫ਼ਾਦਾਰੀ ਰੱਖਦਾ ਸੀ। ਇਹਨਾਂ ਦੋ ਸਰਦਾਰਾਂ ਨੇ ਤੇਜੀ ਨਾਲ ਮਾਰਚ ਕਰਦਿਆਂ ਸਤਲੁਜ ਪਾਰ ਕੀਤਾ। ਇਹਨਾਂ ਨੇ ਪਹਿਲਾਂ ਫਤਿਹਗੜ੍ਹ ਦਾ ਕਿਲ੍ਹਾ ਆਜ਼ਾਦ ਕਰਵਾਇਆ, ਫਿਰ ਧਰਮਕੋਟ, ਗੰਗਰਾਨਾ ਅਤੇ ਬੱਦੋਵਾਲ ਤੇ ਕਬਜ਼ਾ ਕੀਤਾ ਜੋ ਲਾਡਵਾ ਦਾ ਇਲਾਕਾ ਸੀ ਪਰ ਦੁਸ਼ਮਣਾਂ ਦੇ ਕਬਜ਼ੇ ਵਿਚ ਸੀ। ਇਸ ਤੋਂ ਬਾਅਦ 'ਬਾਰਾਂ ਹੱਥਾ' ਦੇ ਥਾਂ 'ਤੇ ਡੇਰਾ ਜਮਾਇਆ ਜੋ ਲੁਧਿਆਣਾ ਤੋਂ ਸੱਤ ਮੀਲ ਰਹਿ ਗਿਆ ਸੀ। ਸਿੱਖਾਂ ਨੇ ਲੁਧਿਆਣਾ ਦੀ ਛਾਉਣੀ ਵਿਚ ਛੁਪ ਕੇ ਹਮਲਾ ਕੀਤਾ ਤੇ ਕਈ ਬੈਰਕਾਂ ਨੂੰ ਅੱਗ ਲਗਾ ਦਿੱਤੀ। ਦੁਸ਼ਮਣ ਦਾ ਬਸੀਆਂ ਦਾ ਡੀਪੋ ਵੀ ਖ਼ਤਰੇ ਵਿਚ ਪੈ ਗਿਆ ਸੀ।

ਲਾਰਡ ਗੱਫ ਨੇ ਸਰ ਹੈਨਰੀ ਸਮਿਥ ਨੂੰ ਲੁਧਿਆਣਾ ਦੀ ਮਦਦ ਵਾਸਤੇ ਭੇਜਿਆ। ਸਮਿੱਥ ਦਰਿਆ ਦੇ ਖੱਬੇ ਕੰਢੇ ਦੇ ਇਕ ਮੀਲ ਦੀ ਵਿੱਥ 'ਤੇ ਚੱਲਦਿਆਂ

ਉਪਰਲੇ ਵਹਿਣ ਵੱਲ ਚੱਲਦਾ ਗਿਆ। ਰਣਜੋਧ ਸਿੰਘ ਦਾ ਜਥਾ ਉਸ ਦੇ ਨਾਲ ਨਾਲ ਹੀ ਚੱਲਦਾ ਗਿਆ ਤੇ ਜਿੱਥੇ ਮੌਕਾ ਮਿਲਦਾ ਦੁਸ਼ਮਣ ਨਾਲ ਦੋ ਹੱਥ ਕਰ ਲੈਂਦਾ। ਸਮਿਥ ਨੇ ਬੱਦੋਵਾਲ ਪਹੁੰਚ ਕੇ ਵਲੇਵਾਂ ਮਾਰਨ ਦੀ ਕੋਸ਼ਿਸ਼ ਕੀਤੀ। ਲੇਕਿਨ ਰਣਜੋਧ ਸਿੰਘ ਮਜੀਠੀਆ ਨੇ ਉਸ ਨੂੰ ਕਿਲੇ ਦਾ ਬਾਈਪਾਸ ਨਹੀਂ ਕਰਨ ਦਿੱਤਾ ਤੇ ਪਿਛਲੇ ਪਾਸਿਓਂ ਵੱਡਾ ਹਮਲਾ ਕਰ ਦਿੱਤਾ। ਅੰਗਰੇਜ਼ਾਂ ਦੇ ਸਮਾਨ ਦੀ ਗੱਡੀ ਤੇ ਸਟੋਰਾਂ ਉਪਰ ਕਬਜ਼ਾ ਕਰ ਲਿਆ।

ਸਰ ਹੈਰੀ ਸਮਿੱਥ ਨੇ ਰਣਜੋਧ ਸਿੰਘ ਮਜੀਠੀਆ ਦੇ ਦਾਅ ਪੇਚਾਂ ਦੀ ਤਾਰੀਫ਼ ਕਰਦਿਆਂ ਆਪਣੀ ਸਵੈ ਜੀਵਨੀ ਵਿਚ ਲਿਖਿਆ ਕਿ, "ਇਹ ਲੜਾਈ ਦੇ ਦੌਰਾਨ ਦਾ ਬਹੁਤ ਹੀ ਵਿਗਿਆਨਕ ਤਰੀਕਾ ਸੀ। ਉਸ ਨੇ ਜੋ ਪੁਜ਼ੀਸ਼ਨ ਬਣਾ ਲਈ ਸੀ, ਜੇ ਉਸ ਨੂੰ ਵਰਤਣੀ ਜਾਣਦਾ ਹੁੰਦਾ ਤਾਂ ਉਹ ਵੱਡੀਆਂ ਪ੍ਰਾਪਤੀਆਂ ਕਰ ਸਕਦਾ ਸੀ। ਉਹ ਮੇਰੇ ਉਪਰ ਬਹੁਤ ਤਕੜਾ ਹਮਲਾ ਕਰਕੇ ਖ਼ਤਮ ਕਰ ਸਕਦਾ ਸੀ ਜਿਸ ਤਰ੍ਹਾਂ ਕਿ ਉਸ ਦੇ ਫਰਾਂਸੀਸੀ ਉਸਤਾਦ ਨੇ ਸਿਖਾਇਆ ਹੋਵੇਗਾ। ਉਸ ਦੀਆਂ ਫੌਜਾਂ ਮੇਰੀਆਂ ਫੌਜਾਂ ਨਾਲੋਂ ਵੱਡੀਆਂ ਸਨ।

ਪੰਜਾਬ ਦੇ ਅੰਦਰ ਵੀ ਇਸ ਬਾਰੇ ਇਹੀ ਵਿਚਾਰ ਸੀ। ਕਵੀ ਸ਼ਾਹ ਮਹੰਮਦ ਨੇ ਵੀ ਇਹ ਲਿਖਿਆ ਹੈ ਕਿ ਰਣਜੋਧ ਸਿੰਘ ਦੇ ਕੋਲ ਤਾਂ ਦਿੱਲੀ ਤੱਕ ਦਾ ਸਿੱਧਾ ਰਸਤਾ ਖਾਲੀ ਪਿਆ ਸੀ। ਲੱਗਦਾ ਹੈ ਕਿ ਮਜੀਠੀਆ ਸਮਝਦਾ ਸੀ ਕਿ ਉਸ ਦੇ ਪਿੱਛੇ ਹੋਰ ਤਾਕਤ ਨਹੀਂ ਸੀ। ਉਹ ਆਪਣੇ ਘੇਰੇ ਜਾਣ ਦਾ ਖਤਰਾ ਵੀ ਮਹਿਸੂਸ ਕਰ ਰਿਹਾ ਸੀ, ਕਿਉਂਕਿ ਦੁਸ਼ਮਣ ਦੀਆਂ ਹੋਰ ਫੌਜਾਂ ਵੀ ਏਧਰ ਵਧ ਰਹੀਆਂ ਸਨ। ਉਹ ਬੱਦੋਵਾਲ ਤੋਂ ਕੁਝ ਮੀਲ ਪਿੱਛੇ ਹਟ ਗਿਆ ਤੇ ਸਤਲੁਜ ਦੇ ਕੰਢੇ ਦੇ ਇਕ ਪਿੰਡ ਅਲੀਵਾਲ ਵਿਚ ਜਾ ਬੈਠਾ।

ਥੋੜੇ ਹੀ ਦਿਨਾਂ ਬਾਅਦ ਸਰ ਹੈਰੀ ਸਮਿੱਥ ਨੂੰ ਹੋਰ ਫੌਜੀ ਕੁਮਕ ਪਹੁੰਚ ਗਈ ਤੇ ਉਹ ਮਜੀਠੀਆ ਤੇ ਲਾਡਵਾ ਦੇ ਪਿੱਛੇ ਅਲੀਵਾਲ ਪਹੁੰਚ ਗਿਆ।

ਅਲੀਵਾਲ - 28 ਜਨਵਰੀ, 1846

ਇਹ ਲੜਾਈ 28 ਜਨਵਰੀ, 1846 ਦੀ ਸਵੇਰ ਨੂੰ ਲੜੀ ਗਈ। ਪੰਜਾਬੀਆਂ ਨੇ ਆਪਣੀ ਸੁੱਰਖਿਆ ਤਿਕੋਣ ਬਣਾ ਲਈ ਤੇ ਹਮੇਸ਼ਾਂ ਦੀ ਤਰ੍ਹਾਂ ਦੁਸ਼ਮਣ ਦੇ ਰੇਂਜ ਵਿਚ ਆਉਣ ਤੋਂ ਪਹਿਲਾਂ ਹੀ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਅੰਗਰੇਜ਼ਾਂ ਨੇ ਪੰਜਾਬੀਆਂ ਨੂੰ ਆਪਣਾ ਬਰੂਦ ਖਤਮ ਕਰ ਲੈਣ ਦਿੱਤਾ ਤੇ ਫਿਰ ਉਹਨਾਂ ਦੀਆਂ ਬੰਦੂਕਾਂ ਦੀਆਂ ਸਹੀ ਪੁਜ਼ੀਸ਼ਨਾਂ ਸਮਝ ਕੇ ਜ਼ੋਰਦਾਰ ਹਮਲਾ ਕੀਤਾ। ਇਸ ਫੈਸਲਾਕੁੰਨ ਘੜੀ ਵਿਚ ਪੰਜਾਬੀ ਫੌਜ ਤੇ ਅਫਸਰ, ਸਮੇਤ ਰਣਜੋਧ ਸਿੰਘ, ਓਥੋਂ ਦੌੜ ਗਏ। ਸਿਪਾਹੀਆਂ ਨੇ ਪਿੱਛੇ ਹਟਣ ਤੋਂ ਇਨਕਾਰ ਕੀਤਾ ਤੇ ਪੂਰੀ ਤਨਦੇਹੀ ਨਾਲ ਲੜਾਈ ਲੜੀ। ਜਦੋਂ ਅੰਗਰੇਜ਼ ਘੋੜ ਸਵਾਰਾਂ ਨੇ ਸਿੱਖ ਪਿਆਦਾ

ਫੌਜ ਉਪਰ ਹਮਲਾ ਕੀਤਾ ਤਾਂ ਸਿੱਖ ਫੌਜੀਆਂ ਨੇ ਘੋੜ ਸਵਾਰਾਂ ਤੇ ਨੇਜ਼ਿਆਂ ਨੂੰ ਅੱਗੋ ਫੜ੍ਹ ਕੇ ਆਪਣੇ ਵੱਲ ਖਿੱਚਣਾ ਤੇ ਫਿਰ ਸਵਾਰ ਉਪਰ ਤਲਵਾਰਾਂ ਨਾਲ ਹਮਲੇ ਸ਼ੁਰੂ ਕੀਤੇ। ਅੰਗਰੇਜ਼ ਫੌਜੀ ਅਫਸਰ ਹੰਬਲੇ ਨੇ ਲਿਖਿਆ ਕਿ "ਬਾਵਜੂਦ ਇਸ ਦੇ ਕਿ ਉਹਨਾਂ ਦਾ ਕਮਾਂਡਰ ਮੋਰਚਾ ਛੱਡ ਕੇ ਦੌੜ ਗਿਆ ਸੀ, ਉਸ ਦੇ ਸਿਪਾਹੀਆਂ ਨੇ ਪੂਰੇ ਦਮ ਨਾਲ ਲੜਾਈ ਜਾਰੀ ਰੱਖੀ, ਬਿਨਾਂ ਜਿੱਤ ਹਾਰ ਦਾ ਫਿਕਰ ਕੀਤਿਆਂ"। ਇਸ ਲੜਾਈ ਵਿਚ ਬਹੁਤ ਸਾਰੇ ਸਿੱਖ ਸਿਪਾਹੀ ਮਾਰੇ ਗਏ ਤੇ ਕਈਆਂ ਨੂੰ ਦਰਿਆ ਵਾਲੇ ਪਾਸੇ ਧੱਕ ਦਿੱਤਾ ਗਿਆ। ਪੰਜਾਬੀਆਂ ਦੀਆਂ 56 ਤੋਪਾਂ ਅੰਗਰੇਜ਼ਾਂ ਦੇ ਹੱਥ ਲੱਗ ਗਈਆਂ।

ਇਤਿਹਾਸਕਾਰ ਅੱਜ ਤੱਕ ਅਲੀਵਾਲ ਦੀ ਲੜਾਈ ਦੇ ਮਹੱਤਵ ਬਾਰੇ ਇਕ ਮਤ ਨਹੀਂ ਹਨ। ਅੰਗਰੇਜ਼ਾਂ ਦਾ ਸਰਕਾਰੀ ਪੱਖ ਜੋ ਸਰ ਹੈਰੀ ਸਮਿੱਥ ਰੱਖਦਾ ਹੈ, ਉਸ ਮੁਤਾਬਕ ਇਹ ਇਕ ਵੱਡੀ ਜਿੱਤ ਸੀ। ਹੋਰਨਾਂ ਦੇ ਮੁਤਾਬਕ ਇਹ ਸਿਰਫ਼ ਇਕ ਝਪਟ ਸੀ ਜਿਸ ਨੂੰ ਹੈਰੀ ਸਮਿੱਥ ਆਪਣੀ ਬੱਦੋਵਾਲ ਦੀ ਹਾਰ ਲੁਕਾਉਣ ਵਾਸਤੇ ਵੱਡੀ ਲੜਾਈ ਦਾ ਨਾਮ ਦੇ ਰਿਹਾ ਹੈ। ਡਾਕਟਰ ਆਂਦਰੀਓ ਆਦਮ ਨੇ ਆਪਣੀ ਕਿਤਾਬ 'ਭਾਰਤ ਵਿਚ ਇਕ ਕੁਦਰਤੀ ਪ੍ਰੇਮੀ ਦੇ ਭ੍ਰਮਣ' ਵਿਚ ਲਿਖਿਆ ਹੈ ਕਿ, "ਅਲੀਵਾਲ ਦੀ ਲੜਾਈ ਇਕ ਫੁਰਤੀ ਨਾਲ ਕੰਮ ਮਕਾਉਣ ਵਾਲੀ ਲੜਾਈ ਸੀ ਜਿਵੇਂ ਕਿ ਸਾਨੂੰ ਪਤਾ ਹੀ ਨਹੀਂ ਲੱਗਾ ਕਿ ਅਸਾਂ ਕੋਈ ਲੜਾਈ ਲੜੀ ਹੈ ਜਦੋਂ ਤੱਕ ਕਿ ਕਾਗਜ਼ਾਤ ਵਿਚ ਨਹੀਂ ਪੜ੍ਹ ਲਿਆ।

ਸਭਰਾਵਾਂ - 10 ਫਰਵਰੀ, 1846

ਅਲੀਵਾਲ ਭਾਵੇਂ ਵੱਡੀ ਜਿੱਤ ਨਾ ਹੋਵੇ ਜਿਵੇਂ ਕਿ ਹੈਰੀ ਸਮਿੱਥ ਨੇ ਜ਼ਾਹਰ ਕਰਨ ਦੀ ਕੋਸ਼ਸ਼ ਕੀਤੀ ਸੀ ਪਰ ਇਸ ਨੇ ਪੰਜਾਬੀਆਂ ਦੇ ਵੱਡੀ ਗਿਣਤੀ ਦੇ ਹਥਿਆਰ ਤੇ ਲੜਾਈ ਦੀ ਪੇਸ਼ਕਦਮੀ ਦੁਸ਼ਮਣ ਦੇ ਹਵਾਲੇ ਕਰ ਦਿੱਤੀ ਸੀ। ਹੁਣ ਅੰਗਰੇਜ਼ ਕਮਾਂਡਰ ਖੁਲ੍ਹਾ ਵਕਤ ਲੈ ਸਕਦੇ ਸਨ ਤੇ ਪੂਰੀ ਤਾਕਤ ਇਕੱਠੀ ਕਰਨ ਤੋਂ ਬਾਅਦ ਠੀਕ ਟਿਕਾਣੇ ਤੇ ਢੁਕਵੇਂ ਵਕਤ ਉਪਰ ਹਮਲਾ ਕਰ ਸਕਦੇ ਸਨ।

ਅੰਗਰੇਜ਼ ਕਿਹੜੇ ਸ਼ਹਿਰ ਉਪਰ ਪਹਿਲਾਂ ਹਮਲਾ ਕਰਨਗੇ ? ਲਾਹੌਰ ਜਾਂ ਅੰਮ੍ਰਿਤਸਰ ? ਇਹ ਸਵਾਲ ਪੰਜਾਬੀ ਮਿਲਟਰੀ ਕਮਾਂਡਰਾਂ ਦੇ ਦਿਮਾਗਾਂ ਵਿਚ ਘੁੰਮ ਰਿਹਾ ਸੀ। ਇਕ ਵਾਰ ਫਿਰ ਉਹਨਾਂ ਨੇ ਪਾਗਲਪਣ ਵਾਲਾ ਫੈਸਲਾ ਦੋਹਾਂ ਦੀ ਬਰਾਬਰ ਦੀ ਰੱਖਿਆ ਦਾ ਕੀਤਾ। ਵੱਡੀ ਗਿਣਤੀ ਦੀ ਫੌਜ ਘੋੜੇ ਦੀ ਸੁੰਮ ਵਰਗੀ ਕਤਾਰਬੰਦੀ ਕਰਕੇ ਸਤਲੁਜ ਦੇ ਕੰਢੇ ਸਭਰਾਵਾਂ ਦੇ ਪਿੰਡ ਕੋਲ ਬਣਾਈ ਤਾਂ ਜੋ ਉਹਨਾਂ ਦੇ ਲਾਹੌਰ ਵੱਲ ਕੂਚ ਨੂੰ ਰੋਕਿਆ ਜਾਵੇ। ਲਾਲ ਸਿੰਘ ਨੇ ਦਰਿਆ ਦੇ ਥੋੜ੍ਹਾ ਹੀ ਉਪਰ ਹਰੀਕੇ ਦੇ ਸਥਾਨ ਤੇ ਮੋਰਚਾ ਲਾਇਆ ਕਿ ਕੀ ਪਤਾ ਅੰਗਰੇਜ਼

ਅਚਨਚੇਤ ਅੰਮ੍ਰਿਤਸਰ ਵੱਲ ਨੂੰ ਕੂਚ ਕਰਨ ਦਾ ਇਰਾਦਾ ਕਰਨ। ਸਭਰਾਵਾਂ ਦਾ ਮੋਰਚਾ ਦਰਿਆ ਦੇ ਖੱਬੇ ਕੰਢੇ ਉਪਰ ਪੌੜੀਆਂ ਦੇ ਪੁਲ ਦੇ ਬਿਲਕੁੱਲ ਨਜ਼ਦੀਕ ਲਗਾਇਆ ਗਿਆ ਸੀ ਜੋ ਬੇਸ ਕੈਂਪ ਨਾਲ ਜੁੜਦਾ ਸੀ। ਤੇਜ ਸਿੰਘ ਨੇ ਇਟਾਂ ਦਾ ਇਕ ਚਬੂਤਰਾ ਬਣਵਾਇਆ ਸੀ ਜਿਥੋਂ ਉਸ ਨੂੰ ਸਾਰਾ ਐਕਸ਼ਨ ਵਿਖਾਈ ਦੇ ਸਕਦਾ ਸੀ ਤੇ ਇਹ ਬੇੜੀਆਂ ਦੇ ਪੁਲ ਦੇ ਬਿਲਕੁਲ ਨਜ਼ਦੀਕ ਬਣਾਇਆ ਗਿਆ ਸੀ, ਜਿੱਥੋਂ ਜਲਦੀ ਨਾਲ ਦੌੜਿਆ ਵੀ ਜਾ ਸਕੇ। ਪੁਲ ਦੀ ਰਾਖੀ ਤੇਜ ਸਿੰਘ ਦੇ ਜਾਤੀ ਬਾਡੀ ਗਾਰਡ ਕਰ ਰਹੇ ਸਨ। ਇਹ ਉਸ ਦੀ ਬੁਜ਼ਦਿਲੀ ਪ੍ਰਗਟਾਉਂਦੀ ਸੀ। ਜਿਸ ਤਰੀਕੇ ਨਾਲ ਤੇਜ ਸਿੰਘ ਨੇ ਫੌਜ ਦੀ ਕਤਾਰਬੰਦੀ ਕੀਤੀ ਸੀ, ਕੋਈ ਸ਼ੱਕ ਨਹੀਂ ਬਚਦਾ ਸੀ ਕਿ ਉਹ ਖਾਲਸਾ ਫੌਜ ਦੀ ਹਾਰ ਚਾਹੁੰਦਾ ਸੀ। ਵੱਡੀਆਂ ਤੋਪਾਂ ਨੂੰ ਮਿੱਟੀ ਦੇ ਬੰਨਾਂ ਪਿੱਛੇ ਲਗਾਇਆ ਸੀ ਜਿਥੋਂ ਉਹਨਾਂ ਦਾ ਇਸਤੇਮਾਲ ਅੱਗੇ ਵਧ ਕੇ ਹਮਲਾ ਕਰਨ ਵਿਚ ਨਹੀਂ ਹੋ ਸਕਦਾ ਸੀ। ਸਾਰੀ ਪਿਆਦਾ ਫੌਜ ਖੰਦਕਾਂ ਵਿਚ ਸੀ ਜਿਥੋਂ ਉਹ ਅੱਗੇ ਵਧਦੀ ਫੌਜ ਦੇ ਨਜ਼ਦੀਕ ਜਾ ਕੇ ਉਸ ਉਪਰ ਹਮਲਾ ਨਹੀਂ ਕਰ ਸਕਦੀ ਸੀ। ਇਸ ਤਰ੍ਹਾਂ ਦੁਸ਼ਮਣ ਨੂੰ ਪੂਰੀ ਆਜ਼ਾਦੀ ਦੇ ਦਿੱਤੀ ਕਿ ਉਹ ਆਪਣੀ ਮਰਜ਼ੀ ਤੇ ਸਕੀਮ ਦੇ ਹਿਸਾਬ ਨਾਲ ਹਮਲਾ ਕਰੇ। ਤੇਜ ਸਿੰਘ ਦੀ ਸਭ ਤੋਂ ਵੱਡੀ ਗਲਤੀ ਇਹ ਸੀ ਕਿ ਉਸ ਨੇ ਰਣਜੋਧ ਸਿੰਘ ਮਜੀਠੀਆ ਦੇ ਪੈਂਤੜੇ ਤੋਂ ਕੁਝ ਨਹੀਂ ਸਿੱਖਿਆ ਕਿ ਫੌਜ ਦੀ ਪਿੱਠ ਦਰਿਆ ਨਾਲ ਲਗਾਉਣ ਦਾ ਮਤਲਬ ਉਹਨਾਂ ਵਾਸਤੇ ਮੌਤ ਦਾ ਸਮਾਨ ਬਣਾਉਣਾ ਹੈ। ਸ਼ਾਇਦ ਉਸ ਕੋਲ ਇਹ ਸਬਕ ਹੋਵੇ ਤੇ ਉਸ ਨੇ ਜਾਣਬੁੱਝ ਕੇ ਆਪਣੇ ਹਿਸਾਬ ਨਾਲ ਵਰਤਿਆ ਹੋਵੇ। ਸਿੱਖਾਂ ਕੋਲ ਆਪਣੇ ਨਾਲੋਂ ਆਦਮੀਆਂ, ਹਥਿਆਰਾਂ ਤੇ ਤਜਰਬੇਕਾਰ ਅਗਵਾਈ ਦੇ ਪੱਖੋਂ ਤਾਕਤਵਰ ਫੌਜ ਨਾਲ ਮੁਕਬਲਾ ਕਰਨ ਦੇ ਜੋ ਥੋੜ੍ਹੇ ਜਿਹੇ ਮੌਕੇ ਸਨ, ਉਹ ਵੀ ਗੱਦਾਰੀ ਨੇ ਗਵਾ ਦਿੱਤੇ ਸਨ। ਫਰਵਰੀ ਦੇ ਪਹਿਲੇ ਹਫ਼ਤੇ ਲਾਲ ਸਿੰਘ ਨੇ ਆਪਣੇ ਸੰਦੇਸ਼ ਵਾਹਕ ਦੇ ਹੱਥ ਸਿੱਖ ਫੌਜਾਂ ਦੀ ਸਭਰਾਵਾਂ ਵਿਚ ਹੋਈ ਕਤਾਰਬੰਦੀ ਦਾ ਨਕਸ਼ਾ ਭੇਜ ਦਿੱਤਾ। ਬ੍ਰਿਟਿਸ਼ ਕਮਾਂਡਰ ਇਕ ਗੱਦਾਰ ਦੇ ਸ਼ਬਦਾਂ ਦਾ ਯਕੀਨ ਕਰਨ ਵਾਲਾ ਨਹੀਂ ਸੀ। ਇਕ ਕਿਸਾਨ ਮੁੰਡੇ ਨੂੰ ਸਿੱਖਾਂ ਦੇ ਕੈਂਪ ਵੱਲ ਭੇਜਿਆ ਤੇ ਉਸ ਨੇ, ਜਿਸ ਨੂੰ ਸਭਰਾਵਾਂ ਬੁਆਏ ਕਹਿ ਕੇ ਯਾਦ ਕੀਤਾ ਗਿਆ, ਜੋ ਦੱਸਿਆ, ਉਸ ਨਾਲ ਲਾਲ ਸਿੰਘ ਦੀ ਭੇਜੀ ਇਤਲਾਹ ਦੀ ਪੁਸ਼ਟੀ ਹੋ ਗਈ।

ਪੰਜਾਬੀ ਫੌਜ ਲੜਾਈ ਦੇ ਮੋਰਚੇ ਉਪਰ ਗੱਦਾਰਾਂ ਦੀ ਅਗਵਾਈ ਝੇਲ ਰਹੀ ਸੀ ਤੇ ਉਥੇ ਪਿੱਛੇ ਰਾਜਧਾਨੀ ਵਿਚ ਵੀ ਉਹਨਾਂ ਦੀ ਪਿੱਠ ਵਿਚ ਛੁਰਾ ਮਾਰਨ ਦੀ ਤਿਆਰੀ ਸੀ। ਰਾਣੀ ਜਿੰਦਾਂ ਨੇ ਗੁਲਾਬ ਸਿੰਘ ਡੋਗਰਾ ਨੂੰ ਜੰਮੂ ਤੋਂ ਬਲਾ ਲਿਆ ਤੇ ਉਸ ਨੂੰ ਅੰਗਰੇਜ਼ਾਂ ਨਾਲ ਗੱਲਬਾਤ ਕਰਨ ਵਾਸਤੇ ਕਿਹਾ। ਪੰਜਾਬੀ ਮੁਸਲਮਾਨ ਰਜਮੈਂਟ ਜੋ ਰਾਜਧਾਨੀ ਦੀ ਹਿਫ਼ਾਜ਼ਤ ਵਾਸਤੇ ਤੈਨਾਤ ਕੀਤੀ ਸੀ, ਸਤਲੁਜ ਵੱਲ

ਭੇਜ ਦਿੱਤੀ ਗਈ ਤੇ ਡੋਗਰਿਆਂ ਨੇ ਕਿਲ੍ਹਾ ਤੇ ਫੌਜੀ ਛਾਉਣੀ ਦੀਆਂ ਬੈਰਕਾਂ ਸੰਭਾਲ ਲਈਆਂ। ਗੁਲਾਬ ਸਿੰਘ ਨੇ ਸਭਰਾਵਾਂ ਡਟੀ ਫੌਜ ਵਾਸਤੇ ਬਾਰੂਦ ਭੇਜਣ ਦੀ ਮਨਾਹੀ ਕਰ ਦਿੱਤੀ ਤੇ ਗਵਰਨਰ ਜਨਰਲ ਲਾਰਡ ਹਾਰਡਿੰਗ ਨਾਲ ਸੰਪਰਕ ਸਥਾਪਤ ਕਰ ਲਿਆ।

ਫੌਜ ਦੇ ਪੰਚਾਂ ਦਾ ਇਕ ਵਫ਼ਦ ਮੋਰਚਿਆਂ ਤੋਂ ਦਰਬਾਰ ਵਿਚ ਇਕ ਫਰਿਆਦ ਲੈ ਕੇ ਗਿਆ। ਉਹਨਾਂ ਨੇ ਉਚੀ ਆਵਾਜ਼ ਵਿਚ ਸ਼ਿਕਾਇਤ ਕੀਤੀ ਕਿ ਉਹਨਾਂ ਕੋਲ ਕਈ ਦਿਨਾਂ ਤੋਂ ਖਾਣ ਵਾਸਤੇ ਕੁਝ ਨਹੀਂ ਹੈ। ਉਹ ਸਿਰਫ ਭੁੱਜੇ ਛੋਲੇ ਤੇ ਗਾਜਰਾਂ ਉਪਰ ਗੁਜ਼ਾਰਾ ਕਰ ਰਹੇ ਹਨ ਜੋ ਉਥੋਂ ਖੇਤਾਂ ਵਿਚੋਂ ਪੁੱਟੀਆਂ ਹਨ। ਰਾਣੀ ਜਿੰਦਾਂ ਨੇ ਉਹਨਾਂ ਨੂੰ ਦੱਸਿਆ ਕਿ ਗੁਲਾਬ ਸਿੰਘ ਨੇ ਮੋਰਚੇ ਵਾਸਤੇ ਕਾਫੀ ਰਾਸ਼ਨ ਤੇ ਅਸਲਾ ਭੇਜਿਆ ਹੈ। "ਬਿਲਕੁੱਲ ਨਹੀਂ, ਉਹਨਾਂ ਜ਼ੋਰ ਦੀ ਕਿਹਾ ਕਿ, "ਸਾਡੇ ਪਾਸ ਕੋਈ ਰਾਸ਼ਨ ਨਹੀਂ 'ਚਿੜੀਆਂ ਦੀ ਹਾਜ਼ਰੀ' ਜਿਤਨਾ ਵੀ ਨਹੀਂ, ਸਾਨੂੰ ਬਰੂਦ ਦਿਓ, ਰਾਸ਼ਨ ਦਿਓ, ਨਹੀਂ ਤਾਂ ਅਸੀਂ ਨਹੀਂ ਲੜ ਸਕਦੇ।"

ਇਕ ਵਕਤ ਸਭ ਪਾਸੇ ਚੁੱਪ ਛਾ ਗਈ। ਫਿਰ ਪਰਦੇ ਦੇ ਪਿੱਛੋਂ ਜਿੱਥੇ ਰਾਣੀ ਬੈਠੀ ਸੀ ਇਕ ਹੱਥ ਬਾਹਰ ਆਇਆ ਤੇ ਪੰਚਾਂ ਦੇ ਸਾਹਮਣੇ ਚੂੜੀਆਂ ਦਾ ਇਕ ਬੰਡਲ ਸੁੱਟ ਦਿੱਤਾ ਤੇ ਮਹਾਰਾਣੀ ਬਹੁਤ ਗੁੱਸੇ ਵਿਚ ਬੋਲੀ, "ਇਹ ਪਹਿਨ ਲਵੋ, ਬੁਜ਼ਦਿਲੋ, ਮੈਂ ਪਤਲੂਨ ਪਹਿਨ ਲਵਾਂਗੀ ਤੇ ਖੁਦ ਜਾ ਕੇ ਲੜਾਂਗੀ।"

ਆਦਮੀਆਂ ਨੇ ਬਹੁਤ ਸ਼ਰਮਿੰਦਗੀ ਮਹਿਸੂਸ ਕੀਤੀ ਤੇ ਜ਼ੋਰ ਦੀ ਬੋਲੇ, "ਨਹੀਂ, ਅਸੀ ਜਾ ਰਹੇ ਹਾਂ, ਅਸੀਂ ਲੜਾਂਗੇ, ਅਸੀਂ ਜਾਨਾਂ ਕੁਰਬਾਨ ਕਰ ਦੇਵਾਂਗੇ, ਤੇਰੇ ਵਾਸਤੇ, ਤੇਰੇ ਪੁੱਤਰ ਵਾਸਤੇ ਤੇ ਖਾਲਸਾ ਪੰਥ ਵਾਸਤੇ।"

ਅਲੀਵਾਲ ਦੀ ਮਾਰ ਤੋਂ ਬਾਅਦ ਪੰਜਾਬੀਆਂ ਦੇ ਆਰਾਮ ਨਾਲ ਬੈਠੇ ਰਹਿਣ ਕਰਕੇ ਅੰਗਰੇਜ਼ਾਂ ਨੂੰ ਪੂਰਾ ਵਕਤ ਮਿਲ ਗਿਆ, ਹੋਰ ਕੁਮਕ ਤੇ ਅਸਲਾ ਮੰਗਵਾਉਣ ਵਾਸਤੇ, ਉਹਨਾਂ ਸਮਾਨ ਢੋਣ ਵਾਲੇ ਗੱਡਿਆਂ ਦੀ ਪਾਲ ਵੀ ਤਿਆਰ ਕਰ ਲਈ। ਜਦੋਂ ਸਾਰੀ ਤਿਆਰੀ ਪੱਕੀ ਹੋ ਗਈ ਤਾਂ ਉਹਨਾਂ ਫੈਸਲਾ ਕੀਤਾ ਕਿ ਤੇਜਾ ਸਿੰਘ ਦੀ ਫੌਜ ਨੂੰ ਜਿੱਥੇ ਬੈਠੀ ਹੈ, ਉਥੇ ਹੀ ਬੈਠੀ ਰਹਿਣ ਦਿਓ ਤੇ ਦਰਿਆ ਦੇ ਹੋਰ ਹੇਠਾਂ ਜਾ ਕੇ 'ਗੰਡਾ ਸਿੰਘ ਵਾਲਾ' ਦੇ ਥਾਂ ਤੋਂ ਸਤਲੁਜ ਪਾਰ ਕਰ ਲਿਆ ਜਾਵੇ। ਇਸ ਸਕੀਮ ਨੂੰ ਰੱਦ ਕਰਨਾ ਪਿਆ ਕਿਉਂਕਿ ਉਸ ਇਲਾਕੇ ਦੀ ਕਿਸਾਨੀ ਬਹੁਤ ਖਿਲਾਫ਼ ਸੀ। ਹੁਣ ਗੱਫ ਤੇ ਹਾਰਡਿੰਗ ਨੇ ਫੈਸਲਾ ਕੀਤਾ ਕਿ ਸਭਰਾਵਾਂ ਦੇ ਪੰਜਾਬੀ ਮੋਰਚਿਆਂ ਉਪਰ ਸਿੱਧਾ ਹਮਲਾ ਕੀਤਾ ਜਾਵੇ ਤੇ ਉਹਨਾਂ ਦੀ ਫੌਜ ਨੂੰ ਇਕੋ ਝਟਕੇ ਨਾਲ ਖ਼ਤਮ ਕਰ ਦਿੱਤਾ ਜਾਵੇ। ਬਿਨਾਂ ਸ਼ੱਕ ਇਹ ਸਾਰੀ ਸਕੀਮ ਇਸ ਵਿਸ਼ਵਾਸ ਨਾਲ ਬਣਾਈ ਸੀ ਕਿ ਸਿੱਖ ਕਮਾਂਡਰ ਉਹਨਾਂ ਦੀ ਤਰਫ਼ ਹੈ।

7 ਫਰਵਰੀ ਨੂੰ ਬਹੁਤ ਤੇਜ਼ ਬਾਰਿਸ਼ ਹੋਣ ਲੱਗੀ। ਅਗਲੇ ਦੋ ਦਿਨ ਲਗਾਤਾਰ

ਬੱਦਲਵਾਈ ਰਹੀ ਤੇ ਵਿਚ ਵਿਚ ਮੀਂਹ ਪੈਂਦਾ ਰਿਹਾ। ਸਤਲੁਜ ਵਿਚ ਪਾਣੀ ਵਧਣ ਲੱਗਾ ਤੇ 48 ਘੰਟੇ ਵਿਚ 7 ਇੰਚ ਤੋਂ ਵੀ ਜ਼ਿਆਦਾ ਵਧ ਗਿਆ। ਇਸ ਨਾਲ ਸਾਰੀਆਂ ਬੇੜੀਆਂ ਵਰਤੋਂ ਤੋਂ ਬਾਹਰ ਹੋ ਗਈਆਂ ਤੇ ਸਿਰਫ਼ ਬੇੜੀਆਂ ਦਾ ਇਕੋ ਪੁਲ ਰਹਿ ਗਿਆ ਜਿਹੜਾ ਬੇਸ ਕੈਂਪ ਨਾਲ ਜੁੜਦਾ ਸੀ। ਲਾਰਡ ਗੱਫ ਨੇ ਤੁਰੰਤ ਇਸ ਮੌਕੇ ਨੂੰ ਸੰਭਾਲਣ ਦੀ ਸੋਚੀ ਤੇ 9 ਫਰਵਰੀ ਦੀ ਸ਼ਾਮ ਨੂੰ ਉਹ ਫਿਰੋਜ਼ਪੁਰ ਤੋਂ ਚੱਲ ਪਿਆ ਤੇ ਹਨੇਰੇ ਦੇ ਪਰਦੇ ਵਿਚ ਹੀ ਸਭਰਾਵਾਂ ਪਹੁੰਚ ਕੇ ਪੰਜਾਬੀ ਫੌਜੀ ਦਸਤਿਆਂ ਨੂੰ ਘੇਰ ਲਿਆ।

10 ਫਰਵਰੀ, 1846 ਦੀ ਸਵੇਰ ਨੂੰ ਦਰਿਆ ਦੇ ਕਿਨਾਰੇ ਮੀਂਹ ਨਾਲ ਭਿੱਜੇ ਖੇਤਾਂ ਉਪਰ ਸੰਘਣੀਂ ਧੁਦ ਛਾ ਗਈ। ਜਿਹਨਾਂ ਨੇ ਸਿੱਖ ਤੇ ਅੰਗਰੇਜ਼, ਦੋਹਾਂ ਦੀਆਂ, ਫੌਜਾਂ ਨੂੰ ਆਪਣੀ ਲਪੇਟ ਵਿਚ ਲੈ ਲਿਆ। ਅਕਾਸ਼ ਸਾਫ਼ ਹੋਣ ਤੋਂ ਬਾਅਦ ਜਦੋਂ ਸੂਰਜ ਨਿਕਲਿਆ ਤਾਂ ਧੁੰਦ ਹਟੀ। ਰੋਸ਼ਨੀ ਹੋਣ ਵੇਲੇ ਪੰਜਾਬੀ ਫੌਜਾਂ ਨੇ ਵੇਖਿਆ ਕਿ ਉਹ ਦੋ ਪਾਸਿਓਂ ਘੋੜੇ ਦੇ ਸੁੰਮਾਂ ਵਰਗੀ ਘੇਰਾ ਬੰਦੀ ਵਿਚ ਘਿਰੇ ਸਨ। ਇਕ ਪਾਸੇ ਅੰਗਰੇਜ਼ ਫੌਜ ਸੀ ਤੇ ਦੂਜੇ ਪਾਸੇ ਹੜ੍ਹ ਵਿਚ ਸ਼ੂਕਦਾ ਦਰਿਆ। ਇਸ ਵਾਰ ਅੰਗਰੇਜ਼ੀ ਤੋਪਾਂ ਨੇ ਪਹਿਲ ਕੀਤੀ। ਸਿੱਖ ਤੋਪਾਂ ਨੇ ਤੁਰੰਤ ਜਵਾਬ ਦਿੱਤਾ। ਫਿਰ ਅੱਧੇ ਘੰਟੇ ਵਾਸਤੇ ਤੋਪਾਂ ਦੀ ਆਵਾਜ਼ ਬੰਦ ਹੋ ਗਈ। ਅੰਗਰੇਜ਼ ਤੋਪਚੀ ਪੰਜਾਬੀ ਤੋਪਾਂ ਦੀ ਸਹੀ ਪੁਜ਼ੀਸ਼ਨ ਦਾ ਪਤਾ ਲਗਾਉਣ ਤੋਂ ਬਾਅਦ ਥੋੜਾ ਪਿੱਛੇ ਹਟ ਗਏ ਸਨ। ਫਿਰ ਉਹਨਾਂ ਨੇ ਬਹੁਤ ਜ਼ੋਰਦਾਰ ਹਮਲਾ ਕੀਤਾ ਤੇ ਦੋ ਘੰਟੇ ਵਿਚ ਹੀ ਪੰਜਾਬੀ ਤੋਪਾਂ ਨੂੰ ਚੁੱਪ ਕਰਵਾ ਦਿੱਤਾ। ਪੰਜਾਬੀਆਂ ਕੋਲ ਗੋਲਾ ਬਾਰੂਦ ਖ਼ਤਮ ਹੋ ਚੁਕਾ ਸੀ। ਅੰਗਰੇਜ਼ ਘੋੜ ਸਵਾਰ ਰਸਾਲਿਆਂ ਨੇ ਪੰਜਾਬੀ ਖੰਦਕਾਂ ਉਪਰ ਤਿੰਨ ਪਾਸਿਓਂ ਹਮਲਾ ਕੀਤਾ।

ਮੈਦਾਨ ਛੱਡ ਕੇ ਭੱਜਣ ਵਾਲਿਆਂ ਵਿਚੋਂ ਸਭ ਤੋਂ ਪਹਿਲਾ ਬੰਦਾ ਗੱਦਾਰ ਤੇਜ ਸਿੰਘ ਸੀ। "ਉਹ ਲੰਡੇ ਕੁੱਤੇ ਦੀ ਤਰ੍ਹਾਂ ਦੌੜਿਆ" ਇਕ ਪੰਜਾਬੀ ਸਿਪਾਹੀ ਨੇ ਨਫਰਤ ਨਾਲ ਕਿਹਾ। ਤੇਜ ਸਿੰਘ ਨਾ ਸਿਰਫ਼ ਇਕੱਲਾ ਆਪ ਹੀ ਦੌੜਿਆ, ਉਸ ਨੇ ਇਕ ਹੋਰ ਸਰਦਾਰ ਨੂੰ ਵੀ ਆਪਣੇ ਨਾਲ ਹੀ ਚੱਲਣ ਨੂੰ ਕਿਹਾ। ਉਹ ਸ਼ਾਮ ਸਿੰਘ ਅਟਾਰੀਵਾਲਾ ਸੀ। ਜਦੋਂ ਉਸ ਨੇ ਦੌੜ ਕੇ ਜਾਣ ਤੋਂ ਇਨਕਾਰ ਕੀਤਾ ਤਾਂ ਤੇਜ ਸਿੰਘ ਨੇ ਉਸ ਨੂੰ ਟਾਂਚ ਮਾਰੀ ਕਿ, "ਜੇ ਤੂੰ ਇਤਨਾ ਹੀ ਬਹਾਦਰ ਹੈਂ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਸਮ ਖਾ। ਮੈਨੂੰ ਪਤਾ ਹੈ ਕਿ ਇਕ ਵਕਤ ਤੂੰ ਵੀ ਦੌੜੇਂਗਾ।"

"ਕਦੇ ਵੀ ਨਹੀਂ," ਅਟਾਰੀਵਾਲੇ ਸਰਦਾਰ ਨੇ ਜਵਾਬ ਦਿੱਤਾ ਕਿ ਉਹ ਮਰਨਾ ਪਸੰਦ ਕਰੇਗਾ ਪਰ ਅੰਗਰੇਜ਼ਾਂ ਅੱਗੇ ਦੌੜੇਗਾ ਨਹੀਂ। ਉਸ ਨੇ ਸਫ਼ੈਦ ਬਾਣਾ ਪਹਿਨਿਆ ਤੇ ਲੜਾਈ ਦੇ ਕੇਂਦਰ ਵਿਚ ਜਾ ਕੁੱਦਿਆ।

ਤੇਜ ਸਿੰਘ ਸੁਰੱਖਿਅਤ ਪੁਲ ਪਾਰ ਕਰ ਗਿਆ ਤੇ ਜਿਓਂ ਹੀ ਉਹ ਅਗਲੇ ਕਿਨਾਰੇ ਪਹੁੰਚਿਆ, ਉਸ ਨੇ ਪੁਲ ਬਰਬਾਦ ਕਰ ਦਿੱਤਾ।

ਆਪਣੇ ਆਦਮੀਆਂ ਨੂੰ ਲੜਾਈ, ਜਿਸ ਨੂੰ ਉਹ ਆਖਰੀ ਲੜਾਈ ਸਮਝਦਾ ਸੀ, ਵਿਚ ਅਗਵਾਈ ਦੇਣ ਤੋਂ ਪਹਿਲਾਂ ਸ਼ਾਮ ਸਿੰਘ ਨੇ ਆਪਣੇ ਘੋੜੇ ਦੀ ਦੇਖਭਾਲ ਕਰਨ ਵਾਲੇ ਸਾਈਸ ਨੂੰ ਕਿਹਾ ਕਿ ਉਹ ਵਾਪਸ ਉਸ ਦੇ ਪਿੰਡ ਅਟਾਰੀ ਚਲਾ ਜਾਵੇ ਤੇ ਘਰ ਵਾਲਿਆਂ ਨੂੰ ਕਹਿ ਦੇਵੇ ਕਿ ਸ਼ਾਮ ਸਿੰਘ ਹੁਣ ਘਰ ਨਹੀਂ ਆਵੇਗਾ।

ਜਨਰਲ ਸਰ ਯੂਸਫ ਥਾਕਵੈਲ ਜੋ ਲੜਾਈ ਵਿਚ ਹਾਜ਼ਰ ਸੀ ਲਿਖਦਾ ਹੈ ਕਿ, "ਕਹਿਣਾ ਪਵੇਗਾ ਕਿ ਸਿੱਖ ਬਹੁਤ ਬਹਾਦਰੀ ਨਾਲ ਲੜੇ। ਬੇਸ਼ੱਕ ਹਾਰ ਗਏ ਤੇ ਟੁੱਟ ਗਏ ਪਰ ਉਹ ਦੌੜੇ ਨਹੀਂ। ਉਹਨਾਂ ਆਖਰੀ ਵਕਤ ਤੱਕ ਤਲਵਾਰਾਂ ਚਲਾਈਆਂ ਅਤੇ ਮੈਂ ਸਿੱਖ ਸਰਦਾਰਾਂ ਤੇ ਸਿਪਾਹੀਆਂ ਦੀਆਂ ਬਹੁਤ ਸਾਰੀਆਂ ਬਹਾਦਰੀ ਵਾਲੀਆਂ ਕਾਰਵਾਈਆਂ ਵੇਖੀਆਂ।"

ਜਦੋਂ ਸ਼ਾਮ ਸਿੰਘ ਅਟਾਰੀਵਾਲਾ, ਸਭ ਤੋਂ ਬਹਾਦਰ ਸਿੱਖ ਜਰਨੈਲ ਡਿੱਗ ਪਿਆ ਤਾਂ ਦੂਸਰੇ ਕਈ ਸਿੱਖ ਅਫਸਰਾਂ ਜਿਵੇਂ ਗੁਲਾਬ ਸਿੰਘ ਗੁਪਤਾ, ਹੀਰਾ ਸਿੰਘ ਟੋਪੀ, ਕਿਸ਼ਨ ਸਿੰਘ ਵਲਦ ਜਮੇਦਾਰ ਖੁਸ਼ਹਾਲ ਸਿੰਘ ਤੇ ਉਹਨਾਂ ਮੁਸਲਿਮ ਸਾਥੀ ਮੁਬਾਰਕ ਅਲੀ ਤੇ ਸ਼ਾਹ ਨਵਾਜ਼ ਵਲਦ ਫਤਿਹ ਦੀਨ ਸਾਕਨ ਕਸੂਰ ਨੇ ਸ਼ੂਕਦੇ ਦਰਿਆ ਵਿਚ ਛਾਲਾਂ ਮਾਰੀਆਂ ਪਰ ਡੁੱਬ ਗਏ। ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਸਭਰਾਵਾਂ ਦੀ ਲੜਾਈ ਵਿਚ ਕਰੀਬ 10,000 ਪੰਜਾਬੀ ਮਾਰੇ ਗਏ ਤੇ ਉਹਨਾਂ ਦੀਆਂ ਤੋਪਾਂ ਜਾਂ ਤਾਂ ਕਾਬੂ ਕਰ ਲਈਆਂ ਗਈਆਂ ਤੇ ਜਾਂ ਦਰਿਆ ਵਿਚ ਰੁੜ ਗਈਆਂ।

ਲਾਰਡ ਹਾਰਡਿੰਗ ਜੋ ਇਹ ਸਾਰਾ ਐਕਸ਼ਨ ਵੇਖ ਰਿਹਾ ਸੀ ਲਿਖਦਾ ਹੈ ਕਿ, "ਸਿਰਫ ਥੋੜੇ ਜਿਹੇ ਬਚੇ ਪਰ ਕਿਸੇ ਨੇ ਵੀ ਹਥਿਆਰ ਨਹੀਂ ਸੁੱਟੇ। ਸਿੱਖਾਂ ਨੇ ਕਿਸਮਤ ਨੂੰ ਪ੍ਰਵਾਨ ਕੀਤਾ ਆਪਣੇ ਵਿਲੱਖਣੇ ਕਿਰਦਾਰ ਨੂੰ ਪ੍ਰਗਟ ਕੀਤਾ।

ਲਾਰਡ ਗੱਫ ਨੇ ਸਭਰਾਵਾਂ ਨੂੰ ਭਾਰਤ ਦਾ 'ਵਾਟਰਲੂ' ਦੱਸਿਆ। - *(ਵਾਟਰਲੂ ਬੈਲਜੀਅਮ ਵਿਚ ਇਕ ਜਗ੍ਹਾ ਹੈ ਜਿੱਥੇ ਕਈ ਲੜਾਈਆਂ ਲੜਦਾ, ਨਿਪਲੀਅਨ ਅਖੀਰ ਹਾਰ ਗਿਆ ਸੀ ਤੇ ਉਸ ਤੋਂ ਬਾਅਦ ਵਾਟਰਲੂ ਇਕ ਮਹਾਵਰਾ ਹੀ ਬਣ ਗਿਆ ਤੇ ਉਸ ਲੜਾਈ ਦੀ ਯਾਦ ਵਿਚ ਇੰਗਲੈਂਡ ਦੇ ਇਕ ਰੇਲਵੇ ਸਟੇਸ਼ਨ ਦਾ ਨਾਂ ਵੀ ਵਾਟਰਲੂ ਰੱਖਿਆ ਗਿਆ ਹੈ - ਅਨੁਵਾਦਕ)* ਉਸ ਨੇ ਪੰਜਾਬੀਆਂ ਵਾਸਤੇ ਬਹੁਤ ਇੱਜ਼ਤ ਤੇ ਸਤਿਕਾਰ ਵਾਲੇ ਸ਼ਬਦ ਬੋਲੇ। ਉਸ ਨੇ ਕਿਹਾ ਸੀ ਸਾਡੀ ਪਾਲਿਸੀ ਮੈਨੂੰ ਸ਼ਰੇ ਆਮ ਇਹ ਗੱਲ ਕਹਿਣ ਤੋਂ ਰੋਕਦੀ ਹੈ ਪਰ ਸੱਚਾਈ ਇਹ ਹੈ ਕਿ ਸਾਡੇ ਹਾਰ ਚੁਕੇ ਦੁਸ਼ਮਣ ਨੇ ਬਹੁਤ ਵੱਡੀ ਬਹਾਦਰੀ ਵਿਖਾਈ। ਸਿਰਫ ਇਕੱਲਿਆਂ

ਇਕੱਲਿਆਂ ਹੀ ਨਹੀਂ ਸਿੱਖ ਸਰਦਾਰਾਂ ਤੇ ਸਿਪਾਹੀਆਂ ਨੇ ਆਪਸੀ ਤਾਲਮੇਲ ਨਾਲ ਬਹਾਦਰੀ ਦੇ ਅਜ਼ੀਮ ਜ਼ੌਹਰ ਵਿਖਾਏ। ਮੈਂ ਐਲਾਨ ਕਰਦਾ ਹਾਂ ਕਿ ਜੇ ਮੇਰੇ ਮੁਲਕ ਦੀਆਂ ਜ਼ਰੂਰਤਾਂ ਮੈਨੂੰ ਨਾ ਰੋਕਦੀਆਂ ਹੋਣ ਤਾਂ ਮੈਂ ਇਹਨਾਂ ਮਹਾਨ ਬਹਾਦਰਾਂ ਦੀਆਂ ਮੌਤਾਂ ਉਪਰ ਰੋ ਪੈਂਦਾ।

ਮਸ਼ਹੂਰ ਕਵੀ ਸ਼ਾਹ ਮਹੰਮਦ ਵੀ ਦੱਸਦਾ ਹੈ ਕਿ ਸਿੱਖਾਂ ਨੇ ਕਿਵੇਂ ਤਲਾਵਾਰ ਚੱਲਾਈ ਤੇ ਕਿਵੇਂ ਅੰਗਰੇਜ਼ਾਂ ਨੂੰ ਮੌਤਾਂ ਦੇ ਘਾਟ ਉਤਾਰਿਆ ਤੇ ਕਿਹੜੇ ਕਾਰਨਾਂ ਕਰਕੇ ਸਿਖ ਫੌਜ ਹਾਰੀ। ਉਸ ਦੇ ਬੋਲ ਨੇਂ :

'ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ
ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ

ਉਸ ਨੇ ਇਕ ਹਉਕਾ ਇਹ ਵੀ ਲਿਆ ਕਿ ਅੱਜ ਮਹਰਾਜਾ ਰਣਜੀਤ ਸਿੰਘ ਹੁੰਦਾ ਤਾਂ ਵੇਖਦਾ ਕਿ ਸਿੱਖਾਂ ਨੇ ਕਿਵੇਂ ਤਲਵਾਰਾਂ ਚਲਾਈਆਂ ਤੇ ਉਹ ਦਾਦ ਦੇਂਦਾ

'ਅੱਜ ਹੋਵੇ ਸਰਕਾਰ ਤੇ ਮੁੱਲ ਪਾਵੇ
ਜਿਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੇਂ

ਅਤੇ

ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ
ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇਂ

ਗੱਦਾਰਾਂ ਦੇ ਨਾਵਾਂ ਨਾਲ ਵਿਅੰਗ ਜੋੜ ਕੇ ਵੀ ਲਾਹਨਤਾਂ ਪਾਈਆਂ ਗਈਆਂ:

ਲਾਲੂ ਦੀ ਲਾਲੀ ਗਈ, ਤੇਜੂ ਦਾ ਗਿਆ ਤੇਜ
ਰਣ ਵਿਚ ਪਿੱਠ ਵਿਖਾ ਕੇ ਮੋਢਾ ਆਏ ਫੇਰ

8

ਅੰਗਰੇਜ਼ਾਂ ਦਾ ਪੰਜਾਬ ਵਿਚ ਦਾਖਲਾ

ਸਤਲੁਜ ਦੇ ਦੱਖਣੀ ਕੰਢੇ 'ਤੇ ਬੁਰੀ ਤਰ੍ਹਾਂ ਹਾਰੀ ਬਚੀ ਖੁਚੀ ਪੰਜਾਬੀ ਫੌਜ ਲਾਹੌਰ ਦੇ ਪੂਰਬ ਵਿਚ ਰੈਬਾਨ ਨਾਂ ਦੇ ਪਿੰਡ ਵਿਚ ਇਕੱਠੀ ਹੋਈ, ਸਿਰਫ਼ ਆਪਣੇ ਜ਼ਖਮਾਂ ਨੂੰ ਸੇਕ ਦੇਣ ਵਾਸਤੇ। ਉਹਨਾਂ ਕੋਲ ਨਾ ਬੰਦੂਕਾਂ ਸਨ, ਨਾ ਗੋਲੀ ਸਿੱਕਾ ਤੇ ਨਾ ਹੀ ਲੜਨ ਦੀ ਹਿੰਮਤ। ਦਰਬਾਰ ਦੀਆਂ ਫੌਜਾਂ ਦੇ ਹੋਰ ਹਿੱਸੇ ਪੰਜਾਬ ਵਿਚ ਦੂਰ ਦਰਾਜ਼ ਖਿੰਡਰੇ ਪਏ ਸਨ।

ਅੰਗਰੇਜ਼ ਪੰਜਾਬੀਆਂ ਨੂੰ ਦੁਬਾਰਾ ਉਠਣ ਦਾ ਮੌਕਾ ਨਹੀਂ ਦੇਣਾ ਚਾਹੁੰਦੇ ਸਨ। ਉਹਨਾਂ ਨੇ ਸਭਰਾਵਾਂ ਦੀ ਜਿੱਤ ਤੋਂ ਦੋ ਦਿਨ ਬਾਅਦ ਹੀ ਬੇੜੀਆਂ ਦੇ ਪੁਲ ਰਾਹੀਂ ਫਿਰੋਜ਼ਪੁਰ ਤੋਂ ਸਤਲੁਜ ਪਾਰ ਕੀਤਾ ਤੇ ਕਸੂਰ ਦੇ ਕਿਲ੍ਹੇ ਉਪਰ ਕਬਜ਼ਾ ਕਰ ਲਿਆ। ਗੁਲਾਬ ਸਿੰਘ ਡੋਗਰਾ ਉਹਨਾਂ ਦੇ ਸੁਆਗਤ ਵਾਸਤੇ ਲਾਹੌਰ ਤੋਂ ਚੱਲ ਪਿਆ। ਅੰਗਰੇਜ਼ਾਂ ਨੂੰ ਉਹ ਮੰਨਜ਼ੂਰ ਸੀ ਕਿਉਂਕਿ ਨਾ ਸਿਰਫ਼ ਉਹ ਸਤਲੁਜ ਦੇ ਕੰਢੇ ਦੀਆਂ ਲੜਾਈਆਂ ਤੋਂ ਪਾਸੇ ਰਿਹਾ ਉਸ ਨੇ ਡੋਗਰਾ ਸਿਪਾਹੀਆਂ ਨੂੰ ਵੀ ਸ਼ਾਮਲ ਹੋਣ ਤੋਂ ਰੋਕਿਆ ਸੀ। ਇਸ ਵਾਸਤੇ ਉਸ ਨੂੰ ਮੇਜਰ ਲਾਰੈਂਸ ਨੇ ਯਕੀਨ ਦਿੱਤਾ ਸੀ ਕਿ ਬ੍ਰਿਟਿਸ਼ ਵੱਲੋਂ ਪੰਜਾਬ ਦਰਬਾਰ ਨਾਲ ਕਿਸੇ ਵੀ ਕਿਸਮ ਦੇ ਬੰਦੋਬਸਤ ਵਿਚ ਉਸ ਦੇ ਹਿਤਾਂ ਦਾ ਖਿਆਲ ਰੱਖਿਆ ਜਾਵੇਗਾ। ਲਾਰਡ ਹਾਰਡਿੰਗ ਨੇ ਉਸ ਨੂੰ ਇਹ ਵੀ ਕਿਹਾ ਸੀ ਕਿ ਅੰਗਰੇਜ਼ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ ਖ਼ਤਮ ਨਹੀਂ ਕਰਨਗੇ। ਇਹਨਾਂ ਹਾਲਾਤ ਵਿਚ ਡੋਗਰਾ ਨੂੰ ਸਭ ਤੋਂ ਵੱਡੀ ਉਮੀਦ ਇਹ ਸੀ ਕਿ ਹੁਣ ਹਾਰੇ ਤੇ ਬਦਨਾਮ ਹੋ ਚੁਕੇ ਲਾਲ ਸਿੰਘ ਦੀ ਜਗ੍ਹਾ ਪੰਜਾਬ ਦਾ ਪ੍ਰਧਾਨ ਮੰਤਰੀ ਬਣਾਉਣ ਵਿਚ ਬ੍ਰਿਟਿਸ਼ ਸਰਕਾਰ ਦੀ ਮਦਦ ਮਿਲ ਸਕਦੀ ਹੈ। ਉਹ ਆਪਣੀ ਪੂਰੀ ਚਤੁਰਾਈ ਵਰਤਦਾ ਹੋਇਆ ਪਹਿਲਾਂ ਫੌਜੀ ਪੰਚਾਂ ਨੂੰ ਮਿਲਿਆ ਤੇ ਉਹਨਾਂ ਦਾ ਭਰੋਸਾ ਲਿਆ ਕਿ ਜੋ ਵੀ ਸਮਝੌਤਾ ਅੰਗਰੇਜ਼ਾਂ ਨਾਲ ਕੀਤਾ

ਗਿਆ, ਉਸ ਨੂੰ ਉਹ ਰੱਦ ਨਹੀਂ ਕਰਨਗੇ। ਇਸ ਯਕੀਨ ਨਾਲ ਲੈਸ ਉਸ ਨੇ ਫਕੀਰ ਨੂਰੁਦੀਨ ਤੇ ਦੀਵਾਨ ਦੀਨਾ ਨਾਥ ਨੂੰ ਨਾਲ ਲਿਆ। ਓਦੋਂ ਤੱਕ ਫਕੀਰ ਅਜ਼ੀਜ਼ੁਦੀਨ ਦੀ ਮੌਤ ਹੋ ਚੁਕੀ ਸੀ। ਇਹਨਾਂ ਨੇ ਕਸੂਰ ਪਹੁੰਚ ਕੇ ਅੰਗਰੇਜ਼ਾਂ ਅੱਗੇ ਦਰਬਾਰ ਦੀ ਅਧੀਨਗੀ ਪੇਸ਼ ਕਰ ਦਿੱਤੀ।

ਲਾਰਡ ਹਾਰਡਿੰਗ ਓਸੇ ਵੇਲੇ ਪੰਜਾਬ ਨੂੰ ਅੰਗਰੇਜ਼ੀ ਰਾਜ ਵਿਚ ਸ਼ਾਮਲ ਕਰਨਾ ਚਾਹੁੰਦਾ ਸੀ ਪਰ ਜਲਦੀ ਅਹਿਸਾਸ ਹੋਇਆ ਕਿ ਇਹ ਕੰਮ 1846 ਦੀਆਂ ਗਰਮੀਆਂ ਵਿਚ ਨਹੀਂ ਹੋ ਸਕਦਾ। ਬੇਸ਼ੱਕ ਪੰਜਾਬੀ ਫੌਜਾਂ ਸਤਲੁਜ ਦੇ ਕੰਢੇ ਹਾਰ ਖਾ ਚੁਕੀਆਂ ਸਨ ਪਰ ਅਜੇ ਵੀ ਪੰਜਾਬ ਦੇ ਹੋਰ ਹਿੱਸਿਆਂ ਵਿਚ ਕਾਫ਼ੀ ਵੱਡੀ ਪੰਜਾਬੀ ਫੌਜ ਕਾਇਮ ਸੀ। ਰਾਏਬਾਨ ਪਿੰਡ ਦੇ 25,000 ਆਦਮੀਆਂ ਤੋਂ ਬਿਨਾਂ 8,000 ਦੀ ਨਫਰੀ ਪੇਸ਼ਾਵਰ ਵਿਚ ਸੀ ਤੇ ਇਤਨੀ ਹੀ ਗਿਣਤੀ ਮੁਲਤਾਨ ਵਿਚ ਸੀ। ਹਾਰਡਿੰਗ ਦੀ ਆਪਣੀ ਫੌਜ 20,000 ਦੀ ਸੀ ਤੇ ਜਿਹਨਾਂ ਵਿਚ ਬਹੁਤ ਥੋੜ੍ਹਾ ਹਿੱਸਾ ਯੂਰਪੀਨਾਂ ਦਾ ਸੀ। ਉਸ ਦਾ ਅਨੁਮਾਨ ਸੀ ਹਿੰਦੁਸਤਾਨੀ ਸਿਪਾਹੀਆਂ ਨੇ ਪੰਜਾਬੀਆਂ ਦੇ ਖਿਲਾਫ਼ ਬਹੁਤ ਘਟੀਆ ਪ੍ਰਦਰਸ਼ਨ ਕੀਤਾ ਸੀ। ਵੱਡੇ ਪੈਮਾਨੇ ਉਪਰ ਮੁਕੰਮਲ ਲੜਾਈ ਵਾਸਤੇ ਹੋਰ ਕੁਮਕ ਮੰਗਵਾਉਣੀ ਪਵੇਗੀ ਜਿਸ ਨਾਲ ਪਹਿਲਾਂ ਹੀ ਪਤਲੀ ਹਾਲਤ ਵਿਚ ਜਾ ਚੁਕੇ ਖ਼ਜ਼ਾਨੇ ਉਪਰ ਹੋਰ ਭਾਰ ਪਵੇਗਾ। ਇਸ ਤੋਂ ਇਲਾਵਾ ਯੂਰਪੀਨ ਸਿਪਾਹੀਆਂ ਵਾਸਤੇ ਲੜਨ ਦੀ ਰੁੱਤ ਖ਼ਤਮ ਹੋ ਚੁਕੀ ਸੀ, ਉਹ ਗਰਮੀਆਂ ਵਿਚ ਲੜਨਾ ਪਸੰਦ ਨਹੀਂ ਕਰਦੇ। ਇਸ ਲਈ ਹਾਰਡਿੰਗ ਨੇ ਫੈਸਲਾ ਕੀਤਾ ਕਿ ਉਹ ਪੰਜਾਬ ਨੂੰ ਦੋ ਕਿਸ਼ਤਾਂ ਵਿਚ ਹਾਸਲ ਕਰਨਗੇ। ਪਹਿਲੀ ਕਿਸ਼ਤ ਵਿਚ ਜਲੰਧਰ ਤੇ ਦੁਆਬਾ ਉਪਰ ਕਬਜ਼ਾ ਕਰਨਗੇ ਅਤੇ ਕਸ਼ਮੀਰ ਅਤੇ ਹਜ਼ਾਰਾ ਦੇ ਪਹਾੜੀ ਇਲਾਕਿਆਂ ਨੂੰ ਪੰਜਾਬ ਨਾਲੋਂ ਅੱਡ ਕਰਨਗੇ। ਇਸ ਤੋਂ ਇਲਾਵਾ ਪੰਜਾਬ ਨੂੰ ਕਮਜ਼ੋਰ ਕਰਨ ਵਾਸਤੇ ਇਸ ਉਪਰ ਘੱਟ ਫੌਜਾਂ ਰੱਖਣ ਦੀ ਸ਼ਰਤ ਲਗਾ ਦਿੱਤੀ ਜਾਵੇਗੀ। ਆਪਣੀ ਸਰਕਾਰੀ ਡਾਇਰੀ ਵਿਚ ਉਹ ਲਿਖਦਾ ਹੈ ਕਿ, "ਸਾਡੇ ਕਮਜ਼ੋਰ ਫਰੰਟੀਅਰ ਉਪਰ ਅਜਿਹੀ ਲੜਾਕੂ ਕੌਮ ਦੀ ਸ਼ਕਤੀ ਨੂੰ ਘਟਾ ਕੇ ਰੱਖਣਾ ਬਹੁਤ ਜ਼ਰੂਰੀ ਹੈ। ਇਸ ਵਾਸਤੇ ਮੈਂ ਸਤਲੁਜ ਤੇ ਬਿਆਸ ਦੇ ਵਿਚਕਾਰ ਵਾਲੇ ਉਪਜਾਊ ਇਲਾਕੇ ਆਪਣੇ ਵਾਸਤੇ ਹਾਸਿਲ ਕਰਨੇ ਚਾਹੁੰਦਾ ਹਾਂ। ਇਸ ਨਾਲ ਲੁਧਿਆਣਾ ਸੁਰੱਖਿਅਤ ਹੋ ਜਾਵੇਗਾ ਤੇ ਅਸੀਂ ਅੰਮ੍ਰਿਤਸਰ ਦੇ ਕਾਫ਼ੀ ਨਜ਼ਦੀਕ ਪਹੁੰਚ ਜਾਵਾਂਗੇ ਅਤੇ ਸਾਡੀ ਪਿੱਠ ਪਹਾੜ ਨਾਲ ਲੱਗ ਜਾਵੇਗੀ। ਫੌਜੀ ਤੌਰ 'ਤੇ ਇਹ ਬਹੁਤ ਮਹੱਤਵਪੂਰਣ ਹੋਵੇਗਾ। ਇਸ ਨਾਲ ਸਿੱਖ ਸਾਰੇ ਏਸ਼ੀਆ ਦੀ ਨਜ਼ਰ ਵਿਚ ਕਮਜ਼ੋਰ ਵੀ ਹੋਣਗੇ ਤੇ ਉਹਨਾਂ ਨੂੰ ਸਜ਼ਾ ਵੀ ਮਿਲ ਜਾਵੇਗੀ। ਮੈਂ ਉਹਨਾਂ ਕੋਲੋਂ ਲੜਾਈ ਵਾਸਤੇ 15 ਲੱਖ ਰੁਪਏ ਦਾ ਹਰਜ਼ਾਨਾ ਮੰਗਾਂਗਾ ਅਤੇ ਜੇ ਮੈਂ ਗੁਲਾਬ ਸਿੰਘ ਤੇ ਪਹਾੜੀ ਕਬੀਲੀ ਇਲਾਕੇ, ਸਮੇਤ ਕਸ਼ਮੀਰ ਆਜ਼ਾਦ ਕਰਵਾ

ਸਕਾਂ ਤਾਂ ਇਸ ਲੜਾਕੂ ਕਿਸਮ ਦੀ ਸਰਕਾਰ ਨੂੰ ਹੋਰ ਸੱਟ ਮਾਰ ਸਕਦਾ ਹਾਂ। ਇਹਨਾਂ ਦੀ ਫੌਜ ਭੰਗ ਕਰਕੇ ਦੁਬਾਰਾ ਕਾਇਮ ਕਰਨੀ ਹੋਵੇਗੀ, ਇਕ ਸੀਮਤ ਗਿਣਤੀ ਵਿਚ। ਤੋਪਾਂ ਦੀ ਤਦਾਦ ਵੀ ਤੈਅ ਹੋਣੀ ਚਾਹੀਦੀ ਹੈ। ਮਹਾਰਾਜਾ ਆਪ ਹੀ ਸਾਨੂੰ ਲਾਹੌਰ ਤੇ ਗੋਬਿੰਦਗੜ੍ਹ ਦੇ ਕਿਲਿਆਂ ਦੀ ਚਾਬੀ ਦੇਵੇ ਜਿੱਥੇ ਇਹ ਸ਼ਰਤਾਂ ਲਿਖੀਆਂ ਜਾਣਗੀਆਂ ਤੇ ਦਸਤਖਤ ਕੀਤੇ ਜਾਣਗੇ।"

ਲਾਰਡ ਹਾਰਡਿੰਗ ਇਹ ਵੀ ਚਾਹੁੰਦਾ ਸੀ ਕਿ ਦਰਬਾਰ ਦੇ ਹਾਕਮ ਸਿੱਖ ਹੀ ਹੋਣੇ ਚਾਹੀਦੇ ਹਨ ਤਾਂ ਜੋ ਮੁਸਲਮਾਨਾਂ ਵਿਚ ਸੰਤੁਲਨ ਬਣਿਆ ਰਹੇ ਜੋ ਇਸ ਇਲਾਕੇ ਦੀ ਬਹੁਗਿਣਤੀ ਵਸੋਂ ਹੈ। ਓਦੋਂ ਅੰਗਰੇਜ਼ ਮੁਸਲਮਾਨਾਂ ਉਪਰ ਭਰੋਸਾ ਨਹੀਂ ਕਰਦੇ ਸਨ। ਇਹ ਸਾਰੀਆਂ ਸ਼ਰਤਾਂ ਹਾਰਡਿੰਗ ਨੇ ਏਜੰਟ ਮੇਜਰ ਹੈਨਰੀ ਲਾਰੈਂਸ ਨੂੰ ਲਿਖਵਾ ਦਿੱਤੀਆਂ ਜਿਹੜੀਆਂ ਦਰਬਾਰ ਉਪਰ ਲਾਗੂ ਕਰਨੀਆਂ ਸਨ।

15 ਫਰਵਰੀ, 1846 ਨੂੰ ਗੁਲਾਬ ਸਿੰਘ ਡੋਗਰਾ, ਫਕੀਰ ਨੂਰੁਦੀਨ ਅਤੇ ਦੀਨਾ ਨਾਥ ਆਪਣੇ ਨਾਲ ਸੁਲਤਾਨ ਮੁਹੰਮਦ ਬਰਾਕਜ਼ਾਈ ਅਤੇ ਹੋਰ ਸਰਦਾਰ ਕਸੂਰ ਵਿਚ ਲਾਰਡ ਗੱਫ ਦਾ ਸੁਆਗਤ ਕਰ ਰਹੇ ਸਨ। ਕਮਾਂਡਰ ਇਨ ਚੀਫ ਨੇ ਉਹਨਾਂ ਤੋਂ ਨਜ਼ਰਾਨੇ ਲੈਣ ਤੋਂ ਇਨਕਾਰ ਕਰ ਦਿੱਤਾ ਕਿ ਅਜੇ ਵੀ ਉਹਨਾਂ ਦੀ ਫੌਜ ਅੰਗਰੇਜ਼ਾਂ ਦੇ ਵਿਰੁੱਧ ਖੜੀ ਸੀ। ਉਸ ਨੇ ਸਪਸ਼ਟ ਸ਼ਬਦਾਂ ਵਿਚ ਚੇਤਾਵਨੀ ਦਿੱਤੀ ਕਿ ਉਹਨਾਂ ਦੀ ਕੀ ਕਿਸਮਤ ਉਸ ਨੇ ਸੋਚੀ ਹੈ। ਓਸ ਨੇ ਕਿਹਾ ਕਿ ਜੈਸੇ ਨੂੰ ਤੈਸੇ ਵਾਲਾ ਇਨਸਾਫ਼ ਮੰਗ ਕਰਦਾ ਹੈ ਕਿ ਬ੍ਰਿਟਿਸ਼ ਸਰਕਾਰ ਤੁਹਾਨੂੰ ਮਿਸਾਲੀ ਸਜ਼ਾ ਦੇਵੇ। ਸਾਰੀ ਦੁਨੀਆ ਨੂੰ ਪਤਾ ਲੱਗਣਾ ਚਾਹੀਦਾ ਹੈ ਕਿ ਅੰਗਰੇਜ਼ ਅਖਤਿਆਰ ਨੂੰ ਕੋਈ ਚੈਲੰਜ ਨਾ ਕਰੇ, ਕੋਈ ਇਸ ਦੀ ਬੇਇਜ਼ਤੀ ਨਾ ਕਰੇ। ਜਿਹੜਾ ਸਾਡੇ ਇਲਾਕੇ ਉਪਰ ਫੌਜੀ ਹਮਲਾ ਕਰੇ ਅਸੀਂ ਉਸ ਨੂੰ ਸਜ਼ਾ ਬਿਨਾਂ ਨਹੀਂ ਜਾਣ ਦੇ ਸਕਦੇ। ਗੱਫ਼ ਨੂੰ ਹਿਦਾਇਤ ਸੀ ਕਿ ਉਹ ਧਿਆਨ ਸਿੰਘ ਡੋਗਰੇ ਵੱਲ ਲਿਹਾਜ਼ ਦਾ ਪ੍ਰਗਟਾਵਾ ਕਰੇ। ਉਸ ਨੇ ਸਰਦਾਰਾਂ ਦੇ ਸਾਹਮਣੇ ਹੀ ਡੋਗਰਾ ਦੀ ਸਮਝਦਾਰੀ ਦੀ ਤਾਰੀਫ਼ ਕੀਤੀ ਕਿ ਉਸ ਨੇ ਆਪਣੇ ਆਪ ਨੂੰ ਸਿੱਖਾਂ ਦੇ ਇਸ ਗੈਰ ਵਾਜਿਬ ਹਮਲੇ ਤੋਂ ਪਾਸੇ ਰੱਖਿਆ ਸੀ।

ਦਰਬਾਰ ਦੇ ਪ੍ਰਤੀਨਿਧ ਸਾਰੀ ਰਾਤ ਬ੍ਰਿਟਿਸ਼ ਸਰਕਾਰ ਦੇ ਚੀਫ ਸੈਕਟਰੀ ਫਰੈਡਰਿਕ ਕੁਰੀ ਤੇ ਮੇਜਰ ਹੈਨਰੀ ਲਾਰੈਂਸ ਨਾਲ ਸਮਝੌਤੇ ਦੀਆਂ ਸ਼ਰਤਾਂ ਉਪਰ ਵਿਚਾਰ ਕਰਦੇ ਰਹੇ ਅਤੇ ਅਖੀਰ ਵਿਚ ਜੇਤੂ ਅੰਗਰੇਜ਼ ਹਕੂਮਤ ਦੀਆਂ ਸਾਰੀਆਂ ਸ਼ਰਤਾਂ ਪ੍ਰਵਾਨ ਕਰ ਲਈਆਂ। ਉਹਨਾਂ ਨੇ ਸਤਲੁਜ ਤੇ ਬਿਆਸ ਦੇ ਵਿਚਕਾਰ ਦਾ ਸਾਰਾ ਇਲਾਕਾ, ਪਹਾੜੀ ਵੀ ਤੇ ਮੈਦਾਨੀ ਵੀ, ਪੂਰੀ ਤਰ੍ਹਾਂ ਅੰਗਰੇਜ਼ੀ ਪ੍ਰਸ਼ਾਸਨ ਦੇ ਅਧੀਨ ਕਰਨਾ ਮੰਨਿਆ। ਇਸ ਦਾ ਸਾਲਾਨਾ ਲਾਗਾਨ ਚਾਰ ਲੱਖ ਰੁਪੈ ਬਣਦਾ ਸੀ। ਲੜਾਈ ਦਾ ਹਰਜ਼ਾਨਾ ਡੇਢ ਕਰੋੜ ਅਦਾ ਕਰਨਾ ਜਿਸ ਬਾਰੇ ਅੰਗਰੇਜ਼ਾਂ ਨੂੰ

ਪਤਾ ਸੀ ਕਿ ਦਰਬਾਰ ਨਹੀਂ ਦੇ ਸਕਦਾ। ਅੰਗਰੇਜ਼ੀ ਇਲਾਕੇ ਵੱਲ ਬੀੜੀਆਂ ਸਾਰੀਆਂ ਤੋਪਾਂ ਵੀ ਅੰਗਰੇਜ਼ਾਂ ਦੇ ਹੀ ਹਵਾਲੇ ਕਰਨੀਆਂ ਸਨ। ਇਸ ਤੋਂ ਇਲਾਵਾ ਫੌਜ ਦੀ ਗਿਣਤੀ ਉਹੀ ਰੱਖਣੀ ਸੀ ਜੋ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਸੀ।

ਤਿੰਨ ਦਿਨ ਬਾਅਦ ਗੁਲਾਬ ਸਿੰਘ ਡੋਗਰਾ ਅਤੇ ਭਈਆ ਰਾਮ ਸਿੰਘ ਆਪਣੀ ਅਗਵਾਨੀ ਵਿਚ ਮਹਾਰਾਜਾ ਦਲੀਪ ਸਿੰਘ ਨੂੰ ਲਲਿਆਣੀ ਪਿੰਡ ਵਿਖੇ ਅੰਗਰੇਜ਼ਾਂ ਦੇ ਕੈਂਪ ਵਿਚ ਕਮਾਂਡਰ ਇਨ ਚੀਫ ਤੇ ਗਵਰਨਰ ਜਨਰਲ ਅੱਗੇ ਆਪਣੀ ਅਧੀਨਗੀ ਪੇਸ਼ ਕਰਵਾਉਣ ਵਾਸਤੇ ਲੈ ਕੇ ਗਏ। ਡੋਗਰਾ ਨੇ ਸਾਰੇ ਸਮਹਾਰੋਹ ਦੇ ਮੁੱਖ ਸੰਚਾਲਕ ਵਜੋਂ ਜ਼ਿੰਮੇਦਾਰੀ ਨਿਭਾਈ। ਜਨਰਲ ਸਰ ਹੋਪ ਗਰਾਂਟ ਨੇ ਲਿਖਿਆ ਕਿ ਉਸ ਦੀ ਦੇਸੀ ਜ਼ਬਾਨ ਵਿਚ ਪੇਸ਼ਕਰਨੀ ਬਹੁਤ ਵਧੀਆ ਸੀ। ਗੁਲਬ ਸਿੰਘ ਨੇ ਮੀਟਿੰਗ ਦੀ ਕਾਰਵਾਈ ਸ਼ੁਰੂ ਕਰਦਿਆਂ ਕਿਹਾ ਕਿ "ਜੇ ਮੇਰਾ ਬੱਚਾ ਜਾਂ ਕੋਈ ਬਹੁਤ ਪਿਆਰਾ ਦੋਸਤ ਬੀਮਾਰ ਹੋ ਜਾਵੇ ਤਾਂ ਮੈਂ ਉਸ ਨੂੰ ਕਿਸੇ ਚੰਗੇ ਹਕੀਮ ਦੇ ਪਾਸ ਲੈ ਕੇ ਜਾਵਾਂਗਾ। ਮਰੀਜ਼ ਨੂੰ ਉਸ ਦੇ ਹੱਥਾਂ ਦੇ ਸਪੁਰਦ ਕਰਕੇ ਉਹ ਜੋ ਵੀ ਇਲਾਜ ਦੱਸੇ ਜਾਂ ਦਵਾਈ ਦੇਵੇ, ਮਰੀਜ਼ ਨੂੰ ਅਮਲ ਕਰਨ ਵਾਸਤੇ ਕਹਾਂਗਾ। ਹੁਣ ਮੈਂ ਗਵਰਨਰ ਜਨਰਲ ਨੂੰ ਇਕ ਮਾਹਰ ਹਕੀਮ ਮੰਨ ਕੇ ਮਹਾਰਾਜਾ ਨੂੰ ਉਸ ਦੇ ਸਪੁਰਦ ਕਰਦਾ ਹਾਂ ਤੇ ਉਮੀਦ ਕਰਦਾ ਹਾਂ ਕਿ ਉਹ ਜੋ ਵੀ ਫੈਸਲਾ ਕਰਨਗੇ ਮਹਾਰਾਜਾ ਦੇ ਭਲੇ ਦਾ ਕਰਨਗੇ, ਉਸ ਦੇ ਫਾਇਦੇ ਦਾ ਕਰਨਗੇ।"

ਲਾਰਡ ਹਾਰਡਿੰਗ ਨੇ ਇਸ ਦਾ ਜਵਾਬ ਮਹਾਰਾਜਾ ਰਣਜੀਤ ਸਿੰਘ ਦੀ ਤਾਰੀਫ਼ ਵਿਚ ਤਕਰੀਰ ਕਰਕੇ ਦਿੱਤਾ ਤੇ ਉਮੀਦ ਕੀਤੀ ਕਿ ਦੋਹਾਂ ਸਰਕਾਰਾਂ ਵਿਚ ਇਕ ਵਾਰ ਫਿਰ ਦੋਸਤਾਨਾ ਸੰਬੰਧ ਕਾਇਮ ਹੋਣਗੇ। ਇਸ ਤੋਂ ਬਾਅਦ ਤੋਹਫਿਆਂ ਦਾ ਆਦਾਨ ਪ੍ਰਦਾਨ ਹੋਇਆ ਤੇ ਮਹਾਰਾਜਾ ਦੇ ਮਾਣ ਵਿਚ ਅੰਗਰੇਜ਼ੀ ਤੋਪਾਂ ਨੇ ਸਲਾਮੀ ਦਿੱਤੀ।

ਗਵਰਨਰ ਜਨਰਲ ਨੇ ਲਾਹੌਰ ਦੀ ਤਰਫ਼ ਮਾਰਚ ਸ਼ੁਰੂ ਕੀਤਾ। ਹਾਰਿਆ ਹੋਇਆ ਮਹਾਰਾਜਾ ਉਸ ਦੀ ਬੱਗੀ ਵਿਚ ਉਸ ਦੇ ਨਾਲ ਹੀ ਸਵਾਰ ਸੀ। ਅੰਗਰੇਜ਼ੀ ਸਿਪਾਹੀਆਂ ਨੇ ਲਾਹੌਰ ਦੇ ਬਿਲਕੁੱਲ ਬਾਹਰ ਮੀਆਂ ਮੀਰ ਦੇ ਥਾਂ ਉਪਰ ਛਾਉਣੀ ਲਗਾਈ ਹੋਈ ਸੀ। ਮਹਾਰਾਜਾ ਦੇ ਰੱਖਿਅਕਾਂ ਨੂੰ ਲਾਹੌਰ ਦੀ ਅਬਾਦੀ ਦੇ ਪ੍ਰਤੀਕਰਮ ਦਾ ਫਿਕਰ ਹੋਣ ਲੱਗਾ। ਉਹਨਾਂ ਨੇ ਕਿਲ੍ਹੇ ਦੀ ਹਿਫ਼ਾਜ਼ਤ ਵਾਸਤੇ ਅੰਗਰੇਜ਼ ਦਸਤੇ ਦੀ ਮੰਗ ਕੀਤੀ ਜੋ ਮੰਨ ਲਈ ਗਈ ਤੇ ਅੰਗਰੇਜ਼ੀ ਸਿਪਾਹੀਆਂ ਨੇ ਕਿਲ੍ਹੇ ਨੂੰ ਘੇਰ ਲਿਆ ਤੇ ਹਜ਼ੂਰੀ ਬਾਗ ਵਾਲੇ ਗੇਟ ਉਪਰ ਉਹਨਾਂ ਦਾ ਹੀ ਪਹਿਰਾ ਲਗਵਾ ਦਿੱਤਾ ਗਿਆ।

8 ਮਾਰਚ, 1846 ਨੂੰ 'ਲਾਹੌਰ ਦੀ ਸੰਧੀ' ਉਪਰ ਦਸਤਖਤ ਹੋਏ। ਇਸ ਦੀ ਮੁੱਖ ਧਾਰਾ ਮੁਤਾਬਕ ਪੰਜਾਬ ਦਾ ਇਕ ਹਿੱਸਾ ਅੰਗਰੇਜ਼ੀ ਰਾਜ ਵਿਚ ਸ਼ਾਮਲ ਹੋ

ਜਾਣਾ ਸੀ। ਜਨਰਲ ਸਰ ਹੋਪ ਗਰਾਂਟ ਨੇ ਉਸ ਵਕਤ ਦੇ ਦ੍ਰਿਸ਼ ਦਾ ਬੜੇ ਗੁੰਦਵੇ ਸ਼ਬਦਾਂ ਵਿਚ ਜ਼ਿਕਰ ਕੀਤਾ ਕਿ, "ਦਰਬਾਰ ਦਾ ਹਾਲ ਅਕਸੀ ਸ਼ੀਸ਼ਿਆਂ ਨਾਲ ਭਰਿਆ ਹੋਇਆ ਸੀ ਤੇ ਛੱਤ ਉਤੋਂ ਫਾਨੂਸ ਲਟਕ ਰਹੇ ਸਨ। ਹਾਲ ਦੇ ਸਾਹਮਣੇ ਖੁਲ੍ਹਾ ਦਰਬਾਰ ਸੀ ਜਿਸ ਵਿਚ ਸੁੰਦਰ ਡਾਟਾਂ ਬਣੀਆਂ ਸਨ, ਵਿਚਕਾਰ ਇਕ ਫੱਵਾਰਾ ਚੱਲ ਰਿਹਾ ਸੀ ਜਿਸ ਵਿਚ ਪੰਛੀ ਕਲੋਲ ਕਰ ਰਹੇ ਸਨ। ਅੰਦਰ ਸ਼ਾਲਾਂ ਤੇ ਰੇਸ਼ਮੀ ਪਰਦੇ ਸਨ ਜਿਹਨਾਂ ਨਾਲ ਧੁੱਪ ਰੋਕੀ ਗਈ ਸੀ। ਫਰਸ਼ ਉਪਰ ਗੂੜ੍ਹੇ ਰੰਗ ਦੇ ਕੀਮਤੀ ਕਾਲੀਨ ਵਿਛੇ ਹੋਏ ਸਨ। ਦਰਬਾਰ ਦੇ ਅੰਦਰ ਮਹਾਰਾਜਾ ਦਲੀਪ ਸਿੰਘ, ਇਕ ਖੂਬਸੂਰਤ ਮਾਸੂਮ ਜਿਹਾ ਲੜਕਾ ਬੈਠਾ ਸੀ। ਉਸ ਦੇ ਨਾਲ ਸਿੱਖ ਸਰਦਾਰ ਜਿਵੇਂ ਕਿ ਖੁਸ਼ਨੁਮਾ ਮੂਡ ਵਿਚ ਰਾਜਾ ਲਾਲ ਸਿੰਘ, ਜਰਨੈਲਾਂ ਵਿਚ ਮਾਯੂਸ, ਚੇਚਕ ਦੇ ਦਾਗਾਂ ਨਾਲ ਭਰਿਆ ਤੇ ਸ਼ਰਾਬੀਆਂ ਵਾਂਗ ਵਖਾਈ ਦੇਂਦਾ ਰਾਜਾ ਤੇਜ ਸਿੰਘ ਸੀ। ਇਸ ਤੋਂ ਇਲਾਵਾ ਬੱਦੋਵਾਲ ਤੇ ਅਲੀਵਾਲ ਦੀਆਂ ਲੜਾਈਆਂ ਵਾਲਾ ਰਾਜਾ ਰਣਜੋਧ ਸਿੰਘ ਤੇ ਹੋਰ ਵੱਡੇ ਅਹੁਦਿਆਂ ਵਾਲੇ ਸਰਦਾਰ ਵੀ ਬੈਠੇ ਸਨ। ਰਿਵਾਜ ਮੁਤਾਬਕ ਸਭ ਤੋਂ ਪਹਿਲਾਂ ਤੋਹਫਿਆਂ ਦਾ ਆਦਾਨ ਪ੍ਰਦਾਨ ਹੋਇਆ। ਦਰਬਾਰ ਵੱਲੋਂ ਸਭ ਤੋਂ ਕੀਮਤੀ ਚੀਜ਼ ਕੋਹ ਏ ਨੂਰ ਹੀਰਾ ਪੇਸ਼ ਕੀਤਾ ਗਿਆ। ਇਕ ਇੰਚ ਲੰਬਾ, ਪੌਣਾ ਇੰਚ ਚੌੜਾ ਤੇ ਇਤਨਾ ਕੁ ਹੀ ਮੋਟਾ ਇਹ ਹੀਰਾ ਇਕ ਵਿਅਕਤੀ ਤੋਂ ਦੂਜੇ ਤੱਕ ਸਿਰਫ ਬਾਂਹ ਨਾਲ ਬੱਝਾ ਹੀ ਤੁਰਦਾ ਗਿਆ। ਇਸ ਦੇ ਨਾਲ ਦੋ ਹੋਰ ਛੋਟੇ ਛੋਟੇ ਕੀਮਤੀ ਪੱਥਰ ਲਾਲ ਰੇਸ਼ਮੀ ਕੱਪੜੇ ਵਿਚ ਲਪੇਟੇ ਹੋਏ ਸਨ।"

ਦਰਬਾਰ ਵੱਲੋਂ ਇਸ ਸਮਝੌਤੇ ਉਪਰ ਦਸਤਖਤ ਕਰਨ ਵਾਲੇ ਰਾਜਾ ਲਾਲ ਸਿੰਘ, ਤੇਜ ਸਿੰਘ, ਭਈਆ ਰਾਮ ਸਿੰਘ ਤੇ ਦੀਵਾਨ ਦੀਨਾ ਨਾਥ ਸਨ। ਕਸੂਰ ਵਾਲੇ ਸਮਝੌਤੇ ਵਿਚ ਦੋ ਤਰਮੀਮਾਂ ਕੀਤੀਆਂ ਗਈਆਂ ਸਨ। ਕਿਉਂਕਿ ਦਰਬਾਰ 50 ਲੱਖ ਤੋਂ ਵੱਧ ਨਹੀਂ ਅਦਾ ਕਰ ਸਕਦਾ ਸੀ, ਇਸ ਕਰਕੇ ਡੇਢ ਕਰੋੜ ਦੇ ਹਰਜਾਨੇ ਦੀ ਰਕਮ ਬਦਲ ਦਿੱਤੀ ਤੇ ਇਸ ਦੇ ਇਵਜ਼ ਵਿਚ ਕਸ਼ਮੀਰ ਤੇ ਹਜ਼ਾਰਾ ਪੰਜਾਬ ਤੋਂ ਅਲਗ ਕਰਵਾ ਲਿਆ। ਬਾਅਦ ਵਿਚ ਕਸ਼ਮੀਰ ਗੁਲਾਬ ਸਿੰਘ ਡੋਗਰਾ ਨੂੰ 10 ਲੱਖ ਪੌਂਡ ਵਿਚ ਵੇਚ ਦਿੱਤਾ ਗਿਆ ਸੀ।

ਡੋਗਰਾ ਸਮਝ ਗਿਆ ਸੀ ਕਿ ਉਹ ਹੁਣ ਪਠਾਨਾਂ ਕੋਲੋਂ ਹਜ਼ਾਰਾ ਨਹੀਂ ਲੈ ਸਕਦਾ ਕਿਉਂਕਿ ਉਹਨਾਂ ਨੇ ਪੰਜਾਬ ਨੂੰ ਅੰਗਰੇਜ਼ਾਂ ਨਾਲ ਉਲਝਿਆ ਵੇਖ ਕੇ ਉਸ ਇਲਾਕੇ ਨੂੰ ਆਜ਼ਾਦ ਕਰਵਾ ਲਿਆ ਸੀ ਤੇ ਸਾਰਿਆਂ ਕਿਲ੍ਹਿਆਂ ਉਪਰ ਕਬਜ਼ਾ ਕਰ ਲਿਆ ਸੀ। ਉਹਨਾਂ ਦੀ ਮਦਦ ਵਾਸਤੇ ਅੰਗਰੇਜ਼ ਆਏ, ਉਹਨਾਂ ਹਜ਼ਾਰਾ 'ਤੇ ਕਬਜ਼ਾ ਕਰ ਲਿਆ ਤੇ ਹਜ਼ਾਰਾ ਦੇ ਬਦਲੇ ਗੁਲਾਬ ਸਿੰਘ ਨੂੰ ਜੰਮੂ ਦੇ ਨਾਲ ਲੱਗਦੇ ਕੁਝ ਹੋਰ ਇਲਾਕੇ ਦੇ ਦਿੱਤੇ। ਕੈਪਟਨ ਐਬਾਟ ਨੂੰ ਹਾਜ਼ਾਰਾ ਦਾ ਚਾਰਜ ਦੇ ਦਿੱਤਾ।

ਕਸ਼ਮੀਰ ਦੇ ਬਦਲੇ ਵਿਚ ਲੈਣ ਵਾਲੇ 10 ਲੱਖ ਪੌਂਡ ਦੀ ਰਕਮ ਘਟਾ ਕੇ ਉਸ ਦਾ ਚੌਥਾ ਹਿਸਾ ਕਰ ਦਿੱਤੀ। ਅੰਗਰੇਜ਼ਾਂ ਕੋਲ ਧਿਆਨ ਸਿੰਘ ਡੋਗਰਾ ਦਾ ਖਜ਼ਾਨਾ ਵੀ ਪਿਆ ਸੀ ਜੋ 15 ਤੋਂ 20 ਲੱਖ ਰੁਪਏ ਦੇ ਬਰਾਬਰ ਸੀ, ਉਹ ਵੀ ਗੁਲਾਬ ਸਿੰਘ ਡੋਗਰੇ ਨੂੰ ਦੇ ਦਿੱਤਾ ਸੀ।

ਦਰਬਾਰ ਦੀ ਫੌਜ ਦੀ ਗਿਣਤੀ 20, 000 ਪੈਦਲ ਤੇ 12,000 ਘੋੜ ਸਵਾਰ ਦੀ ਬੰਨ ਦਿੱਤੀ ਸੀ।

ਲਾਲ ਸਿੰਘ ਤੇ ਹੋਰ ਸਰਦਾਰਾਂ ਦੀ ਬੇਨਤੀ ਉਪਰ ਮਹਾਰਾਜਾ ਦੀ ਹਿਫ਼ਾਜ਼ਤ ਵਾਸਤੇ ਸਾਲ ਦੇ ਅੰਤ ਤੱਕ ਅੰਗਰੇਜ਼ੀ ਫੌਜ ਨੂੰ 22,000 ਪੌਂਡ ਦੀ ਕੀਮਤ ਉਪਰ ਕਿਲ੍ਹੇ ਵਿਚ ਰੱਖਣਾ ਮੰਨ ਲਿਆ ਗਿਆ। ਮਹਾਰਾਜਾ ਦੇ ਬਾਲਗ ਹੋਣ ਤੱਕ ਰਾਜ ਦਾ ਕੰਮ ਕਾਜ ਚਲਾਉਣ ਵਾਸਤੇ ਇਕ ਰੀਜੈਂਸੀ ਕੌਂਸਲ ਦਾ ਗਠਨ ਕੀਤਾ ਗਿਆ। ਮਹਾਰਾਣੀ ਜਿੰਦਾ ਮੁਖ ਪ੍ਰਸ਼ਾਸਕ, ਰੀਜੈਂਟ ਹੋਵੇਗੀ ਤੇ ਲਾਲ ਸਿੰਘ ਉਸ ਦਾ ਮੁੱਖ ਸਲਾਹਕਾਰ। ਮੇਜਰ ਜਨਰਲ ਹੈਨਰੀ ਲਾਰੈਂਸ ਨੂੰ ਲਾਹੌਰ ਵਿਚ ਗਵਰਨਰ ਜਨਰਲ ਦੇ ਏਜੰਟ ਦੇ ਰੂਪ ਵਿਚ ਰੱਖਿਆ ਗਿਆ।

***

16 ਮਾਰਚ, 1846 ਨੂੰ ਅੰਮ੍ਰਿਤਸਰ ਵਿਖੇ ਇਕ ਹੋਰ ਸਮਾਰੋਹ ਹੋਇਆ। ਇਸ ਵਿਚ ਗੁਲਾਬ ਸਿੰਘ ਨਾਲ ਹੋਏ ਸਮਝੌਤੇ ਦੀ ਤਸਦੀਕ ਕੀਤੀ ਗਈ ਤੇ ਉਸ ਨੂੰ ਜੰਮੂ ਤੇ ਕਸ਼ਮੀਰ ਦੀ ਹਕੂਮਤ ਸੰਭਾਲੀ ਗਈ। ਡੋਗਰਾ ਜੋ ਸਿਰਫ ਟੁੱਟੇ ਫੁੱਟੇ ਪੰਜਾਬ ਦਾ ਪ੍ਰਧਾਨ ਮੰਤਰੀ ਬਣਨਾ ਸੋਚਦਾ ਸੀ ਹੁਣ ਇਕ ਸਟੇਟ ਦਾ ਮਹਾਰਾਜਾ ਬਣ ਗਿਆ ਜਿਸ ਦਾ ਸਾਈਜ਼ ਇਟਲੀ ਦੇ ਬਰਾਬਰ ਸੀ। ਇਸ ਤਰ੍ਹਾਂ ਰਿੱਛ, ਜਿਵੇਂ ਕਿ ਡੋਗਰਾ ਨੂੰ ਅਕਸਰ ਬੋਲਿਆ ਜਾਂਦਾ ਸੀ, ਦਰਬਾਰ ਦੇ ਛੱਤੇ ਵਿਚੋਂ ਸਭ ਤੋਂ ਵਧੀਆ ਸ਼ਹਿਦ ਹਾਸਲ ਕਰ ਗਿਆ। ਉਸ ਨੇ ਇਹ ਤੋਹਫਾ ਬਣਦੀ ਜ਼ਲਾਲਤ ਨਾਲ ਕਬੂਲ ਕੀਤਾ ਤੇ ਆਪਣੇ ਆਪ ਨੂੰ ਜ਼ਰ-ਖਰੀਦ ਗੁਲਾਮ, ਯਾਨੀ ਸੋਨੇ ਨਾਲ ਖਰੀਦਿਆਂ ਹੋਇਆ ਗੁਲਾਮ ਕਿਹਾ।

9

ਪੰਜਾਬ ਬ੍ਰਤਾਨਵੀ ਸਰਪਸਸਤੀ ਹੇਠ

ਅੰਗਰੇਜ਼ਾਂ ਵੱਲੋਂ ਪੰਜਾਬ ਨੂੰ ਆਪਣੀ ਸਰਪਰਸਤੀ ਹੇਠ ਲੈਣ ਦੇ ਇਕ ਮਹੀਨਾ ਬਾਅਦ ਇਕ ਅਜਿਹੀ ਘਟਨਾ ਵਾਪਰ ਗਈ ਜਿਸ ਨੂੰ ਇਤਿਹਾਸ ਵਿਚ 'ਗਊ ਕਾਂਡ' ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਹ ਸਰਪਰਸਤਾਂ ਦੇ ਸਥਾਨਕ ਲੋਕਾਂ ਪ੍ਰਤੀ ਰਵਈਏ ਨੂੰ ਦਰਸਾਉਂਦਾ ਹੈ।

ਇਕ ਅੰਗਰੇਜ਼ ਸੰਤਰੀ ਗਾਵਾਂ ਦੇ ਇਕ ਝੁੰਡ ਵੱਲੋਂ ਰਸਤਾ ਰੋਕੀ ਰੱਖਣ ਤੋਂ ਖਿਝ ਗਿਆ ਅਤੇ ਕਿਰਪਾਨ ਖਿਚ ਕੇ ਉਹਨਾਂ ਵਿਚੋਂ ਕੁਝ ਮਾਰ ਦਿੱਤੀਆਂ। ਇਸ ਨਾਲ ਹਿੰਦੂ ਸਿੱਖ ਸ਼ਹਿਰੀਆਂ ਵਿਚ ਤਿੱਖੀਆਂ ਧਾਰਮਿਕ ਭਾਵਨਾਵਾਂ ਭੜਕ ਉੱਠੀਆਂ। ਬ੍ਰਿਟਿਸ਼ ਏਜੰਟ ਤੇ ਅਫਸਰ ਇਸ ਘਟਨਾ ਦੀ ਸਫਾਈ ਦੇਣ ਵਾਸਤੇ ਸ਼ਹਿਰ ਵਿਚ ਗਏ ਤਾਂ ਉਹਨਾਂ ਨੂੰ ਪੱਥਰ ਮਾਰੇ ਗਏ। ਉਹਨਾਂ ਨੇ ਇਸ ਬੇਇਜ਼ਤੀ ਦੀ ਸਖ਼ਤ ਸਜ਼ਾ ਦੀ ਮੰਗ ਕੀਤੀ। ਅਗਲੇ ਦਿਨ ਲਾਲ ਸਿੰਘ ਮਹਾਰਾਜਾ ਦਲੀਪ ਸਿੰਘ ਨੂੰ ਲੈ ਕੇ ਏਜੰਟ ਪਾਸ ਗਿਆ ਤੇ ਇਸ ਵਿਹਾਰ ਦੀ ਮੁਆਫ਼ੀ ਮੰਗੀ। ਲੇਕਿਨ ਇਸ ਦੇ ਬਾਵਜੂਦ ਪੱਥਰ ਮਾਰਨ ਵਾਲੀ ਜਗ੍ਹਾ ਦੇ ਕਈ ਘਰ ਢਾਹ ਦਿੱਤੇ ਗਏ ਤੇ ਤਿੰਨ ਬੰਦਿਆਂ ਨੂੰ ਫੜ ਲਿਆ। ਇਹਨਾਂ ਵਿਚੋਂ ਇਕ ਨੂੰ ਫਾਂਸੀ ਦੇ ਦਿੱਤੀ ਤੇ ਦੋ ਨੂੰ ਸ਼ਹਿਰੋਂ ਕੱਢ ਦਿੱਤਾ। ਇਸ ਦੇ ਨਾਲ ਹੀ ਉਸ ਅੰਗਰੇਜ਼ ਸਿਪਾਹੀ ਨੂੰ ਅੱਗੇ ਤੋਂ ਤਰੀਕੇ ਨਾਲ ਰਹਿਣ ਦੀ ਵਾਰਨਿੰਗ ਦਿੱਤੀ ਜਿਸ ਨੇ ਇਹ ਸਾਰਾ ਮਾਮਲਾ ਭੜਕਾਇਆ ਸੀ।

ਸਾਰੇ ਪੰਜਾਬੀਆਂ ਨੇ ਲਾਹੌਰ ਦੀ ਸੰਧੀ ਨੂੰ ਪ੍ਰਵਾਨ ਨਹੀਂ ਕੀਤਾ ਸੀ। ਦੋ ਜਾਣਿਆਂ ਨੇ ਸਾਫ ਲਫ਼ਜ਼ਾਂ ਵਿਚ ਇਸ ਦੀ ਅਦੂਲੀ ਕੀਤੀ ਸੀ। ਕਾਂਗੜਾ ਦੇ ਕਿਲੇ ਦੇ ਕਮਾਂਡਰ ਨੇ ਦਰਬਾਰ ਦਾ ਇਹ ਹੁਕਮ ਮੰਨਣ ਤੋਂ ਇਨਕਾਰ ਕਰ ਦਿੱਤਾ

ਤੇ ਚਾਬੀਆਂ ਅੰਗਰੇਜ਼ਾਂ ਦੇ ਹਵਾਲੇ ਕਰਨ ਤੋਂ ਨਾਂਹ ਕਰ ਦਿੱਤੀ ਉਸ ਨੇ ਕਿਹਾ ਕਿ ਜਿਤਨੀ ਦੇਰ ਮਹਾਰਾਜਾ ਰਣਜੀਤ ਸਿੰਘ ਦਾ ਹੁਕਮ ਨਹੀਂ ਮਿਲਦਾ, ਉਹ ਕਿਲ੍ਹੇ ਦਾ ਗੇਟ ਨਹੀਂ ਖੋਲ੍ਹੇਗਾ। ਉਹ ਗੋਲੇ ਤੇ ਬਾਰੂਦ ਬਾਰੇ ਵੀ ਕੋਈ ਪਰਵਾਨਾ ਮੰਨਜ਼ੂਰ ਨਹੀਂ ਕਰੇਗਾ।

ਮਈ ਦੇ ਮਹੀਨੇ ਵਿਚ ਹੈਨਰੀ ਲਾਰੈਂਸ ਕੁਝ ਅੰਗਰੇਜ਼ ਤੇ ਪੰਜਾਬੀ ਸਿਪਾਹੀਆਂ ਨੂੰ ਲੈ ਕੇ ਕਾਂਗੜਾ ਦੇ ਕਿਲ੍ਹੇ ਉਪਰ ਕਬਜ਼ਾ ਕਰਨ ਵਾਸਤੇ ਨਿਕਲ ਚੱਲਿਆ ਤੇ 28 ਮਈ 1846 ਨੂੰ ਇਹ ਇਸ ਵਿਚ ਕਾਮਯਾਬ ਹੋਇਆ।

ਕਸ਼ਮੀਰ ਵਿਚ ਵੱਖਰੇ ਤਰ੍ਹਾਂ ਦੇ ਹਾਲਾਤ ਬਣ ਗਏ। ਕਸ਼ਮੀਰ ਦੇ ਸੂਬੇਦਾਰ ਸ਼ੇਖ ਇਮਾਮੂਦੀਨ ਨੂੰ ਦੱਸਿਆ ਗਿਆ ਕਿ ਇਸ ਰਿਆਸਤ ਨੂੰ ਗੁਲਾਬ ਸਿੰਘ ਡੋਗਰਾ ਦੇ ਹੱਥ ਵੇਚ ਦਿੱਤਾ ਗਿਆ ਹੈ ਜਦੋਂ ਕਿ ਉਹ ਇਸ ਨੂੰ ਆਪਣੇ ਵਾਸਤੇ ਰੱਖਣਾ ਚਾਹੁੰਦਾ ਸੀ। ਉਸ ਨੂੰ ਇਕ ਗੁਪਤ ਸੰਦੇਸ਼ ਲਾਲ ਸਿੰਘ ਵੱਲੋਂ ਮਿਲਿਆ ਜਿਹੜਾ ਇਸ ਗੱਲ ਦੀ ਖਾਰ ਖਾਂਦਾ ਸੀ ਕਿ ਅੰਗਰੇਜ਼ਾਂ ਨੇ ਉਸ ਦੀ ਬਜਾਏ ਗੁਲਾਬ ਸਿੰਘ ਡੋਗਰਾ ਨੂੰ ਬਹੁਤ ਕੁਛ ਦੇ ਦਿੱਤਾ ਹੈ। ਉਸ ਨੇ ਕਿਹਾ ਕਿ ਜੇ ਉਹ ਡੋਗਰਿਆਂ ਨੂੰ ਕਸ਼ਮੀਰ ਤੋਂ ਪਾਸੇ ਰੱਖੇ ਤਾਂ ਕਸ਼ਮੀਰ ਉਸ ਨੂੰ ਦੇ ਦਿੱਤਾ ਜਾਵੇਗਾ। ਉਸ ਦਾ ਸੰਦੇਸ਼ਾ ਇਸ ਲਿਖਤ ਵਿਚ ਸੀ:

"ਮੇਰੇ ਦੋਸਤ, ਇਹ ਗੱਲ ਤੁਹਾਡੇ ਕੋਲੋਂ ਛੁਪੀ ਨਹੀਂ ਕਿ ਕਿਸ ਤਰ੍ਹਾਂ ਰਾਜਾ ਗੁਲਾਬ ਸਿੰਘ ਨੇ ਲਾਹੌਰ ਦਰਬਾਰ ਨਾਲ ਦਗਾ ਕਮਾਇਆ ਹੈ। ਇਹ ਹੁਣ ਹੋਰ ਵੀ ਚੰਗੀ ਤਰ੍ਹਾਂ ਸਾਫ਼ ਹੋ ਗਿਆ ਹੈ। ਹੁਣ ਮੈਂ ਤੁਹਾਨੂੰ ਮੇਰੇ ਦੋਸਤ ਇਹ ਲਿਖ ਰਿਹਾ ਹਾਂ ਤੇ ਯਾਦ ਦਵਾਉਂਦਾ ਹਾਂ ਕਿ ਗੁਲਾਬ ਸਿੰਘ ਡੋਗਰਾ ਨੇ ਤੁਹਾਡੇ ਪਿਤਾ ਨਾਲ ਵੀ ਬਹੁਤ ਬੁਰਾ ਸਲੂਕ ਕੀਤਾ ਸੀ। ਮੈਂ ਤੁਹਾਡੀ ਹਿਫ਼ਾਜ਼ਤ ਤੇ ਭਰੋਸੇ ਵਾਸਤੇ ਇਕ ਵੱਖਰੇ ਖਤ ਰਾਹੀਂ ਲਾਹੌਰ ਦਰਬਾਰ ਦੀ ਗਰੰਟੀ ਭੇਜ ਰਿਹਾ ਹਾਂ। ਮੈਨੂੰ ਆਪਣੀ ਰਾਜੀ ਖੁਸ਼ੀ ਦਾ ਪਤਾ ਦੇਣਾਂ।" ਇਸ ਖ਼ਤ ਦੇ ਅਖੀਰ ਵਿਚ ਇਕ ਨੋਟ ਦਿੱਤਾ ਕਿ ਇਸ ਨੂੰ ਪੂਰਾ ਪੜ੍ਹਣ ਬਾਅਦ ਪਾੜ੍ਹ ਦੇਣਾ।

ਇਮਾਮੂਦੀਨ ਵਾਸਤੇ ਇਹ ਕੋਈ ਔਖਾ ਕੰਮ ਨਹੀਂ ਸੀ। ਉਸ ਨੇ ਉਹਨਾਂ ਡੋਗਰਿਆਂ ਨੂੰ ਭਜਾ ਦਿੱਤਾ ਜਿਹੜੇ ਕਸ਼ਮੀਰ ਦਾ ਕਬਜ਼ਾ ਲੈਣ ਉਸ ਪਾਸ ਆਏ।

ਗੁਲਾਬ ਸਿੰਘ ਨੇ ਬ੍ਰਿਟਿਸ਼ ਏਜੰਟ ਨੂੰ ਅਪੀਲ ਕੀਤੀ ਤੇ ਉਸ ਨੇ ਦਰਬਾਰ ਨੂੰ ਕਿਹਾ ਕਿ ਉਹ ਲਾਹੌਰ ਦੀ ਸੰਧੀ ਦੀਆਂ ਸ਼ਰਤਾਂ ਪੂਰੀਆਂ ਕਰੇ।

ਅਕਤੂਬਰ, 1846 ਨੂੰ ਹੈਨਰੀ ਲਾਰੈਂਸ 17,000 ਦਰਬਾਰ ਦੀਆਂ ਫੌਜਾਂ, ਗੁਲਾਬ ਸਿੰਘ ਤੇ ਉਸ ਦੇ ਡੋਗਰੇ ਸਿਪਾਹੀਆਂ ਨੂੰ ਲੈ ਕੇ ਕਸ਼ਮੀਰ ਵਾਸਤੇ ਰਵਾਨਾ ਹੋ ਗਿਆ। ਸ਼ੇਖ ਇਮਾਮੂਦੀਨ ਨੇ ਬਿਨਾਂ ਲੜਿਆਂ ਹੀ ਈਨ ਮੰਨ ਲਈ ਤੇ ਲਾਲ

ਸਿੰਘ ਦੇ ਲਿਖੇ ਤਿੰਨ ਗੁਪਤ ਖਤ ਪੇਸ਼ ਕਰ ਦਿੱਤੇ ਜਿਸ ਵਿਚ ਉਸ ਨੂੰ ਗੁਲਾਬ ਸਿੰਘ ਦਾ ਵਿਰੋਧ ਕਰਨ ਵਾਸਤੇ ਕਿਹਾ ਗਿਆ ਸੀ।

ਲਾਲ ਸਿੰਘ ਵਿਰੁੱਧ ਅੰਗਰੇਜ਼ੀ ਅਦਾਲਤ ਵਿਚ ਮੁਕਦਮਾ ਚੱਲਿਆ। ਉਹ ਕਸੂਰਵਾਰ ਨਿਕਲਿਆ ਤੇ ਪੰਜਾਬ ਵਿਚੋਂ ਜਲਾਵਤਨ ਕਰ ਦਿੱਤਾ ਗਿਆ। ਉਸ ਗੱਦਾਰ ਨੂੰ ਮਿਲੀ ਇਸ ਸਜ਼ਾ ਕਰਕੇ ਕੋਈ ਅੱਖ ਨਹੀਂ ਰੋਈ, ਸਿਵਾਏ ਰਾਣੀ ਜਿੰਦਾਂ ਦੇ। ਇਥੋਂ ਤੱਕ ਕਿ ਦੀਵਾਨ ਦੀਨਾ ਨਾਥ ਜੋ ਅਦਾਲਤ ਵਿਚ ਉਸ ਦਾ ਪੱਖ ਲੈਂਦਾ ਰਿਹਾ, ਸਜ਼ਾ ਵਾਸਤੇ ਸਹਿਮਤ ਸੀ। ਲਾਲ ਸਿੰਘ ਨੇ ਬਾਕੀ ਜ਼ਿੰਦਗੀ ਸ਼ਾਂਤੀ ਤੇ ਸੁਰੱਖਿਆ ਨਾਲ ਦੇਹਰਾਦੂਨ ਤੇ ਮਸੂਰੀ ਕੱਟੀ ਜਿੱਥੇ 1867 ਵਿਚ ਉਸ ਦੀ ਮੌਤ ਹੋ ਗਈ ਸੀ।

ਹੁਣ ਰੀਜੈਂਸੀ ਕੌਂਸਲ ਨੂੰ ਨਵੇਂ ਸਿਰੇ ’ਤੇ ਗਠਨ ਕੀਤਾ ਗਿਆ। ਇਸ ਦੇ ਚਾਰ ਮੈਂਬਰ, ਤੇਜ ਸਿੰਘ, ਦੀਵਾਨ ਦੀਨਾ ਨਾਥ, ਫਕੀਰ ਨੂਰਉਦੀਨ ਅਤੇ ਸ਼ੇਰ ਸਿੰਘ ਅਟਾਰੀਵਾਲਾ ਬਣਾਏ ਗਏ।

ਜਦੋਂ ਲਾਲ ਸਿੰਘ ਉਪਰ ਮੁਕਦਮਾ ਚੱਲ ਹੀ ਰਿਹਾ ਸੀ ਕਿ ਲਹਿਣਾ ਸਿੰਘ ਮਜੀਠੀਆ ਭਾਰਤ ਵਿਚ ਹਿੰਦੂ ਤੀਰਥਾਂ ਦੀ ਲੰਮੀ ਯਾਤਰਾ ਕਰਕੇ ਵਾਪਸ ਆਇਆ। ਉਸ ਨੇ ਰਾਜ ਦੇ 50 ਚੋਣਵੇਂ ਸਰਦਾਰਾਂ ਦੀ ਮੀਟਿੰਗ ਬੁਲਾਈ। ਉਹਨਾਂ ਨੇ ਇਕ ਮਹੀਨਾ ਲਗਾ ਕੇ ਸਿੱਖਾਂ ਵਾਸਤੇ ਇਕ ਨਿਯਮਾਵਲੀ ਤਿਆਰ ਕੀਤੀ। ਲੇਕਿਨ ਲੋਕ ਦਰਬਾਰੀ ਰਾਜ ਦੇ ਸਰਪਰਸਤਾਂ ਨਾਲ ਸੰਤੁਸ਼ਟ ਨਹੀਂ ਸਨ। ਜਲੰਧਰ ਤੇ ਦੋਆਬ ਜੋ ਅੰਗਰੇਜ਼ੀ ਰਾਜ ਵਿਚ ਮਿਲਾ ਲਏ ਸਨ ਤੋਂ ਬੇਚੈਨੀ ਦੀਆਂ ਖ਼ਬਰਾਂ ਆ ਰਹੀਆਂ ਸਨ। ਲੋਕ ਜਾਹਨ ਲਾਰੈਂਸ ਦੇ ਪ੍ਰਸ਼ਾਸਨ ਦੇ ਵਿਰੁੱਧ ਬਗਾਵਤਾਂ ਉਪਰ ਉਤਾਰੂ ਹੋ ਰਹੇ ਸਨ। ਮਜੀਠੀਆ ਸਰਦਾਰ ਇਕ ਵਾਰ ਪੰਜਾਬ ਛੱਡ ਗਿਆ ਤੇ ਹਿੰਦੂ ਤੀਰਥ ਅਸਥਾਨਾਂ ਵੱਲ ਭਰਮਣ ਵਾਸਤੇ ਨਿਕਲ ਗਿਆ।

ਦਸੰਬਰ 1846 ਵਿਚ ਲਾਰਡ ਹਾਰਡਿੰਗ ਇਕ ਵਾਰ ਫਿਰ ਲਾਹੌਰ ਆਇਆ। ਉਹ ‘ਲਾਹੌਰ ਦੀ ਸੰਧੀ’ ਵਿਚ ਕੁਝ ਹੋਰ ਤਰਮੀਮਾਂ ਕਰਕੇ ਇਸ ਨੂੰ ਇਕ ਤਰ੍ਹਾਂ ਨਾਲ ਅੰਗਰੇਜ਼ੀ ਰਾਜ ਵਿਚ ਮਿਲਾ ਲੈਣ ਦਾ ਰਸਤਾ ਬਣਾਉਣਾ ਚਾਹੁੰਦਾ ਸੀ। ਸੰਧੀ ਦੇ ਮੁਤਾਬਕ ਮਹਾਰਾਜਾ ਦੀ ਰਖਵਾਲੀ ਵਾਸਤੇ ਜੋ ਅੰਗਰੇਜ਼ ਫੌਜ ਤੈਨਾਤ ਕੀਤੀ ਸੀ, ਉਹ ਇਕ ਸਾਲ ਵਾਸਤੇ ਸੀ। ਹਾਰਡਿੰਗ ਉਸ ਫੌਜ ਨੂੰ ਹਟਾਉਣਾ ਨਹੀਂ ਚਾਹੁੰਦਾ ਸੀ ਪਰ ਉਹ ਚਾਹੁੰਦਾ ਸੀ ਕਿ ਇਸ ਦੀ ਮੰਗ ਵੀ ਦਰਬਾਰ ਹੀ ਕਰੇ। ਦਰਬਾਰ ਇਹ ਮੰਗ ਕਰਨ ਵਿਚ ਝਿਜਕਦਾ ਸੀ। ਹਾਰਡਿੰਗ ਨੇ 10 ਦਸੰਬਰ, 1846 ਨੂੰ ਕੁੱਰੀ ਨੂੰ ਖ਼ਤ ਲਿਖਿਆ ਕਿ “ਦਰਬਾਰ ਦੀ ਝਿਜਕ ਕੁਦਰਤੀ ਹੈ ਪਰ ਇਹ ਬਹੁਤ ਜ਼ਰੂਰੀ ਹੈ ਕਿ ਤਜਵੀਜ਼ ਉਹਨਾਂ ਵੱਲੋਂ ਹੀ ਹੋਣੀ ਚਾਹੀਦੀ ਹੈ। ਬਣਨ ਵਾਲੀਆਂ ਸਾਰੀਆਂ ਦਸਤਾਵੇਜ਼ਾਂ ਉਹਨਾਂ ਵੱਲੋਂ ਮੰਗਾਂ ਬਣਾਈਆਂ ਜਾਣ ਤੇ

ਉਲਟਾ ਸਾਡੀ ਝਿਜਕ ਪ੍ਰਗਟ ਹੋਣੀ ਚਾਹੀਦੀ ਹੈ ਕਿ ਅਸੀਂ ਵੱਡੀਆਂ ਜ਼ਿੰਮੇਵਾਰੀਆਂ ਨਹੀਂ ਲੈ ਸਕਦੇ।"

ਇਕ ਅਗਲੇ ਖ਼ਤ ਵਿਚ ਹਾਰਡਿੰਗ ਨੇ ਕੁੱਰੀ ਨੂੰ ਹਿਦਾਇਤ ਕੀਤੀ ਕਿ ਉਹ ਸਿੱਖ ਦਰਬਾਰ ਨੂੰ ਇਹ ਤਜਵੀਜ਼ਾਂ ਰੱਖਣ ਵਾਸਤੇ ਤਿਆਰ ਕਰੇ ਤੇ ਸਾਡੀਆਂ ਸੇਵਾਵਾਂ ਦੀਆਂ ਕੀਮਤਾਂ ਦੇਣ ਵਾਸਤੇ ਵੀ।

ਰਾਣੀ ਜਿੰਦਾਂ ਜੋ ਪਹਿਲਾਂ ਲਾਹੌਰ ਵਿਚ ਤੇ ਕਿਲ੍ਹੇ ਵਿਚ ਵੀ ਬ੍ਰਿਟਿਸ਼ ਫੌਜ ਰੱਖਣ ਵਾਸਤੇ ਬਹੁਤ ਉਤਸੁਕ ਸੀ, ਹੁਣ ਲਾਲ ਸਿੰਘ ਦੇ ਚਲੇ ਜਾਣ ਬਾਅਦ ਵਿਚਾਰ ਬਦਲਨ ਲੱਗ ਪਈ ਸੀ। ਉਹ ਆਪਣੇ ਰਾਣੀ ਹੋਣ ਤੇ ਰਾਜਮਾਤਾ ਹੋਣ ਦੇ ਅਧਿਕਾਰ ਨੂੰ ਵਰਤਣ ਵਾਸਤੇ ਕਾਹਲੀ ਸੀ ਤੇ ਪੰਜਾਬ ਵਿਚੋਂ ਅੰਗਰੇਜ਼ੀ ਦਖਲ ਖ਼ਤਮ ਕਰਨਾ ਚਾਹੁੰਦੀ ਸੀ। ਹਰਡਿੰਗ ਰਾਣੀ ਜਿੰਦਾਂ ਤੋਂ ਖਹਿੜਾ ਛੁਡਾਉਣਾ ਚਾਹੁੰਦਾ ਸੀ ਤੇ ਬ੍ਰਿਟਿਸ਼ ਰੈਜ਼ੀਡੈਂਟ ਨੂੰ ਹੀ ਪੰਜਾਬ ਦਾ ਅਸਲ ਹਾਕਮ ਬਣਾਉਣਾ ਚਾਹੁੰਦਾ ਸੀ। ਉਸ ਨੇ 10 ਦਸੰਬਰ 1846 ਨੂੰ ਫਰੈਡਰਿਕ ਕੁੱਰੀ ਨੂੰ ਲਿਖਿਆ, "ਤੁਸੀਂ ਇਕ ਬ੍ਰਿਟਿਸ਼ ਪ੍ਰਸ਼ਾਸਨ ਚਲਾਉਣ ਵਾਸਤੇ ਪੂਰੀ ਤਰ੍ਹਾਂ ਕਾਬਲ ਅਫਸਰ ਹੋ। ਤੁਸੀਂ ਪੰਜਾਬ ਵਰਗੀਆਂ ਮੁਸ਼ਕਿਲ ਤੇ ਗੁੰਝਲਦਾਰ ਹਾਲਤਾਂ ਵਿਚ ਵੀ ਕੰਮਾਂ ਨੂੰ ਨੇਪਰੇ ਲਾ ਸਕਦੇ ਹੋ। ਮੈਨੂੰ ਚਾਹੀਦਾ ਹੈ ਕਿ ਤੁਹਾਨੂੰ ਲੈਫਟੀਨੈਂਟ ਗਵਰਨਰ ਦੇ ਬਰਾਬਰ ਦੀ ਜ਼ਿੰਮੇਵਾਰੀ ਦੇਵਾਂ। ਲਾਰੈਂਸ ਬਾਰੇ ਮੇਰੇ ਮਨ ਵਿਚ ਚੰਗੇ ਖਿਆਲ ਹਨ ਤੇ ਉਸ ਤੋਂ ਬਾਅਦ ਮੈਂ ਤੁਹਾਨੂੰ ਪਹਿਲ ਦੇਂਦਾ ਹਾਂ।"

ਅੰਗਰੇਜ਼ਾਂ ਵਾਸਤੇ ਵਜ਼ੀਰਾਂ ਨੂੰ ਆਪਣੇ ਵੱਲ ਕਰਨਾ ਕੋਈ ਮੁਸ਼ਕਿਲ ਕੰਮ ਨਹੀਂ ਸੀ। ਉਹਨਾਂ ਦੀਆਂ ਜਗੀਰਾਂ ਦੀ ਪੁਸ਼ਟੀ ਕਰ ਦਿੱਤੀ ਸੀ। ਸ਼ੇਰ ਸਿੰਘ ਅਟਾਰੀਵਾਲਾ ਜਿਸ ਦੀ ਭੈਣ ਮਹਾਰਾਜਾ ਦਲੀਪ ਸਿੰਘ ਨਾਲ ਮੰਗੀ ਗਈ ਤੇ ਤੇਜ ਸਿੰਘ ਨੂੰ ਵੀ ਚੰਗੇ ਇਨਾਮ ਦੇ ਦਿੱਤੇ ਗਏ ਸਨ। ਸ਼ੇਰ ਸਿੰਘ ਨੂੰ ਲਾਹੌਰ ਦਾ ਕਿਲ੍ਹੇਦਾਰ ਤੇ ਤੇਜ ਸਿੰਘ ਨੂੰ ਰਾਜਾ ਦਾ ਖਿਤਾਬ ਦਿੱਤਾ ਗਿਆ ਸੀ। ਲਾਹੌਰ ਵਿਚ ਇਕ ਡਰਾਮਾ ਰਚਿਆ ਗਿਆ। ਅੰਗਰੇਜ਼ੀ ਫੌਜੀ ਗੈਰੀਸਨ ਨੇ ਆਪਣੀਆਂ ਕਿੱਟਾਂ ਬੰਨ ਲਈਆਂ ਤੇ ਪੂਰੇ ਜੋਰ ਨਾਲ ਇਥੋਂ ਜਾਣ ਦੀਆਂ ਤਿਆਰੀਆਂ ਕਰਨ ਲੱਗੀਆਂ। ਵਜ਼ੀਰਾਂ ਨੇ ਜ਼ੋਰਦਾਰ ਅਪੀਲਾਂ ਕੀਤੀਆਂ ਕਿ ਉਹ ਰੁਕ ਜਾਣ। ਕੁਝ ਮਜਬੂਰੀਆਂ ਪ੍ਰਗਟ ਕਰਦੀ ਹੋਈ ਤੇ ਝਿਜਕ ਵਿਖਾਉਂਦੀ ਹੋਈ ਅਖੀਰ ਅੰਗਰੇਜ਼ੀ ਫੌਜ ਨੇ ਰੁਕਣਾ ਮੰਨ ਲਿਆਂ। ਉਹਨਾਂ ਤਬੇਲਿਆਂ ਵਿਚ ਆ ਕੇ ਆਪਣੀਆਂ ਕਿੱਟਾਂ ਦੁਬਾਰਾ ਖੋਲ੍ਹਣੀਆਂ ਸ਼ੁਰੂ ਕਰ ਦਿੱਤੀਆਂ।

ਲਾਹੌਰ ਦੀ ਦੂਜੀ ਸੰਧੀ - 16 ਦਸੰਬਰ, 1846

ਲਾਰਡ ਹਾਰਡਿੰਗ ਚਾਹੁੰਦਾ ਸੀ ਕਿ ਮਾਰਚ, 1846 ਵਾਲੀ ਸੰਧੀ ਵਿਚ

ਤਰਮੀਮਾਂ ਕੀਤੀਆਂ ਜਾਣ ਤੇ ਇਕ ਨਵੀਂ ਸੰਧੀ ਬਣਾਈ ਜਾਵੇ। ਉਹ ਚਾਹੁੰਦਾ ਸੀ ਕਿ ਨਾ ਸਿਰਫ਼ ਦਰਬਾਰ ਅੰਗਰੇਜ਼ੀ ਫੌਜਾਂ ਦਾ ਲਾਹੌਰ ਵਿਚ ਰਹਿਣ ਦਾ ਖਰਚਾ ਦੇਂਦਾ ਰਹੇ, ਇਹ ਵੀ ਤੈਅ ਕੀਤਾ ਜਾਵੇ ਕਿ ਜਦੋਂ ਤੱਕ ਮਹਾਰਾਜਾ ਬਾਲਗ ਨਹੀਂ ਹੋ ਜਾਂਦਾ ਬ੍ਰਿਟਿਸ਼ ਸਰਕਾਰ ਹਕੂਮਤ ਦੀ ਵਾਗਡੋਰ ਸੰਭਾਲੇ ਤੇ ਹਿਜ਼ ਹਾਈਨੈਸ ਮਹਾਰਾਜਾ ਦੀ ਹਿਫ਼ਜ਼ਤ ਦੀ ਜ਼ਿੰਮੇਵਾਰੀ ਵੀ ਸੰਭਾਲੇ। ਮਹਾਰਾਜਾ ਦਲੀਪ ਸਿੰਘ 4 ਸਤੰਬਰ 1854 ਨੂੰ 16 ਸਾਲ ਦਾ ਹੋਣਾ ਸੀ। ਰੈਜ਼ੀਡੈਂਟ ਨੂੰ ਰਾਜ ਦੇ ਹਰ ਵਿਭਾਗ ਦਾ ਪੂਰਾ ਅਖ਼ਤਿਆਰ ਦਿੱਤਾ ਗਿਆ ਤੇ ਗਵਰਨਰ ਜਨਰਲ ਜਦੋਂ ਚਾਹੇ ਅੰਗਰੇਜ਼ ਫੌਜੀਆਂ ਨੂੰ ਆਪਣੇ ਤਰੀਕੇ ਨਾਲ ਦਰਬਾਰ ਤੇ ਮਹਾਰਾਜ ਦੀ ਹਿਫ਼ਾਜ਼ਤ ਵਿਚ ਵਰਤ ਸਕਦਾ ਹੈ। ਅਮਨ ਅਮਾਨ ਕਾਇਮ ਕਰਨ ਵਾਸਤੇ ਉਹ ਮੁਨਾਸਬ ਕਦਮ ਚੁੱਕ ਸਕਦਾ ਹੈ।

ਇਥੇ ਇਹ ਸਮਝਨਾ ਜ਼ਰੂਰੀ ਹੈ ਕਿ ਲਾਹੌਰ ਦੀ ਦੂਸਰੀ ਸੰਧੀ ਜਿਸ ਨੂੰ ਭੈਰੋਵਾਲ ਦੀ ਸੰਧੀ ਵੀ ਕਿਹਾ ਜਾਂਦਾ ਹੈ ਕਿਉਂਕਿ ਗਵਰਨਰ ਜਨਰਲ ਨੇ ਇਸ ਦੀ ਪ੍ਰਵਾਨਗੀ ਉਪਰ ਆਪਣੇ ਭੈਰੋਵਾਲ ਦੇ ਕੈਂਪ ਵਿਚ ਦਸਤਖਤ ਕੀਤੇ ਸਨ, ਦੇ ਰਾਹੀਂ ਦਰਬਾਰ ਦੀਆਂ ਸ਼ਕਤੀਆਂ ਬਹੁਤ ਹੀ ਸਿਮਟ ਗਈਆਂ ਸਨ। ਇਸ ਨਾਲ ਬ੍ਰਿਟਿਸ਼ ਰੈਜ਼ੀਡੈਂਟ ਪੰਜਾਬ ਦਾ ਗਵਰਨਰ ਬਣ ਗਿਆ ਸੀ ਤੇ ਉਹ ਸਭ ਤਰ੍ਹਾਂ ਦੀ ਹਕੂਮਤ ਚਲਾਉਣ ਵਾਸਤੇ ਰੀਜੈਂਸੀ ਕੌਂਸਲ ਦੇ ਮੈਂਬਰਾ ਦੀ ਰਾਏ ਦਾ ਪਾਬੰਧ ਨਹੀਂ ਸੀ। ਸੰਧੀ ਵਿਚ ਸਾਫ਼ ਕੀਤਾ ਗਿਆ ਸੀ ਕਿ ਰੈਜ਼ੀਡੈਂਟ ਰੀਜੈਂਸੀ ਕੌਂਸਲ ਦੇ ਮੈਂਬਰਾਂ ਨੂੰ ਬਦਲ ਸਕਦਾ ਹੈ ਤੇ ਕਿਸੇ ਦੀ ਜਗ੍ਹਾ ਕਿਸੇ ਹੋਰ ਨੂੰ ਭਰਤੀ ਕਰ ਸਕਦਾ ਹੈ। ਰਾਜਸੀ ਮਸਲਿਆਂ ਦੇ ਨਾਲ ਨਾਲ ਫੌਜੀ ਮਸਲਿਆਂ ਵਿਚ ਵੀ ਉਸ ਦੀ ਖ਼ੁਦਮੁਖ਼ਤਾਰੀ ਸੀ। ਉਹ ਕਿਸੇ ਜਗ੍ਹਾ ਦੀ ਸਿੱਖ ਗੈਰੀਸਨ ਨੂੰ ਹਟਾ ਕੇ ਉਸ ਦੀ ਜਗ੍ਹਾ ਅੰਗਰੇਜ਼ ਸਿਪਾਹੀ ਤੈਨਾਤ ਕਰ ਸਕਦਾ ਸੀ। ਵਿਹਾਰਕ ਤੌਰ 'ਤੇ ਲਾਹੌਰ ਦੀ ਮਾਰਚ, 1846 ਦੀ ਸੰਧੀ ਤੋਂ ਬਾਅਦ ਪੰਜਾਬ ਇਕ ਆਜ਼ਾਦ ਰਿਆਸਤ ਨਹੀਂ ਰਹਿ ਗਿਆ ਸੀ। ਲਾਰਡ ਹਾਰਡਿੰਗ ਨੇ ਸਾਫ ਕਿਹਾ ਕਿ ਮੈਂ ਅਜਿਹੀਆਂ ਧਾਰਾਵਾਂ ਜੋੜ ਦਿੱਤੀਆਂ ਹਨ ਜਿਸ ਵਿਚ ਦਰਬਾਰ ਦਾ ਮੁਖੀ ਕਿਸੇ ਹੋਰ ਸਰਕਾਰ ਨਾਲ ਕਿਸੇ ਕਿਸਮ ਦੀ ਸੌਦੇਬਾਜ਼ੀ ਨਹੀਂ ਕਰ ਸਕਦਾ। ਉਹ ਕਿਸੇ ਨੂੰ ਵੀ ਆਪਣੀ ਕੋਈ ਜ਼ਮੀਨ ਨਹੀਂ ਦੇ ਸਕਦਾ। ਹਾਰਡਿੰਗ ਦਾ ਕਹਿਣਾ ਸੀ ਕਿ ਹੁਣ ਸ਼ਹਿਜ਼ਾਦਾ ਸਾਡੀਆਂ ਹੱਥਕੜੀਆਂ ਵਿਚ ਹੈ, ਸਾਡੀ ਹਿਫਾਜ਼ਤ ਵਿਚ ਹੈ ਤੇ ਸਾਡਾ ਕਹਿਣਾ ਮੰਨੇਗਾ।

ਭੈਰੋਵਾਲ ਦੀ ਸੰਧੀ ਨਾਲ ਰਾਣੀ ਜਿੰਦਾਂ ਦੀਆਂ ਵੀ ਸਭ ਸ਼ਕਤੀਆਂ ਖੋਹ ਲਈਆਂ ਸਨ। ਉਸ ਨੂੰ ਡੇਢ ਲੱਖ ਰੁਪਈਆ ਪੈਨਸ਼ਨ ਦੇ ਕੇ ਪਾਸੇ ਕਰ ਦਿੱਤਾ ਗਿਆ ਸੀ।

ਲੇਕਿਲ ਜ਼ਨਾਨ ਖਾਨੇ ਦੇ ਪਰਦਿਆਂ ਵਿਚੋਂ ਵੀ ਰਾਣੀ ਜਿੰਦਾਂ ਨੇ ਆਪਣੀ ਅਹਿਮੀਅਤ ਦਾ ਅਹਿਸਾਸ ਕਰਵਾ ਦਿੱਤਾ। ਕਿਉਂਕਿ ਮਹਾਰਾਜਾ ਰਣਜੀਤ ਸਿੰਘ ਦੇ ਪਰਿਵਾਰ ਦੇ ਸਾਰੇ ਬਾਲਗ ਮਰਦ ਲੋਕ ਮਾਰੇ ਜਾ ਚੁਕੇ ਸਨ ਤੇ ਦਲੀਪ ਸਿੰਘ ਨਾਬਾਲਗ ਸੀ, ਆਮ ਲੋਕਾਂ ਦੇ ਸਾਹਮਣੇ ਇਹ ਵਿਧਵਾ ਹੀ ਸਭ ਤੋਂ ਉਪਰ ਸੀ। ਰਾਣੀ ਜਿੰਦਾਂ ਕਿਲ੍ਹੇ ਵਿਚ ਆਪਣਾ ਅਸਰ ਰਸੂਖ ਬਣਾਈ ਰੱਖਦੀ ਸੀ। ਫਰੰਗੀਆਂ ਵੱਲੋਂ ਕਈ ਪਾਬੰਦੀਆਂ ਦੇ ਬਾਵਜੂਦ ਉਹ ਰਾਜਮਾਤਾ ਸੀ। ਬ੍ਰਿਟਿਸ਼ ਰੈਜ਼ੀਡੈਂਟ ਨੇ ਉਸ ਨੂੰ ਰਸਤੇ ਵਿਚੋਂ ਕੱਢਣ ਦੀ ਸਕੀਮ ਬਣਾਈ।

ਇਸ ਕੰਮ ਦੀ ਪਹਿਲੀ ਕੋਸ਼ਿਸ਼ ਫਰਵਰੀ, 1847 ਨੂੰ ਕੀਤੀ ਗਈ ਸੀ। ਕਿਸੇ ਪਰੇਮਾਂ ਨਾਂ ਦੀ ਔਰਤ ਉਪਰ ਇਲਜ਼ਾਮ ਲਗਾਇਆ ਕਿ ਉਹ ਅੰਗਰੇਜ਼ ਰੈਜ਼ੀਡੈਂਟ ਤੇ ਤੇਜ ਸਿੰਘ ਨੂੰ ਬਸੰਤ ਪੰਚਮੀ ਦੇ ਮੌਕੇ ਕਤਲ ਕਰਨਾ ਚਾਹੁੰਦੀ ਸੀ। ਪਰੇਮਾਂ ਦਾ ਮੇਲ ਜੋਲ ਮਹਾਰਾਣੀ ਦੀ ਇਕ ਕਲਰਕ ਨਾਲ ਸੀ ਤੇ ਇਹ ਚਰਚਾ ਕੀਤੀ ਗਈ ਕਿ ਕਤਲਾਂ ਦੀ ਸਾਜਿਸ਼ ਵਿਚ ਮਹਾਰਾਣੀ ਦਾ ਹੱਥ ਸੀ। ਗਵਾਹੀ ਪਾਏਦਾਰ ਨਹੀਂ ਸੀ ਤੇ ਲਾਰਡ ਹਾਰਡਿੰਗ ਨੇ ਰੈਜ਼ੀਡੈਂਟ ਨੂੰ ਕਿਹਾ ਕਿ ਉਹ ਮਹਾਰਾਣੀ ਜਿੰਦਾਂ ਨੂੰ ਇਸ ਕੇਸ ਵਿਚ ਨਾ ਘਸੀਟੇ ਲੇਕਿਨ ਉਸ ਨੇ ਕਿਸੇ ਹੋਰ ਤਰੀਕੇ ਨਾਲ ਰਾਣੀ ਜਿੰਦਾਂ ਦਾ ਅਸਰ ਘਟਾਉਣ ਵਾਸਤੇ ਜ਼ਰੂਰ ਉਤਸ਼ਾਹਤ ਕੀਤਾ।

ਦੂਸਰੀ ਕੋਸ਼ਿਸ਼ ਵੀ ਇਤਨੀ ਹੀ ਕੱਚੀ ਸੀ ਪਰ ਉਸ ਨਾਲ ਰੈਜ਼ੀਡੈਂਟ ਨੂੰ ਗਵਰਨਰ ਜਨਰਲ ਦੀ ਮੰਨਜ਼ੂਰੀ ਮਿਲ ਗਈ ਸੀ। ਉਸ ਨੇ 7 ਅਗਸਤ, 1847 ਨੂੰ ਦਰਬਾਰ ਸੱਦਿਆ ਤੇ ਮਹਾਰਾਜਾ ਦਲੀਪ ਸਿੰਘ ਨੂੰ ਕਿਹਾ ਕਿ ਉਹ ਉਹਨਾਂ ਸਰਦਾਰਾਂ ਨੂੰ ਸਨਮਾਨ ਦੇਵੇ ਜਿਹਨਾਂ ਨੇ ਅੰਗਰੇਜ਼ਾਂ ਦੀ ਖਿਦਮਤ ਵਿਚ ਚੰਗੇ ਕੰਮ ਕੀਤੇ ਸਨ। ਇਸ ਲਿਸਟ ਵਿਚ ਸਭ ਤੋਂ ਉਪਰ ਤੇਜ ਸਿੰਘ ਦਾ ਨਾਮ ਸੀ। ਜਦੋਂ ਤੇਜ ਸਿੰਘ ਸਨਮਾਨ ਲੈਣ ਵਾਸਤੇ ਤਖਤ ਦੇ ਸਾਹਮਣੇ ਪਹੁੰਚਿਆ ਤਾਂ ਮਹਾਰਾਜਾ ਨੇ ਹੱਥ ਜੋੜ ਲਏ ਤੇ ਉਸ ਦੇ ਮੱਥੇ ਉਪਰ ਸੰਦੂਰ ਦਾ ਟਿੱਕਾ ਲਗਾਉਣ ਤੋਂ ਇਨਕਾਰ ਕਰ ਦਿੱਤਾ। ਹੈਨਰੀ ਲਾਰੈਂਸ ਨੇ ਗਵਰਨਮੈਂਟ ਨੂੰ ਲਿਖਿਆ ਕਿ "ਹਿਜ਼ ਹਾਈਨੈਸ ਪਿਛੇ ਹਟ ਕੇ ਆਪਣੇ ਤਖ਼ਤ ਉਪਰ ਬੈਠ ਗਏ ਜੋ ਉਹਨਾਂ ਦੀ ਉਮਰ ਤੇ ਸੁਭਾਅ ਦੇ ਮੁਤਾਬਕ ਹੈਰਾਨੀ ਵਾਲਾ ਕਦਮ ਸੀ।" ਉਸ ਨੇ ਇਸ ਦੇ ਪਿੱਛੇ ਅਦਿੱਖ ਹੱਥ ਰਾਜਮਾਤਾ ਮਹਾਰਾਣੀ ਜਿੰਦਾਂ ਦਾ ਮਹਿਸੂਸ ਕੀਤਾ ਤੇ ਦੋ ਦਿਨ ਬਾਅਦ ਹੀ ਉਸ ਦੀ ਜਲਾਵਤਨੀ ਦਾ ਐਲਾਨ ਕੀਤਾ। ਅਗਸਤ ਦੇ ਮਹੀਨੇ ਵਿਚ ਹੀ ਮਹਾਰਾਣੀ ਗਵਰਨਰ ਜਨਰਲ ਦੇ ਹੁਕਮ ਨਾਲ ਲਾਹੌਰ ਵਿਚੋਂ ਬੇ ਦਖਲ ਕਰ ਦਿੱਤੀ। ਗਵਰਨਰ ਜਨਰਲ ਪਹਿਲਾਂ ਵੀ ਕਹਿ ਚੁਕਿਆ ਸੀ ਕਿ ਉਹ ਸ਼ਹਿਜ਼ਾਦੇ ਦੀ ਸਿੱਖਿਆ ਤੇ ਪਰਵਰਸ਼ ਵਾਸਤੇ ਇਕ ਪਿਤਾ ਦੀ ਤਰ੍ਹਾਂ ਜ਼ਿੰਮੇਵਾਰੀ ਸਮਝਦਾ ਹੈ, ਇਸੇ ਰਿਸ਼ਤੇ ਨੂੰ ਦੋਹਰਾਂਦਿਆਂ ਉਸ ਨੇ ਕਿਹਾ ਕਿ ਉਸ ਦੀ ਚੰਗੀ ਸਿੱਖਿਆ ਤੇ

ਆਪਾ ਵਿਸ਼ਵਾਸ ਵਾਸਤੇ ਉਸ ਦਾ ਆਪਣੀ ਮਾਂ ਤੋਂ ਅੱਡ ਰਹਿਣਾ ਜ਼ਰੂਰੀ ਸਮਝਿਆ ਜਾ ਰਿਹਾ ਹੈ।

ਰਾਣੀ ਜਿੰਦਾਂ ਦੀ ਪੈਨਸ਼ਨ ਵੀ ਘਟਾ ਕੇ ਪਹਿਲਾਂ ਨਾਲੋਂ ਤੀਜਾ ਹਿੱਸਾ, 48,000 ਰੁਪੈ ਸਾਲਾਨਾ ਕਰ ਦਿੱਤੀ ਤੇ ਉਸ ਨੂੰ ਸ਼ੇਖੂਪੁਰਾ ਦੇ ਕਿਲ੍ਹੇ ਵਿਚ ਨਜ਼ਰਬੰਦ ਕਰ ਦਿੱਤਾ। ਮਹਾਰਾਣੀ ਨੇ ਲੋਕਾਂ ਦੇ ਜਜ਼ਬਾਤ ਦੀ ਤਰਜਮਾਨੀ ਕੀਤੀ ਜਦੋਂ ਉਸ ਨੇ ਹੈਨਰੀ ਲਾਰੈਂਸ ਨੂੰ ਲਿਖਿਆ, "ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਕਦੇ ਵੀ ਕਿਸੇ ਸ਼ਾਹੀ ਘਰਾਣੇ ਨਾਲ ਇਸ ਤਰ੍ਹਾਂ ਦਾ ਸਲੂਕ ਨਹੀਂ ਹੋਇਆ ਜਿਸ ਤਰ੍ਹਾਂ ਦਾ ਤੁਸੀਂ ਸਾਡੇ ਨਾਲ ਕਰ ਰਹੇ ਹੋ। ਇਸ ਤਰ੍ਹਾਂ ਗੁਪਤ ਤਰੀਕੇ ਨਾਲ ਇਸ ਰਿਆਸਤ ਦੇ ਬਾਦਸ਼ਾਹ ਬਣਨ ਦੀ ਬਜਾਏ ਤੁਸੀਂ ਖੁੱਲ੍ਹੇ ਆਮ ਆਪਣੇ ਵਾਸਤੇ ਇਹ ਰੁਤਬਾ ਕਿਉਂ ਨਹੀਂ ਐਲਾਨ ਕਰ ਦੇਂਦੇ। ਤੁਸੀਂ ਦੋਸਤੀ ਦੀਆਂ ਗੱਲਾਂ ਕਰਦੇ ਹੋ ਤੇ ਸਾਨੂੰ ਕੈਦ ਵਿਚ ਧੱਕਦੇ ਹੋ। ਤੁਸੀਂ ਲਾਹੌਰ ਵਿਚ ਗੱਦਾਰ ਪਾਲ ਲਏ ਹਨ ਤੇ ਹੁਣ ਉਹਨਾਂ ਦੀ ਮਦਦ ਨਾਲ ਪੰਜਾਬ ਨੂੰ ਮਾਰ ਰਹੇ ਹੋ।"

10

ਭਾਈ ਮਹਾਰਾਜ ਸਿੰਘ ਤੇ ਰਾਣੀ ਜਿੰਦਾਂ ਦੀ ਜਲਾਵਤਨੀ

ਰੈਜ਼ੀਡੈਂਟ ਦੇ ਰਾਜ ਦੇ ਇਕ ਸਾਲ ਬਾਦ ਪੰਜਾਬੀਆਂ ਨੂੰ ਅਹਿਸਾਸ ਹੋ ਗਿਆ ਸੀ ਕਿ ਆਪਣੀਆਂ ਪਹਿਲੀਆਂ ਜਿੱਤਾਂ ਨੂੰ ਪੱਕਿਆਂ ਕਰਨ ਤੋਂ ਬਾਅਦ ਅੰਗਰੇਜ਼ ਸਾਰੇ ਪੰਜਾਬ ਨੂੰ ਆਪਣੇ ਕਬਜ਼ੇ ਵਿਚ ਲੈ ਲੈਣਗੇ। ਬੇਚੈਨੀ ਵਧਦੀ ਜਾ ਰਹੀ ਸੀ ਤੇ ਇਲਾਕੇ ਦੀ ਕਿਰਸਾਨੀ ਜਲਦੀ ਹੀ ਇਕ ਕਿਸਾਨ ਲੀਡਰ, ਲੁਧਿਆਣਾ ਦੇ ਨਜ਼ਦੀਕ ਪਿੰਡ ਰੱਬੋਂ ਦੇ ਵਸਨੀਕ ਮਹਾਰਾਜ ਸਿੰਘ, ਦੇ ਘੇਰੇ ਵਿਚ ਇਕੱਠੀ ਹੋ ਗਈ। ਮਹਾਰਾਜ ਸਿੰਘ ਭਾਈ ਬੀਰ ਸਿੰਘ ਦੇ ਡੇਰੇ ਨਾਲ ਸੰਬੰਧਤ ਸੀ ਤੇ ਜਦੋਂ 1844 ਵਿਚ ਦਰਬਾਰ ਦੀਆਂ ਫੌਜਾਂ ਦੇ ਹੱਥੋਂ ਭਾਈ ਜੀ ਦੀ ਮੌਤ ਹੋਈ ਸੀ ਤਾਂ ਮਹਾਰਾਜ ਸਿੰਘ ਡੇਰੇ ਵਿਚ ਹੀ ਸੀ। ਭਾਈ ਬੀਰ ਸਿੰਘ ਤੋਂ ਬਾਅਦ ਮਹਾਰਾਜ ਸਿੰਘ ਹੀ ਨਾਰੰਗਾਬਾਦ ਦੇ ਉਸ ਡੇਰੇ ਦਾ ਮੁਖੀ ਬਣਿਆ ਤੇ ਭਾਈ ਸਾਹਿਬ ਦੀ ਤਰ੍ਹਾਂ ਜਲਦੀ ਹੀ ਮਾਝਾ, ਮਾਲਵਾ ਤੇ ਦੋਆਬਾ ਦੀ ਸਿੱਖ ਕਿਰਸਾਨੀ ਵਿਚ ਬਹੁਤ ਹਰਮਨ ਪਿਆਰਾ ਹੋ ਗਿਆ। ਉਸ ਨੂੰ 'ਗੁਰੂ' ਕਿਹਾ ਜਾਂਦਾ ਸੀ ਤੇ ਉਸ ਦੇ ਅਸਰ ਹੇਠ ਆਉਣ ਵਾਲੀਆਂ ਵੱਡੀਆਂ ਹਸਤੀਆਂ ਵਿਚ ਮਹਾਰਾਣੀ ਜਿੰਦਾਂ ਤੇ ਦਰਬਾਰ ਦੇ ਹੋਰ ਕਈ ਅਹੁਦੇਦਾਰ ਸਨ। ਭਾਈ ਜੀ ਨੇ ਕੇਂਦਰੀ ਪੰਜਾਬ ਵਿਚ ਕਈ ਸਭਾਵਾਂ ਕੀਤੀਆਂ ਤੇ ਲੋਕਾਂ ਨੂੰ ਆਪਣੇ ਵਤਨ ਦੀ ਰੱਖਿਆ ਵਾਸਤੇ ਅੱਗੇ ਆਉਣ ਵਾਸਤੇ ਕਿਹਾ। ਉਸ ਨੇ ਰਾਣੀ ਜਿੰਦਾਂ ਦਾ ਨਾਮ ਉਸ ਹੇਠਲੀ ਪੱਧਰ ਤੋਂ ਕੱਢ ਲਿਆ ਜਿੱਥੇ ਬਾਜ਼ਾਰ ਦੀਆਂ ਕਾਨਾਫੂਸੀਆਂ ਕਰਕੇ ਡੇਗਿਆ ਗਿਆ ਸੀ ਤੇ ਉਸ ਨੂੰ ਖਾਲਸਾ ਮਾਤਾ ਦੀ ਵੱਡੀ ਪਦਵੀ ਨਾਲ ਨਿਵਾਜ਼ਿਆ। ਅੰਗਰੇਜ਼ ਰੈਜ਼ੀਡੈਂਟ ਸਮਝ ਗਿਆ ਕਿ ਭਾਈ ਦੀਆਂ ਸਰਗਰਮੀਆਂ ਉਹਨਾਂ ਵੱਲੋਂ ਸਾਰੇ ਪੰਜਾਬ ਉਪਰ ਕਬਜ਼ਾ ਕਰਨ ਦੀਆਂ ਕੋਸ਼ਿਸ਼ਾਂ ਨੂੰ ਧੱਕਾ ਲਾ ਸਕਦੀਆਂ ਹਨ। ਉਸ ਨੇ ਭਾਈ ਨੂੰ

ਗਿਰਫ਼ਤਾਰ ਕਰਨ ਦਾ ਹੁਕਮ ਸੁਣਾ ਦਿੱਤਾ। ਭਾਈ ਪੁਲੀਸ ਨੂੰ ਚਕਮਾ ਦੇ ਕੇ ਰੂਪੋਸ਼ ਹੋ ਗਿਆ ਤੇ ਜਿੱਥੇ ਵੀ ਜਾਂਦਾ, ਬਹੁਤ ਵੱਡੀ ਭੀੜ ਉਸ ਨੂੰ ਸੁਣਨ ਵਾਸਤੇ ਇਕੱਠੀ ਹੋ ਜਾਂਦੀ। ਰੈਜ਼ੀਡੈਂਟ ਨੇ ਸੋਚਿਆ ਕਿ ਚੰਗੀ ਗੱਲ ਇਹ ਹੋਵੇਗੀ ਕਿ ਉਹ ਠੀਕ ਬਹਾਨਾ ਲਗਾ ਕੇ ਰਾਣੀ ਨੂੰ ਪੰਜਾਬ ਤੋਂ ਬਾਹਰ ਕੱਢ ਦੇਵੇ ਜਿਹੜੀ ਪੰਜਾਬੀਆਂ ਵਿਚ ਬੇਚੈਨੀ ਦਾ ਚਿੰਨ੍ਹ ਬਣਦੀ ਜਾ ਰਹੀ ਹੈ।

ਮਈ 1848 ਵਿਚ ਦੇਸੀ ਸਿਪਾਹੀਆਂ ਦੀ ਵਫ਼ਾਦਰੀ ਬਾਰੇ ਸ਼ੰਕਾ ਪੈਦਾ ਕਰਨ ਦੀ ਸਾਜਿਸ਼ ਸਾਹਮਣੇ ਆ ਗਈ। ਇਕ ਤੇਜ਼ੀ ਨਾਲ ਚਲਾਏ ਮੁਕਦਮੇ ਬਾਅਦ ਤਿੰਨਾਂ ਨੂੰ ਫਾਂਸੀ ਦੇ ਦਿੱਤੀ ਗਈ ਤੇ ਇਕ ਨੂੰ ਦੇਸ ਨਿਕਾਲਾ ਕਰ ਦਿੱਤਾ। ਰੈਜ਼ੀਡੈਂਟ ਦਾ ਖਿਆਲ ਸੀ ਮਹਾਰਾਣੀ ਜਿੰਦਾਂ ਇਸ ਸਾਜਿਸ਼ ਵਿਚ ਪੂਰੀ ਤਰ੍ਹਾਂ ਸ਼ਾਮਿਲ ਸੀ। ਇਸ ਦੇ ਬਾਵਜੂਦ ਕਿ ਇਸ ਦੇ ਕੋਈ ਪਾਏਦਾਰ ਸਬੂਤ ਨਹੀਂ ਸਨ ਤੇ ਰੀਜੈਂਸੀ ਕੌਂਸਲ ਵੱਲੋਂ ਇਸ ਦਾ ਪੂਰਾ ਵਿਰੋਧ ਕੀਤਾ ਜਾਂਦਾ ਸੀ, ਉਸ ਨੇ ਰਾਣੀ ਜਿੰਦਾਂ ਨੂੰ ਪੰਜਾਬ ਵਿਚੋਂ ਜਲਾਵਤਨ ਕਰਨ ਦਾ ਹੁਕਮ ਦੇ ਦਿੱਤਾ। ਰਾਣੀ ਦੇ ਸਾਰੇ ਸਮਾਨ ਦੀ ਚੰਗੀ ਤਰ੍ਹਾਂ ਤਲਾਸ਼ੀ ਲਈ ਗਈ ਹਾਲਾਂਕਿ ਉਸ ਵਿਚੋਂ ਕੁਝ ਵੀ ਇਤਰਾਜ਼ ਯੋਗ ਨਹੀਂ ਮਿਲ ਸਕਿਆ। ਜਿਹੜਾ ਅਫਸਰ ਮਹਾਰਾਣੀ ਦੀ ਤਲਾਸ਼ੀ ਅਤੇ ਜਲਾਵਤਨੀ ਦੇ ਹੁਕਮ ਨੂੰ ਲਾਗੂ ਕਰਨ ਉਪਰ ਲਗਾਇਆ ਸੀ, ਉਸ ਨੇ ਮਹਾਰਾਣੀ ਦੇ ਸਮਾਨ ਵਿਚੋਂ ਬਹੁਤ ਸਾਰੇ ਪੱਤਰੇ ਫਰੋਲ ਕੇ ਕੀਮਤੀ ਜ਼ੇਵਾਰਾਤ ਕੱਢ ਲਏ। ਉਸ ਨੂੰ ਤਕੜੇ ਹਥਿਆਰਬੰਦ ਦਸਤੇ ਦੇ ਪਹਿਰੇ ਹੇਠ ਬਨਾਰਸ ਲਿਜਾਇਆ ਗਿਆ ਤੇ ਪੈਨਸ਼ਨ ਹੋਰ ਘਟਾ ਕੇ 12,000 ਰੁਪੈ ਸਾਲਾਨਾ ਕਰ ਦਿੱਤੀ।

ਮਹਾਰਾਣੀ ਨਾਲ ਕੀਤੇ ਇਸ ਸਲੂਕ ਕਰਕੇ ਲੋਕਾਂ ਵਿਚ ਬਹੁਤ ਗੁੱਸਾ ਪੈਦਾ ਹੋ ਗਿਆ। ਹਾਲਾਂਕਿ ਅੰਗਰੇਜ਼ ਅਧਿਕਾਰੀ ਐਡਵਰਡ ਨੇ ਲਿਖਿਆ ਕਿ 'ਸ਼ੇਖੂਪੁਰਾ ਦੇ ਲੋਕ ਮਹਾਰਾਣੀ ਨੂੰ ਭੁੱਲ ਚੁੱਕੇ ਹਨ। ਪੰਜਾਬ ਵਿਚ ਉਸ ਦਾ ਕੋਈ ਪ੍ਰਭਾਵ ਨਹੀਂ ਰਿਹਾ ਤੇ ਕੋਈ ਇਕ ਵੀ ਬੰਦਾ ਨਹੀਂ ਜੋ ਰਾਣੀ ਦੀ ਖਾਤਰ ਬੰਦੂਕ ਚੁੱਕੇਗਾ।' ਲੇਕਿਨ ਇਹ ਪ੍ਰਭਾਵ ਰੈਜ਼ੀਡੈਂਟ ਦੇ ਐਕਸ਼ਨ ਨਾਲ ਇਕ ਦਮ ਪੈਦਾ ਹੋ ਗਿਆ ਸੀ। ਜਲਾਵਤਨੀ ਦੇ ਇਕ ਹਫ਼ਤਾ ਬਾਅਦ ਹੀ ਰੈਜ਼ੀਡੈਂਟ ਨੇ ਗਵਰਨਰ ਜਨਰਲ ਨੂੰ ਲਿਖਿਆ ਕਿ, "ਮਹਾਰਾਣੀ ਦੀ ਜਲਾਵਤਨੀ ਦੀ ਖਬਰ ਨਾਲ ਖਾਲਸਾ ਫ਼ੌਜ ਵਿਚ ਹਿਲਜੁੱਲ ਸ਼ੁਰੂ ਹੋ ਗਈ ਜਾਪਦੀ ਹੈ। ਉਹ ਉਸ ਨੂੰ ਖਾਲਸਾ ਮਾਤਾ ਸਮਝਦੇ ਹਨ ਤੇ ਹੁਣ ਉਹ ਇਥੋਂ ਚਲੇ ਗਈ ਹੈ ਤੇ ਮਹਾਰਾਜਾ ਦਲੀਪ ਸਿੰਘ ਸਾਡੇ ਹੱਥਾਂ ਵਿਚ ਹੈ। ਪਤਾ ਨਹੀਂ ਉਹ ਹੁਣ ਕਿਸ ਵਾਸਤੇ ਲੜਨਗੇ।"

ਇਥੋਂ ਤੱਕ ਕਿ ਅਫ਼ਗਾਨਿਸਤਾਨ ਦੇ ਮੀਰ ਦੋਸਤ ਮੁਹੰਮਦ ਖਾਨ ਨੇ ਵੀ ਪੰਜਾਬੀ ਲੋਕਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ। ਕੈਪਟਨ ਅੱਬੋਰਟ ਦੇ ਨਾਮ ਇਕ ਖਤ ਵਿਚ ਦੋਸਤ ਮੁਹੰਮਦ ਨੇ ਲਿਖਿਆ, "ਇਸ ਵਿਚ ਕੋਈ ਸ਼ੱਕ ਨਹੀਂ

ਕਿ ਸਿੱਖਾਂ ਵਿਚ ਦਿਨੋ ਦਿਨ ਬੇਚੈਨੀ ਵਧਦੀ ਜਾਂਦੀ ਹੈ। ਕੁਝ ਸਿੱਖ ਸਿਪਾਹੀਆਂ ਨੂੰ ਨੌਕਰੀ ਤੋਂ ਕੱਢ ਦਿੱਤਾ ਤੇ ਬਹੁਤ ਸਾਰਿਆਂ ਨੂੰ ਹਿੰਦੁਸਤਾਨ ਭੇਜ ਦਿੱਤਾ ਗਿਆ ਹੈ। ਖਾਸ ਤੌਰ ਤੇ ਮਹਾਰਾਜਾ ਦਲੀਪ ਸਿੰਘ ਦੀ ਮਾਤਾ ਨਾਲ ਤੁਹਾਡਾ ਵਿਹਾਰ ਚੰਗਾ ਨਹੀਂ ਰਿਹਾ। ਉਸ ਨਾਲ ਬੁਰਾ ਸਲੂਕ ਕੀਤਾ ਹੈ ਤੇ ਉਸ ਨੂੰ ਜੇਲ ਵਿਚ ਭੇਜਿਆ ਗਿਆ ਹੈ। ਇਹ ਵਿਹਾਰ ਇਤਰਾਜ਼ ਯੋਗ ਹੈ ਅਤੇ ਅਜਿਹੇ ਸਲੂਕ ਨਾਲੋਂ ਤਾਂ ਬੰਦਾ ਮਰਨਾ ਪਸੰਦ ਕਰਦਾ ਹੈ।"

ਇਹ ਬਿਆਨ ਮੁਲਤਾਨ ਦੀ ਇਕ ਘਟਨਾ ਦੇ ਹਵਾਲੇ ਵਿਚ ਦਿੱਤਾ ਗਿਆ ਜੋ ਇਕ ਮਹੀਨਾਂ ਪਹਿਲਾਂ ਵਾਪਰੀ ਸੀ ਤੇ ਜਿਸ ਨੇ ਸਾਰੇ ਪੰਜਾਬ ਨੂੰ ਝੰਝੋੜ ਦਿੱਤਾ ਸੀ।

ਜਿਲ੍ਹਾ ਮੁਲਤਾਨ ਦੇ ਇੰਤਜ਼ਾਮ ਦੀ ਬਹੁਤ ਚੰਗੇ ਤਰੀਕੇ ਦੀ ਦੇਖਭਾਲ ਦੀਵਾਨ ਸਾਵਨ ਮੱਲ ਚੋਪੜਾ ਕਰਦਾ ਸੀ ਜਿਸ ਦਾ 1844 ਵਿਚ ਕਤਲ ਹੋ ਗਿਆ ਸੀ। ਸਾਵਨ ਮੱਲ ਦੇ ਪੰਜ ਪੁੱਤਰ ਸਨ। ਸਭ ਤੋਂ ਵੱਡਾ ਮੂਲ ਰਾਜ ਝੰਗ ਦਾ ਕੰਮ ਸਭਾਲਦਾ ਸੀ, ਉਸ ਦੇ ਛੋਟੇ ਭਰਾ ਕਰਮ ਨਰਾਇਣ ਨੂੰ ਲੇਆਹ ਦੀ ਜ਼ਿੰਮੇਵਾਰੀ ਮਿਲੀ ਸੀ। ਪਿਤਾ ਦੇ ਮਰਨ ਤੋਂ ਬਾਅਦ ਮੂਲ ਰਾਜ ਜਿਸ ਨੂੰ ਮੂਲਾ ਕਿਹਾ ਜਾਂਦਾ ਸੀ ਪਿਤਾ ਦੀ ਜਗੀਰ ਦਾ ਮਾਲਕ ਬਣਿਆ ਤੇ ਉਸ ਨੂੰ 30 ਲੱਖ ਰੁਪਈਆ ਵਿਰਾਸਤ ਦੀ ਫੀਸ ਦੇਣ ਦਾ ਹੁਕਮ ਹੋਇਆ ਸੀ। ਉਸ ਤੋਂ ਬਾਅਦ 1844 ਤੋ 1845 ਦੀਆਂ ਸੱਤਲੁਜ ਦੀਆਂ ਲੜਾਈਆਂ ਤੇ ਫਿਰ ਲਾਹੌਰ ਉਪਰ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ। ਇਸ ਵਿਚ ਮੂਲ ਰਾਜ ਨੇ ਅਦਾਇਗੀ ਦਾ ਕੰਮ ਰੋਕੀ ਰੱਖਿਆ। ਐਕਟਿੰਗ ਰੈਜ਼ੀਡੈਂਟ ਨੇ ਜਦੋਂ ਵਸੂਲੀ ਦਾ ਕੰਮ ਸ਼ੁਰੂ ਕੀਤਾ ਤਾਂ ਮੂਲੇ ਨੇ ਰਕਮ ਘੱਟ ਕਰਨ ਦੀ ਦਰਖਾਸਤ ਕੀਤੀ। ਉਸ ਦੀ ਰਕਮ ਘਟਾ ਕੇ 20 ਲੱਖ ਕਰ ਦਿੱਤੀ ਪਰ ਉਸ ਤੋਂ ਝੰਗ ਦਾ ਜ਼ਿਲ੍ਹਾ ਲੈ ਲਿਆ ਜੋ ਉਸ ਦੀ ਜਗੀਰ ਦਾ ਤੀਸਰਾ ਹਿਸਾ ਬਣਦਾ ਸੀ। ਉਸ ਦੇ ਖਿਲਾਫ ਪਿਛਲੇ ਤਿੰਨ ਸਾਲ ਦੇ ਲਾਗਾਨ ਦਾ ਬਕਾਇਆ ਵੀ 13 ਲੱਖ 74 ਹਜ਼ਾਰ ਰੁਪੱਈਆ ਕੱਢ ਦਿੱਤਾ। ਦੀਵਾਨ ਨੇ ਇਹ ਸ਼ਰਤਾਂ ਮੰਨ ਲਈਆਂ ਪਰ ਜਲਦੀ ਵੇਖਿਆ ਕਿ ਉਹ ਇਹ ਰਕਮ ਨਹੀਂ ਤਾਰ ਸਕਦਾ ਕਿਉਂਕਿ ਉਸ ਦੀ ਵੱਡੀ ਆਮਦਨ ਦਰਿਆ ਰਾਹੀਂ ਢੋਆ ਢੁਆਈ ਉਪਰ ਮਸੂਲ ਦੀ ਸੀ ਜੋ ਰੈਜ਼ੀਡੈਂਟ ਨੇ ਖ਼ਤਮ ਕਰ ਦਿੱਤਾ ਸੀ। ਮੂਲ ਰਾਜ ਦਾ ਇਕ ਦੁਸ਼ਮਣ ਲਾਹੌਰ ਦਰਬਾਰ ਵਿਚ ਰਾਜਾ ਲਾਲ ਸਿੰਘ ਬੈਠਾ ਸੀ ਜਿਸ ਦਾ ਉਸ ਦੇ ਭਰਾ ਕਰਮ ਨਰਾਇਣ ਨਾਲ ਕੋਈ ਝਗੜਾ ਸੀ ਜੋ ਮੁਲਤਾਨ ਛੱਡ ਕੇ ਲਾਹੌਰ ਬੈਠਾ ਸੀ। ਲਾਲ ਸਿੰਘ ਨੇ ਰੈਜ਼ੀਡੈਂਟ ਰਾਹੀਂ ਮੂਲ ਰਾਜ ਉਪਰ ਦਬਾਅ ਪਵਾਇਆ ਤੇ ਮੂਲ ਰਾਜ ਨੇ ਦਸੰਬਰ 1847 ਨੂੰ ਅਸਤੀਫ਼ਾ ਦੇ ਦਿੱਤਾ। ਲੇਕਿਨ ਉਸ ਨੂੰ ਮਾਰਚ 1848 ਤੱਕ ਕੰਮ ਉਪਰ ਬਣੇ ਰਹਿਣ ਵਾਸਤੇ ਮਨਾ ਲਿਆ ਗਿਆ ਜਦੋਂ ਕਿ ਹਾੜੀ ਦੀ ਫਸਲ ਆਉਣ ਵਾਲੀ ਸੀ।

ਮੂਲ ਰਾਜ ਦੇ ਅਸਤੀਫ਼ੇ ਤੋਂ ਬਾਅਦ ਅੰਗਰੇਜ਼ਾਂ ਨੂੰ ਆਜ਼ਾਦ ਪੰਜਾਬ ਦੇ ਵੱਡੇ ਹਿੱਸੇ ਉਪਰ ਕਬਜ਼ੇ ਦਾ ਰਸਤਾ ਮਿਲ ਗਿਆ। ਹਾਲਾਂਕਿ ਇਸ ਦਾ ਵਿਖਾਵਾ ਬਿਲਕੁੱਲ ਨਹੀਂ ਕੀਤਾ ਜਾਂਦਾ ਸੀ। ਇਕ ਪੰਜਾਬੀ ਅਫਸਰ ਕਾਹਨ ਸਿੰਘ ਨੂੰ ਮੂਲ ਰਾਜ ਦੀ ਜਗ੍ਹਾ ਮੁਕਰਰ ਕਰ ਦਿੱਤਾ ਗਿਆ। ਇਸ ਸਰਦਾਰ ਦੇ ਨਾਲ ਦੋ ਅੰਗਰੇਜ਼ ਅਫਸਰ ਵਾਂਸ ਐਗਨੀਊ ਤੇ ਲੈਫਟੀਨੈਂਟ ਐਂਡਰਸਨ ਨੂੰ ਭੇਜਿਆ ਜੋ ਪੂਰਬ ਦੀਆਂ ਭਾਸ਼ਾਵਾਂ ਤੋਂ ਇਲਾਵਾ ਸਿੰਧ ਤੇ ਮੁਲਤਾਨ ਦਾ ਵੀ ਚੰਗਾ ਜਾਣਕਾਰ ਸੀ। ਅੰਗਰੇਜ਼ਾਂ ਨੇ ਹੀ ਉਸ ਸੂਬੇ ਦੇ ਅਸਲ ਹਾਕਮ ਹੋਣਾ ਸੀ। ਇਹਨਾਂ ਦੋ ਅੰਗਰੇਜ਼ ਅਫਸਰਾਂ ਤੇ ਕਾਹਨ ਸਿੰਘ ਨਾਲ 14 ਹਜ਼ਾਰ ਦਰਬਾਰ ਦੇ ਸਿਪਾਹੀ, ਇਕ ਗੋਰਖਾ ਪਿਆਦਾ ਰੈਜਮੈਂਟ, 700 ਘੋੜ ਸਵਾਰ ਤੇ ਇਕ ਸੌ ਤੋਪਚੀ ਤੇ ਨਾਲ 6 ਤੋਪਾਂ ਭੇਜੀਆਂ। ਅੰਗਰੇਜ਼ ਦਰਿਆ ਦੇ ਰਾਹੀਂ ਗਏ ਤੇ ਕਾਹਨ ਸਿੰਘ ਸਿਪਾਹੀਆਂ ਦੇ ਨਾਲ ਮਾਰਚ ਕਰਦਾ ਗਿਆ।

ਕਿਉਂਕਿ ਮੂਲ ਰਾਜ ਨੇ ਆਪਣੀ ਮਰਜ਼ੀ ਨਾਲ ਅਸਤੀਫ਼ਾ ਦਿੱਤਾ ਹੋਇਆ ਸੀ, ਇਸ ਵਾਸਤੇ ਜਦੋਂ ਉਸ ਦੀ ਤਬਦੀਲੀ ਦਾ ਹੁਕਮ ਆਇਆ ਤਾਂ ਉਸ ਨੇ ਆਪਣੇ ਅਫਸਰਾਂ ਨੂੰ ਉਹਨਾਂ ਦਾ ਮੁਲਤਾਨ ਪਹੁੰਚਣ 'ਤੇ ਸੁਆਗਤ ਕਰਨ ਵਾਸਤੇ ਕਿਹਾ ਤੇ ਆਉਣ ਵਾਲਿਆਂ ਨੂੰ ਕਿਲ੍ਹੇ ਦਾ ਅਧਿਕਾਰ ਲੈਣ ਦਾ ਸੱਦਾ ਦਿੱਤਾ। ਅੰਗਰੇਜ਼ ਅਫਸਰਾਂ ਨੇ 19 ਅਪ੍ਰੈਲ ਨੂੰ ਕਿਲੇ ਦੀ ਜਾਂਚ ਕੀਤੀ ਤੇ ਬਾਕਾਇਦਾ ਕਿਲ੍ਹੇ ਦੀਆਂ ਚਾਬੀਆਂ ਭੇਟ ਕੀਤੀਆਂ ਗਈਆਂ। ਉਹਨਾਂ ਨੇ ਕਿਲੇ ਵਿਚ ਗੋਰਖਾ ਰੈਜਮੈਂਟ ਤੈਨਾਤ ਕਰ ਦਿੱਤੀ ਤੇ ਮੁਲਾਤਾਨੀ ਸਿਪਾਹੀਆਂ ਨੂੰ ਕੱਢ ਦਿੱਤਾ। ਮੂਲ ਰਾਜ ਕਿਲ੍ਹੇ ਦੇ ਗੇਟ ਵੱਲ ਮਹਿਮਾਨਾਂ ਦੀ ਅਗਵਾਨੀ ਕਰ ਰਿਹਾ ਸੀ ਤਾਂ ਇਕ ਮੁਲਾਤਨੀ ਸਿਪਾਹੀ ਇਹਨਾਂ ਨੂੰ ਸਲਾਮੀ ਦੇਣ ਦੇ ਹੁਕਮ ਤੋਂ ਗੁੱਸੇ ਵਿਚ ਆ ਗਿਆ ਜਿਹਨਾਂ ਨੇ ਉਸ ਦੇ ਹਜ਼ਾਰਾਂ ਸਾਥੀਆਂ ਨੂੰ ਬੇਰੋਜ਼ਗਾਰ ਕਰ ਦਿੱਤਾ ਸੀ। ਉਸ ਨੇ ਜ਼ੋਰ ਦੀ ਆਪਣਾ ਬਰਛਾ ਸਿੱਧਾ ਕੀਤਾ ਤੇ ਵਾਂਸ ਐਗਨੀਊ ਦੇ ਇਕ ਪਾਸੇ ਨੂੰ ਛਿੱਲ ਦਿੱਤਾ। ਵਾਂਸ ਆਪਣੇ ਘੋੜ ਸਵਾਰਾਂ ਨਾਲ ਉਸ ਬੰਦੇ ਉਪਰ ਟੁੱਟ ਪਿਆ। ਕਾਹਨ ਸਿੰਘ ਤੇ ਮੂਲਰਾਜ ਦਾ ਸਾਲਾ ਰਾਮ ਰੰਗ ਵਾਂਸ ਦੀ ਸਹਾਇਤਾ ਵਾਸਤੇ ਦੌੜੇ। ਮੁਲਤਾਨੀ ਸਿਪਾਹੀ ਜਿਹਨਾਂ ਵਿਚ ਹਿੰਦੂ ਤੇ ਮੁਸਲਮਾਨ ਦੋਵੇਂ ਸਨ ਦੀ ਅੰਗਰੇਜ਼ ਦਸਤੇ ਨਾਲ ਮੁੱਠ ਭੇੜ ਵਿਚ ਲੈਫਟੀਨੈਂਟ ਐਂਡਰਸਨ ਤੇ ਕਈ ਹੋਰ ਜ਼ਖਮੀ ਹੋਏ। ਮੂਲ ਰਾਜ ਕਿਲੇ ਅੰਦਰ ਆਪਣੀ ਰਿਹਾਇਸ਼ ਆਮ ਖਾਸ ਵੱਲ ਗਿਆ ਤਾਂ ਜੋ ਕੁਝ ਮਦਦ ਲਈ ਜਾਵੇ ਤੇ ਅੰਗਰੇਜ਼ ਕੈਂਪ ਨੂੰ ਘਟਨਾ ਦੀ ਜਾਣਕਾਰੀ ਦਿੱਤੀ ਜਾਵੇ। ਵਾਂਸ ਐਗਨੀਊ ਨੇ ਮੂਲ ਰਾਜ ਦੇ ਖਤ ਦੀ ਪ੍ਰੋੜਤਾ ਕੀਤੀ ਕਿ ਕਿਲ੍ਹੇ ਦੇ ਹਾਦਸੇ ਵਿਚ ਦੀਵਾਨ ਦਾ ਕੋਈ ਹੱਥ ਨਹੀਂ ਹੈ। ਉਸ ਨੇ ਲਾਹੌਰ ਦੇ ਰੈਜ਼ੀਡੈਂਟ ਨੂੰ ਇਕ ਰੀਪੋਰਟ ਭੇਜੀ ਕਿ ਮੈਂ ਨਹੀਂ ਸਮਝਦਾ ਕਿ ਇਸ ਮਾਮਲੇ ਵਿਚ

ਮੂਲ ਰਾਜ ਦਾ ਹਿੱਸਾ ਹੈ। ਘਟਨਾਂ ਵੇਲੇ ਉਹ ਮੇਰੇ ਨਾਲ ਹੀ ਸਵਾਰੀ ਕਰ ਰਿਹਾ ਸੀ। ਇਕ ਜ਼ਰੂਰੀ ਸੰਦੇਸ਼ ਲੈਫਟੀਨੈਂਟ ਐਡਵਰਡ ਨੂੰ ਡੇਰੇ ਫਤਿਹ ਖਾਨ ਭੇਜਿਆ ਗਿਆ ਤੇ ਇਕ ਜਨਰਲ ਵਾਨ ਕੋਰਟਲੈਂਟ ਨੂੰ ਜੋ ਡੇਰਾ ਇਸਮਾਈਲ ਖਾਨ ਵਿਚ ਦਰਬਾਰ ਦਾ ਯੂਰਪੀਨ ਮੁਲਾਜ਼ਮ ਸੀ ਕਿ ਉਹ ਮਦਦ ਕਰਨ। ਇਸ ਦੌਰਾਨ ਮੁਲਤਾਨੀ ਸਿਪਾਹੀਆਂ ਵਿਚ ਬਗਾਵਤ ਪੂਰੀ ਤਰ੍ਹਾਂ ਭੜਕ ਉਠੀ। ਉਹਨਾਂ ਮੂਲ ਰਾਜ ਨੂੰ ਅੰਗਰੇਜ਼ੀ ਕੈਂਪ ਵਿਚ ਜਾਣੋਂ ਰੋਕਿਆ ਤੇ ਮੁਲਤਾਨ ਉਹਨਾਂ ਦੇ ਹਵਾਲੇ ਕਰਨ ਤੋਂ ਵੀ ਮਨ੍ਹਾਂ ਕਰ ਦਿੱਤਾ। ਉਸ ਨੇ ਗੁੱਸੇ ਨਾਲ ਭਰੀ ਭੀੜ ਵਿਚੋਂ ਆਪਣਾ ਰਾਹ ਬਣਾਉਣ ਦੀ ਕੋਸ਼ਿਸ਼ ਕੀਤੀ ਪਰ ਉਹਨਾਂ ਨੇ ਉਸ ਨੂੰ ਪਿਛਾਂਹ ਧੱਕ ਦਿੱਤਾ। ਰਾਮ ਰੰਗ ਜੋ ਉਸ ਦੇ ਨਾਲ ਹੀ ਸੀ ਭੀੜ ਨਾਲ ਉਲਝਣ ਲੱਗਾ ਤੇ ਸਿਪਾਹੀਆਂ ਨੇ ਓਦੋਂ ਹੀ ਉਸ ਨੂੰ 'ਨਮਕ ਹਰਾਮ, ਨਮਕ ਹਰਾਮ' ਦੇ ਨਾਹਰਿਆਂ ਨਾਲ ਚੁੱਪ ਕਰਾਇਆ। ਜਦੋਂ ਉਸ ਨੇ ਝਗੜਾ ਕੀਤਾ ਤਾਂ ਇਕ ਸਿਪਾਹੀ ਨੇ ਤਲਵਾਰ ਕੱਢ ਲਈ ਤੇ ਉਸ ਦੇ ਤਿੰਨ ਫੱਟ ਮਾਰੇ। ਮੂਲ ਰਾਜ ਦਾ ਘੋੜਾ ਪਿੱਛੇ ਹੱਟਿਆ ਤੇ ਜ਼ਰਾ ਪਾਸੇ ਜਾ ਕੇ ਉਸ ਨੇ ਆਪਣੇ ਸਵਾਰ ਨੂੰ ਸੁੱਟ ਦਿੱਤਾ।

ਇਸ ਤੋਂ ਬਾਅਦ ਸਿਪਾਹੀ ਮੂਲ ਰਾਜ ਤੇ ਰੰਗ ਰਾਮ ਨੂੰ ਉਹਨਾਂ ਦੇ ਘਰ ਲੈ ਗਏ ਤੇ ਦੱਸਿਆ ਕਿ ਇਹ ਗੁਰੂ ਦਾ ਹੁਕਮ ਹੈ ਕਿ ਉਹ ਫਰੰਗੀਆਂ ਨੂੰ ਸ਼ਕਤੀ ਨਾਲ ਕੱਢ ਦੇਣ। ਦਿਵਾਨ ਨੇ ਕਿਹਾ ਕਿ ਉਹ ਉਸ ਦਿਨ ਤਾਂ ਕੁਝ ਨਹੀਂ ਕਹਿ ਸਕਦਾ। ਅਗਲੇ ਦਿਨ ਰੱਬ ਦੀ ਕਿਰਪਾ ਨਾਲ ਗੋਲੀਆਂ ਚੱਲੀਆਂ ਤੇ ਗੁਰੂ ਨੇ ਸਾਨੂੰ ਅੱਗੇ ਵਧਣ ਦਾ ਹੁਕਮ ਦਿੱਤਾ। ਇਹ ਗੁਰੂ ਦੇ ਹੁਕਮ ਵਿਚ ਲਿਖਿਆ ਹੈ। ਇਸ ਵਾਸਤੇ ਅਸੀਂ ਸਾਰੇ ਮੁਲਤਾਨੀ ਇਕੱਠੇ ਹੋਏ ਹਾਂ ਤੇ ਫਰੰਗੀਆਂ ਨੂੰ ਮਾਰ ਮੁਕਾਵਾਂਗੇ।

ਮੁਲਤਾਨੀਆਂ ਨੇ ਅੰਗਰੇਜ਼ਾਂ ਵਿਰੁੱਧ ਲੜਨ ਦੀਆਂ ਕਸਮਾਂ ਖਾਧੀਆਂ। ਪਠਾਨਾਂ ਨੇ ਕੁਰਆਨ ਸ਼ਰੀਫ਼ ਦੀਆਂ ਕਸਮਾਂ ਖਾਧੀਆਂ, ਹਿੰਦੂਆਂ ਨੇ ਸ਼ਾਸਤਰਾਂ ਦੀਆਂ ਤੇ ਸਿੱਖਾਂ ਨੇ ਗੁਰੂ ਗ੍ਰੰਥ ਸਾਹਿਬ ਦੀਆਂ। ਸ਼ਾਮ ਨੂੰ ਉਹਨਾਂ ਨੇ ਅੰਗਰੇਜ਼ੀ ਕੈਂਪ ਨੂੰ ਲੁੱਟ ਲਿਆ, ਉਹਨਾਂ ਦੀਆਂ ਸਾਰੀਆਂ ਚੀਜ਼ਾਂ, ਰਾਸ਼ਨ, ਪਸ਼ੂ, ਗੱਡੇ, ਊਠ ਤੇ ਹਾਥੀ ਵੀ। ਦੱਸਿਆ ਜਾਂਦਾ ਹੈ ਕਿ ਲੁੱਟੇ ਹੋਏ ਮਾਲ ਵਿਚ ਵਿਸਕੀ, ਬਰਾਂਡੀ, ਬੀਅਰ ਤੇ ਮੀਟ ਤੇ ਮੱਛੀ ਦੇ ਬੰਦ ਡੱਬੇ ਵੀ ਸਨ। ਕੁਝ ਲੋਕਾਂ ਨੇ ਇਹ ਸਭ ਚੀਜ਼ਾਂ ਪਰਖਣ ਵਾਸਤੇ ਦਿੱਤੀਆਂ। ਬੀਅਰ ਨੂੰ ਗੰਦਾ ਪਾਣੀ ਕਹਿ ਕੇ ਸੁੱਟ ਦਿੱਤਾ। ਟੀਨ ਦੇ ਡੱਬਿਆਂ ਨੂੰ ਉਹਨਾਂ ਬਰੂਦ ਦੇ ਗੋਲੇ ਸਮਝਿਆ। ਅਗਲੇ ਦਿਨ ਕਿਲ੍ਹੇ ਦੀਆਂ ਤੋਪਾਂ ਨੇ ਗੋਲੇ ਸੁੱਟੇ ਤੇ ਮੀਟ ਮੱਛੀ ਦੇ ਡੱਬੇ ਵੀ ਦਰਬਾਰ ਦੇ ਕੈਂਪ ਵੱਲ ਸੁੱਟੇ ਜਿਹਨਾਂ ਕੋਲ ਖਾਣ ਵਾਸਤੇ ਕੁਝ ਵੀ ਨਹੀਂ ਸੀ।

ਦਰਬਾਰ ਦੀਆਂ ਫੌਜਾਂ ਕੈਂਪ ਛੱਡ ਕੇ ਨਿਕਲ ਗਈਆਂ ਤੇ ਮੁਲਤਾਨੀਆਂ

ਨਾਲ ਮਿਲ ਗਈਆਂ। ਹੁਣ ਕਾਹਨ ਸਿੰਘ ਕੋਲ ਦਰਜਨ ਕੁ ਸਿਪਾਹੀ ਤੇ ਸਾਹਿਬ ਲੋਕ ਦੇ ਨਿੱਜੀ ਸੁਰੱਖਿਆ ਦਸਤੇ ਹੀ ਰਹਿ ਗਏ ਸਨ।

20 ਅਪ੍ਰੈਲ ਦੀ ਸ਼ਾਮ ਨੂੰ ਮੁਲਤਾਨੀਆਂ ਨੇ ਈਦ ਗਾਹ ਉਪਰ ਹਮਲਾ ਬੋਲ ਦਿੱਤਾ। ਗੋਦਰ ਸਿੰਘ ਨਾਮ ਦਾ ਇਕ ਮਜ਼ਹਬੀ ਨਿਹੰਗ ਸਿੰਘ ਪੁਰਾਣੇ ਜ਼ਖਮਾਂ ਦਾ ਇਸ ਤਰ੍ਹਾਂ ਭਰਿਆ ਹੋਇਆ ਸੀ ਕਿ ਉਹ ਧਾਰਮਿਕ ਬੰਦੇ ਦੀ ਬਜਾਏ ਭੂਤਨਾ ਲੱਗ ਰਿਹਾ ਸੀ, ਵਾਂਸ ਐਗਨੀਊ ਕੋਲ ਗਿਆ, ਉਸ ਨੂੰ ਗਾਲ ਕੱਢੀ ਤੇ ਕਿਹਾ ਕਿ "ਤੂੰ ਮੁਲਾਤਾਨ ਵਿਚ ਕਿਉਂ ਆਇਆ ਹੈਂ?" ਅੰਗਰੇਜ਼ ਨੇ ਕੋਈ ਜਵਾਬ ਨਹੀਂ ਦਿੱਤਾ ਜਿਸ ਕਰਕੇ ਨਿਹੰਗ ਨੇ ਕਿਰਪਾਨ ਕੱਢ ਲਈ ਤੇ ਕਿਹਾ, "ਸਿੱਖ ਬਣ ਜਾ ਨਹੀਂ ਤਾਂ ਤੇਰਾ ਸਿੱਰ ਵੱਢ ਦਿਆਂਗਾ।"

"ਮੈਂ ਮਹਾਰਾਜਾ ਦਲੀਪ ਸਿੰਘ ਦਾ ਸੇਵਾਦਾਰ ਹਾਂ" ਵਾਂਸ ਐਗਨੀਊ ਨੇ ਕਿਹਾ, "ਮੈਨੂੰ ਮਾਰ ਕੇ ਤੈਨੂੰ ਕੀ ਮਿਲੇਗਾ?"

ਗੋਦਰ ਸਿੰਘ ਨੇ ਜ਼ੋਰ ਦੀ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦਾ ਜੈਕਾਰਾ ਛੱਡਿਆ ਤੇ ਵਾਂਸ ਐਗਨੀਊ ਨੂੰ ਛਾਤੀ ਕੋਲੋਂ ਕੱਟ ਦਿੱਤਾ। ਫਿਰ ਉਸ ਨੂੰ ਵਾਲਾਂ ਤੋਂ ਫੜ ਕੇ ਸਿਰ ਵੱਢ ਦਿੱਤਾ। ਗੋਦਰ ਸਿੰਘ ਦੇ ਸਾਥੀ ਪਠਾਨ ਨੇ ਮੁਰਦਾ ਵਾਂਸ ਐਗਨੀਊ ਦੇ ਸਰੀਰ ਵਿਚ ਗੋਲੀ ਮਾਰੀ। ਇਕ ਨੇ ਉਸ ਦਾ ਸਿਰ ਚੁੱਕਿਆ, ਕਾਹਨ ਸਿੰਘ ਦੀ ਝੋਲੀ ਵਿਚ ਸੁੱਟ ਦਿੱਤਾ ਤੇ ਕਿਹਾ ਕਿ, "ਇਹ ਲੈ ਜਾ ਲੌਂਡਾ ਜਿਸ ਨੂੰ ਮੁਲਤਾਨ ਉਪਰ ਹਕੂਮਤ ਕਰਨ ਵਾਸਤੇ ਲੈ ਕੇ ਆਇਆ ਸੈਂ।" ਸਰਦਾਰ ਕਾਹਨ ਸਿੰਘ ਚੀਕਾਂ ਮਾਰ ਕੇ ਰੋਣ ਲੱਗ ਪਿਆ।

ਇਹ ਭੀੜ ਫਿਰ ਐਂਡਰਸਨ ਵੱਲ ਵਧੀ ਤੇ ਉਸ ਦੇ ਕਈ ਟੋਟੇ ਕਰ ਦਿੱਤੇ। ਬਾਗੀ ਮੂਲ ਰਾਜ ਕੋਲ ਗਏ ਤੇ ਉਸ ਨੂੰ ਉਹਨਾਂ ਦਾ ਲੀਡਰ ਬਣਨ ਦਾ ਹੁਕਮ ਦਿੱਤਾ। ਮੂਲ ਰਾਜ ਨੇ ਆਪਣੀ ਮਾਂ ਨਾਲ ਸਲਾਹ ਕੀਤੀ ਤਾਂ ਉਸ ਨੇ ਕਿਹਾ ਕਿ ਅਜਿਹੇ ਕੰਮਾਂ ਵਾਸਤੇ ਔਰਤਾਂ ਦੀ ਸਲਾਹ ਨਹੀਂ ਲਈ ਜਾਂਦੀ ਤੇ ਨਾਲ ਹੀ ਯਾਦ ਕਰਵਾ ਦਿੱਤਾ ਕਿ ਉਸ ਦੇ ਬਾਪ ਨੇ ਸਾਰੀ ਉਮਰ ਦੀ ਕਮਾਈ ਤੇ ਮਿਹਨਤ ਇਸ ਕਿਲ੍ਹੇ ਦੀ ਉਸਾਰੀ ਉੱਪਰ ਇਹਨਾਂ ਦਿਨਾਂ ਵਾਸਤੇ ਨਹੀਂ ਲਗਾਈ ਸੀ, ਜੋ ਹੁਣ ਵੇਖਣੇ ਪੈ ਰਹੇ ਹਨ। ਇਸ ਦੇ ਨਾਲ ਹੀ ਚੂਚੇ ਦੇ ਦਿਲ ਵਾਲਾ ਮੂਲ ਰਾਜ ਬਗਾਵਤ ਦਾ ਲੀਡਰ ਬਣ ਗਿਆ। ਉਸ ਨੇ ਨਿਹੰਗ ਗੋਦਰ ਸਿੰਘ ਨੂੰ ਇਨਾਮ ਦਿੱਤਾ ਤੇ ਵਾਂਸ ਐਗਨੀਊ ਦਾ ਵਧੀਆ ਨਸਲ ਦੇ ਘੋੜਾ ਤੇ ਉਸ ਦਾ ਵਲਾਇਤੀ ਪਿਸਤੌਲ ਵੀ ਦੇ ਇਸੇ ਨੂੰ ਦੇ ਦਿੱਤਾ। ਗੋਦਰ ਸਿੰਘ ਨੇ ਜੇਤੂਆਂ ਵਾਂਗ ਇਨਾਮੀ ਘੋੜੇ ਦੀ ਸਵਾਰੀ ਕੀਤੀ। ਉਸ ਨੇ ਮੁਰਦਾ ਬੰਦੇ ਉਪਰ ਬਾਰੂਦ ਪਾ ਕੇ ਅੱਗ ਲਗਾ ਦਿੱਤੀ। ਇਸ ਤੋਂ ਬਾਅਦ ਮੁਲਤਾਨੀਆਂ ਨੇ ਕਈ ਸਿਰ ਜ਼ਮੀਨ ਤੇ ਰੋੜ੍ਹੇ, ਫੁੱਟਬਾਲ ਵਾਂਗੂ ਕਿੱਕਾਂ ਮਾਰੀਆਂ ਤੇ ਉਹਨਾਂ ਉਪਰ ਪਿਸ਼ਾਬ ਕਰਦਿਆਂ ਕਿਹਾ, "ਇਹ ਬੰਦੇ ਆਏ

ਸਨ ਮੁਲਤਾਨ 'ਤੇ ਰਾਜ ਕਰਨ ਵਾਸਤੇ।" ਰਾਤ ਨੂੰ ਸ਼ਹਿਰ ਵਿਚ ਦੀਪਮਾਲਾ ਕੀਤੀ ਗਈ। ਗੋਦਰ ਸਿੰਘ ਘੋੜੇ 'ਤੇ ਚੜ੍ਹ ਕੇ ਸ਼ਹਿਰ ਵਿਚ ਘੁੰਮ ਰਿਹਾ ਸੀ ਕਿ ਉਸ ਨੂੰ ਅੰਗਰੇਜ਼ ਪਾਰਟੀ ਦਾ ਕਲਰਕ ਮਿਲਿਆ ਤਾਂ ਉਸ ਨੂੰ ਕਿਹਾ, "ਓ ਮੁਨਸ਼ੀ ਮੈ ਤੇਰੇ ਸਾਰੇ ਗੋਰੇ ਕਲਕੱਤੇ ਤੱਕ ਮਾਰਦਿਆ ਜਾਣਾ ਏ।"

ਗਵਾਂਢੀ ਇਲਾਕਿਆਂ ਦੇ ਲੋਕ ਵੀ ਮੂਲ ਰਾਜ ਦੀ ਕਮਾਂਡ ਵਿਚ ਪਹੁੰਚਣ ਲੱਗੇ। ਸਿੱਖ ਸਿਪਾਹੀਆਂ ਨੇ ਆਪਣੇ ਹਮ ਮਜ਼ਹਬ ਵਾਲਿਆਂ ਵਾਸਤੇ ਇਕ ਅਪੀਲ ਜਾਰੀ ਕੀਤੀ:

"ਖਾਲਸਾ ਜੀ ਹੁਣ ਅਸੀਂ ਗੁਰੂ ਦੇ ਹੁਕਮ ਨਾਲ ਤੁਹਾਨੂੰ ਸਾਰਿਆਂ ਨੂੰ ਲਿਖ ਰਹੇ ਹਾਂ। ਤੁਹਾਡੇ ਵਿਚ ਜੋ ਵੀ ਸੱਚੇ ਤੇ ਵਫਾਦਾਰ ਸਿੱਖ ਹਨ, ਉਹ ਸਾਡੇ ਕੋਲ ਇਥੇ ਪਹੁੰਚਣ। ਤੁਹਾਨੂੰ ਤਨਖਾਹ ਵੀ ਦਿੱਤੀ ਜਾਵੇਗੀ ਤੇ ਗੁਰੂ ਦੇ ਦਰਬਾਰ ਵਿਚ ਇੱਜ਼ਤ ਵਾਲੀ ਥਾਂ ਵੀ।

"ਮਹਾਰਾਜਾ ਦਲੀਪ ਸਿਘ, ਗੁਰੂ ਦੀ ਕਿਰਪਾ ਨਾਲ, ਆਪਣੀ ਬਾਦਸ਼ਾਹਤ ਸੰਭਾਲੇਗਾ। ਗਊ ਤੇ ਬ੍ਰਾਹਮਣ ਦੀ ਰੱਖਿਆ ਕੀਤੀ ਜਾਵੇਗੀ ਤੇ ਸਾਡਾ ਪਵਿੱਤਰ ਧਰਮ ਅੱਗੇ ਵਧੇਗਾ।

"ਸਾਰੇ ਸ਼ਧਾਵਾਨ ਸਿੱਖ ਜਿਹਨਾਂ ਦਾ ਗੁਰੂ ਵਿਚ ਵਿਸ਼ਵਾਸ ਹੈ, ਸਾਡੇ ਸ਼ਬਦਾਂ ਉਪਰ ਭਰੋਸਾ ਕਰਨਗੇ ਤੇ ਸਾਡੇ ਵਿਚ ਸ਼ਾਮਲ ਹੋਣਗੇ। ਗੁਰੂ ਤੇ ਪੰਜ ਪਿਆਰੇ ਸਾਡੀਆਂ ਪਿਛਲੀਆਂ ਗਲਤੀਆਂ ਤੇ ਭੁੱਲਾਂ ਨੂੰ ਮੁਆਫ਼ ਕਰੇਗਾ।

"ਇਸ ਅਪੀਲ ਨੂੰ ਦੂਰ ਦੂਰ ਦੇ ਸਿੱਖ ਭਰਾਵਾਂ ਤੱਕ ਪਹੁੰਚਾਓ। ਇਸ ਵਿਚ ਦੇਰੀ ਨਹੀਂ ਹੋਣੀ ਚਾਹੀਦੀ। ਇਹ ਸੰਦੇਸ਼ਾਂ ਸਭਨਾਂ ਤੱਕ ਪਹੁੰਚਾਉਣ ਵਾਲੇ ਉਪਰ ਗੁਰਾਂ ਦੀਆਂ ਬਖ਼ਸ਼ਿਸ਼ਾਂ ਮਿਲਣਗੀਆਂ।

"ਤੁਸੀਂ ਜਾਣਦੇ ਹੋ ਕਿ ਅਸੀਂ ਸਾਰੇ ਇਨਸਾਨ ਹਾਂ, ਇਸ ਵਾਸਤੇ ਜਿਹੜਾ ਕੋਈ ਸੱਚਾ ਸਿੱਖ ਬਣਦਾ ਹੈ, ਆਪਣੀ ਜ਼ਿੰਦਗੀ ਗੁਰੂ ਦੇ ਚਰਨਾਂ ਵਿਚ ਨਿਸ਼ਾਵਰ ਕਰ ਦੇਂਦਾ ਹੈ। ਉਹ ਇਸ ਜਹਾਨ ਤੇ ਉਸ ਜਹਾਨ ਵਿਚ ਵੀ ਨਾਮਣਾ ਕਮਾਵੇਗਾ।

"ਮਹਾਰਾਜਾ ਤੇ ਉਸ ਦੀ ਮਾਤਾ ਮੰਦੀ ਹਾਲਤ ਵਿਚ ਹਨ। ਉਹਨਾਂ ਵਾਸਤੇ ਕੁਝ ਕਰਨ ਨਾਲ ਤੁਸੀਂ ਉਹਨਾਂ ਦੀਆਂ ਖੁਸ਼ੀਆਂ ਪ੍ਰਾਪਤ ਕਰੋਗੇ। ਖਾਲਸਾ ਜੀ ਆਪਣੇ ਸ਼ੇਰਾਂ ਨੂੰ ਗੁਰੂ ਦੇ ਹੁਕਮਾਂ ਵਿਚ ਗਰਜਣ ਦਿਓ। ਗੁਰੂ ਗੋਬਿੰਦ ਸਿੰਘ ਤੁਹਾਡੇ 'ਤੇ ਮੇਹਰਾਂ ਕਰਨਗੇ। ਇਹਨਾਂ ਸ਼ਬਦਾਂ ਨੂੰ ਵੱਡਾ ਸਮਝੋ - 12, ਵੈਸਾਖ ਸੰਮਤ 1905, ਯਾਨੀ 22 ਅਪ੍ਰੈਲ 1848-।"

ਸਿੱਖ ਸਿਪਾਹੀਆਂ ਨੇ ਸਿੱਖਾਂ ਨੂੰ ਅਪੀਲਾਂ ਕੀਤੀਆਂ, ਹਿੰਦੂਆਂ ਨੇ ਹਿੰਦੂਆਂ ਨੂੰ ਤੇ ਮੁਸਮਾਨਾਂ ਨੇ ਮੁਸਲਮਾਨਾਂ ਨੂੰ। ਥੋੜੇ ਦਿਨਾਂ ਬਾਅਦ ਹੀ ਰਾਵੀ ਤੇ ਚਨਾਬ ਵਿਚਲੇ ਤੇ ਚਨਾਬ ਤੇ ਸਿੰਧ ਵਿਚਲੇ ਦੁਆਬ ਪਠਾਨ ਤੇ ਬਲੋਚ ਤਲਵਾਰਧਾਰੀਆਂ

ਨਾਲ ਭਰ ਚੁਕੇ ਸਨ। ਮੂਲ ਰਾਜ ਨੇ ਮਹਿਸੂਸ ਕਰ ਲਿਆ ਕਿ ਉਹ ਅਜਿਹੇ ਸ਼ੇਰ ਦੀ ਸਵਾਰੀ ਕਰ ਰਿਹਾ ਹੈ, ਜਿਸ ਤੋਂ ਉਤਰ ਨਹੀਂ ਸਕਦਾ। ਲੈਫਟੀਨੈਂਟ ਐਡਵਰਡ ਨੇ ਮੂਲ ਰਾਜ ਬਾਰੇ ਰੈਜ਼ੀਡੈਂਟ ਨੂੰ ਲਿਖਿਆ ਕਿ, "ਮੇਰੇ ਖਿਆਲ ਵਿਚ ਮੂਲ ਰਾਜ ਇਸ ਬਗ਼ਾਵਤ ਵਿਚ ਆਪਣੀ ਮਰਜ਼ੀ ਦੇ ਉਲਟ ਸ਼ਾਮਲ ਹੋਇਆ ਹੈ। ਇਕ ਕਮਜ਼ੋਰ ਆਦਮੀ ਹੋਣ ਕਰਕੇ ਉਸ ਦੇ ਅਫਸਰਾਂ ਨੇ ਉਸ ਕੋਲ ਹੋਰ ਕੋਈ ਚਾਰਾ ਰਹਿਣ ਦਿੱਤਾ। ਇਸ ਬਗਾਵਤ ਦੀ ਸ਼ੁਰੂਆਤ ਪਠਾਨਾਂ ਵਿਚ ਕੁਦਰਤੀ ਤੌਰ 'ਤੇ ਪਾਈ ਜਾਂਦੀ ਨਫਰਤ ਸੀ। ਇਹ ਪਠਾਨ, ਬਲੋਚ ਤੇ ਮੁਲਤਾਨੀ ਬਹੁਤ ਦਲੇਰ ਅਤੇ ਹੰਕਾਰੀ ਲੋਕ ਹਨ। ਇਹਨਾਂ ਦੀ ਮਿਲਟਰੀ ਸਿਖਲਾਈ ਵੀ ਵੱਡੇ ਦਰਜੇ ਦੀ ਹੈ ਤੇ ਲੱਗਦਾ ਹੈ ਕਿ ਇਹ ਬਹੁਤ ਸ਼ਿਦਤ ਨਾਲ ਲੜਨਗੇ ਤੇ ਮੌਤ ਨੂੰ ਗਲੇ ਲਗਾਉਣ ਤੱਕ ਜਾਣਗੇ।"

ਰੈਜ਼ੀਡੈਂਟ ਕੱਰੀ ਦਾ ਫੌਰੀ ਪ੍ਰਤੀਕਰਮ ਇਹ ਸੀ ਕਿ ਉਸ ਪਾਸ ਜਿਤਨੀ ਵੀ ਫੌਜੀ ਟੁਕੜੀ ਹੈ, ਉਸ ਨੂੰ ਮੁਲਤਾਨ ਰਵਾਨਾ ਕਰ ਦੇਵੇ ਪਰ ਜਿਓਂ ਹੀ ਉਸ ਨੂੰ ਪਤਾ ਲੱਗਾ ਕਿ ਵਾਂਸ ਐਗਨੀਊ ਤੇ ਐਂਡਰਸਨ ਦੋਵੇਂ ਮਾਰੇ ਗਏ ਹਨ ਤਾਂ ਉਹ ਰੁਕ ਗਿਆ ਤੇ ਉਸ ਨੇ ਕੁਝ ਵਕਤ ਦੇਣ ਦੀ ਸੋਚੀ ਤਾਂ ਜੋ ਇਹ ਬਗਾਵਤ ਜਿਤਨਾ ਫੈਲ ਸਕਦੀ ਹੈ ਫੈਲ ਜਾਵੇ। ਫਿਰ ਉਹ ਮਹਾਰਾਜਾ, ਰੀਜੈਂਸੀ ਕੌਂਸਲ ਤੇ ਖਾਲਸਾ ਫੌਜ ਉਪਰ ਬਗਾਵਤ ਦਾ ਇਲਜ਼ਾਮ ਲਗਾ ਕੇ ਤਿੰਨਾਂ ਨੂੰ ਭੰਗ ਕਰਨ ਦੀ ਸਿਫ਼ਾਰਿਸ਼ ਕਰੇਗਾ। ਉਸ ਨੇ ਅੰਗਰੇਜ਼ੀ ਫੌਜ ਦੀ ਰਵਾਨਗੀ ਦਾ ਹੁਕਮ ਵਾਪਸ ਲੈ ਲਿਆ ਤੇ ਕਿਹਾ ਕਿ ਇਹ ਬਗਾਵਤ ਦਰਬਾਰ ਵਿਰੁਧ ਹੈ, ਇਸ ਵਾਸਤੇ ਦਰਬਾਰ ਦੀਆਂ ਫੌਜਾਂ ਹੀ ਇਸ ਨੂੰ ਦਬਾਉਣ ਵਾਸਤੇ ਜਾਣਗੀਆਂ, ਹਾਲਾਂਕਿ ਅੰਗਰੇਜ਼ੀ ਫੌਜਾਂ ਨੂੰ ਵੀ ਦਰਬਾਰ ਵੱਲੋਂ ਹੀ ਤਨਖਾਹਾਂ ਮਿਲਦੀਆਂ ਸਨ। ਬੇਚੈਨੀ ਦੀ ਸੰਭਾਵਨਾ ਨੂੰ ਹਾਰਡਿੰਗ ਨੇ ਪਹਿਲਾਂ ਹੀ ਭਾਂਪਿਆ ਹੋਇਆ ਸੀ ਤੇ ਉਸ ਨੇ ਤਿੰਨ ਚੱਲਦੇ ਫਿਰਦੇ ਬਰੀਗੇਡ ਤਿਆਰ ਹਾਲਾਤ ਵਿਚ ਲਾਹੌਰ, ਲੁਧਿਆਣਾ ਤੇ ਫਿਰੋਜ਼ਪੁਰ ਵਿਚ ਰੱਖੇ ਹੋਏ ਸਨ। ਇਹ ਬਰੀਗੇਡ ਬਹੁਤ ਥੋੜੇ ਵਕਤ ਵਿਚ ਹੀ ਰਵਾਨਾ ਕੀਤੇ ਜਾ ਸਕਦੇ ਸਨ ਪਰ ਇਹਨਾਂ ਨੂੰ ਨਹੀਂ ਬੁਲਾਇਆ ਗਿਆ। ਲਾਹੌਰ ਰੈਜ਼ੀਡੈਂਟ ਵੀ ਜਲਦੀ ਨਹੀਂ ਕਰਨੀ ਚਾਹੁੰਦਾ ਸੀ। ਉਸ ਦਾ ਖਿਆਲ ਸੀ ਕਿ ਜੇ ਬਗਾਵਤ ਖ਼ਤਮ ਨਾ ਹੋਈ ਤਾਂ ਉਹ ਇਸ ਦਾ ਇਸਤੇਮਾਲ ਰੈਜ਼ੀਡੈਂਸੀ ਕੌਂਸਲ ਭੰਗ ਕਰਨ ਵਾਸਤੇ ਕਰੇਗਾ। ਉਸ ਨੇ ਗਵਰਨਰ ਜਨਰਲ ਨੂੰ ਲਿਖਿਆ ਕਿ, "ਮੈਂ ਕੱਲ ਸਵੇਰੇ ਕੌਂਸਲ ਦੇ ਸਾਰੇ ਮੁਖੀਆਂ ਨੂੰ ਬੁਲਾਇਆ ਸੀ ਤੇ ਕਿਹਾ ਕਿ ਦਰਬਾਰ ਦੀ ਹਕੂਮਤ ਕਾਇਮ ਰੱਖਣ ਵਾਸਤੇ ਜ਼ਰੂਰੀ ਹੈ ਕਿ ਉਹ ਆਪਣੇ ਹੀ ਤਰੀਕਿਆਂ ਨਾਲ ਇਸ ਬਗਾਵਤ ਨੂੰ ਦਬਾਉਣ ਤੇ ਬਾਗੀਆਂ ਨੂੰ ਕਾਨੂੰਨ ਦੇ ਹਵਾਲੇ ਕਰਨ। ਮੇਰੀ ਗੱਲ ਸੁਣਨ ਤੋਂ ਬਾਅਦ ਉਹ ਆਪਸ ਵਿਚ ਸਲਾਹ ਕਰਨ ਚਲੇ ਗਏ ਤੇ ਥੋੜੀ ਦੇਰ

ਬਾਅਦ ਆ ਕੇ ਕਿਹਾ ਕਿ ਅੰਗਰੇਜ਼ੀ ਮਦਦ ਤੋਂ ਬਿਨਾਂ ਦੀਵਾਨ ਮੂਲ ਰਾਜ ਦੀ ਬਗਾਵਤ ਨੂੰ ਦਬਾਉਣਾ ਤੇ ਬਾਗੀਆਂ ਨੂੰ ਇਨਸਾਫ਼ ਦੇ ਹਵਾਲੇ ਕਰਨਾ ਸੰਭਵ ਨਹੀਂ। ਜੋ ਕੁਝ ਹੋ ਚੁਕਾ ਹੈ ਉਸ ਨੂੰ ਠੀਕ ਕਰਨ ਵਾਸਤੇ ਤੇ ਸਿੱਖ ਹਕੂਮਤ ਬਣਾਈ ਰੱਖਣ ਵਾਸਤੇ ਸਾਨੂੰ ਹੋਰ ਅੰਗਰੇਜ਼ੀ ਖ਼ੂਨ ਡੋਲਣਾ ਪਵੇਗਾ ਤੇ ਕਾਫੀ ਸਾਰਾ ਪੈਸਾ ਵੀ ਖਰਚ ਕਰਨਾ ਪਵੇਗਾ।"

ਰੈਜ਼ੀਡੈਂਟ ਨੇ ਸਿਰਫ ਨਵੇਂ ਗਵਰਨਰ ਜਨਰਲ ਦੀ ਨੀਤੀ ਦੇ ਮੁਤਾਬਕ ਹੀ ਸਭ ਕੁਝ ਲਿਖਿਆ ਸੀ। ਕੁਝ ਮਹੀਨੇ ਪਹਿਲਾਂ ਹੀ ਲਾਰਡ ਹਾਰਡਿੰਗ ਦੀ ਜਗ੍ਹਾ ਨਵਾਂ ਗਵਰਨਰ ਜਨਰਲ, ਇਕ ਨੌਜਵਾਨ ਤੇ ਰੋਅਬਦਾਰ ਲਾਰਡ ਡਲਹੌਜ਼ੀ ਨੂੰ ਮੁਕੱਰਰ ਕੀਤਾ ਗਿਆ ਸੀ।

ਹਾਰਡਿੰਗ ਨੇ ਜਾਣ ਵੇਲੇ ਇਹ ਅਫਸੋਸ ਪ੍ਰਗਟ ਕੀਤਾ ਸੀ ਕਿ ਉਹ ਅੰਗਰੇਜ਼ੀ ਹਕੂਮਤ ਸਿੰਧ ਦਰਿਆ ਦੇ ਇਲਾਕੇ ਵਿਚ ਪੱਕੀ ਤਰ੍ਹਾਂ ਨਹੀਂ ਸਥਾਪਤ ਕਰ ਸਕਿਆ। ਡਲਹੌਜ਼ੀ ਨੇ ਹੁਣ ਯੂਨੀਅਨ ਜੈਕ ਫੜਿਆ ਤੇ ਸ਼ਰੇ ਆਮ ਕਿਹਾ ਕਿ ਉਹ ਸਮਝਦਾ ਹੈ ਕਿ ਹਰ ਮੌਕਾ ਵਰਤ ਕੇ ਵੱਧ ਤੋਂ ਵੱਧ ਇਲਾਕੇ ਵਿਚ ਅਧਿਕਾਰ ਜਮਾਇਆ ਜਾਵੇ ਤੇ ਓਥੋਂ ਦਾ ਲਗਾਨ ਹਾਸਿਲ ਕੀਤਾ ਜਾਵੇ। ਉਹ ਸਤਲੁਜ ਵਾਸਤੇ 50,000 ਦੀ ਫੌਜ ਤੈਨਾਤ ਕਰਨ ਦੇ ਟੀਚੇ ਵੱਲ ਰੁੱਝ ਗਿਆ। ਇਸ ਸੰਬੰਧ ਵਿਚ 9,000 ਦੀ ਛਾਉਣੀ ਲਾਹੌਰ ਬਣਾਈ ਤੇ 9,000 ਦੀ ਹੀ ਫਿਰੋਜ਼ਪੁਰ। ਉਸ ਵੱਲੋਂ ਗਵਰਨਰ ਜਨਰਲ ਦਾ ਅਹੁਦਾ ਸੰਭਾਲੇ ਚਾਰ ਮਹੀਨੇ ਹੀ ਹੋਏ ਸਨ ਕਿ ਮੁਲਤਾਨ ਦਾ ਮਾਮਲਾ ਪੈਦਾ ਹੋ ਗਿਆ। ਜਿਸ ਮੌਕੇ ਦਾ ਉਹ ਇੰਤਜ਼ਾਰ ਕਰਦਾ ਸੀ, ਉਹ ਉਸ ਦੀ ਉਮੀਦ ਨਾਲੋਂ ਜ਼ਿਆਦਾ ਲੇਟ ਨਹੀਂ ਸੀ।

***

ਦਰਬਾਰ ਬੁਰੀ ਤਰ੍ਹਾਂ ਦੁਚਿੱਤੀ ਵਿਚ ਸੀ ਤੇ ਇਕ ਗੱਲ ਸਭ ਚੰਗੀ ਤਰ੍ਹਾਂ ਜਾਣਦੇ ਸਨ। ਉਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਕੋਈ ਵੀ ਤਰੀਕਾ ਅਪਣਾਈਏ ਪੰਜਾਬ ਦਾ ਅੰਗਰੇਜ਼ੀ ਰਾਜ ਵਿਚ ਸ਼ਾਮਲ ਹੋ ਜਾਣਾ ਤੈਅ ਹੈ। ਇਕੋ ਫਰਕ ਹੋ ਸਕਦਾ ਹੈ ਜੇ ਮੁਲਤਾਨ ਦੀ ਬਗਾਵਤ ਕਾਬੂ ਵਿਚ ਕਰ ਲਈ ਜਾਵੇ ਤਾਂ ਅੰਗਰੇਜ਼ਾਂ ਕੋਲ ਕੋਈ ਬਹਾਨਾ ਨਹੀਂ ਰਹਿ ਸਕਦਾ ਕਿ ਉਹ ਮਹਾਰਾਜਾ ਰਣਜੀਤ ਸਿੰਘ ਦੀ ਵਿਰਾਸਤ ਨੂੰ ਪਾਸੇ ਕਰ ਸਕਣ ਤੇ ਦਲੀਪ ਸਿੰਘ ਦਾ ਰੁਤਬਾ ਹਿੰਦੁਸਤਾਨ ਦੇ ਇਕ ਰਾਜਾ ਦਾ ਨਾ ਬਣਨ ਦੇਣ। ਦੂਜੇ ਪਾਸੇ ਜੇ ਉਹ ਮੁਲਤਾਨ ਦੀ ਬਗਾਵਤ ਦੀ ਹਿਮਾਇਤ ਕਰ ਦੇਣ ਤਾਂ ਉਹ ਅੰਗਰੇਜ਼ਾਂ ਵਿਰੁੱਧ ਮੁਕੰਮਲ ਲੜਾਈ ਹੋਵੇਗੀ ਅਤੇ ਉਸ ਲੜਾਈ ਨੂੰ ਜਿੱਤ ਕੇ ਆਜ਼ਾਦ ਹੋਣ ਦੇ ਮੌਕੇ ਬਹੁਤ ਹੀ ਘੱਟ ਹਨ। ਇਸ ਹਾਲਤ ਵਿਚ ਦਰਬਾਰ ਦੇ ਵਜ਼ੀਰ ਉਹੀ ਕਰ ਰਹੇ ਸਨ ਜੋ ਕੋਈ ਵੀ ਅਜਿਹੇ ਮੌਕੇ ਕਰਦਾ, ਉਹ ਵਕਤ ਗੁਜ਼ਾਰੀ ਜਾ ਰਹੇ ਸਨ ਕਿ ਵੇਖੋ ਕੀ ਬਣਦਾ ਹੈ।

ਮਹਾਰਾਜਾ ਦਲੀਪ ਸਿੰਘ ਅਜੇ ਇਤਨਾ ਛੋਟਾ ਸੀ ਕਿ ਕੋਈ ਫੈਸਲਾ ਨਹੀਂ ਲੈ ਸਕਦਾ ਸੀ। ਇਕੋ ਇਕ ਵਿਅਕਤੀ ਜਿਸ ਦੀ ਉਹ ਸਲਾਹ ਲੈ ਸਕਦਾ ਸੀ, ਉਸ ਦੀ ਮਾਂ ਸੀ ਜੋ ਉਸ ਤੋਂ ਦੂਰ ਕਰ ਦਿੱਤੀ ਗਈ ਸੀ। ਮਹਾਰਾਣੀ ਜਿੰਦਾਂ ਦੀ ਜਗ੍ਹਾ ਹੁਣ ਚਤਰ ਸਿੰਘ ਅਟਾਰੀਵਾਲਾ ਤੇ ਉਸ ਦੇ ਪੁੱਤਰ ਸ਼ੇਰ ਸਿੰਘ ਦੀ ਬਣਦੀ ਜਾ ਰਹੀ ਸੀ। ਚਤਰ ਸਿੰਘ ਦੀ ਧੀ ਮਹਾਰਾਜਾ ਨਾਲ ਮੰਗੀ ਸੀ ਤੇ ਉਹ ਉਸ ਦਾ ਹੋਣ ਵਾਲਾ ਸਸੁਰ ਸੀ ਤੇ ਉਹ ਉਤਰੀ-ਪੱਛਮੀ ਇਲਾਕਿਆਂ ਦਾ ਗਵਰਨਰ ਸੀ। ਅੰਗਰੇਜ਼ ਅਫਸਰ ਉਸ ਦੇ ਬਿਲਕੁਲ ਨਜ਼ਦੀਕ ਹੀ ਤੈਨਾਤ ਕੀਤੇ ਸਨ ਤਾਂ ਜੋ ਉਸ ਉਪਰ ਪੂਰੀ ਨਜ਼ਰ ਰੱਖੀ ਜਾ ਸਕੇ। ਮੇਜਰ ਜਨਰਲ ਲਾਰੈਂਸ ਪੇਸ਼ਾਵਰ ਵਿਚ ਤੇ ਉਸ ਦਾ ਡਿਪਟੀ ਕੈਪਟਨ ਜੇਮਸ ਅੱਬੋਟ ਹਜ਼ਾਰਾ ਵਿਚ ਸੀ। ਸ਼ੇਰ ਸਿੰਘ ਨੇ ਦਰਬਾਰ ਵਿਚ ਆਪਣਾ ਚੰਗਾ ਰੁਤਬਾ ਇਸ ਪੱਖੋਂ ਬਣਾਇਆ ਸੀ ਕਿ ਉਸ ਦੀ ਭੈਣ ਮਹਾਰਾਜਾ ਦਲੀਪ ਸਿੰਘ ਦੀ ਮੰਗੇਤਰ ਸੀ। ਅਟਾਰੀਵਾਲਾ ਪਰਿਵਾਰ ਅੰਗਰੇਜ਼ਾਂ ਨਾਲ ਬਹੁਤ ਸੋਚ ਸਮਝ ਕੇ ਵਿਹਾਰ ਕਰਦੇ ਸਨ ਤਾਂ ਜੋ ਦਲੀਪ ਸਿੰਘ ਦੇ ਪੰਜਾਬ ਦਾ ਹਾਕਮ ਜਾਂ 'ਅਰਧ ਹਾਕਮ' ਬਣਨ ਵਿਚ ਕੋਈ ਰਕਾਵਟ ਨਾ ਪੈ ਜਾਵੇ। ਮਹਾਰਾਜਾ ਦੀ ਨਬਾਲਗੀ ਦੇ ਵਕਤ ਉਹ ਅੰਗਰੇਜ਼ ਰੈਜ਼ੀਡੈਂਟ ਦੀ ਹਰ ਗੱਲ ਮੰਨ ਕੇ ਚੱਲਦੇ ਸਨ।

ਰੈਜ਼ੀਡੈਂਟ ਨੇ ਸ਼ੇਰ ਸਿੰਘ ਨੂੰ ਹਿਦਾਇਤ ਕੀਤੀ ਕਿ ਉਹ ਮੂਲ ਰਾਜ ਦੇ ਵਿਰੁੱਧ ਅਭਿਆਨ ਵਿਚ ਦੋ ਹੋਰ ਅਫਸਰਾਂ, ਇਮਾਮੂਦੀਨ ਤੇ ਜਵਾਹਰ ਮੱਲ ਨਾਲ ਰਲ ਕੇ ਦਰਬਾਰ ਵੱਲੋਂ ਅਗਵਾਈ ਕਰੇ ਤੇ ਜਨਰਲ ਵਿਸ਼ ਨਾਲ ਓਧਰ ਕੂਚ ਦੀ ਤਿਆਰੀ ਕਰੇ। ਮੁਲਤਾਨ ਉਪਰ ਤਿੰਨ ਪਾਸਿਓਂ ਹਮਲਾ ਕਰਨ ਦੀ ਸਕੀਮ ਬਣਾਈ ਸੀ। ਦਰਬਾਰ ਦੀਆਂ ਫੌਜਾਂ ਉਤਰ ਵਾਲੇ ਪਾਸਿਓਂ, ਬਹਾਵਲਪੁਰੀ ਤੇ ਦੌਦਪੁਤਰੇ ਪੂਰਬ ਵੱਲੋਂ, ਅਤੇ ਜਨਰਲ ਵਾਨ ਕੋਰਟਲੈਂਡ ਤੇ ਲੈਫਟੀਨੈਂਟ ਐਡਵਾਰਡ ਦੀਆਂ ਫੌਜਾਂ ਪੱਛਮ ਜਾਂ ਦੱਖਣ ਵੱਲੋਂ।

ਓਦੋਂ ਤੱਕ ਦਰਬਾਰ ਤੇ ਰੈਜ਼ੀਡੈਂਟ ਵਿਚਕਾਰ ਪੂਰੀ ਸੁਲਹ ਸਫ਼ਾਈ ਤੇ ਮਿਲਵਰਤਨ ਵਾਲਾ ਤਾਲਮੇਲ ਸੀ।

ਅਚਾਨਕ ਕੈਪਟਨ ਅੱਬੌਟ ਦਾ ਚਤਰ ਸਿੰਘ ਅਟਾਰੀਵਾਲਾ ਪ੍ਰਤੀ ਰਵੱਈਆ ਰੁੱਖਾ ਤੇ ਫਿਰ ਰੁੱਖੇ ਤੋਂ ਬੇਇਜ਼ਤੀ ਵਾਲਾ ਬਣਦਾ ਗਿਆ। ਇਹ ਨਹੀਂ ਕਿਹਾ ਜਾ ਸਕਦਾ ਸੀ ਕਿ ਅੱਬੌਟ ਸੁਭਾਅ ਦੇ ਮੁਤਾਬਕ ਹੀ ਚਿੜਚਿੜਾ ਤੇ ਗੁਸੈਲਾ ਸੀ ਕਿ ਜਾਂ ਕਿਸੇ ਕਿਸਮ ਦੀਆਂ ਅਜਿਹੀਆਂ ਹਿਦਾਇਤਾਂ ਉਪਰ ਅਮਲ ਕਰ ਰਿਹਾ ਸੀ। ਫਿਰ ਵੀ ਉਹ ਇਕ ਬਿਰਧ ਕਮਜ਼ੋਰ ਸਿੱਖ ਨੂੰ ਸਿਰਲੱਥ ਬਣਾਉਣ ਵਿਚ ਕਾਮਯਾਬ ਹੋ ਗਿਆ।

ਹੁਣ ਅਸੀਂ ਮੁਲਤਾਨ ਵੱਲ ਮੁੜਦੇ ਹਾਂ।

ਲੋਕਾਂ ਦੇ ਜੋਸ਼ ਨੇ ਮੂਲ ਰਾਜ ਨੂੰ ਲੀਡਰ ਤਾਂ ਬਣਾ ਦਿੱਤਾ ਸੀ ਪਰ ਉਸ ਕੋਲ ਸਿਰਫ਼ 2,000 ਦੀ ਰੈਗੂਲਰ ਆਰਮੀ, ਪੰਜ ਜਾਂ ਛੇ ਤੋਪਾਂ ਤੇ ਬਹੁਤ ਥੋੜਾ ਗੋਲਾ ਬਰੂਦ ਸੀ। ਬਾਕੀ ਦੀ ਫੌਜ ਤਾਂ ਸਿਰਫ਼ ਤਲਵਾਰਾਂ, ਬਰਛਿਆਂ ਜਾਂ ਖੇਤੀ ਵਾਲੇ ਸੰਦਾਂ ਨਾਲ ਲੈਸ ਇਕ ਭੀੜ ਸੀ। ਉਸ ਦੇ ਵਿਰੁੱਧ ਲਾਹੌਰ ਤੋਂ ਆ ਰਹੀ ਫੌਜ ਵਿਚ ਜਨਰਲ ਵਿੱਸ਼ ਦੀ ਕਮਾਂਡ ਹੇਠ ਹਿੰਦੁਸਤਾਨੀ ਤੇ ਗੋਰਿਆਂ ਦੀ ਫੌਜ ਸੀ ਤੇ ਦਰਬਾਰ ਦੀ ਪੰਜਾਬੀ ਬਟਾਲੀਅਨ ਸ਼ੇਰ ਸਿੰਘ ਅਟਾਰੀਵਾਲਾ ਦੀ ਅਗਵਾਈ ਵਿਚ ਸੀ। ਉਤਰ ਪੱਛਮ ਵੱਲੋਂ ਉਸ ਉਪਰ ਲੈਫਟੀਨੈਂਟ ਐਡਵਰਡ ਦੀ 2,000 ਫੌਜ ਤੇ ਚਾਰ ਤੋਪਾਂ ਡੇਰਾ ਫਤਿਹ ਖਾਨ ਵੱਲੋਂ ਵਧ ਰਹੀਆਂ ਸਨ ਅਤੇ 2,000 ਦੀ ਹੀ ਇਕ ਹੋਰ ਫੌਜ ਡੇਰਾ ਇਸਮਾਈਲ ਖਾਨ ਤੋਂ ਵਾਨ ਕੋਰਟਲੈਂਡਟ ਦੀ ਕਮਾਨ ਹੇਠ ਆ ਰਹੀ ਸੀ। ਪੂਰਬ ਵਾਲੇ ਪਾਸੇ ਨਵਾਬ ਬਹਾਵਲਪੁਰ ਦੀ ਫੌਜ ਸੀ। ਇਹ ਮੂਲ ਰਾਜ ਵਾਸਤੇ ਬਹੁਤ ਘਟੀਆ ਹਾਲਤ ਸੀ ਤੇ ਉਸ ਵਿਚ ਲੀਡਰਸ਼ਿਪ ਦੀ ਯੋਗਤਾ ਵੀ ਨਹੀਂ ਸੀ। ਉਹ ਡਰਪੋਕ ਬੰਦਾ ਸੀ ਤੇ ਜਿਹੜਾ ਕੋਈ ਉਸ ਦੀ ਮਦਦ ਵਾਸਤੇ ਆਉਂਦਾ ਸੀ, ਉਸ ਉਪਰ ਸ਼ੱਕ ਦੀ ਨਜ਼ਰ ਨਾਲ ਵੇਖਦਾ ਸੀ। ਬੇਸ਼ੱਕ ਉਹ ਜਾਣਦਾ ਸੀ ਕਿ ਸਭ ਕੁਝ ਉਸ ਦੇ ਵਿਰੁੱਧ ਜਾ ਰਿਹਾ ਸੀ ਪਰ ਫਿਰ ਵੀ ਉਹ ਰੈਜ਼ੀਡੈਂਟ ਅੱਗੇ ਆਪਣੇ ਨਿਰਦੋਸ਼ ਹੋਣ ਦੇ ਸੁਨੇਹੇ ਭੇਜ ਰਿਹਾ ਸੀ ਤੇ ਇਕ ਤਰ੍ਹਾਂ ਨਾਲ ਰਹਿਮ ਦੀਆਂ ਦਰਖਾਸਤਾਂ ਕਰ ਰਿਹਾ ਸੀ। ਉਸ ਦੇ ਪਰਿਵਾਰ ਨੇ ਵੱਡਾ ਖ਼ਜ਼ਾਨਾ ਜੋੜ ਰੱਖਿਆ ਸੀ ਅਤੇ ਉਹ ਉਸ ਤੋਂ ਅਲਗ ਨਹੀਂ ਹੋਣਾ ਚਾਹੁੰਦਾ ਸੀ।

ਸਭ ਤੋਂ ਪਹਿਲਾਂ ਲੈਫਟੀਨੈਂਟ ਐਡਵਾਰਡਸ ਅੱਗੇ ਵਧਿਆ। ਜਿਵੇਂ ਹੀ ਉਸ ਨੇ ਵਾਨ ਕੋਰਟਲੈਂਡ ਤੋਂ 22 ਅਪਰੈਲ ਨੂੰ ਖਤ ਹਾਸਿਲ ਕੀਤਾ, ਉਸ ਨੇ ਸਿੰਧ ਪਾਰ ਕੀਤਾ ਤੇ ਲੇਈਆਹ ਉਪਰ ਕਬਜ਼ਾ ਕਰ ਲਿਆ। ਜਿਓਂ ਹੀ ਉਸ ਨੂੰ ਪਤਾ ਲੱਗਾ ਕਿ ਇਹ ਮੁਲਤਾਨੀ ਫੌਜ ਉਸ ਦੇ ਵਿਰੁੱਧ ਆ ਰਹੀ ਹੈ ਤਾਂ ਉਹ ਉਥੋਂ ਪਿੱਛੇ ਹਟ ਗਿਆ ਤੇ ਮੂਲ ਚੰਦ ਦੇ ਡਿਪਟੀ ਚੇਤਨ ਮੱਲ ਦਾ ਛੋਟਾ ਕਸਬਾ ਮੰਗਰੋਤਾ ਆਪਣੇ ਕਬਜ਼ੇ ਵਿਚ ਕਰ ਲਿਆ। ਉਸ ਨੇ ਪੜੋਸ ਦੇ ਮੁਸਲਿਮ ਕਬੀਲਿਆਂ ਨੂੰ ਸਿੱਖਾਂ ਦੇ ਵਿਰੁੱਧ ਉਠ ਖੜੇ ਹੋਣ ਦਾ ਸੱਦਾ ਦਿੱਤਾ। ਲੁੱਟਣ ਦੇ ਲਾਲਚ ਵਿਚ ਬਹੁਤ ਸਾਰੇ ਕਬੀਲਿਆਈ ਅੰਗਰੇਜ਼ਾਂ ਦੇ ਨਾਲ ਆ ਗਏ। ਇਹਨਾਂ ਲੋਕਾਂ ਨੂੰ ਨਾਲ ਲੈ ਕੇ ਅੰਗਰੇਜ਼ਾ ਨੇ 20 ਮਈ ਨੂੰ ਡੇਰਾ ਗਾਜ਼ੀ ਖਾਨ ਉਪਰ ਕਬਜ਼ਾ ਕਰ ਲਿਆ। ਚੇਤਨ ਮੱਲ ਦੌੜ ਕੇ ਇਥੇ ਹੀ ਆਇਆ ਸੀ ਤੇ ਇਕ ਮੁੱਠਭੇੜ ਵਿਚ ਮਾਰਿਆ ਗਿਆ। ਹਾਨਾਰਡ ਦੇ ਕਿਲੇ ਨੂੰ ਬਾਈਪਾਸ ਕਰਦਿਆਂ ਐਡਵਰਡ ਅੱਗੇ ਵਧਦਾ ਗਿਆ। ਇਸ ਕਿਲੇ ਉਪਰ ਪਠਾਨਾਂ ਤੇ ਸਿੱਖਾਂ ਦਾ ਕਬਜ਼ਾ ਸੀ। ਉਸ ਨੇ ਫਿਰ ਸਿੰਧ ਨੂੰ ਪਾਰ ਕੀਤਾ ਤੇ ਮੁਲਤਾਨ ਵੱਲ ਦੱਖਣ ਦੇ ਪਾਸਿਓਂ ਵਧ ਗਿਆ। ਦੂਸਰੇ ਪਾਸੇ ਬਹਾਵਲਪੁਰ ਦੀ ਫੌਜ ਦੇ 8,500 ਸਿਪਾਹੀ, 11 ਤੋਪਾਂ ਤੇ 302 ਜ਼ਮੂਰੇ ਲੈਫਟੀਨੈਂਟ

ਲੇਕ ਦੀ ਅਗਵਾਈ ਵਿਚ ਰਾਵੀ ਪਾਰ ਕਰਕੇ ਅੱਗੇ ਵਧੇ। ਮੂਲ ਰਾਜ ਨੇ ਖਾਨਗੜ੍ਹ ਦੀ ਚੌਕੀ ਛੱਡ ਦਿੱਤੀ ਤੇ ਸ਼ੁਜਾਬਾਦ ਤੋਂ ਕਿਨੇਰੀ ਵਲ ਵਧ ਰਿਹਾ ਸੀ ਕਿ 18 ਜੂਨ, 1948 ਨੂੰ ਲੇਕ ਦੀ ਕਮਾਂਡ ਹੇਠ ਆ ਰਹੀ ਬਹਾਵਲਪੁਰ ਦੀ ਫੌਜ ਨਾਲ ਟਾਕਰਾ ਹੋ ਗਿਆ। ਆਦਮੀਆਂ ਤੇ ਤੋਪਾਂ ਦੇ ਵਜੋਂ ਬਹਾਵਲਪੁਰੀਆਂ ਦੀ ਚੜ੍ਹਤ ਹੋਣ ਦੇ ਬਾਵਜੂਦ ਮੂਲ ਰਾਜ ਨੇ ਉਹਨਾਂ ਨੂੰ ਸੱਤ ਘੰਟੇ ਰੋਕੀ ਰੱਖਿਆ। ਫਿਰ ਵਾਨ ਕੋਰਟਲੈਂਡ ਜਿਸ ਨੇ ਖਾਨਗੜ੍ਹ 'ਤੇ ਕਬਜ਼ਾ ਕਰ ਲਿਆ ਹੋਇਆ ਸੀ, ਬਹਾਵਲਪੁਰੀਆਂ ਨੂੰ ਆਣ ਮਿਲਿਆ। ਮੂਲ ਰਾਜ ਵਾਪਸ ਸ਼ੁਜਾਬਾਦ ਚੱਲ ਪਿਆ, ਸ਼ੁਜਾਬਾਦ ਤੋਂ ਸਿਕੰਦਰਾਬਾਦ ਤੇ ਉਥੋਂ ਮੁਲਤਾਨ ਦੇ ਬਹੁਤ ਨਜ਼ਦੀਕ ਸੂਰਜਕੁੰਡ ਪਹੁੰਚ ਗਿਆ। ਐਡਵਾਰਡਜ਼, ਲੇਕ ਤੇ ਵਾਨ ਕੋਰਟਲੈਂਡ ਦੀਆਂ ਇਕੱਠੀਆਂ ਫੌਜਾਂ, ਸਥਾਨਕ ਕਬੀਲੇ, ਬਹਾਵਲਪੁਰੀਏ ਤੇ ਦਰਬਾਰ ਦੀਆਂ ਫੌਜਾਂ ਨੇ ਮੁਲਤਾਨ ਨੂੰ ਇਕ ਹੋਰ ਕਰਾਰੀ ਹਾਰ ਦਿੱਤੀ ਪਹਿਲੀ ਜੁਲਾਈ 1848 ਨੂੰ ਸੱਦੋਸਾਮ ਦੇ ਮੁਕਾਮ ਉਪਰ ਦਿੱਤੀ। ਮੁਲਤਾਨੀ ਆਪਣੀ ਕਿਲ੍ਹੇਬੰਦੀ ਵੱਲ ਵਾਪਸ ਦੌੜ ਆਏ।

ਓਧਰ ਸ਼ਿਮਲਾ ਦੀਆਂ ਠੰਡੀਆਂ ਪਹਾੜੀਆਂ ਵਿਚ ਲਾਰਡ ਗੱਫ ਸਰਦੀਆਂ ਦੀਆਂ ਮੁਹਿੰਮਾਂ ਬਾਰੇ ਯੋਜਨਾਵਾਂ ਬਣਾ ਰਿਹਾ ਸੀ। ਉਸ ਨੂੰ ਉਥੇ ਹੀ ਐਡਵਾਰਡਜ਼ ਦਾ ਖਤ ਮਿਲਿਆ ਕਿ ਮੁਲਤਾਨ ਦੀ ਬਗਾਵਤ ਨੂੰ ਸ਼ੈਂਪੇਨ ਦੇ ਫਵਾਰੇ ਦੀਆਂ ਤਰ੍ਹਾਂ ਉਡਾਇਆ ਜਾ ਰਿਹਾ ਹੈ ਕਿਉਂਕਿ ਮੂਲ ਰਾਜ ਉਪਰ ਤਿੰਨ ਤਰਫਾ ਹਮਲਾ ਕੀਤਾ ਜਾ ਰਿਹਾ ਹੈ।

ਸਿੱਖ ਸਿਪਾਹੀਆਂ ਨੂੰ ਆਪਣੇ ਵੱਲ ਕਰਨ ਦੀਆਂ ਮੂਲ ਰਾਜ ਦੀਆਂ ਸਾਰੀਆਂ ਕੋਸ਼ਿਸ਼ਾ ਨਾਕਾਮ ਰਹੀਆਂ ਕਿਉਂਕਿ ਓਦੋਂ ਤੱਕ ਉਹਨਾਂ ਨੂੰ ਇਹੀ ਲੱਗ ਰਿਹਾ ਸੀ ਕਿ ਮੂਲ ਰਾਜ ਨੇ ਮਹਾਰਾਜਾ ਦਲੀਪ ਸਿੰਘ ਦੇ ਵਿਰੁੱਧ ਤੇ ਦਰਬਾਰ ਦੇ ਵਿਰੁੱਧ ਬਗਾਵਤ ਕੀਤੀ ਹੈ। ਲੇਕਿਨ ਐਨ ਇਸ ਵਕਤ ਭਾਈ ਮਹਾਰਾਜ ਸਿੰਘ ਸਟੇਜ ਉਪਰ ਆਇਆ। ਉਸ ਨੇ ਮਾਝਾ ਇਲਾਕਾ ਦਾ ਦੌਰਾ ਕੀਤਾ ਤੇ 'ਧਰਮ ਯੁੱਧ' ਵਾਸਤੇ ਸੇਵਾਦਾਰ ਭਰਤੀ ਕਰਨ ਦਾ ਨਾਹਰਾ ਦਿੱਤਾ। ਉਸ ਨੇ ਦੱਸਿਆ ਕਿ 'ਸੌ ਸਾਖੀ' ਵਿਚ ਇਸ ਅੱਜ ਦੇ ਮੌਕੇ ਬਾਰੇ ਦਰਜ ਹੈ ਕਿ ਅੰਗਰੇਜ਼ੀ ਹਕੂਮਤ ਨੇ ਖ਼ਤਮ ਹੋ ਜਾਣਾ ਹੈ ਅਤੇ ਦਲੀਪ ਸਿੰਘ ਨਾਂ ਦਾ ਬੰਦਾ ਖਾਲਸਾ ਪੰਥ ਦੀ ਹਕੂਮਤ ਨੂੰ ਮੁੜ ਸੁਰਜੀਤ ਕਰੇਗਾ। ਸੌ ਸਾਖੀ ਕੁਝ ਉਹਨਾਂ ਲਿਖਤਾਂ ਨੂੰ ਕਿਹਾ ਜਾਂਦਾ ਹੈ ਜੋ ਗੁਰੂ ਗੋਬਿੰਦ ਸਿੰਘ ਦੀਆਂ ਲਿਖੀਆਂ ਭਵਿੱਸ਼ਬਾਣੀਆਂ ਉਪਰ ਅਧਾਰਤ ਸਮਝੀਆਂ ਜਾਂਦੀਆਂ ਹਨ। ਹਜ਼ਾਰਾਂ ਸਿੱਖ ਇਸ ਨਾਹਰੇ ਹੇਠ ਇਕੱਠੇ ਹੋਏ ਤੇ ਮੁਲਤਾਨ ਵੱਲ ਚੱਲ ਪਏ। ਰੈਜ਼ੀਡੈਂਟ ਨੇ ਮਹਾਰਾਜ ਸਿੰਘ ਦੀ ਪ੍ਰਾਈਵੇਟ ਫੌਜ ਦਾ ਪਿੱਛਾ ਕਰਨ ਦਾ ਹੁਕਮ ਦਿੱਤਾ ਤੇ ਦਰਬਾਰ ਦੀਆਂ ਫੌਜਾਂ ਨੇ ਮਹਾਰਾਜ ਸਿੰਘ ਨੂੰ ਚੇਨਾਬ ਦੇ ਕੰਢੇ ਜਾ ਘੇਰਿਆ। ਭਾਈ ਓਥੋਂ ਨਿਕਲ ਤਾਂ ਗਿਆ ਪਰ ਉਸ ਦੇ ਬਹੁਤ ਸਾਰੇ ਬੰਦੇ ਜਾਂ

ਫੜੇ ਗਏ ਤੇ ਜਾਂ ਦਰਿਆ ਵਿਚ ਡੁੱਬ ਗਏ।

ਭਾਈ ਮਹਾਰਾਜ ਸਿੰਘ ਦੇ ਮੁਲਤਾਨ ਪਹੁੰਚਣ ਨਾਲ ਸਿੱਖ ਸਿਪਾਹੀਆਂ ਵਿਚ ਇਹ ਗੱਲ ਪੱਕੀ ਹੋ ਗਈ ਕਿ ਉਹ ਮੂਲ ਰਾਜ ਦੇ ਹੱਕ ਵਿਚ ਨਿੱਤਰਣ। ਇਹ ਹੂ ਬਾ ਹੂ ਉਹ ਸੀ ਜੋ ਅੰਗਰੇਜ਼ ਚਾਹੁੰਦੇ ਸਨ। ਉਹ ਇਸ ਬਗਾਵਤ ਨਾਲ ਚੰਗੀ ਤਰ੍ਹਾਂ ਨਜਿੱਠ ਸਕਦੇ ਹਨ, ਸਿੱਖਾਂ ਦੇ ਖ਼ੂਨ ਨਾਲ ਖੇਡਣਗੇ ਤੇ ਅਖੀਰ ਪੰਜਾਬ ਨੂੰ ਮੁਕੰਮਲ ਤੌਰ 'ਤੇ ਅੰਗਰੇਜ਼ੀ ਰਾਜ ਵਿਚ ਸ਼ਾਮਲ ਕਰ ਸਕਦੇ ਹਨ। ਇਕੋ ਰੋੜਕਾ ਅਟਾਰੀਵਾਲਾ ਸਰਦਾਰਾਂ ਦਾ ਸੀ ਜੋ ਪੂਰੀ ਤਰ੍ਹਾਂ ਰੈਜ਼ੀਡੈਂਟ ਦੇ ਵਫਾਦਾਰ ਚੱਲੇ ਆ ਰਹੇ ਸਨ। ਜੂਨ 1848 ਵਿਚ ਸ਼ੇਰ ਸਿੰਘ ਅਟਾਰੀਵਾਲਾ ਬ੍ਰਿਟਿਸ਼ ਅਫਸਰ ਨਾਲ ਮੁਲਤਾਨ ਨੂੰ ਸੰਭਾਲ ਰਿਹਾ ਸੀ ਤੇ ਉਸ ਦਾ ਪਿਤਾ ਉਤਰੀ ਪੱਛਮੀ ਸਰਹੱਦ ਦੀ ਨਿਗਰਾਨੀ ਵਿਚ ਲੱਗਾ ਸੀ। ਅਟਾਰੀਵਾਲੇ ਸਰਦਾਰਾਂ ਦੀ ਅੰਗਰੇਜ਼ਾਂ ਨਾਲ ਦੋਸਤੀ ਤੋਂ ਲੋਕਾਂ ਵਿਚ ਨਾਰਾਜ਼ਗੀ ਦੀ ਲਹਿਰ ਸੀ। ਇਕ ਸੁਜਾਨ ਸਿੰਘ ਜੋ ਸ਼ੇਰ ਸਿੰਘ ਨੂੰ ਜ਼ਹਿਰ ਦੇਣ ਦੀ ਸਾਜਿਸ਼ ਵਿਚ ਸ਼ਾਮਲ ਪਾਇਆ ਗਿਆ ਸੀ, ਫੜਿਆ ਗਿਆ ਤੇ ਤੋਪ ਨਾਲ ਉਡਾ ਦਿੱਤਾ ਗਿਆ ਸੀ। ਇਸ ਬਾਰੇ ਐਵਾਰਡਜ਼ ਨੇ ਲਿਖਿਆ ਕਿ "ਸੁਜਾਨ ਸਿੰਘ ਇਕ ਜਗਰੀਦਾਰ ਸਿੱਖ ਘੋੜ ਸਵਾਰ ਸੀ ਜੋ ਕਾਫ਼ੀ ਸ਼ਰਾਰਤੀ ਕਿਸਮ ਦਾ ਬੰਦਾ ਸੀ।" ਕੁਝ ਵੀ ਹੋਵੇ, ਉਸ ਨੂੰ ਇਸ ਤਰ੍ਹਾਂ ਮੌਤ ਦੀ ਸਜ਼ਾ ਦੇਣ ਨਾਲ ਗੁੱਸੇ ਦੀ ਲਹਿਰ ਫੈਲ ਗਈ ਜਿਸ ਦਾ ਸ਼ੇਰ ਸਿੰਘ ਨੂੰ ਵੀ ਅੰਦਾਜ਼ਾ ਸੀ।

ਮੁੱਖ ਸਰਦਾਰਾਂ ਦੀ ਦਿਲਚਸਪੀ ਰੈਜ਼ੀਡੈਂਟ ਦੇ ਰਾਜ ਨੂੰ ਕਾਇਮ ਰੱਖਣ ਵਿਚ ਸੀ ਤੇ ਸਿਪਾਹੀਆਂ ਦੀ ਉਸ ਨੂੰ ਖ਼ਤਮ ਕਰਨ ਵਿਚ। ਫੌਜੀਆਂ ਦੀਆਂ ਪੰਚਾਇਤਾਂ ਨੂੰ ਭੰਗ ਕਰ ਦਿੱਤਾ ਸੀ ਤੇ ਉਹਨਾਂ ਦੀਆਂ ਤਨਖਾਹ ਘਟਾ ਕੇ ਮਹਾਰਾਜਾ ਰਣਜੀਤ ਸਿੰਘ ਦੇ ਵਕਤ ਦੀਆਂ ਤਨਖਾਹਾਂ ਦੇ ਬਰਾਬਰ ਕਰ ਦਿੱਤੀਆਂ ਸਨ। ਮੁੱਖੀਆਂ ਨੂੰ ਅੰਗਰੇਜ਼ਾਂ ਨੇ ਕਾਫੀ ਸਹੂਲਤਾਂ ਦਿੱਤੀਆਂ ਹੋਈਆਂ ਸਨ ਜਿਹਨਾਂ ਨੂੰ ਉਹ ਗਵਾਉਣਾ ਨਹੀਂ ਚਾਹੁੰਦੇ ਸਨ ਤੇ ਸਿਪਾਹੀ ਪਹਿਲਾਂ ਹੀ ਗਵਾ ਚੁਕੇ ਸਨ। ਸਿਪਾਹੀਆਂ ਨੂੰ ਇਹ ਵੀ ਉਮੀਦਾਂ ਸਨ ਕਿ ਜੇ ਬਗਾਵਤ ਕਾਮਯਾਬ ਹੋ ਗਈ ਤਾਂ ਉਹਨਾਂ ਨੂੰ ਚੰਗੀਆਂ ਸਹੂਲਤਾਂ ਤੇ ਤਨਖਾਹਾਂ ਮਿਲਣਗੀਆਂ। ਰੈਜ਼ੀਡੈਂਟ ਨੇ ਲਿਖਿਆ ਸੀ ਕਿ 'ਸਰਦਾਰ ਵਫਾਦਰ ਹਨ, ਸੱਚੇ ਹਨ ਤੇ ਸਿਪਾਹੀ ਝੂਠੇ।' ਐਡਵਾਰਡਜ਼ ਨੇ ਵੀ ਇਹੋ ਖਿਆਲ ਪ੍ਰਗਟ ਕਰਦਿਆਂ ਜੁਲਾਈ ਵਿਚ ਲਿਖਿਆ ਕਿ, 'ਜਿੱਥੋਂ ਤੱਕ ਸਰਦਾਰਾਂ ਦਾ ਸਵਾਲ ਹੈ, ਮੈਂ ਸਮਝਦਾ ਹਾਂ ਕਿ ਦਿਲ ਤੋਂ ਸਾਡੇ ਨਾਲ ਹਨ। ਉਹ ਜਗੀਰਾਂ, ਉਚੀਆਂ ਤਨਖਾਹਾਂ ਤੇ ਰੁਤਬਿਆਂ ਨਾਲ ਰੱਜੇ ਪਏ ਹਨ। ਪਰ ਉਹਨਾਂ ਦੀ ਫੌਜ ਇਤਨੀ ਹੀ ਵੱਧ ਗੈਰ ਵਫ਼ਾਦਾਰ ਤੇ ਸਾਡੇ ਖਿਲਾਫ਼ ਹੈ।'

ਮੁਲਤਾਨ ਉਪਰ ਕਬਜ਼ੇ ਦੀ ਦੇਰੀ ਨਾਲ ਸਿਪਾਹੀਆਂ ਅੰਦਰ ਬਗਾਵਤ ਦੀਆਂ ਰੁਚੀਆਂ ਵਧਣ ਦੇ ਹੋਰ ਮੌਕੇ ਮਿਲਦੇ ਜਾਂਦੇ ਸਨ। ਮੁਲਤਾਨ ਦੀ ਬਗਾਵਤ

ਦਾ ਵਿਰੋਧ ਕਰਨ ਕਰਕੇ ਚਤਰ ਸਿੰਘ ਦੀ ਲੋਕ ਪ੍ਰਿਅਤਾ ਕਾਫ਼ੀ ਘੱਟਦੀ ਜਾਣ ਤੋਂ ਬਾਅਦ ਉਹ ਨਫਰਤ ਦਾ ਕੇਂਦਰ ਬਣਦਾ ਜਾ ਰਿਹਾ ਸੀ। ਉਸ ਨੇ ਮੂਲ ਰਾਜ ਦੀ ਹਾਰ ਉਪਰ ਤੋਪਾਂ ਦੀ ਸਲਾਮੀ ਵੀ ਦਿੱਤੀ ਸੀ। ਇਸ ਤੋਂ ਇਲਾਵਾ ਉਸ ਨੇ ਵੇਖਿਆ ਕਿ ਉਸ ਦੇ ਮਾਤਹਿਤ ਕੰਮ ਕਰਦੇ ਅੰਗਰੇਜ਼ ਅਫਸਰ ਵੀ ਉਸ ਦੀ ਇੱਜ਼ਤ ਨਹੀਂ ਕਰ ਰਹੇ। ਇਹ ਅਫਵਾਹ ਵੀ ਆਮ ਸੀ ਕਿ ਅੰਗਰੇਜ਼ ਆਪਣਾ ਉਹ ਵਾਅਦਾ ਕਦੇ ਪੂਰਾ ਨਹੀਂ ਕਰਨਗੇ ਕਿ ਮਹਾਰਾਜਾ ਦਲੀਪ ਸਿੰਘ ਦੇ ਬਾਲਗ ਹੋਣ ਬਾਅਦ ਹਕੂਮਤ ਉਸ ਦੇ ਸਪੁਰਦ ਕਰ ਦਿੱਤੀ ਜਾਵੇਗੀ। ਵੱਡੇ ਸਰਦਾਰ ਨੇ ਆਪਣੇ ਪੁੱਤਰ ਨੂੰ ਲਿਖਿਆ ਕਿ ਲੈਫਟੀਨੈਂਟ ਐਡਵਾਰਡਜ਼ ਤੋਂ ਰੈਜ਼ੀਡੈਂਟ ਨੂੰ ਖ਼ਤ ਲਿਖਵਾਇਆ ਜਾਵੇ ਕਿ ਉਹ ਮਹਾਰਾਜ ਦਲੀਪ ਸਿੰਘ ਦੀ ਸ਼ਾਦੀ ਦਾ ਬੰਦੋਬਸਤ ਕਰੇ ਜੋ ਉਸ ਦੀ ਬੇਟੀ ਨਾਲ ਹੋਣੀ ਸੀ। ਐਡਵਾਰਡਜ਼ ਨੇ ਰੈਜ਼ੀਡੈਂਟ ਨੂੰ ਲਿਖ ਭੇਜਿਆ ਤੇ ਅੱਗੋਂ ਉਸ ਨੇ ਲਿਖਿਆ ਕਿ ਉਹ ਇਸ ਬਾਰੇ ਦਰਬਾਰ ਨਾਲ ਸਲਾਹ ਮਸ਼ਵਰਾ ਕਰੇਗਾ। ਨਾਲ ਹੀ ਉਸ ਨੇ ਇਹ ਵੀ ਲਿਖਿਆ ਕਿ, "ਮੈਂ ਨਹੀਂ ਸਮਝਦਾ ਕਿ ਸ਼ਾਦੀ ਦੀਆਂ ਰਸਮਾਂ ਦਾ ਸਰਕਾਰ ਦੀਆਂ ਪੰਜਾਬ ਦੇ ਪ੍ਰਸ਼ਾਸਨ ਬਾਰੇ ਭਵਿੱਖ ਦੀਆਂ ਨੀਤੀਆਂ ਨਾਲ ਕੋਈ ਸੰਬੰਧ ਹੋਵੇਗਾ।"

ਕੈਪਟਨ ਜੇਮਜ਼ ਐੱਬੌਟ ਚਤਰ ਸਿੰਘ ਅਟਾਰੀਵਾਲਾ ਬਾਰੇ ਆਪਣਾ ਰੁੱਖਾ ਤੇ ਵਿਰੋਧੀ ਵਰਤਾਰਾ ਜਾਰੀ ਰੱਖ ਰਿਹਾ ਸੀ। ਅਗਸਤ ਦੇ ਪਹਿਲੇ ਹਫ਼ਤੇ ਬਿਨਾਂ ਕਿਸੀ ਚੇਤਾਵਨੀ ਤੇ ਉਕਸਾਹਟ ਸਰਦਾਰ ਦਾ ਕੈਂਪ ਛੱਡ ਗਿਆ ਤੇ ਕਬਾਇਲੀਆਂ ਨੂੰ ਸਿੱਖਾਂ ਦੇ ਵਿਰੁੱਧ ਭੜਕਾਉਣ ਲੱਗ ਪਿਆ। ਉਸ ਦੇ ਆਪਣੇ ਸ਼ਬਦਾਂ ਵਿਚ ਉਸ ਨੇ ਕਬਾਇਲੀਆਂ ਨੂੰ ਕਿਹਾ ਕਿ ਆਪਣੇ ਪਿਓ ਦਾਦਿਆਂ ਦੇ ਕਤਲਾਂ ਤੇ ਲੁੱਟਾਂ ਮਾਰਾਂ ਦਾ ਸਿੱਖਾਂ ਤੋਂ ਤਕੜਾ ਬਦਲਾ ਲੈ ਸਕਦੇ ਹੋ। ਅਗਸਤ ਦੀ 6 ਤਰੀਖ ਨੂੰ ਐੱਬੌਟ ਦੇ ਸਿਖਾਏ ਕੁਝ ਕਬਾਇਲੀਆਂ ਨੇ ਚਤਰ ਸਿੰਘ ਨੂੰ ਘੇਰਿਆ। ਆਪਣੀ ਸੁਰੱਖਿਆ ਵਾਸਤੇ ਉਸ ਨੇ ਹਰੀਪੁਰ ਦੇ ਕਿਲੇ ਵਿਚ ਚਲੇ ਜਾਣ ਦੀ ਸੋਚੀ। ਉਸ ਨੇ ਦਰਬਾਰ ਦੇ ਇਕ ਕਰਮਚਾਰੀ ਅਮਰੀਕਨ ਕਰਨਲ ਕੈਨੋਰਾ ਨੂੰ ਹੁਕਮ ਦਿੱਤਾ ਕਿ ਉਸ ਵਾਸਤੇ ਜਗ੍ਹਾ ਬਣਾਈ ਜਾਵੇ। ਅਮਰੀਕਨ ਨੇ ਹੁਕਮ ਮੰਨਣ ਤੋਂ ਇਨਕਾਰ ਕੀਤਾ ਕਿ ਜਦੋਂ ਤੱਕ ਕੈਪਟਨ ਐੱਬੌਟ ਉਸ ਨੂੰ ਨਹੀਂ ਕਹਿੰਦਾ। ਚਤਰ ਸਿੰਘ ਨੇ ਸਖ਼ਤ ਚੇਤਾਵਨੀ ਦਿੱਤੀ ਪਰ ਕਰਨਲ ਉਪਰ ਕੋਈ ਅਸਰ ਨਹੀਂ ਹੋਇਆ। ਬਲਕਿ ਉਸ ਨੇ ਕਿਲ੍ਹੇ ਅੰਦਰ ਆ ਰਹੇ ਚਤਰ ਸਿੰਘ ਦੇ ਬੰਦਿਆਂ ਵੱਲ ਤੋਪਾਂ ਦੇ ਮੂੰਹ ਕਰਵਾ ਦਿੱਤੇ ਅਤੇ ਤੋਪ ਦਾਗਣ ਦੀਆਂ ਮਸ਼ਾਲਾਂ ਜਗਾ ਲਈਆਂ। ਜਦੋਂ ਇਕ ਹਵਾਲਦਾਰ ਨੇ ਚਤਰ ਸਿੰਘ ਦੇ ਬੰਦਿਆਂ ਉਪਰ ਤੋਪ ਚਲਾਉਣ ਤੋਂ ਇਨਕਾਰ ਕਰ ਦਿੱਤਾ ਤਾਂ ਉਸ ਨੇ ਉਸ ਨੂੰ ਧੱਕਾ ਮਾਰ ਕੇ ਪਾਸੇ ਕਰ ਦਿੱਤਾ ਤੇ ਖ਼ੁਦ ਮਸ਼ਾਲ ਫੜ ਕੇ ਤੋਪ ਦਾਗਣ ਦੀ ਕੋਸ਼ਿਸ਼ ਕੀਤੀ ਪਰ ਕਿਸੇ ਕਾਰਣ ਤੋਪ ਨਹੀਂ ਚੱਲੀ।

ਚਤਰ ਸਿੰਘ ਦੇ ਬੰਦੇ ਕੈਨੋਰਾ ਉਪਰ ਟੁੱਟ ਕੇ ਪੈ ਗਏ ਤੇ ਉਸ ਦਾ ਕਤਲ ਕਰ ਦਿੱਤਾ।

ਇਸ ਵਾਕਿਆ ਨੇ ਕੈਪਟਨ ਐੱਬੌਟ ਨੂੰ ਉਹ ਬਹਾਨਾ ਦਿੱਤਾ ਜਿਸ ਦਾ ਉਹ ਇੰਤਜ਼ਾਰ ਕਰ ਰਿਹਾ ਸੀ। ਉਸ ਨੇ ਚਤਰ ਸਿੰਘ ਉਪਰ ਸ਼ਰੇ ਆਮ ਕਤਲ ਦਾ ਇਲਜ਼ਾਮ ਲਗਾਇਆ ਤੇ ਦਰਬਾਰ ਦੀਆਂ ਫੌਜਾਂ ਵਿਰੁੱਧ ਕਬਾਇਲੀਆਂ ਨੂੰ ਭੜਕਾਉਂਦਾ ਰਿਹਾ। ਰੈਜ਼ੀਡੈਂਟ ਨੇ ਵੀ ਐੱਬੌਟ ਦੇ ਵਿਹਾਰ ਦੀ ਨੁਕਤਾਚੀਨੀ ਕੀਤੀ ਤੇ ਲਿਖਿਆ ਕਿ, "ਇਹ ਸਾਫ਼ ਹੈ ਕਿ ਚਤਰ ਸਿੰਘ ਦੀ ਬਰਿਗੇਡ ਦੀ ਕੁਝ ਵੀ ਮੰਨਸ਼ਾ ਹੋਵੇ ਉਹਨਾਂ ਨੇ ਬਗਾਵਤ ਵਾਲਾ ਕੋਈ ਕੰਮ ਨਹੀਂ ਕੀਤਾ ਜਦੋਂ ਤੱਕ ਕਿ ਤੂੰ ਹਥਿਆਰਬੰਦ ਕਿਸਾਨਾਂ ਨੂੰ ਦਰਬਾਰ ਦੇ ਵਿਰੁੱਧ ਭੜਕਾਣ ਦਾ ਕੰਮ ਨਹੀਂ ਸ਼ੁਰੂ ਕੀਤਾ। ਮੈਂ ਤੈਨੂੰ ਅਜਿਹਾ ਕੋਈ ਹੁਕਮ ਨਹੀਂ ਸੀ ਦਿੱਤਾ ਕਿ ਮਕਾਮੀ ਲੋਕਾਂ ਦੀ ਫੌਜ ਭਰਤੀ ਕਰੇਂ। ਤੇਰੇ ਇਸ ਸਾਰੇ ਕੰਮ ਨਾਲ ਸਾਡੀ ਬਦਨਾਮੀ ਹੈ। ਜੋ ਵੀ ਰੀਪੋਰਟ ਮਿਲੀ ਹੈ, ਉਸ ਨਾਲ ਕੈਨੋਰਾ ਦੀ ਮੌਤ ਇਕ ਕਤਲ ਨਹੀਂ ਸਾਬਤ ਹੁੰਦੀ ਤੇ ਨਾ ਹੀ ਇਹ ਕਿਹਾ ਜਾ ਸਕਦਾ ਹੈ ਕਿ ਉਸ ਵਿਚ ਚਤਰ ਸਿੰਘ ਦਾ ਕੋਈ ਹੱਥ ਸੀ।"

ਐੱਬੌਟ ਨੂੰ ਪਾਈ ਇਸ ਝਾੜ ਦੇ ਬਾਵਜੂਦ ਕੱਰੀ ਨੇ ਅਟਾਰੀਵਾਲਾ ਸਰਦਾਰਾਂ ਨੂੰ ਖ਼ਤਮ ਕਰਨ ਦੀ ਸੋਚ ਰੱਖੀ ਸੀ। ਕੈਪਟਨ ਨਿਕੋਲਸਨ, ਜਿਸ ਨੂੰ ਚਤਰ ਸਿੰਘ ਤੇ ਐੱਬੌਟ ਵਿਚਕਾਰ ਸੁਲਾਹ ਸਫ਼ਾਈ ਕਰਾਵਾਉਣ ਵਾਸਤੇ ਭੇਜਿਆ ਸੀ, ਨੇ ਚਤਰ ਸਿੰਘ ਦੀ ਜਗੀਰ ਕੁਰਕ ਕਰਨ ਦਾ ਹੁਕਮ ਸੁਣਾ ਦਿੱਤਾ ਤੇ ਉਸ ਨੂੰ ਉਹ ਹਵਾਲੇ ਕਰਨ ਵਾਸਤੇ ਕਿਹਾ। ਉਸ ਨੇ ਕੱਰੀ ਨੂੰ ਖ਼ਤ ਲਿਖ ਕੇ ਦੱਸਿਆ ਕਿ ਉਸ ਨੇ ਚਤਰ ਸਿੰਘ ਨੂੰ ਇਕ ਪੇਸ਼ਕੱਸ਼ ਕੀਤੀ ਹੈ ਕਿ ਜੇ ਉਹ ਮੇਰੇ ਸਾਹਮਣੇ ਪੇਸ਼ ਹੁੰਦਾ ਹੈ ਅਤੇ ਆਪਣੇ ਸਿਪਾਹੀਆਂ ਨੂੰ ਪਹਿਲੇ ਵਾਲੀਆਂ ਥਾਵਾਂ ਉੱਤੇ ਭੇਜ ਦੇਂਦਾ ਹੈ ਤਾਂ ਮੈਂ ਉਸ ਦੀ ਜਾਨ ਤੇ ਇੱਜ਼ਤ ਦੀ ਗਰੰਟੀ ਦੇਂਦਾ ਹਾਂ ਪਰ ਮੈਂ ਉਸ ਦੇ ਨਾਜ਼ਿਮ ਰਹਿਣ ਤੇ ਜਗੀਰ ਰੱਖਣ ਦੀ ਗਰੰਟੀ ਨਹੀਂ ਦੇ ਸਕਦਾ। ਮੈਂ ਉਸ ਨੂੰ ਸਾਫ਼ ਦੱਸ ਦਿੱਤਾ ਹੈ ਕਿ ਉਹ ਜਗੀਰ ਤੇ ਰੁਤਬੇ ਦਾ ਹੱਕਦਾਰ ਨਹੀਂ। ਇਸ ਤੋਂ ਅੱਗੇ ਉਹ ਲਿਖਦਾ ਹੈ ਕਿ, "ਮੈਨੂੰ ਵਿਸ਼ਵਾਸ ਹੈ ਕਿ ਤੁਸੀਂ ਸਹਿਮਤ ਹੋਵੋਗੇ ਕਿ ਨਿਜ਼ਾਮ ਦਾ ਰੁਤਬਾ ਤੇ ਜਗੀਰ ਦਾ ਖੁੱਸ ਜਾਣਾ ਹੀ ਉਸ ਵਾਸਤੇ ਕਾਫ਼ੀ ਸਜ਼ਾ ਹੋਵੇਗੀ। ਮੇਰਾ ਖਿਆਲ ਹੈ ਕਿ ਮੈਂ ਉਸ ਨੂੰ ਠੀਕ ਪੇਸ਼ਕੱਸ਼ ਕੀਤੀ ਹੈ।"

ਰੈਜ਼ੀਡੈਂਟ ਨੇ ਅਜੇ ਪੰਦਰਾਂ ਦਿਨ ਪਹਿਲਾਂ ਹੀ ਚਤਰ ਸਿੰਘ ਨੂੰ ਬੇਕਸੂਰ ਮੰਨਿਆ ਸੀ ਪਰ ਉਸ ਨੇ ਪੂਰੀ ਤਰ੍ਹਾਂ ਨਿਕਲਸਨ ਦੇ ਐਕਸ਼ਨ ਦੀ ਪੁਸ਼ਟੀ ਕਰ ਦਿੱਤੀ।

ਚਤਰ ਸਿੰਘ ਬਿਰਧ ਆਦਮੀ ਸੀ, ਐਨਕਾਂ ਲਗਾ ਕੇ ਰੱਖਦਾ ਸੀ, ਅੱਖਾਂ ਅੰਦਰ ਚਿਪਕੀਆਂ ਸਨ, ਸੋਟੀ ਦੇ ਸਹਾਰੇ ਚੱਲਦਾ ਸੀ ਤੇ ਹਮੇਸ਼ਾਂ ਕਮਜ਼ੋਰ ਸਿਹਤ

ਰਹਿੰਦੀ ਸੀ। ਉਹ ਆਪਣਾ ਭਵਿੱਸ਼ ਇਸ ਤਰ੍ਹਾਂ ਵੇਖਦਾ ਸੀ ਕਿ ਉਸ ਦੀ ਬੇਟੀ ਦੀ ਮਹਾਰਾਜਾ ਦਲੀਪ ਸਿੰਘ ਨਾਲ ਸ਼ਾਦੀ ਹੋ ਜਾਵੇ ਤੇ ਉਹ ਆਪਣੇ ਪਿੰਡ ਅਟਾਰੀ ਆਰਾਮ ਨਾਲ ਟਿਕ ਜਾਵੇ। ਨਾ ਉਹ ਚਾਹੁੰਦਾ ਸੀ ਤੇ ਨਾ ਹੀ ਬਗਾਵਤ ਵਾਸਤੇ ਕਾਬਲ ਸੀ ਪਰ ਜਿਸ ਤਰ੍ਹਾਂ ਦਾ ਵਿਹਾਰ ਉਸ ਨਾਲ ਐੱਬੌਟ ਤੇ ਨਿਕਲਸਨ ਨੇ ਕੀਤਾ, ਉਸ ਨੂੰ ਮਜਬੂਰ ਕਰ ਦਿੱਤਾ ਕਿ ਉਹ ਆਪਣੇ ਕਮਜ਼ੋਰ ਹੱਥਾਂ ਨਾਲ ਤਲਵਾਰ ਨੂੰ ਮਿਆਨ ਵਿਚੋਂ ਬਾਹਰ ਕੱਢੇ ਤੇ ਉਸ ਨੇ ਇਕ ਵਾਰ ਕੱਢ ਲਈ। ਉਸ ਨੇ ਆਪਣੇ ਪੁੱਤਰ ਨੂੰ ਖ਼ਤ ਭੇਜਿਆ ਕਿ ਕਿਵੇਂ ਫਰੰਗੀਆਂ ਨੇ ਉਸ ਨਾਲ ਸਲੂਕ ਕੀਤਾ ਤੇ ਉਸ ਨੂੰ ਕਿਹਾ ਕਿ ਉਹ ਆਪਣੇ ਲੋਕਾਂ ਦਾ ਸਾਥ ਦੇਵੇ ਤੇ ਇਹਨਾਂ ਵਿਦੇਸ਼ੀਆਂ ਨੂੰ ਮਾਰ ਭਜਾਉਣ ਤੋਂ ਬਿਨਾਂ ਹੁਣ ਹੋਰ ਕੋਈ ਚਾਰਾ ਨਹੀਂ। ਓਦੋਂ ਤੱਕ ਸ਼ੇਰ ਸਿੰਘ ਅਟਾਰੀਵਾਲਾ ਪੂਰੀ ਤਰ੍ਹਾਂ ਅੰਗਰੇਜ਼ਾਂ ਦੀ ਪਿੱਠ ਪਿੱਛੇ ਖਲੋਤਾ ਸੀ। ਉਹ ਬਾਗੀ ਸਿਪਾਹੀਆਂ ਤੇ ਮੂਲ ਰਾਜ ਦਾ ਸੁਨੇਹਾ ਲੈ ਕੇ ਆਏ ਬੰਦਿਆਂ ਦੀ ਗੱਲ ਨਹੀਂ ਮੰਨ ਰਿਹਾ ਸੀ।

ਸ਼ੇਰ ਸਿੰਘ ਨੇ 9 ਸਤੰਬਰ ਨੂੰ ਮੁਲਤਾਨ ਉਪਰ ਕਬਜ਼ਾ ਕਰਨ ਦਾ ਅਸਫਲ ਯਤਨ ਕੀਤਾ ਸੀ। ਕੈਪਟਰ ਪੀਅਰਸੇ ਨੇ ਅਗਲੇ ਦਿਨ ਆਪਣੀ ਡਾਇਰੀ ਵਿਚ ਲਿਖਿਆ, 'ਹਮੇਸ਼ਾ ਦੀ ਤਰ੍ਹਾਂ ਸਿੱਖ ਬਹੁਤ ਸ਼ਿੱਦਤ ਨਾਲ ਲੜੇ।' ਸ਼ੇਰ ਸਿੰਘ ਨੂੰ ਉਸ ਦੇ ਪਿਤਾ ਦੇ ਖ਼ਤ ਨੇ ਬੇਚੈਨ ਕਰ ਦਿੱਤਾ ਸੀ। ਕੁਝ ਅਫਵਾਹਾਂ ਵੀ ਸਨ ਕਿ ਅੰਗਰੇਜ਼ਾਂ ਦੇ ਇਕ ਖਰੀਦੇ ਹੋਏ ਦਲਾਲ ਫਤਿਹ ਖਾਨ ਘੇਬਾ ਨੇ ਚਤਰ ਸਿੰਘ ਦਾ ਕਤਲ ਕਰ ਦਿੱਤਾ ਹੈ। ਸ਼ੇਰ ਸਿੰਘ ਨੇ ਇਸ ਗੱਲ ਵੱਲ ਕੋਈ ਧਿਆਨ ਨਹੀਂ ਦਿੱਤਾ। ਇਕ ਵਾਕਿਆ 13 ਸਤੰਬਰ 1848 ਨੂੰ ਅਜਿਹਾ ਹੋਇਆ ਕਿ ਉਹ ਪੱਕੀ ਤਰ੍ਹਾਂ ਅੰਗਰੇਜ਼ਾਂ ਦੀ ਬੇਈਮਾਨੀ ਵਾਲੀ ਮੰਨਸ਼ਾ ਦਾ ਕਾਇਲ ਹੋ ਗਿਆ। ਉਸ ਰਾਤ ਉਹ ਡਿਨਰ ਤੋਂ ਬਾਅਦ ਅੰਗਰੇਜ਼ ਅਫਸਰਾਂ ਦੀ ਮੈੱਸ ਵਿਚ ਗਿਆ ਜਿਸ ਤਰ੍ਹਾਂ ਉਹ ਹਮੇਸ਼ਾਂ ਕਰਦਾ ਹੁੰਦਾ ਸੀ ਤੇ ਐਡਵਾਰਡਜ਼ ਦੇ ਨਾਲ ਵਾਲੀ ਸੀਟ ਲੈ ਲਈ। ਉਸ ਨੇ ਵੇਖਿਆ ਕਿ ਵਾਨ ਕਾਰਲੈਂਡਰ ਜੋ ਅਜੇ ਵੀ ਦਰਬਾਰ ਦਾ ਨਮਕ ਖਾਂਦਾ ਸੀ, ਉਠ ਕੇ ਬਾਹਰ ਚਲਾ ਗਿਆ। ਥੋੜ੍ਹੀ ਦੇਰ ਬਾਅਦ ਸ਼ੇਰ ਸਿੰਘ ਦੀ ਰੈਜੀਮੈਂਟ ਦੇ ਇਕ ਅਫਸਰ ਨੇ ਅੰਦਰ ਆ ਕੇ ਸ਼ੇਰ ਸਿੰਘ ਦੇ ਕੰਨ ਵਿਚ ਕਿਹਾ ਕਿ ਵਾਨ ਕਾਰਲੈਂਡਰ ਕੁਝ ਪਠਾਨਾਂ ਨੂੰ ਮੈੱਸ ਦਾ ਟੈਂਟ ਘੇਰਨ ਵਾਸਤੇ ਕਹਿ ਰਿਹਾ ਹੈ। ਸ਼ੇਰ ਸਿੰਘ ਜਲਦੀ ਨਾਲ ਵਾਨ ਕਾਰਲੈਂਡਰ ਦੇ ਬੰਦਿਆਂ ਦੇ ਉਥੇ ਪਹੁੰਚਣ ਤੋਂ ਪਹਿਲਾਂ ਚਲਾ ਗਿਆ। ਅਗਲੇ ਦਿਨ ਸ਼ੇਰ ਸਿੰਘ ਅਟਾਰੀਵਾਲਾ ਤੇ ਉਸ ਦੇ ਸਿਪਾਹੀ ਅੰਗਰੇਜ਼ੀ ਕੈਂਪ ਛੱਡ ਕੇ ਚਲੇ ਗਏ।

ਸ਼ੇਰ ਸਿੰਘ ਨੇ ਇਕ ਬਿਆਨ ਜ਼ਾਰੀ ਕੀਤਾ ਜਿਸ ਵਿਚ ਸਾਰੇ ਪੰਜਾਬੀਆਂ ਨੂੰ ਵਿਦੇਸ਼ੀ ਜਾਲਮਾਂ ਦੇ ਖਿਲਾਫ ਉਠ ਖੜੇ ਹੋਣ ਦਾ ਸੱਦਾ ਦਿੱਤਾ। ਉਸ ਵਿਚ ਕਿਹਾ

ਗਿਆ ਕਿ, "ਇਹ ਪੰਜਾਬ ਵਿਚ ਰਹਿਣ ਵਾਲੇ ਸਭਨਾਂ ਨੂੰ ਪਤਾ ਹੈ, ਸਿੱਖਾਂ ਨੂੰ ਤੇ ਉਹਨਾਂ ਨੂੰ ਜੋ ਖਾਲਸਾ ਪੰਥ ਨਾਲ ਜੁੜੇ ਹਨ ਕਿ ਕਿਵੇਂ ਫਰੰਗੀਆਂ ਨੇ ਜੁਲਮ ਤੇ ਹਿੰਸਾ ਵਰਸਾਈ ਹੋਈ ਹੈ। ਉਹਨਾਂ ਨੇ ਸਾਡੇ ਮਹਾਨ ਸ਼ਹਿਨਸ਼ਾਹ ਮਹਾਰਾਜਾ ਰਣਜੀਤ ਸਿੰਘ ਦੀ ਵਿਧਵਾ ਨਾਲ ਕਿਤਨਾ ਘਿਣਾਉਣਾ ਸਲੂਕ ਕੀਤਾ ਹੈ। ਉਹਨਾਂ ਆਮ ਲੋਕਾਂ ਨਾਲ ਵੀ ਵੱਡੇ ਜੁਲਮ ਕੀਤੇ ਹਨ।"

ਪੂਰੇ ਤਿੰਨ ਹਫ਼ਤੇ ਸ਼ੇਰ ਸਿੰਘ ਮੂਲ ਰਾਜ ਨੂੰ ਸਮਝਾਉਂਦਾ ਰਿਹਾ ਕਿ ਉਹ ਅੰਗਰੇਜ਼ਾਂ ਨਾਲੋਂ ਟੁੱਟ ਚੁੱਕਿਆ ਹੈ ਪਰ ਮੂਲ ਰਾਜ ਉਸ ਦਾ ਯਕੀਨ ਨਹੀਂ ਕਰ ਰਿਹਾ ਸੀ। ਉਸ ਦਾ ਸ਼ੱਕ ਹੋਰ ਪੱਕਾ ਹੋ ਗਿਆ ਜਦੋਂ ਐਡਵਾਰਡਜ਼ ਨੇ ਇਕ ਜਾਅਲੀ ਖ਼ਤ ਜਾਣ ਬੁੱਝ ਕੇ ਮੂਲ ਰਾਜ ਦੇ ਹੱਥ ਲੱਗ ਲੈਣ ਦਿੱਤਾ। ਉਸ ਖ਼ਤ ਵਿਚ ਉਸ ਨੇ ਅੰਗਰੇਜ਼ ਅਫ਼ਸਰ ਨੂੰ ਲਿਖਿਆ ਸੀ ਕਿ ਉਹ ਸ਼ਾਮ ਸਿੰਘ ਦੇ ਰਾਹੀਂ ਧੋਖੇ ਨਾਲ ਕਿਲ੍ਹੇ ਉਪਰ ਕਬਜ਼ਾ ਕਰਨ ਦੀ ਸਕੀਮ ਬਣਾ ਰਿਹਾ ਸੀ। ਇਸ ਕਰਕੇ ਮੁਲਤਾਨ ਦੇ ਕਿਲ੍ਹੇ ਦੇ ਦਰਵਾਜ਼ੇ ਸ਼ਾਮ ਸਿੰਘ ਵਾਸਤੇ ਬੰਦ ਹੋ ਗਏ। ਸ਼ੇਰ ਸਿੰਘ ਦਾ ਸਬਰ ਟੁੱਟ ਗਿਆ। ਉਹ 9 ਅਕਤੂਬਰ ਨੂੰ ਮੂਲ ਰਾਜ ਦਾ ਕੈਂਪ ਛੱਡ ਕੇ ਉੱਤਰ ਵੱਲ ਆਪਣੇ ਪਿਤਾ ਨਾਲ ਮਿਲਣ ਚਲਾ ਗਿਆ।

ਕੌਮ ਇਕ ਵਾਰ ਫਿਰ ਹਥਿਆਰ ਉਠਾ ਕੇ ਚੱਲ ਪਈ ਸੀ।

***

ਅੰਗਰੇਜ਼ ਇਸ ਹਲਾਤ ਵਾਸਤੇ ਪੂਰੀ ਤਰ੍ਹਾਂ ਤਿਆਰ ਸਨ। ਉੱਤਰ ਪੱਛਮ ਵਿਚ ਨਿਕਲਸਨ ਨੇ ਅੱਟਕ ਦੇ ਕਿਲ੍ਹੇ ਉਪਰ ਕਬਜ਼ਾ ਕਰ ਲਿਆ। ਹੁਡਸਨ ਅੰਮ੍ਰਿਤਸਰ ਗਿਆ ਤੇ ਕਿਸੇ ਬਹਾਨੇ ਨਾਲ ਗੋਬਿੰਦਗੜ੍ਹ ਦੇ ਕਿਲੇ ਅੰਦਰ ਦਾਖਿਲ ਹੋਇਆ ਤੇ ਫਿਰ ਉਸ ਦੇ ਰਖਵਾਲਿਆਂ ਨੂੰ ਕਾਬੂ ਕਰ ਲਿਆ। ਇਹੀ ਹੁਡਸਨ ਸੀ ਜਿਸ ਨੇ ਬਾਅਦ ਵਿਚ 1857 ਦੇ ਗਦਰ ਵੇਲੇ ਬਹਾਦਰ ਸ਼ਾਹ ਜ਼ਫਰ ਦੇ ਤਿੰਨ ਪੁੱਤਰਾਂ ਨੂੰ ਕਤਲ ਕੀਤਾ ਸੀ। ਲਾਹੌਰ ਵਿਚ ਰੈਜ਼ੀਡੈਂਟ ਨੇ ਉਹ ਸਾਰੇ ਲੋਕ ਗਿਰਫ਼ਤਾਰ ਕਰ ਲਏ ਜਿਹਨਾਂ ਬਾਰੇ ਸ਼ੰਕਾ ਸੀ ਕਿ ਉਹ ਬਗਾਵਤ ਦਾ ਪੱਖ ਲੈ ਰਹੇ ਹੋਣਗੇ। ਇਹਨਾਂ ਵਿਚ ਰਣਜੋਧ ਸਿੰਘ ਮਜੀਠੀਆ ਵੀ ਸੀ। ਜਲੰਧਰ ਵਿਚ ਜੌਹਨ ਲਾਰੈਂਸ ਨੇ ਅੰਗਰੇਜ਼ ਵਿਰੋਧੀ ਵਿਖਾਵੇ ਸਖਤੀ ਨਾਲ ਕੁਚਲ ਦਿੱਤੇ।

ਕੋਹਾਟ ਵਿਚ ਚਤਰ ਸਿੰਘ ਨੇ ਅਫ਼ਗਾਨਿਸਤਾਨ ਦੇ ਅਮੀਰ ਦੋਸਤ ਮੁਹੰਮਦ ਖਾਨ ਤੇ ਉਸ ਦੇ ਭਰਾ ਸੁਲਤਾਨ ਮੁਹੰਮਦ ਨਾਲ ਗੱਲਬਾਤ ਕੀਤੀ ਕਿ ਜੇ ਉਹ ਪੰਜਾਬ ਨੂੰ ਅੰਗਰੇਜ਼ਾਂ ਤੋਂ ਮੁਕਤੀ ਵਿਚ ਮਦਦ ਕਰਨ ਤਾਂ ਉਹ ਪੇਸ਼ਾਵਰ ਦਾ ਇਲਾਕਾ ਅਫ਼ਗਾਨਿਸਤਾਨ ਨੂੰ ਦੇ ਦੇਣਗੇ। ਆਪਣੇ ਵਾਅਦੇ ਨੂੰ ਪੱਕਾ ਬਣਾਉਣ ਦੀ ਖਾਤਰ ਉਸ ਨੇ ਅੰਗਰੇਜ਼ ਰੈਜ਼ੀਡੈਂਟ ਦੇ ਸਾਰੇ ਅਫਸਰ, ਸਮੇਤ ਉਸ ਦੇ ਚੀਫ਼ ਅਸਿਸਟੈਂਟ ਜਾਰਜ ਲਾਰੈਂਸ ਨੂੰ ਕੱਢ ਕੇ ਪੇਸ਼ਾਵਰ 'ਤੇ ਕਬਜ਼ਾ ਕਰ ਲਿਆ ਤੇ ਫਿਰ

ਨਿਕਲਸਨ ਤੋਂ ਅੱਟਕ ਵੀ ਖੋਹ ਲਿਆ। ਜਾਰਜ ਲਾਰੈਂਸ ਨੇ ਕੋਹਾਟ ਦੀ ਸ਼ਰਨ ਲੈ ਲਈ ਤੇ ਹਰਬਰਟ ਜਿਸਨੇ ਨਿਕਲਸਨ ਦੀ ਥਾਂ ਤੇ ਆਹੁਦਾ ਲਿਆ ਸੀ ਗਿਰਫਤਾਰ ਕਰ ਲਿਆ ਗਿਆ। ਦੇਰਜਾਤ ਦਾ ਸਾਰਾ ਇਲਾਕਾ ਹਥਿਆਰਬੰਦ ਹੋ ਚੁਕਾ ਸੀ। ਰੈਜ਼ੀਡੈਂਟ ਦਾ ਪ੍ਰਤੀਨਿਧ ਮਲਿਕ ਫ਼ਤਿਹ ਖਾਨ ਪਾਸਾ ਬਦਲ ਗਿਆ ਤੇ ਕਰਨਲ ਹੋਮਜ਼ ਨੂੰ ਸਿੱਖ ਫੌਜੀਆਂ ਨੇ ਮਾਰ ਦਿੱਤਾ। ਇਸੇ ਤਰ੍ਹਾਂ ਲਾਹੌਰ ਤੇ ਉਤੱਰ ਪੱਛਮੀ ਸਰਹੱਦ ਦੇ ਵਿਚਕਾਰ ਬਹੁਤ ਜਗ੍ਹਾ ਬਗਾਵਾਤਾਂ ਫੈਲ ਗਈਆਂ। ਅੰਗਰੇਜ਼ ਮਾਤਹਿਤਾਂ ਨੇ ਡਾਇਰੀ ਲਿਖੀ, 'ਫੌਜਾਂ ਰੋਜ਼ ਹੀ ਦੁਸ਼ਮਣਾਂ ਨਾਲ ਮਿਲਦੀਆਂ ਜਾਂਦੀਆਂ ਹਨ, ਸਾਰਾ ਪੰਜਾਬ ਸਾਡੇ ਵਿਰੁੱਧ ਹੁੰਦਾ ਜਾ ਰਿਹਾ ਹੈ ਤੇ ਲੱਗਦਾ ਨਹੀਂ ਇਸ ਵਿਚ ਕੋਈ ਮੋੜਾ ਸਾਡੇ ਹੱਕ ਦਾ ਹੋ ਸਕਦਾ ਹੋਵੇਗਾ।'

ਇਸ ਤਰ੍ਹਾਂ ਇਕ ਛੋਟੀ ਜਗ੍ਹਾ ਦੀ ਮੁਕਾਮੀ ਬਗਾਵਤ ਕੌਮ ਦੀ ਆਜ਼ਾਦੀ ਦੀ ਜੰਗ ਵਿਚ ਤਬਦੀਲ ਹੋ ਗਈ।

ਇਸ ਬਗਾਵਤ ਦੇ ਦੋ ਕੇਂਦਰ ਸਨ, ਇਕ ਮੁਲਤਾਨ ਤੇ ਦੂਜਾ ਉਤਰ ਪੱਛਮੀ ਸਰਹੱਦੀ ਇਲਾਕਾ। ਅੰਗਰੇਜ਼ ਕਮਾਂਡਰ ਇਨ ਚੀਫ ਲਾਰਡ ਗੱਫ ਨੇ ਮਸ਼ਵਰਾ ਦਿੱਤਾ ਕਿ ਮੁਲਤਾਨ ਉਪਰ ਕਬਜ਼ੇ ਦੀ ਗੱਲ ਬੰਬਈ ਤੋਂ ਕਾਨਾਵਾਈ ਪਹੁੰਚਣ ਤੱਕ ਮੁਲਤਵੀ ਕਰ ਦੇਣੀ ਚਾਹੀਦੀ ਹੈ ਅਤੇ ਫਿਲਹਾਲ ਅਟਾਰੀਵਾਲਿਆਂ ਦੇ ਖਿਲਾਫ ਕਾਰਵਾਈ ਨੂੰ ਪਹਿਲ ਦਿੱਤੀ ਜਾਣੀ ਚਾਹੀਦੀ ਹੈ। ਲਾਰਡ ਡਲਹੌਜ਼ੀ ਨੇ ਇਹ ਮਸ਼ਵਰਾ ਪ੍ਰਵਾਨ ਕਰ ਲਿਆ। ਇਸ ਦੇ ਨਾਲ ਹੀ ਡਲਹੌਜ਼ੀ ਮਨ ਬਣਾ ਰਿਹਾ ਸੀ ਕਿ ਪੰਜਾਬ ਦੇ ਵਿਰੁੱਧ ਲੜਾਈ ਦਾ ਐਲਾਨ ਕਰ ਦਿੱਤਾ ਜਾਵੇ ਤੇ ਉਸ ਨੂੰ ਅੰਗਰੇਜ਼ੀ ਰਾਜ ਦੇ ਵਿਚ ਹੀ ਮਿਲਾ ਦਿੱਤਾ ਜਾਵੇ। ਉਥੇ ਜੋ ਘਟਨਾਵਾਂ ਪੈਦਾ ਹੋ ਰਹੀਆਂ ਸਨ, ਉਸ ਤੋਂ ਉਹ ਖੁਸ਼ ਸੀ। ਉਸ ਨੇ ਲਿਖਿਆ ਕਿ "ਹਜ਼ਾਰਾ ਦੀ ਬਗਾਵਤ ਬਹੁਤ ਅੱਗੇ ਵਧ ਗਈ ਹੈ। 'ਮੈਂ ਇਸ ਤੋਂ ਬਿਨਾਂ ਹੋਰ ਕੋਈ ਹੱਲ ਨਹੀਂ ਵੇਖ ਰਿਹਾ ਕਿ ਇਸ ਸ਼ੈਤਾਨੀ ਸਲਤਨਤ ਨੂੰ ਅੰਗਰੇਜ਼ੀ ਰਾਜ ਵਿਚ ਸ਼ਾਮਿਲ ਕੀਤਾ ਜਾਵੇ। ਮੈਂ ਆਪਣੀ ਤਲਵਾਰ ਬਾਹਰ ਕੱਢ ਲਈ ਹੈ ਅਤੇ ਮਿਆਨ ਸੁੱਟ ਦਿੱਤਾ ਹੈ।'

ਪਰ ਡਲਹੌਜ਼ੀ ਕਿਸ ਦੇ ਖ਼ਿਲਾਫ਼ ਜੰਗ ਦੀ ਗੱਲ ਕਰ ਰਿਹਾ ਸੀ ? ਮਹਾਰਾਜਾ ਦਲੀਪ ਸਿੰਘ ਜਾਂ ਰੀਜੈਂਸੀ ਕੌਂਸਲ ਦੇ ਖਿਲਾਫ ? ਜਿਹੜੀ ਅਜੇ ਵੀ ਅੰਗਰੇਜ਼ਾਂ ਦੇ ਨਾਲ ਸੀ ਤੇ ਸਿਰਫ਼ ਇਕੋ ਮੈਂਬਰ ਅਟਾਰੀਵਾਲਾ ਹੀ ਬਾਗੀਆਂ ਦਾ ਸਾਥ ਦੇ ਰਿਹਾ ਸੀ। ਦੂਸਰੀ ਤਰਫ਼ ਮੂਲ ਰਾਜ ਤੇ ਅਟਾਰੀਵਾਲਾ ਸਰਦਾਰਾਂ ਦੀ ਬਗਾਵਤ ਲਾਹੌਰ ਦਰਬਾਰ ਦੇ ਖਿਲਾ਼ਫ ਸੀ ਜਿਸ ਦੀ ਜ਼ਿੰਮੇਵਾਰੀ ਅੰਗਰੇਜ਼ਾਂ ਨੇ ਲਈ ਹੋਈ ਹੈ। ਅਗਰ ਡਲਹੌਜ਼ੀ ਦਾ ਮਤਲਬ ਇਹ ਬਗਾਵਤ ਕੁਚਲਣ ਦਾ ਸੀ ਤਾਂ ਇਹ ਮਹਾਰਾਜਾ ਦਲੀਪ ਸਿੰਘ ਦੇ ਦਰਬਾਂਰ ਦੀ ਸਲਤਨਤ ਬਚਾਉਣ ਦਾ ਕਦਮ ਹੋਣਾ ਚਾਹੀਦਾ ਸੀ ਲੇਕਿਨ ਡਲਹੌਜ਼ਹੀ ਦਾ ਮਕਸਦ ਹੋਰ ਸੀ। ਉਸ ਨੇ ਪਹਿਲਾਂ ਬਗਾਵਤ ਵਾਸਤੇ

ਪੂਰੇ ਹਾਲਾਤ ਬਣਾਏ ਤੇ ਫਿਰ ਇਸੇ ਦਾ ਬਹਾਨਾ ਬਣਾ ਕੇ ਪੰਜਾਬ ਨੂੰ ਆਪਣੇ ਕਬਜ਼ੇ ਵਿਚ ਲੈਣ ਦੀ ਸਕੀਮ ਤਿਆਰ ਕੀਤੀ। ਅਟਾਰੀਵਾਲਿਆਂ ਸਰਦਾਰਾਂ ਦੇ ਐਲਾਨ ਵੇਖ ਕੇ ਡਲਹੌਜ਼ੀ ਖੁਸ਼ ਹੋਇਆ ਤੇ ਲਿਖਿਆ ਕਿ, "ਹੁਣ ਮਸਲਾ ਉਸ ਮੁਕਾਮ ਉਪਰ ਪਹੁੰਚਿਆ ਹੈ ਜਿਸ ਦਾ ਮੈਂ ਮਹੀਨਿਆਂ ਤੋਂ ਇੰਤਜ਼ਾਰ ਕਰਦਾ ਆ ਰਿਹਾ ਸਾਂ। ਹੁਣ ਅਸੀਂ ਸਿਰਫ ਲੜਾਈ ਦੇ ਕਿਨਾਰੇ ਉਪਰ ਹੀ ਨਹੀਂ ਬਿਲਕੁੱਲ ਉਸ ਦੇ ਵਿਚਕਾਰ ਹਾਂ, ਇਹ ਲੜਾਈ ਹੋਵੇਗੀ ਸਿੱਖ ਕੌਮ ਤੇ ਪੰਜਾਬ ਦੀ ਬਾਦਸ਼ਾਹਤ ਦੇ ਵਿਰੁੱਧ।" ਇਕ ਸਵਾਗਤੀ ਸਮਾਰੋਹ ਵਿਚ ਬੋਲਦਿਆਂ ਲਾਰਡ ਡਲਹੌਜ਼ੀ ਨੇ 9 ਅਕਤੂਬਰ ਨੂੰ ਕਿਹਾ, "ਪਿਛਲੀਆਂ ਸਾਰੀਆਂ ਘਟਨਾਵਾਂ ਨੂੰ ਵੇਖਦਿਆਂ, ਬਿਨਾਂ ਕਿਸੇ ਕਾਰਣ ਤੇ ਉਕਸਾਹਟ ਦੇ, ਸਿੱਖ ਕੌਮ ਨੇ ਲੜਾਈ ਵਾਸਤੇ ਲਲਕਾਰਿਆ ਹੈ ਤੇ ਮੇਰਾ ਜਵਾਬ ਹੈ, ਓ ਕੇ ਜਨਾਬ, ਇਸ ਨੂੰ ਹਾਸਿਲ ਕਰੋਗੇ, ਚੰਗੇ ਬਦਲੇ ਨਾਲ।"

ਕਲਕੱਤੇ ਤੋਂ ਪੰਜਾਬ ਦੀ ਸਰਹੱਦ ਵੱਲ ਨੂੰ ਚੱਲਣ ਤੋਂ ਪਹਿਲਾਂ ਡਲਹੌਜ਼ੀ ਨੇ ਆਪਣੇ ਸੈਕਟਰੀ ਨੂੰ ਕਿਹਾ ਕਿ ਉਹ ਲਾਹੌਰ ਦੇ ਰੈਜ਼ੀਡੈਂਟ ਨੂੰ ਇਤਲਾਹ ਦੇਵੇ ਕਿ ਉਹ ਸਮਝਦਾ ਹੈ ਕਿ ਲਾਹੌਰ ਦਰਬਾਰ ਨੂੰ ਪੂਰੀ ਤਰ੍ਹਾਂ ਅੰਗਰੇਜ਼ੀ ਸਰਕਾਰ ਦੇ ਖਿਲਾਫ਼ ਜੰਗ ਕਰ ਰਿਹਾ ਜ਼ਾਹਿਰ ਕੀਤਾ ਜਾਵੇ। ਰੈਜ਼ੀਡੈਂਟ ਨੇ ਗਵਰਨਰ ਜਨਰਲ ਨੂੰ ਮਸ਼ਵਰਾ ਦਿੱਤਾ ਕਿ ਸਿਆਣੀ ਗੱਲ ਇਹ ਹੋਵੇਗੀ ਕਿ ਅਜੇ ਜੰਗ ਦਾ ਐਲਾਨ ਨਾ ਕੀਤਾ ਜਾਵੇ ਜਿਤਨੀ ਦੇਰ ਤੱਕ ਸਾਡੀ ਸਾਰੀ ਫੌਜੀ ਤਾਕਤ ਪੁਜ਼ੀਸ਼ਨਾਂ ਵਿਚ ਨਹੀਂ ਆ ਜਾਂਦੀ। ਉਸ ਨੇ ਗਵਰਨਰ ਜਨਰਲ ਨੂੰ ਯਾਦ ਕਰਾਇਆ ਕਿ ਅਸੀਂ ਲਾਹੌਰ ਦੇ ਇਲਾਕੇ ਵਿਚ ਦੁਸ਼ਮਣਾਂ ਵਾਂਗ ਨਹੀਂ ਦਾਖਲ ਹੋਏ ਸਾਂ ਬਲਕਿ ਇਸ ਦਰਬਾਰ ਦੀ ਰਾਖੀ ਕਰਨ ਤੇ ਇਸ ਦਾ ਠੀਕ ਢੰਗ ਨਾਲ ਕੰਮ ਕਾਜ ਚਲਾਉਣ ਦੇ ਨਾਮ ਉਪਰ ਆਏ ਸਾਂ।

11

ਪੰਜਾਬ ਦੇ ਸਿੱਖ ਰਾਜ ਦਾ ਅੰਤ

ਸ਼ੇਰ ਸਿੰਘ ਅਟਾਰੀਵਾਲਾ ਚਾਹੁੰਦਾ ਸੀ ਕਿ ਵਾਪਸ ਲਾਹੌਰ ਵੱਲ ਵਧਿਆ ਜਾਵੇ ਤੇ ਇਸ ਨੂੰ ਆਜ਼ਾਦ ਕਰਵਾਇਆ ਜਾਵੇ। ਉਹ ਸ਼ਹਿਰ ਤੋਂ ਦੋ ਮੀਲ ਦੀ ਵਿੱਥ 'ਤੇ ਪਹੁੰਚਿਆ ਪਰ ਜਿਸ ਤਰ੍ਹਾਂ ਉਸ ਨੇ ਸੋਚਿਆ ਸੀ ਕਿ ਸ਼ਹਿਰ ਦੇ ਵਸਨੀਕ ਉਸ ਦੇ ਹੱਕ ਵਿਚ ਆ ਨਿੱਤਰਨਗੇ, ਉਹ ਕੰਮ ਨਹੀਂ ਹੋਇਆ। ਰੈਜ਼ੀਡੈਂਟ ਨੇ ਕਰਫਿਊ ਲਗਾ ਦਿੱਤਾ ਸੀ ਤੇ ਸਾਰੀਆਂ ਗਲੀਆਂ ਵਿਚ ਫੌਜੀਆਂ ਦੀ ਗਸ਼ਤ ਚੱਲ ਰਹੀ ਸੀ। ਮੋਹਤਬਰ ਸਰਦਾਰਾਂ ਨੂੰ ਗਿਰਫਤਾਰ ਕਰ ਲਿਆ ਗਿਆ ਸੀ। ਲਹਿਣਾ ਸਿੰਘ ਮਜੀਠੀਆ ਪੂਰੀ ਤਰ੍ਹਾਂ ਅੰਗਰੇਜ਼ਾਂ ਦੇ ਨਾਲ ਸੀ ਮਾਝਾ ਦੇ ਇਲਾਕੇ ਵਿਚ ਸਿੱਖ ਕਿਰਸਾਨੀ ਨੂੰ ਅੰਗਰੇਜ਼ਾਂ ਦੇ ਸਾਥ ਵਿਚ ਭੁਗਤਣ ਦੀ ਪੈਰਵੀ ਕਰਦਾ ਸੀ। ਇਕੋ ਇਕ ਸਰਦਾਰ ਜੋ ਅੰਗਰੇਜ਼ਾਂ ਦੇ ਖਿਲਾਫ਼ ਸੀ ਉਹ ਨੂਰਪੁਰ ਦਾ ਰਾਮ ਸਿੰਘ ਸੀ ਪਰ ਉਸ ਦੇ ਬਗਾਵਤ ਦੇ ਐਲਾਨ ਦਾ ਸਿਰਫ ਸੰਕੇਤਕ ਅਸਰ ਸੀ, ਉਹ ਸ਼ੇਰ ਸਿੰਘ ਵਾਸਤੇ ਕੋਈ ਵੱਡੀ ਤੇ ਵਿਹਾਰਕ ਮਦਦ ਨਹੀਂ ਬਣ ਸਕਦਾ ਸੀ।

ਅਟਾਰੀਵਾਲਾ ਨੂੰ ਇਤਲਾਹ ਮਿਲੀ ਕਿ ਲਾਰਡ ਗੱਫ ਵੱਡੀ ਫੌਜ ਤੇ ਤੋਪਾਂ ਲੈ ਕੇ ਸਤਲੁਜ ਵੱਲ ਵਧ ਰਿਹਾ ਹੈ। ਉਹ ਲਾਹੌਰ ਤੋਂ ਪਿੱਛੇ ਹਟ ਕੇ ਆਪਣੇ ਪਿਤਾ ਚਤਰ ਸਿੰਘ ਮਜੀਠੀਆ ਦੀਆਂ ਫੌਜਾਂ ਨਾਲ ਮਿਲਣ ਵਾਸਤੇ ਚੱਲ ਪਿਆ। ਅਟਾਰੀਵਾਲਿਆਂ ਨੇ ਅੰਗਰੇਜ਼ਾਂ ਨੂੰ ਚਨਾਬ ਉਪਰ ਰੋਕਣ ਦੀ ਸਕੀਮ ਬਣਾਈ ਜਿਸ ਨੂੰ ਓਦੋਂ ਕਾਲਾ ਦਰਿਆ ਵੀ ਆਖਿਆ ਜਾਂਦਾ ਸੀ।

1848 ਦੀ ਪਤਝੜ ਤੱਕ ਹਾਲਾਤ ਕੁਝ ਇਸ ਤਰ੍ਹਾਂ ਸਨ:

ਚਾਜ ਤੇ ਸਿੰਧ ਸਾਗਰ ਵਿਚਕਾਰਲੇ ਦੋਆਬ ਆਜ਼ਾਦ ਇਲਾਕੇ ਐਲਾਨੇ ਜਾ ਚੁਕੇ ਸਨ। ਦੂਜੇ ਦੁਆਬ ਅੰਗਰੇਜ਼ੀ ਤਾਕਤ ਦੇ ਬਿਲਕੁੱਲ ਨਜ਼ਦੀਕ ਸਨ। ਉਤਰ ਪੱਛਮੀ ਇਲਾਕੇ ਦੇ ਲੋਕ ਚਤਰ ਸਿੰਘ ਅਟਾਰੀਵਾਲਾ ਦੇ ਪਿੱਛੇ ਤੇਜ਼ੀ ਨਾਲ

ਲਾਮਬੰਦ ਹੋ ਰਹੇ ਸਨ। ਦੱਖਣ ਵਿਚ ਮੂਲ ਰਾਜ ਇਕੱਲਾ ਹੀ ਆਪਣੇ ਵਿਰੁੱਧ ਰੋਜ਼ਾਨਾ ਇਕੱਠੀਆਂ ਹੁੰਦੀਆਂ ਜਾ ਰਹੀਆਂ ਮੁਸੀਬਤਾਂ ਦਾ ਸਾਹਮਣਾ ਕਰ ਰਿਹਾ ਸੀ।

ਨਵੰਬਰ 1848 ਦੇ ਸ਼ੁਰੂ ਵਿਚ ਹੀ ਲਾਰਡ ਗੱਫ ਨੇ ਇਕ ਵੱਡੀ ਫੌਜ ਨਾਲ ਸਤਲੁੱਜ ਪਾਰ ਕੀਤਾ। ਉਸ ਦੀ ਫੌਜ ਵਿਚ ਗੋਰੇ ਸਿਪਾਹੀਆਂ ਤੋਂ ਬਿਨਾ ਹਿੰਦੁਸਤਾਨੀ ਵੀ ਸਨ ਅਤੇ ਇਸ ਫੌਜ ਨੇ ਲਾਹੌਰ ਵੱਲ ਮਾਰਚ ਕੀਤਾ। ਨਾਬਾਲਗ਼ ਮਹਾਰਾਜਾ ਦਲੀਪ ਸਿੰਘ ਹਰ ਉਹ ਗੱਲ ਮੰਨਦਾ ਰਿਹਾ ਜੋ ਉਸ ਨੂੰ ਰੈਜ਼ੀਡੈਂਟ ਕਹਿੰਦਾ ਸੀ। ਹੁਣ ਉਹ ਅੰਗਰੇਜ਼ ਕਮਾਂਡਰ ਨੂੰ ਸਤਿਕਾਰ ਦੇਣ ਦਾ ਇੰਤਜ਼ਾਰ ਕਰ ਰਿਹਾ ਸੀ। ਗਫ਼ ਨੇ ਮਹਾਰਾਜਾ ਨੂੰ ਮਿਲਣ ਤੋਂ ਇਨਕਾਰ ਕਰ ਦਿੱਤਾ। ਜਦੋਂ ਰੈਜ਼ੀਡੈਂਟ ਖੁਦ ਉਸ ਨੂੰ ਮੀਆਂ ਮੀਰ ਲੈ ਕੇ ਗਿਆ ਜਿੱਥੇ ਅੰਗਰੇਜ਼ਾਂ ਨੇ ਛਾਉਣੀ ਲਗਾਈ ਸੀ ਤਾਂ ਗੱਫ਼ ਨੇ ਦਲੀਪ ਸਿੰਘ ਵੱਲੋਂ ਸਤਿਕਾਰ ਦੇ ਇਸ਼ਾਰੇ ਦਾ ਜਵਾਬ ਦੇਣ ਵਾਸਤੇ ਆਪਣੇ ਹਾਥੀ ਦੀ ਸਵਾਰੀ ਨਹੀਂ ਛੱਡੀ। ਇਹ ਰੁੱਖਾਪਣ ਜਾਣਬੁੱਝ ਕੇ ਦਿਖਾਇਆ ਗਿਆ ਸੀ ਕਿ ਪਤਾ ਲੱਗੇ ਕਿ ਦਲੀਪ ਸਿੰਘ ਜੋ ਹਾਲੇ ਵੀ ਅੰਗਰੇਜ਼ਾ ਦੀ ਸੁਰੱਖਿਆ ਹੇਠ ਸੀ, ਉਹਨਾਂ ਦਾ ਦੁਸ਼ਮਣ ਸੀ।

ਲਾਰਡ ਗੱਫ ਉਤਰ ਦੀ ਦਿਸ਼ਾ ਵਿਚ ਚਨਾਬ ਵੱਲ ਨੂੰ ਗਿਆ ਤੇ ਉਥੇ ਸ਼ਾਮ ਸਿੰਘ ਅਟਾਰੀ ਵਾਲਾ ਦੀਆਂ ਫੌਜਾਂ ਨੂੰ ਦਰਿਆ ਦੇ ਪਾਰ ਵੇਖ ਲਿਆ। ਸ਼ੇਰ ਸਿੰਘ ਨੇ ਦਰਿਆ ਦੇ ਪੂਰਬੀ ਕਿਨਾਰੇ ਉਪਰ ਕੁਝ ਕਿਲ੍ਹੇ ਕਬਜ਼ੇ ਵਿਚ ਲਏ ਹੋਏ ਸਨ। ਉਸ ਨੇ ਕੁਝ ਫੌਜੀ ਦਸਤੇ ਅੰਗਰੇਜ਼ਾਂ ਨੂੰ ਤੰਗ ਕਰਨ ਵਾਸਤੇ ਭੇਜੇ। ਪੰਜਾਬੀਆਂ ਤੇ ਅੰਗਰੇਜ਼ਾਂ ਵਿਚ ਕੁਝ ਛੋਟੀਆਂ ਝੜਪਾਂ ਚਨਾਬ ਦੇ ਪੂਰਬੀ ਕਿਨਾਰੇ ਹੁੰਦੀਆਂ ਰਹੀਆਂ। ਨਵੰਬਰ 1848 ਦੇ ਆਖਰੀ ਹਫ਼ਤੇ ਬ੍ਰੀਗੇਡੀਅਰ ਜਨਰਲ ਕੈਂਬੈਲ ਦੀ ਕਮਾਂਡ ਹੇਠ ਇਕ ਫੌਜੀ ਮੁਹਿਮ ਰਾਮ ਨਗਰ ਦੇ ਕਿਲ੍ਹੇ ਵੱਲ ਕੂਚ ਕਰ ਗਈ। ਪੰਜਾਬੀਆਂ ਨੇ ਕਿਲ੍ਹੇ ਉਪਰ ਕਬਜ਼ਾ ਕਰਨਾ ਨਾਕਾਮ ਬਣਾ ਦਿੱਤਾ। ਉਹਨਾਂ 22 ਨਵੰਬਰ ਨੂੰ ਚਨਾਬ ਪਾਰ ਕੀਤਾ ਤੇ ਆਪਣੇ ਆਪ ਨੂੰ ਰਾਮ ਨਗਰ ਅਤੇ ਅੰਗਰੇਜ਼ੀ ਫੌਜ ਦੇ ਵਿਚਕਾਰ ਖੜ੍ਹਾ ਕਰ ਲਿਆ।

***

ਜਨਰਲ ਕੈਂਬੈਲ ਨੇ ਹਮਲਾ ਬੋਲਿਆ ਤੇ ਪੰਜਾਬੀ ਫੌਜਾਂ ਨੂੰ ਦਰਿਆ ਦੇ ਕਿਨਾਰੇ ਵੱਲ ਧੱਕਿਆ। ਪਾਰ ਦੇ ਕਿਨਾਰੇ ਉਪਰ ਬੀੜੀਆਂ ਪੰਜਾਬੀ ਤੋਪਾਂ ਨੇ ਗੋਲੇ ਵਰਸਾਏ। ਤੋਪਾਂ ਦੀ ਗੋਲਾਬਾਰੀ ਦੇ ਕਵਰ ਹੇਠ ਪੰਜਾਬੀ ਘੋੜ ਸਵਾਰ ਦਰਿਆ ਪਾਰ ਕਰ ਆਏ ਤੇ ਇਕ ਤਕੜੇ ਹਮਲੇ ਵਿਚ ਕੈਂਬੈਲ ਦੀਆਂ ਫੌਜਾਂ ਨੂੰ ਖਦੇੜ ਦਿੱਤਾ। ਉਹਨਾਂ ਅੰਗਰੇਜ਼ਾਂ ਦੀ ਇਕ ਤੋਪ ਤੇ ਰੈਜੀਮੈਂਟ ਦਾ ਝੰਡਾ ਆਪਣੇ ਕਬਜ਼ੇ ਵਿਚ ਲੈ ਲਿਆ।

ਰਾਮ ਨਗਰ ਬਹੁਤ ਮਹੱਤਵਪੂਰਣ ਸਥਾਨ ਨਹੀਂ ਸੀ ਪਰ ਇਥੋਂ ਦੀ ਲੜਾਈ ਦੇ ਨਤੀਜਿਆਂ ਨੇ ਪੰਜਾਬੀਆਂ ਨੂੰ ਇਕ ਹੌਸਲਾ ਦਿੱਤਾ ਜਿਸ ਦੀ ਉਹਨਾਂ ਨੂੰ ਸਖ਼ਤ ਜ਼ਰੂਰਤ ਸੀ। ਮਾਤਹਿਤ ਅੰਗਰੇਜ਼ ਅਫਸਰਾਂ ਨੇ ਲਿਖਿਆ ਕਿ 'ਦੁਸ਼ਮਣ ਬਹੁਤ ਹਿੰਮਤ ਵਿਚ ਸੀ ਤੇ ਉਹ ਸਾਡੇ ਕੈਂਪ ਤੋਂ ਸਿਰਫ਼ ਅੱਧਾ ਮੀਲ ਦੂਰ ਹੀ ਤੁਰੇ ਫਿਰਦੇ ਸਨ।' ਤਿੰਨ ਸੀਨੀਅਰ ਅੰਗਰੇਜ਼ ਅਫਸਰ ਲੈਫਟੀਨੈਂਟ ਕਰਨਲ ਹਾਵਲੈਕ, ਬ੍ਰੀਗੇਡੀਅਰ ਜਨਰਲ ਕੁਰੇਟੋਨ ਅਤੇ ਕੈਪਟਨ ਫਿਜ਼ੇਗਰਾਲਡ ਰਾਮ ਨਗਰ ਦੀ ਲੜਾਈ ਵਿਚ ਮਾਰੇ ਗਏ ਸਨ। ਸ਼ੇਰ ਸਿੰਘ ਅਟਾਰੀਵਾਲਾ ਨੇ ਅੰਗਰੇਜ਼ ਕਮਾਂਡ ਨੂੰ ਇਕ ਰੁੱਕਾ ਭੇਜਿਆ ਕਿ ਜੇ ਉਹ ਲਾਹੌਰ ਵਿਚੋਂ ਬਾਹਰ ਨਿਕਲ ਜਾਣਾ ਮੰਨ ਲੈਣ ਤਾਂ ਉਹ ਲੜਾਈ ਬੰਦ ਕਰਨ ਵਾਸਤੇ ਤਿਆਰ ਹੈ। ਉਸ ਦੇ ਰੁੱਕੇ ਦਾ ਕੋਈ ਜਵਾਬ ਨਹੀਂ ਦਿੱਤਾ ਗਿਆ।

ਪੰਜਾਬੀਆਂ ਦੀ ਰਾਮ ਨਗਰ ਦੀ ਜਿੱਤ ਤੋਂ ਇਕ ਹਫ਼ਤਾ ਬਾਅਦ ਜਨਰਲ ਗੱਫ਼ ਚਨਾਬ ਪਹੁੰਚ ਗਿਆ। ਉਸ ਨੇ ਪੰਜਾਬੀਆਂ ਦੀ ਉਮੀਦ ਤੋਂ ਉਲਟ ਕਿਲ੍ਹੇ ਉਪਰ ਹਮਲਾ ਨਹੀਂ ਕੀਤਾ ਤੇ ਪਾਣੀ ਦੇ ਵਹਿਣ ਤੋਂ ਉਪਰਲੇ ਪਾਸੇ ਵਜ਼ੀਰਾਬਾਦ ਵੱਲ ਚਲਾ ਗਿਆ। ਉਥੇ ਕਿਸ਼ਤੀਆਂ ਦੇ ਸਥਾਨਕ ਮਲਾਹਾਂ ਨੂੰ ਪੈਸੇ ਦਿੱਤੇ ਤੇ ਰਾਤ ਦੇ ਹਨੇਰੇ ਵਿਚ ਹੀ ਦਰਿਆ ਨੂੰ ਪਾਰ ਕਰ ਲਿਆ। ਜਦੋਂ ਸ਼ੇਰ ਸਿੰਘ ਗੱਫ ਦੀ ਰਵਾਨਗੀ ਨੂੰ ਰੋਕਣ ਵਾਸਤੇ ਚਨਾਬ ਦੇ ਪੱਛਮੀ ਕਿਨਾਰੇ ਗਿਆ ਤਾਂ ਅੰਗਰੇਜ਼ੀ ਫੌਜ ਦਰਿਆ ਪਾਰ ਕਰ ਚੁਕੀ ਸੀ ਤੇ ਪਿੱਛੇ ਖਾਲੀ ਕਿਸ਼ਤੀਆਂ ਛੱਡ ਗਈ ਸੀ।

3 ਦਸੰਬਰ ਨੂੰ ਦੁਪਹਿਰ ਬਾਅਦ ਸੱਦੂਲਾਪੁਰ ਪਿੰਡ ਦੇ ਕੋਲ ਕਮਾਦ ਦੇ ਖੇਤਾਂ ਵਿਚ ਤੋਪਾਂ ਦੀ ਝੜਪ ਹੋਈ। ਦੋਹਾਂ ਪਾਸਿਓਂ ਗੋਲਾਬਾਰੀ ਬਹੁਤ ਤੇਜ਼ ਸੀ। ਸਾਰਾ ਵਾਤਾਵਰਣ ਬਹੁਤ ਤੇਜ਼ ਤੇ ਗਰਜਦੇ ਧਮਾਕਿਆਂ ਨਾਲ ਭਰਿਆ ਪਿਆ ਸੀ। ਤੋਪਾਂ ਦੀ ਗਿਣਤੀ ਵੱਧ ਹੋਣ ਕਰਕੇ ਅੰਗਰੇਜ਼ਾਂ ਦਾ ਪੱਲੜਾ ਪੰਜਾਬੀਆਂ ਨਾਲੋਂ ਭਾਰੀ ਰਿਹਾ। ਸੱਦੂਲਾਪੁਰ ਦੀ ਲੜਾਈ ਵੀ ਬਹੁਤ ਮਹੱਤਵਪੂਰਣ ਨਹੀਂ ਸੀ ਪਰ ਇਸ ਨਾਲ ਅੰਗਰੇਜ਼ਾਂ ਨੇ ਆਪਣੀ ਰਾਮ ਨਗਰ ਦੀ ਹਾਰ ਦਾ ਘਾਟਾ ਪੂਰਾ ਕਰ ਲਿਆ ਸੀ। ਉਹਨਾਂ ਨੇ ਇਸ ਤੋਂ ਬਾਅਦ ਇਹ ਵੀ ਅਫਵਾਹ ਫੈਲਾ ਦਿੱਤੀ ਕਿ ਸ਼ੇਰ ਸਿੰਘ ਇਸ ਲੜਾਈ ਵਿਚ ਮਾਰਿਆ ਗਿਆ ਸੀ, ਹਾਲਾਂਕਿ ਅਟਾਰੀਵਾਲਾ ਜ਼ਿੰਦਾ ਸੀ। ਉਹ ਚਨਾਬ ਤੋਂ ਪਿੱਛੇ ਹਟ ਕੇ ਜੇਹਲਮ ਪਹੁੰਚ ਗਿਆ ਸੀ। ਅੰਗਰੇਜ਼ਾਂ ਨੇ ਉਸ ਦਾ ਚੱਜ ਦੋਆਬ ਤੱਕ ਪਿੱਛਾ ਕੀਤਾ।

ਪੰਜਾਬੀਆਂ ਨੇ ਪਿੰਡ ਰਸੂਲ ਵਿਚ ਪੋਜ਼ੀਸ਼ਨਾਂ ਲੈ ਲਈਆਂ ਜੋ ਜੰਗਲੀ ਝਾੜੀਆਂ ਤੇ ਪਾਣੀ ਦੀਆਂ ਡੂੰਘੀਆਂ ਖਾਈਆਂ ਨਾਲ ਘਿਰਿਆ ਹੋਇਆ ਸੀ। ਉਹਨਾਂ ਦੇ ਪਿੱਛੇ ਜੇਹਲਮ ਸੀ। ਅੰਗਰੇਜ਼ ਆਏ ਤੇ ਉਹਨਾਂ ਨੇ ਪੰਜਾਬੀ ਮੋਰਚਿਆਂ ਤੋਂ ਦੱਖਣ ਪੂਰਬ ਵੱਲ ਤਿੰਨ ਮੀਲ ਦੂਰ ਪਿੰਡ ਡਿੰਗੀ ਵਿਚ ਡੇਰੇ ਜਮਾਏ। ਕੁਝ ਦੇਰ

ਵਾਸਤੇ ਦੋਵੇਂ ਫੌਜਾਂ ਆਪਣੀ ਆਪਣੀ ਥਾਂ ਉਪਰ ਟਿਕੀਆਂ ਰਹੀਆਂ। ਪੰਜਾਬੀਆਂ ਦਾ ਰਾਸ਼ਨ ਮੁੱਕਣ ਲੱਗਾ ਤੇ ਉਹਨਾਂ ਨੇ ਦੁਸ਼ਮਣਾਂ ਨੂੰ ਡਿੰਗੀ ਵਿਚੋਂ ਕੱਢਣ ਦੀ ਕੋਸ਼ਿਸ਼ ਕੀਤੀ ਤੇ 13 ਦਸੰਬਰ ਨੂੰ ਸ਼ੇਰ ਸਿੰਘ ਨੇ ਇਕ ਝੂਠਾ ਜਿਹਾ ਹਮਲਾ ਅੰਗਰੇਜ਼ੀ ਮੋਰਚਿਆਂ 'ਤੇ ਕੀਤਾ ਪਰ ਉਹ ਆਪਣੀ ਜਗ੍ਹਾ ਤੋਂ ਨਹੀਂ ਹਿੱਲੇ। ਅਗਲੇ ਦਿਨ ਖ਼ਬਰ ਮਿਲੀ ਕਿ ਅੱਟਕ ਨੂੰ ਪੰਜਾਬੀਆਂ ਨੇ ਆਜ਼ਾਦ ਕਰਵਾ ਲਿਆ ਹੈ। ਚਤਰ ਸਿੰਘ ਨੇ ਕੁਝ ਰਾਖਵੀਂ ਫੌਜ ਉਥੇ ਰੱਖ ਕੇ ਬਾਕੀ ਸਾਰੀ ਨੂੰ ਆਪਣੇ ਪੁੱਤਰ ਦੀ ਮਦਦ ਵਾਸਤੇ ਲੈ ਕੇ ਆ ਗਿਆ।

ਓਧਰ ਅੰਗਰੇਜ਼ਾਂ ਨੂੰ ਖੁਸ਼ੀ ਵਾਲੀ ਖਬਰ ਮੁਲਤਾਨ ਨੂੰ ਜਿੱਤ ਲੈਣ ਦੀ ਮਿਲੀ। ਉਥੇ 30 ਦਸੰਬਰ ਨੂੰ ਅੰਗਰੇਜ਼ੀ ਤੋਪ ਦਾ ਇਕ ਗੋਲਾ ਕਿਲ੍ਹੇ ਅੰਦਰਲੇ ਚਾਰ ਲੱਖ ਪੌਂਡ ਦੇ ਬਰੂਦ ਦੇ ਭੰਡਾਰ 'ਤੇ ਜਾ ਵੱਜਾ ਤੇ ਇਸ ਦੇ ਨਾਲ ਕਿਲ੍ਹੇ ਦੇ 500 ਰੱਖਿਅਕ ਮਾਰੇ ਗਏ। ਬੰਬਈ ਤੋਂ ਅੰਗਰੇਜ਼ਾਂ ਦੀਆਂ ਹੋਰ ਫੌਜਾਂ ਆਉਣ ਨਾਲ ਤੇ ਗੋਲਾ ਬਰੂਦ ਮਿਲ ਜਾਣ ਕਰਕੇ ਮੂਲ ਰਾਜ ਦੀ ਹਾਲਤ ਬਹੁਤ ਪਤਲੀ ਹੋ ਗਈ ਤੇ 22 ਜਨਵਰੀ ਨੂੰ ਉਹ ਹਥਿਆਰ ਸੁੱਟਣ ਵਾਸਤੇ ਮਜਬੂਰ ਹੋ ਗਿਆ।

ਚਿਲਿਆਂ ਵਾਲਿਆਂ ਦੀ ਜਿੱਤ, 13 ਜਨਵਰੀ, 1849

ਲਾਰਡ ਗੱਫ ਨੇ ਇਕੋ ਵੱਡਾ ਹਮਲਾ ਕਰਨ ਦਾ ਫੈਸਲਾ ਲਿਆ। ਉਸ ਦੀਆਂ ਫੌਜਾਂ ਵਿਚ ਨਵੀਂ ਨਫਰੀ ਕਰਨਲ ਸਟਰਨਬਸ਼ ਦੀ ਅਗਵਾਈ ਵਿਚ ਗੋਰਖਾ ਯੂਨਿਟ ਅਤੇ ਰੋਹਲਿਆਂ ਦੀ ਆਣ ਮਿਲੀ। ਕਰਨਲ ਸਟਰਨਬਸ਼ ਇਕ ਵੇਲੇ ਮਹਾਰਾਜਾ ਰਣਜੀਤ ਸਿੰਘ ਦਾ ਮੁਲਾਜਮ ਸੀ ਤੇ ਰੋਹਲੇ ਹੁਣੇ ਪੰਜਾਬੀ ਕੈਂਪਾਂ ਤੋਂ ਬਾਗੀ ਹੋ ਕੇ ਆਏ ਸਨ। ਉਸ ਨੇ ਜੰਗਲੀ ਬੂਟੀਆਂ ਤੇ ਡੂੰਘੀਆਂ ਖੱਡਾਂ ਤੋਂ ਦੂਰ ਰਹਿਣ ਦੀ ਸਕੀਮ ਬਣਾਈ ਤੇ ਦਰਿਆ ਦੇ ਵਹਿਣ ਨਾਲ ਕੁਝ ਮੀਲ ਹੋਰਾਂ ਹੇਠਾਂ ਨੂੰ ਜਾ ਕੇ ਪੰਜਾਬੀ ਫੌਜਾਂ ਉਪਰ ਹਮਲਾ ਕਰਨ ਦਾ ਫੈਸਲਾ ਕੀਤਾ। ਸ਼ੇਰ ਸਿੰਘ ਨੂੰ ਇਸ ਦੀ ਭਿਣਕ ਪੈ ਗਈ ਤੇ ਉਸ ਨੇ ਫੌਜਾਂ ਉਥੋਂ ਹਟਾ ਕੇ ਪਿੰਡ ਲਲਿਆਣੀ ਮੋਰਚਾ ਬਣਾਇਆ ਜਿੱਥੇ ਫਿਰ ਦੋਹਾਂ ਫੌਜਾਂ ਦੇ ਵਿਚਕਾਰ ਜੰਗਲੀ ਬੂਟੀਆਂ ਤੇ ਪਾਣੀ ਦੀਆਂ ਖਾਈਆਂ ਸਨ।

13 ਜਨਵਰੀ ਦੀ ਦੁਪਹਿਰ ਨੂੰ ਪੰਜਾਬੀਆਂ ਨੇ ਵੇਖਿਆ ਕਿ ਅੰਗਰੇਜ਼ੀ ਫੌਜਾਂ ਚਿਲਿਆਂਵਾਲਾ ਪਿੰਡ ਵੱਲੋਂ ਉਹਨਾਂ ਦੀ ਤਰਫ਼ ਵਧ ਰਹੀਆਂ ਹਨ। ਜਨਰਲ ਇਲਾਹੀ ਬਖ਼ਸ਼ ਦੀਆਂ ਤੋਪਾਂ ਨੇ ਦੁਸ਼ਮਣ ਨੂੰ ਰੋਕ ਲਿਆ। ਇਕ ਘੰਟਾ ਵਾਸਤੇ ਪੰਜਾਬੀ ਤੋਪਾਂ ਨੇ ਅੰਗਰੇਜ਼ੀ ਫੌਜ ਨੂੰ ਆਪਣੇ ਤੋਂ ਦੂਰ ਰੱਖਿਆ। ਜਦੋਂ ਇਹਨਾਂ ਤੋਪਾਂ ਦੀ ਗਰਜ ਕੁਝ ਮੱਠੀ ਪਈ ਤਾਂ ਅੰਗਰੇਜ਼ ਜਿਹਨਾਂ ਪਾਸ ਗਿਣਤੀ ਦਾ ਪੱਖ ਭਾਰਾ ਸੀ ਇਕ ਵੱਡਾ ਹਮਲਾ ਕਰਕੇ ਪੰਜਾਬੀਆਂ ਨੂੰ ਦਰਿਆ ਵੱਲ ਧੱਕਣ ਦੀ

ਕੋਸ਼ਿਸ਼ ਕਰਨ ਲੱਗੇ। ਇਹ ਹਮਲਾ ਬ੍ਰੀਗੇਡੀਅਰ ਪੈਨੀਸਿਉਕ ਦੀ ਅਗਵਾਈ ਵਿਚ ਹੋਇਆ। ਖਾਲਸਾ ਫੌਜ ਨੂੰ ਇਹ ਹਲਾਤ ਉਹਨਾਂ ਦੀ ਪਸੰਦ ਦੇ ਲੱਗੇ। ਉਹ ਝਾੜੀਆਂ ਵਿਚ ਖਿੰਡਰ ਗਏ ਤੇ ਆਪਣਾ 'ਢਾਈ ਫੁੱਟ' ਨਾਮ ਦਾ ਪੈਂਤੜਾ ਵਰਤਣ ਲੱਗੇ ਜਿਸ ਨੂੰ 'ਹਿੱਟ ਐਂਡ ਰੱਨ' ਦਾ ਨਾਮ ਵੀ ਦਿੱਤਾ ਜਾਂਦਾ ਹੈ। ਉਹਨਾਂ ਦੇ ਨਿਸ਼ਾਨਚੀ ਅੰਗਰੇਜ਼ ਤੋਪਚੀਆਂ ਅਤੇ ਘੋੜ ਸਵਾਰਾਂ ਦਾ ਵੱਡਾ ਨੁਕਸਾਨ ਕਰਦੇ ਸਨ। ਜਿਹੜੇ ਝਾੜੀਆਂ ਜਾਂ ਖਾਈਆਂ ਵਿਚ ਘਿਰ ਜਾਂਦੇ ਸਨ ਉਹਨਾਂ ਨੂੰ ਸਿੱਖ ਆਸਾਨੀ ਨਾਲ ਹੱਥੋ ਹੱਥ ਦੀ ਲੜਾਈ ਵਿਚ ਦਬੋਚ ਲੈਂਦੇ ਸਨ। ਇਸ ਲੜਾਈ ਵਿਚ ਪੈਨੀਸਿਉਕ, ਉਸ ਦਾ ਪੁੱਤਰ ਤੇ ਅੰਗਰੇਜ਼ੀ ਫੌਜ ਦੇ ਸੈਂਕੜੇ ਅਫਸਰ ਤੇ ਸਿਪਾਹੀ ਮਾਰੇ ਗਏ ਸਨ। ਅੰਗਰੇਜ਼ਾਂ ਤੇ ਪੰਜਾਬੀਆਂ ਵਿਚ ਇਹ ਲੜਾਈ ਸਭ ਤੋਂ ਵੱਧ ਕੇ ਗਹਿ ਗੱਚ ਦੀ ਸੀ। ਇਕ ਅੰਗਰੇਜ਼ ਮਾਤਹਿਤ ਅਫਸਰ ਨੇ ਲਿਖਿਆ ਕਿ, "ਸਿੱਖ ਆਪਣੇ ਦੁਸ਼ਮਣਾਂ ਉਪਰ ਰਾਖਸ਼ਾਂ ਦੀ ਤਰ੍ਹਾਂ ਟੁੱਟ ਪਏ। ਉਹ ਹਾਰਦੀ ਦਿਖਦੀ ਜੰਗ ਵਿਚ ਬਹੁਤ ਹਮਲਾਵਰ ਸਨ। ਮੈਂ ਕਦੇ ਵੀ ਇਸ ਤਰ੍ਹਾਂ ਨਹੀਂ ਸੀ ਵੇਖਿਆ ਕਿ ਕਿਸ ਤਰ੍ਹਾਂ ਉਹ ਤਾਣੀਆਂ ਹੋਈਆਂ ਸੰਗੀਨਾਂ ਵੱਲ ਝਪਟਦੇ ਤੇ ਮਾਰਨ ਵਾਲੇ ਨੂੰ ਦਬੋਚਦੇ।"

ਇਹ ਖ਼ੂਨੀ ਜੰਗ ਹਨੇਰਾ ਹੋਣ ਤੱਕ ਚੱਲਦੀ ਰਹੀ। ਪੰਜਾਬੀਆਂ ਨੇ ਅੰਗਰੇਜ਼ਾਂ ਦੀਆਂ ਚਾਰ ਤੋਪਾਂ ਉਪਰ ਕਬਜ਼ਾ ਕੀਤਾ ਤੇ ਤਿੰਨ ਰੈਜਮੰਟਾਂ ਦੇ ਮਾਟੋ ਖੋਹੇ। ਉਹ ਰਾਤ ਅੰਗਰੇਜ਼ਾਂ ਵਾਸਤੇ ਬਹੁਤ ਖ਼ੌਫ਼ ਦੀ ਸੀ। ਜਨਰਲ ਥਾਕਵੈਲ ਨੇ ਲਿਖਿਆ ਹੈ ਕਿ, 'ਸਾਰੀ ਫੌਜ ਵਿਚ ਹੀ ਉਲਝਣਾਂ ਪਈਆਂ ਹੋਈਆਂ ਸਨ। ਇਹ ਡਰ ਵੀ ਬਹੁਤ ਸਤਾ ਰਿਹਾ ਸੀ ਕਿ ਪੰਜਾਬੀ ਦੁਸ਼ਮਣ ਰਾਤ ਨੂੰ ਹਮਲਾ ਕਰ ਸਕਦੇ ਸਨ। ਜੇ ਉਹ ਵਾਕਿਆ ਹੀ ਅਜਿਹਾ ਹਮਲਾ ਕਰ ਦੇਂਦੇ ਤਾਂ ਸਾਡਾ ਕੁਝ ਵੀ ਨਹੀਂ ਬਚਣਾ ਸੀ। ਜੰਗਲ ਉਹਨਾਂ ਦਾ ਸਾਥੀ ਬਣਿਆ ਹੋਇਆ ਸੀ ਭਾਵੇਂ ਕਿ ਹੁਣ ਜੰਗਲ ਹੀ ਸਾਡੀ ਰਾਖੀ ਕਰ ਰਿਹਾ ਸੀ।'

ਜਨਰਲ ਥਾਕਵੈਲ ਨੇ ਅਗਲੇ ਦਿਨ ਦਾ ਦ੍ਰਿਸ਼ ਵੀ ਬਹੁਤ ਭਿਅੰਕਰ ਬਿਆਨ ਕੀਤਾ ਹੈ, 'ਅੰਗਰੇਜ਼ੀ ਫੌਜਾਂ ਦੇ ਪ੍ਰਿੰਸ ਐਲਬਰਟ ਕਿਸਮ ਦੇ ਟੋਪ ਤੇ ਮਿਲਟਰੀ ਜੁੱਤੇ ਸਾਰੇ ਪਾਸੇ ਖਿਲਰੇ ਵਿਖਾਈ ਦੇ ਰਹੇ ਸਨ। ਕੈਂਪ ਦਾ ਸਾਰਾ ਦਿਨ ਲਾਸ਼ਾਂ ਸੰਭਾਲਦੇ ਤੇ ਉਹਨਾਂ ਦੀਆਂ ਅੰਤਮ ਰਸਮਾਂ ਕਰਦਿਆਂ ਬੀਤ ਗਿਆ। ਆਖਰ ਅੰਗਰੇਜ਼ੀ ਫੌਜ ਦੇ 3000 ਲੋਕ ਇਹਨਾਂ ਝਾੜੀਆਂ ਤੇ ਖਾਈਆਂ ਵਿਚ ਮਾਰੇ ਗਏ ਸਨ।'

ਭਾਰਤ ਵਿਚ ਅੰਗਰੇਜ਼ਾਂ ਨੇ ਜਿਤਨੀਆਂ ਵੀ ਲੜਾਈਆਂ ਭਾਰਤੀਆਂ ਵਿਰੁੱਧ ਲੜੀਆਂ ਸਨ, ਚਿਲਿਆਂਵਾਲੇ ਦੀ ਹਾਰ ਸਭ ਤੋਂ ਬੁਰੀ ਕਿਸਮ ਦੀ ਹਾਰ ਸੀ। ਲਾਰਡ ਗੱਫ ਨੂੰ ਹਟਾ ਦਿੱਤਾ ਗਿਆ ਤੇ ਉਸ ਦੀ ਜਗ੍ਹਾ ਇੰਗਲੈਂਡ ਤੋ ਜਨਰਲ ਨੇਪੀਅਰ ਨੂੰ ਬੁਲਾਇਆ ਜਾ ਰਿਹਾ ਸੀ ਕਿ ਉਹ ਕਮਾਂਡ ਸੰਭਾਲੇ।

ਸ਼ੇਰ ਸਿੰਘ ਅਟਾਰੀਵਾਲਾ ਨੇ ਪੰਜਾਬੀਆਂ ਦੀ ਜਿੱਤ ਦੀ ਖ਼ੁਸ਼ੀ ਵਿਚ ਤੋਪਾਂ ਦੇ 21 ਗੋਲੇ ਦਾਗ਼ ਕੇ ਸਲਾਮ ਦਿੱਤੀ।

ਅੰਗਰੇਜ਼ ਆਪਣੀ ਅਗਲੀ ਤਬਾਹੀ ਦਾ ਬਿਲਕੁਲ ਢੇਰੀ ਢਾਹ ਕੇ ਇੰਤਜ਼ਾਰ ਕਰ ਰਹੇ ਸਨ। ਫਿਰੋਜ਼ਸ਼ਾਹ ਦੀ ਤਰ੍ਹਾਂ ਇਥੇ ਵੀ ਇਕ ਵਾਰ ਫਿਰ ਪੰਜਾਬੀ ਆਪਣੀ ਕਾਮਯਾਬੀ ਨੂੰ ਇਕ ਫੈਸਲਾਕੁੰਨ ਜਿੱਤ ਵਿਚ ਨਹੀਂ ਬਦਲ ਸਕੇ। ਉਹਨਾਂ ਦਾ ਆਪਣਾ ਨੁਕਸਾਨ ਵੀ ਬਹੁਤ ਜ਼ਿਆਦਾ ਹੋ ਚੁਕਾ ਸੀ ਤੇ ਉਹਨਾਂ ਨੂੰ ਨਹੀਂ ਸੀ ਅੰਦਾਜ਼ਾ ਕਿ ਦੁਸਮਣ ਦਾ ਕਿਸ ਹੱਦ ਤੱਕ ਦਾ ਨੁਕਸਾਨ ਉਹ ਕਰ ਚੁੱਕੇ ਹਨ। ਪੰਜਾਬੀਆਂ ਕੋਲ ਗੋਲਾ ਬਰੂਦ ਖਤਮ ਹੋ ਰਿਹਾ ਸੀ ਤੇ ਤੋਪਖਾਨੇ ਦਾ ਕਮਾਂਡਰ ਜਨਰਲ ਇਲਾਹੀ ਬਖ਼ਸ਼ ਕਮਜ਼ੋਰੀ ਦੀ ਹਾਲਤ ਵਿਚ ਹਥਿਆਰ ਸੁੱਟ ਰਿਹਾ ਸੀ। ਸਪਲਾਈ ਦੀ ਹਾਲਤ ਬਹੁਤ ਖਰਾਬ ਸੀ। ਇਥੋਂ ਤੱਕ ਕਿ ਜਦੋਂ ਚਤਰ ਸਿੰਘ ਦੀਆਂ ਫੌਜਾਂ ਆ ਕੇ ਉਸ ਦੇ ਪੁੱਤਰ ਦੀਆਂ ਫੌਜਾਂ ਨਾਲ ਮਿਲੀਆਂ ਤਾਂ ਉਹਨਾਂ ਵਾਸਤੇ ਕਾਫ਼ੀ ਰਾਸ਼ਨ ਨਹੀਂ ਲਿਆ ਸਕੀਆਂ। ਓਧਰੋਂ ਮੌਸਮ ਵੀ ਅੰਗਰੇਜ਼ਾਂ ਦੀ ਮਦਦ ਵਿਚ ਆ ਗਿਆ। ਜਿਉਂ ਹੀ ਇਹ ਲੜਾਈ ਖ਼ਤਮ ਹੋਈ ਸੀ ਜ਼ੋਰ ਦੀ ਮੀਂਹ ਪੈਣਾ ਸ਼ੁਰੂ ਹੋ ਗਿਆ ਅਤੇ ਅਗਲੇ ਤਿੰਨ ਦਿਨ ਲਗਾਤਾਰ ਝੜੀ ਲੱਗੀ ਰਹੀ। ਜਿਹੜੀਆਂ ਖਾਈਆਂ ਪੰਜਾਬੀਆਂ ਤੇ ਅੰਗਰੇਜ਼ਾਂ ਨੂੰ ਅੱਡ ਕਰ ਰਹੀਆਂ ਸਨ, ਪਾਣੀ ਨਾਲ ਭਰ ਗਈਆਂ ਤੇ ਉਹਨਾਂ ਦੇ ਵਿਚਕਾਰ ਦਲਦਲ ਫੈਲ ਗਈ। ਚੌਥੇ ਦਿਨ ਜਦੋਂ ਸੂਰਜ ਨਿਕਲਿਆ ਤਾਂ ਪੰਜਾਬੀਆਂ ਨੇ ਵੇਖਿਆ ਕਿ ਅੰਗਰੇਜ਼ ਚਿਲਿਆਂਵਾਲਾ ਤੋਂ ਪਿਛਾਂਹ ਹਟ ਗਏ ਹਨ ਤੇ ਚੱਜ ਤੋਂ ਪਾਰ ਚਨਾਬ ਦੇ ਕੰਢੇ ਜਾ ਪਹੁੰਚੇ ਸਨ।

ਇਕ ਅੰਗਰੇਜ਼ੀ ਕਵੀ ਜਾਰਜ ਮੀਰੇਦਿਥ ਨੇ ਚਿਲਿਆਂਵਾਲਾ ਦੀ ਲੜਾਈ ਬਾਰੇ ਹੇਠ ਲਿਖੀ ਨਜ਼ਮ ਲਿਖੀ:

ਚਿਲਿਆਂਵਾਲਾ, ਓ ਚਿਲਿਆਂਵਾਲਾ,
ਤੂੰ ਪਿੰਡ ਹੈਂ ਇਕ ਕਾਲਾ ਤੇ ਨੀਵਾਂ
ਖ਼ੂਨੀ ਜੇਹਲਮ ਦਰਿਆ ਦੇ ਕਿਨਾਰੇ,
ਜੁਝਾਰੂ ਦੁਸ਼ਮਣਾਂ ਦਾ ਡੱਕਿਆ ਹੋਇਆ।

ਅਤੇ ਸਰਦ ਰੁੱਤ ਦੇ ਠੰਡੇ ਪਾਣੀ ਦੇ ਪਾਰ
ਉਹ ਤਿਆਰ ਹੈ ਪਿੱਛੇ ਹਟਣ ਵਾਸਤੇ
ਜਦੋਂ ਲਾਸ਼ਾਂ ਦੇ ਢੇਰਾਂ ਉਪਰੋਂ ਚੀਰਦੇ
ਗੋਲਿਆਂ ਨੇ ਹਾਰ ਦਾ ਨਜ਼ਰਾਨਾ ਦਿੱਤਾ

ਚਿਲਿਆਂਵਾਲਾ, ਓ ਚਿਲਿਆਂਵਾਲਾ,
ਤੇਰਾ ਇਹ ਚੌੜਾ ਤੇ ਉਦਾਸੀ ਭਰਿਆ ਮੈਦਾਨ,
ਸੰਘਣੇ ਜੰਗਲਾਂ ਵਿਚ ਘਿਰਿਆ
ਲਹੂ ਨਾਲ ਗੜੁੱਚ ਦਰੀ ਵਿਛਾ ਕੇ
ਉਥੇ ਕਾਤਲ ਮੂੰਹਾਂ ਵਾਲੀਆਂ ਤੋਪਾਂ
ਮੌਤਾਂ ਭਰੀਆਂ ਘਾਤਾਂ ਲਗਾ ਕੇ
ਸੁੱਟਦੀਆਂ ਨੇ ਧੋਖਾ ਦੇਂਦੇ ਚੰਗਿਆੜੇ
ਹੱਡ ਮਾਸ ਦੇ ਬੰਦਿਆਂ ਉਤੇ।

ਚਿਲਿਆਂਵਾਲਾ, ਓ ਚਿਲਿਆਂਵਾਲਾ
ਜਦੋਂ ਰਾਤ ਉਤਰੀ ਤੇ ਨਾਲ ਹੀ ਮੀਂਹ
ਤੇ ਆ ਗਏ ਹਿੰਸਾ ਵਰਸਾਉਂਦੇ ਰਾਖਸ਼
ਮਾਰੇ ਜਾ ਚੁੱਕਿਆਂ ਨੂੰ ਸੰਭਾਲਣ
ਜ਼ਖ਼ਮੀਆਂ ਤੇ ਮਰ ਰਹਿਆਂ ਨੂੰ,
ਠੰਡੇ ਲਹੂ ਬਿਖਰੇ ਨੇ ਚਾਰ ਚਫੇਰੇ
ਆਪਣੇ ਸਾਥੀਆਂ ਦੀਆਂ ਪਈਆਂ ਨੇ
ਲਾਸ਼ਾਂ ਇਕ ਮੁਰਦਾ ਹਨੇਰੇ ਵਿਚ

ਚਿਲਿਆਂਵਾਲਾ, ਓ ਚਿਲਿਆਂਵਾਲਾ
ਤੂੰ ਇਕ ਮੁਰਝਾਇਆ, ਸੁਨਸਾਨ ਹਿੱਸਾ
ਅਤੇ ਇਕ ਭੇਦ ਭਰੇ ਦੁਖਾਂਤ ਨੂੰ
ਨਹੀਂ ਲੋੜ ਕਿਸੇ ਸੁਰੀਲੇ ਸ਼ਬਦ ਦੀ
ਦਿਲ ਉਛਲ ਜਾਵੇਗਾ ਦੁੱਖ ਵਿਚ
ਜਿਹੜਾ ਸਮਝੇਗਾ ਤੈਨੂੰ ਚੰਗੀ ਤਰ੍ਹਾਂ
ਸਾਰੀਆਂ ਉਮੀਦਾਂ ਧੁੰਦਲੀਆਂ ਰਹਿਣਗੀਆਂ
ਜਦੋਂ ਤੱਕ ਤੇਰੀ ਯਾਦ ਰਹੇਗੀ।

ਸ਼ੇਰ ਸਿੰਘ ਨੇ ਇਕ ਵਾਰ ਫਿਰ ਸਮਝੌਤੇ ਦੀ ਪੇਸ਼ਕੱਸ਼ ਭੇਜੀ। ਕਿਉਂਕਿ ਮਹਾਰਾਜਾ ਅੰਗਰੇਜ਼ਾਂ ਦੇ ਕਬਜ਼ੇ ਵਿਚ ਸੀ, ਉਸ ਨੇ ਸਿਰਫ਼ ਇਹੀ ਮੰਗਿਆ ਕਿ ਦਲੀਪ ਸਿੰਘ ਨੂੰ ਬਹਾਲ ਕੀਤਾ ਜਾਵੇ ਤੇ ਅੰਗਰੇਜ਼ੀ ਫੌਜਾਂ ਲਾਹੌਰ ਛੱਡ ਜਾਣ। ਸ਼ੇਰ ਸਿੰਘ ਨੇ ਇਹ ਸੁਨੇਹਾ ਜਾਰਜ ਲਾਰੈਂਸ ਨੂੰ ਦੂਤ ਬਣਾ ਕੇ ਭੇਜਿਆ ਜੋ ਉਸ ਦਾ

ਕੈਦੀ ਸੀ। ਉਸ ਦੀ ਤਜਵੀਜ਼ ਰੱਦ ਕਰ ਦਿੱਤੀ ਤੇ ਅੰਗਰੇਜ਼ਾਂ ਨੇ ਹਿੰਦੁਸਤਾਨ ਤੋਂ ਹੋਰ ਫੌਜ ਮੰਗਵਾ ਲਈ।

ਅੰਗਰੇਜ਼ ਕੈਦੀਆਂ ਨਾਲ ਪੰਜਾਬੀ ਕਿਹੋ ਜਿਹਾ ਵਿਹਾਰ ਕਰਦੇ ਰਹੇ, ਇਸ ਬਾਰੇ ਮੱਤਭੇਦ ਹੋ ਸਕਦੇ ਹਨ। ਬ੍ਰਿਟਿਸ਼ ਸਿਪਾਹੀਆਂ ਨੇ ਤਾਂ ਇਸ ਦੀ ਹਮੇਸ਼ਾ ਸਿਫ਼ਤ ਕੀਤੀ ਪਰ ਅੰਗਰੇਜ਼ ਇਤਿਹਾਸਕਾਰ ਇਸ ਨੂੰ ਨਹੀਂ ਮੰਨਦੇ ਰਹੇ। ਅੰਗਰੇਜ਼ੀ ਫੌਜ ਦੇ ਮਾਤਹਿਤ ਅਫ਼ਸਰਾਂ ਨੇ ਲਿਖਿਆ ਕਿ, 9000 ਘੋੜ ਸਵਾਰ ਤੇ ਪਿਆਦਾ ਫੌਜ ਦੇ ਜੋ ਲੋਕ ਕੈਦੀ ਬਣਾਏ ਸਨ, ਉਹਨਾਂ ਵਿਚੋਂ ਦੋ ਨੂੰ ਸ਼ੇਰ ਸਿੰਘ ਨੇ ਸਤਿਕਾਰ ਦੇ ਕੇ ਛੱਡ ਦਿੱਤਾ ਪਰ ਉਹ ਵਾਪਸ ਭੇਜੇ ਜਾਣ ਦਾ ਅਫਸੋਸ ਮਹਿਸੂਸ ਕਰ ਰਹੇ ਸਨ ਕਿਉਂਕਿ ਉਹਨਾਂ ਨੂੰ ਸ਼ਹਿਜ਼ਾਦਿਆਂ ਵਾਂਗ ਰੱਖਿਆ ਜਾ ਰਿਹਾ ਸੀ। ਉਹਨਾਂ ਰਜਵਾਂ ਖਾਣਾ ਤੇ ਵਿਸਕੀ ਬਰਾਂਡੀ ਵੀ ਦਿੱਤੀ ਗਈ ਤੇ ਫਿਰ ਜਾਣ ਲੱਗਿਆਂ ਦੀ ਜੇਬ ਵਿਚ ਦਸ ਦਸ ਰੁਪੈ ਵੀ ਪਾਏ।

ਗੁਜਰਾਤ ਵਿਖੇ ਤਬਾਹੀ 21 ਜਨਵਰੀ, 1849

ਸ਼ੇਰ ਸਿੰਘ ਅਟਾਰੀਵਾਲਾ ਚਨਾਬ ਵੱਲ ਵਧਿਆ। ਗੁਜਰਾਤ ਸ਼ਹਿਰ ਤੇ ਦਰਿਆ ਦੇ ਵਿਚਕਾਰ ਘੋੜੇ ਦੀ ਸੁੰਮ ਦੀ ਸ਼ਕਲ ਦਾ ਮੋਰਚਾ ਬਣਾਇਆ। ਘੋੜੇ ਦੀ ਇਸ ਸੁੰਮ ਦੇ ਦੋਵਾਂ ਕਿਨਾਰਿਆਂ ਉਪਰ ਦਰਿਆ ਦੇ ਸੁੱਕੇ ਹੋਏ ਵਹਿਣ ਸਨ। ਅੰਗਰੇਜ਼ੀ ਫੌਜਾਂ ਪਿੰਡ ਲਾਸੌਰੀ ਵਿਚ ਦੁਬਾਰਾ ਇਕੱਠੀਆਂ ਹੋਈਆਂ ਤੇ ਗੁਜਰਾਤ ਵੱਲ ਵਧੀਆਂ। ਉਹਨਾਂ ਦਾ ਸੱਜਾ ਪਾਸਾ ਚਨਾਬ ਦੇ ਨਾਲ ਜਾਂਦਾ ਸੀ ਤੇ ਖੱਬੇ ਪਾਸੇ ਉਸ ਦਾ ਇਕ ਸੁੱਕਾ ਵਹਿਣ ਸੀ। ਜਨਰਲ ਵਿੱਸ਼ ਜਿਹੜਾ ਮੁਲਤਾਨ ਤੋਂ ਵਿਹਲਾ ਹੋ ਗਿਆ ਸੀ ਦੁਸ਼ਮਣ ਦੀਆਂ ਸਫਾਂ ਵਿਚ ਵਾਧਾ ਕਰ ਰਿਹਾ ਸੀ।

ਪੰਜਾਬੀ ਤੋਪਾਂ ਦੇ ਪੱਖੋਂ ਵੀ ਹਲਕੇ ਸਨ ਤੇ ਫੌਜੀਆਂ ਦੀ ਗਿਣਤੀ ਦੇ ਪੱਖੋਂ ਵੀ। ਪੰਜਾਬੀਆਂ ਕੋਲ 59 ਤੋਪਾਂ ਸਨ ਤੇ ਅੰਗਰੇਜ਼ਾਂ ਕੋਲ 66 ਤੋਪਾਂ ਸਨ। ਅਫ਼ਗਾਨ ਤੋਪ ਖਾਨਾ ਜਿਹੜਾ ਦੋਸਤ ਮੁਹੰਮਦ ਖਾਨ ਦੇ ਪੁਤਰ ਅਕਰਮ ਖਾਨ ਦੀ ਕਮਾਂਡ ਹੇਠ ਸੀ, ਉਸ ਉਪਰ ਪੂਰਾ ਭਰੋਸਾ ਨਹੀਂ ਸੀ ਕੀਤਾ ਜਾ ਸਕਦਾ ਕਿਉਂਕਿ ਇਹ ਲੜਾਈ ਪੰਜਾਬੀਆਂ ਤੇ ਅੰਗਰੇਜ਼ਾਂ ਵਿਚਾਲੇ ਸੀ।

ਇਹ ਲੜਾਈ ਚਿੱਟੇ ਦਿਨ ਦੀ ਧੁੱਪ ਵਿਚ ਸ਼ੁਰੂ ਹੋਈ। ਅੰਗਰੇਜ਼ੀ ਫੌਜਾਂ ਨੇ ਸਵੇਰ ਦੇ ਸਾਢੇ ਸੱਤ ਵਜੇ ਅੱਗੇ ਵਧਣਾ ਸ਼ੁਰੂ ਕੀਤਾ। ਪੰਜਾਬੀਆਂ ਨੂੰ ਜਿਵੇਂ ਆਪਣੀ ਜਿੱਤ ਦਾ ਭਰੋਸਾ ਨਹੀਂ ਸੀ, ਪਹਿਲਾਂ ਦੀ ਤਰ੍ਹਾਂ ਹੁਣ ਵੀ ਜਲਦੀ ਹੀ ਤੋਪਾਂ ਦੇ ਗੋਲੇ ਸੁੱਟਣ ਲੱਗ ਪਏ ਤੇ ਜਿਹੜਾ ਬਰੂਦ ਪਹਿਲਾਂ ਹੀ ਘੱਟ ਸੀ ਉਸ ਨੂੰ ਬੇਲੋੜਾ ਬਰਬਾਦ ਕਰਨ ਲੱਗ ਪਏ। ਰੇਂਜ ਵਿਚ ਆਉਣ ਵੇਲੇ ਅੰਗਰੇਜ਼ ਰੁਕ ਗਏ ਅਤੇ ਆਪਣੀਆਂ ਤੋਪਾਂ ਨੂੰ ਉਸ ਪਾਸੇ ਅਡਜਸਟ ਕੀਤਾ ਜਿਧਰੋਂ ਪੰਜਾਬੀਆਂ ਦੇ ਗੋਲੇ ਆ ਰਹੇ ਸਨ। ਡੇਢ ਘੰਟਾ ਤੱਕ ਤੋਪਾਂ ਗਰਜਦੀਆਂ ਰਹੀਆਂ ਤੇ ਅਖੀਰ

ਪੰਜਾਬੀ ਤੋਪਾਂ ਖਾਮੋਸ਼ ਹੋ ਗਈਆਂ। ਜਦੋਂ ਇਹਨਾਂ ਦੀਆਂ ਤੋਪਾਂ ਅਜੇ ਚੱਲ ਹੀ ਰਹੀਆਂ ਸਨ ਕਿ ਅੰਗਰੇਜ਼ੀ ਫੌਜ ਦੇ ਘੋੜ ਸਵਾਰਾਂ ਤੇ ਪਿਆਦਾ ਦਸਤਿਆਂ ਨੇ ਜ਼ੋਰਦਾਰ ਹਮਲਾ ਕੀਤਾ। ਅਫ਼ਗਾਨ ਤੋਪਾਂ ਨੇ ਦੁਸ਼ਮਣ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਫਿਰ ਪਿੱਛੇ ਹੱਟ ਗਈਆਂ। ਇਸ ਤਰ੍ਹਾਂ ਪੰਜਾਬੀਆਂ ਦਾ ਇਕ ਹੋਰ ਹਿੱਸਾ ਅੰਗਰੇਜ਼ੀ ਗੋਲੀਆਂ ਦੀ ਮਾਰ ਦੇ ਸਾਹਮਣੇ ਆ ਗਿਆ। ਪੰਜਾਬੀਆਂ ਨੇ ਬ੍ਰਿਟਿਸ਼ ਘੋੜ ਸਵਾਰ ਤੇ ਪਿਆਦਾ ਫੌਜਾਂ ਦਾ ਹਮਲਾ ਪਹਿਲਾਂ ਦੀ ਤਰ੍ਹਾਂ ਹੀ ਨਜਿੱਠਿਆ। ਇਕ ਵਾਰ ਫਿਰ ਥਾਕਰਵਾਲ ਨੇ ਲਿਖਿਆ ਕਿ 'ਚਿਲਿਆਂਵਾਲਾ ਦੀ ਤਰ੍ਹਾਂ ਇਥੇ ਵੀ ਸਿੱਖ ਸੰਗੀਨ ਨਾਲ ਹਮਲਾ ਕਰਨ ਵਾਲੇ ਦੀ ਖੱਬੇ ਹੱਥ ਨਾਲ ਸੰਗੀਨ ਰੋਕਦੇ ਤੇ ਸੱਜੇ ਹੱਥ ਨਾਲ ਪੇਟ ਵਿਚ ਤਲਵਾਰ ਖੋਭ ਦੇਂਦੇ। ਸਿੱਖ ਸਿਰੇ ਤੱਕ ਦੀ ਬਹਾਦਰੀ ਵਿਖਾ ਰਹੇ ਸਨ।' ਥਾਕਰਵਾਲ ਨੇ ਸਿੱਖ ਬੰਦੂਕਚੀਆਂ ਬਾਰੇ ਵੀ ਲਿਖਿਆ ਕਿ ਉਹ ਆਖਰ ਦਮ ਤੱਕ ਲੜਦੇ ਰਹੇ।

ਅਖੀਰ ਪੰਜਾਬੀ ਪਿੱਛੇ ਹਟਣ ਲੱਗ ਪਏ। ਦੁਪਹਿਰ ਤੱਕ ਉਹ ਗੁਜਰਾਤ ਖਾਲੀ ਕਰ ਗਏ। ਅੰਗਰੇਜ਼ਾਂ ਨੇ ਗੁਜਰਾਤ ਉਪਰ ਕਬਜ਼ਾ ਕਰ ਲਿਆ ਤੇ ਪੰਜਾਬੀ ਫੌਜਾਂ ਦਾ ਪਿੱਛਾ ਕਰਦੇ ਹੋਏ ਅੱਗੇ ਵਧੇ। ਗਫ਼ ਸਾਹਮਣੇ ਵਾਲੇ ਪਾਸੇ ਸੀ, ਸਟਰੀਨਬਸ਼ ਦੀ ਡੋਗਰਾ ਫੌਜ ਸੱਜੇ ਪਾਸੇ, ਇਮਾਮੂਦੀਨ ਸੱਜੇ ਪਾਸੇ ਤੇ ਪਠਾਨ ਫੌਜਾਂ ਪਿੱਛੇ ਚੱਲ ਰਹੀਆਂ ਸਨ। ਓਧਰ ਪੰਜਾਬੀਆਂ ਵੱਲੋਂ ਸ਼ੇਰ ਸਿੰਘ ਨੂੰ ਛੱਡ ਕੇ ਸਾਰੇ ਕਮਾਂਡਰ ਦੌੜ ਗਏ ਸਨ ਤੇ ਸਿਪਾਹੀ ਆਪਣੀ ਲੜਾਈ ਆਪ ਹੀ ਲੜਦੇ ਰਹੇ। ਸ਼ੇਰ ਸਿੰਘ ਦੇ ਤਿੰਨ ਘੋੜੇ ਗੋਲੀਆਂ ਲੱਗਣ ਕਰਕੇ ਮਾਰੇ ਗਏ ਸਨ। ਆਦਮੀ ਦੇਰ ਰਾਤ ਤੱਕ ਲੜਦੇ ਰਹੇ ਤੇ ਉਹਨਾਂ ਦੀਆਂ ਲਾਸ਼ਾਂ ਮੈਦਾਨ ਵਿਚ ਦੂਰ ਦੂਰ ਕਈ ਮੀਲਾਂ ਤੱਕ ਖਿਲਰੀਆਂ ਪਈਆਂ ਸਨ। ਰਾਤ ਹੋਰ ਵੀ ਡਰਾਵਨੀ ਹੋਈ ਪਈ ਸੀ। ਅਣਵਰਤਿਆ ਤੇ ਜਮਾਂ ਕੀਤਾ ਪੰਜਾਬੀ ਬਰੂਦ ਵੱਡੇ ਧਮਾਕੇ ਪੈਦਾ ਕਰ ਰਿਹਾ ਸੀ। ਦੁਸ਼ਮਣਾਂ ਨੇ ਪੰਜਾਬੀ ਜਖਮੀਆਂ ਪ੍ਰਤੀ ਕੋਈ ਤਰਸ ਨਹੀਂ ਵਿਖਾਇਆ। ਅੰਗਰੇਜ਼ ਮਾਤਿਹਤ ਅਫ਼ਸਰ ਨੇ ਲਿਖਿਆ ਕਿ, "ਮੈਨੂੰ ਇਹ ਦਸਦਿਆਂ ਸ਼ਰਮ ਆਉਂਦੀ ਹੈ ਪਿੱਛਾ ਕਰਦੀ ਜਾ ਰਹੀ ਅੰਗਰੇਜ਼ੀ ਫੌਜ ਜਿਹੜੇ ਜਖਮੀ ਸਿੱਖਾਂ ਨੂੰ ਬਚਾ ਸਕਦੀ ਸੀ, ਉਹਨਾਂ ਨੂੰ ਵੀ ਫੜ੍ਹ ਕੇ ਜਾਨੋਂ ਮਾਰਨ ਦਾ ਕੰਮ ਕੀਤਾ। ਆਖਰਕਾਰ ਇਹ ਲੜਾਈ ਹੀ ਵਿਨਾਸ਼ ਕਰਨ ਦੀ ਲੜਾਈ ਸੀ।

ਗੁਜਰਾਤ ਦੀ ਲੜਾਈ ਨੇ ਪੰਜਾਬੀ ਫੌਜਾਂ ਨੂੰ ਗਹਿਰੀ ਸੱਟ ਮਾਰੀ ਜਿਸ ਨੂੰ ਉਹ ਦਰੁਸਤ ਨਹੀਂ ਕਰ ਸਕਦੇ ਸਨ। ਮੰਨਿਆ ਪ੍ਰਮੰਨਿਆ ਗੱਦਾਰ ਗੁਲਾਬ ਸਿੰਘ ਡੋਗਰਾ ਫਿਰ ਅੰਗਰੇਜ਼ਾਂ ਦੀ ਮਦਦ ਵਿਚ ਆਇਆ। ਉਸ ਨੇ ਸ਼ੇਰ ਸਿੰਘ ਦੇ ਉਤਰ ਪੱਛਮੀ ਸਰਹੱਦੀ ਇਲਾਕੇ ਵੱਲ ਵਧਣ ਦੇ ਰਸਤੇ ਨੂੰ ਰੋਕਣ ਵਾਸਤੇ ਅੱਬੋਰਟ ਦੀ ਮਦਦ ਕੀਤੀ। ਇਸ ਤਰ੍ਹਾਂ ਅਫ਼ਗਾਨਾਂ ਦੀ ਮਦਦ ਲੈ ਕੇ ਲੜਾਈ ਜਾਰੀ ਰੱਖਣ ਦੀ

ਸੰਭਾਵਨਾ ਵੀ ਖ਼ਤਮ ਹੋ ਗਈ। ਗੁਲਾਬ ਸਿੰਘ ਨੇ ਅੰਗਰੇਜ਼ਾਂ ਨੂੰ ਜੇਹਲਮ ਪਾਰ ਕਰਨ ਵਾਸਤੇ ਕਿਸ਼ਤੀਆਂ ਵੀ ਦਿੱਤੀਆਂ। ਸ਼ੇਰ ਸਿੰਘ ਨੇ ਸਮਝੌਤਾ ਕਰਨ ਦੀ ਕੋਸ਼ਿਸ਼ ਕੀਤੀ ਪਰ ਅੰਗਰੇਜ਼ਾਂ ਨੇ ਬਿਨਾਂ ਸ਼ਰਤ ਹਥਿਆਰ ਸੁੱਟਣ ਦੀ ਮੰਗ ਕੀਤੀ।

14 ਮਾਰਚ, 1849 ਨੂੰ ਲੋਈਆਂ ਦੀਆਂ ਬੁੱਕਲਾਂ ਨਾਲ ਮੂੰਹ ਢੱਕੀ ਦੋਵੇ ਅਟਾਰੀਵਾਲਾ ਸਰਦਾਰ, ਪਿਓ ਤੇ ਪੁੱਤਰ, ਅੰਗਰੇਜ਼ੀ ਕੈਂਪ ਵਿਚ ਆਏ ਅਤੇ ਆਪਣੀਆਂ ਤਲਵਾਰਾਂ ਜਨਰਲ ਗਿਲਬਰਟ ਅੱਗੇ ਰੱਖ ਦਿੱਤੀਆਂ। ਉਹਨਾਂ ਦੇ ਮਗਰ ਸੈਂਕੜੇ ਸਿਪਾਹੀਆਂ ਨੇ ਇਹੀ ਕੰਮ ਕੀਤਾ। 'ਕੁਝ ਪੁਰਾਣੇ ਖਾਲਸਾ ਘੁਲਾਟੀਆਂ ਵੱਲੋਂ ਹਥਿਆਰ ਸੁੱਟਣ ਦੀ ਝਿਜਕ ਸਾਫ ਨਜ਼ਰ ਆ ਰਹੀ ਸੀ। ਕੁਝ ਆਪਣੀਆਂ ਅੱਖਾਂ ਦੇ ਅੱਥਰੂ ਨਹੀਂ ਛੁਪਾ ਸਕੇ ਤੇ ਬਹੁਤਿਆਂ ਦੇ ਚੇਹਰਿਆਂ ਉਪਰ ਗੁੱਸਾ ਤੇ ਨਫ਼ਰਤ ਝਲਕਦੀ ਸੀ', ਜਨਰਲ ਥੈਕਵੈਲ ਨੇ ਲਿਖਿਆ ਕਿ ਚਿੱਟੀ ਦਾਹੜੀ ਵਾਲੇ ਇਕ ਪੁਰਾਣੇ ਸਿਪਾਹੀ ਨੇ ਤਲਵਾਰ ਰੱਖਣ ਵੇਲੇ ਸਭ ਦੀ ਤਰਜਮਾਨੀ ਕਰਦਿਆਂ ਕਿਹਾ, "ਅੱਜ ਰਣਜੀਤ ਸਿੰਘ ਮਰ ਗਿਆ ਹੈ।"

29 ਮਾਰਚ, 1849 ਨੂੰ ਲਾਰਡ ਡਲਹੌਜ਼ੀ ਦੇ ਸੈਕਟਰੀ ਈਲੀਓਟ ਨੇ ਕਿਲ੍ਹੇ ਦੇ ਅੰਦਰ ਦਰਬਾਰ ਸੱਦਿਆ। ਦਲੀਪ ਸਿੰਘ ਪੰਜਾਬ ਦੇ ਤਖਤ ਉਪਰ ਬੈਠਾ ਸੀ। ਈਲੀਓਟ ਨੇ ਹੁਣ ਇਕ ਲਿਖਤੀ ਐਲਾਨ ਪੜ੍ਹਿਆ ਜਿਸ ਮੁਤਾਬਕ ਪੰਜਾਬ ਦੀ ਬਾਦਸ਼ਾਹਤ ਖ਼ਤਮ ਹੋ ਚੁਕੀ ਸੀ। ਮਹਾਰਾਜਾ ਦਲੀਪ ਸਿੰਘ ਨੇ ਹੀਰੇ ਵਾਲੀ ਕਲਗੀ ਉਤਾਰੀ ਤੇ ਤਖਤ ਤੋਂ ਹੇਠਾਂ ਆ ਗਿਆ, ਜਿਸ ਉਪਰ ਉਹ ਦੋਬਾਰਾ ਕਦੀ ਨਹੀਂ ਬੈਠਿਆ ਸੀ। ਹੁਣ ਸੱਚਮੁੱਚ ਮਹਾਰਾਜਾ ਰਣਜੀਤ ਸਿੰਘ ਮਰ ਗਿਆ ਸੀ।

ਬਾਅਦ ਦੀ ਵਾਰਤਾ

ਉਹਨਾਂ ਪਾਤਰਾਂ ਦੀ ਗੱਲ ਕਰਦੇ ਹਾਂ ਜਿਹਨਾਂ ਨੇ ਪੰਜਾਬੀ ਸਲਤਨਤ, ਸਿੱਖ ਰਾਜ, ਦੇ ਖਾਤਮੇ ਵਿਚ ਅਹਿਮ ਰੋਲ ਅਦਾ ਕੀਤੇ।

ਮਹਾਰਾਜਾ ਦਲੀਪ ਸਿੰਘ ਸਿਰਫ਼ ਦਸ ਸਾਲ ਦਾ ਸੀ ਜਦੋਂ ਉਸ ਦੀ ਬਾਦਸ਼ਾਹਤ ਨੂੰ ਖ਼ਤਮ ਕਰ ਦਿੱਤਾ ਗਿਆ ਸੀ। ਇਹਨਾਂ ਦਸਾਂ ਸਾਲਾਂ ਵਿਚ ਉਸ ਨੇ ਵੇਖਿਆ ਕਿ ਉਸ ਦੀ ਮਾਂ ਨੂੰ ਕਿਸ ਤਰ੍ਹਾਂ ਜਰਵਾਣਿਆਂ ਤੇ ਉਸ ਦੇ ਆਪਣੇ ਗੱਦਾਰ ਲੋਕਾਂ ਨੇ ਜ਼ਲੀਲ ਕੀਤਾ। ਉਸ ਨੇ ਵੇਖਿਆ ਕਿ ਕਿਸ ਤਰ੍ਹਾਂ ਉਸ ਦੇ ਸੰਬੰਧੀਆਂ ਤੇ ਚਾਹੁਣ ਵਾਲਿਆਂ ਨੂੰ ਉਸ ਦੀਆਂ ਅੱਖਾਂ ਦੇ ਸਾਹਮਣੇ ਕਤਲ ਕੀਤਾ ਗਿਆ। ਉਸ ਨੇ ਵੇਖਿਆ ਕਿ ਕਿਸ ਤਰ੍ਹਾਂ ਬਹੁਤ ਚੰਗੇ ਲੱਗਦੇ ਬੰਦੇ ਬਹੁਤ ਹੀ ਬੁਰੀ ਤਰ੍ਹਾਂ ਦਾ ਵਿਹਾਰ ਕਰਦੇ ਰਹੇ। ਜਦੋਂ ਉਹ ਤਖਤ 'ਤੇ ਬੈਠਾ ਹੁੰਦਾ ਸੀ ਤਾਂ ਕਈ ਬੰਦੇ ਲੋਕਾਂ ਦੇ ਸਾਹਮਣੇ ਉਸ ਦੇ ਪੈਰ ਚੁੰਮਦੇ ਤੇ ਫਿਰ ਉਹਨਾਂ ਵਿਚੋਂ ਹੀ ਕੁਝ ਉਸ ਨੂੰ 'ਬਾਸਟਰਡ' ਦੱਸਣ ਲੱਗੇ ਜਰਾ ਨਾ ਝਿਜਕਦੇ। ਉਹ ਸੰਸਾਰ ਦਾ ਸਭ ਤੋਂ ਕੀਮਤੀ ਹੀਰਾ 'ਕੋਹੇ ਨੂਰ' ਆਪਣੀ ਬਾਂਹ ਉਪਰ ਮਹਿਨਦਾ ਸੀ ਪਰ ਆਪਣਾ ਤੇ ਆਪਣੀ ਮਾਂ ਦਾ ਇੱਜ਼ਤ ਨਾਲ ਜੀਵਨ ਗੁਜ਼ਾਰਨ ਵਾਸਤੇ ਉਸ ਕੋਲ ਪੈਸਾ ਨਹੀਂ ਸੀ। ਉਹ ਬਹੁਤ ਡਰਿਆ ਹੋਇਆ ਤੇ ਜਨਾਨੜਾ ਜਿਹਾ ਮੁੰਡਾ ਸੀ। ਉਸ ਕੋਲ ਬਹੁਤ ਸਾਰਾ ਪੰਜਾਬ ਸੀ ਤੇ ਬਹੁਤ ਸਾਰੇ ਪੰਜਾਬੀ ਤੇ ਉਹ ਇਹਨਾਂ ਦੋਹਾਂ ਤੋਂ ਦੂਰ ਹੀ ਰਹਿਣਾ ਚਾਹੁੰਦਾ ਸੀ।

ਲਾਰਡ ਡਲਹੌਜ਼ੀ ਨੇ ਡਾਕਟਰ ਲੌਗਿਨ ਨੂੰ ਦਲੀਪ ਸਿੰਘ ਦਾ ਅਧਿਆਪਕ ਨਿਯੁਕਤ ਕੀਤਾ ਤੇ ਉਹਨਾਂ ਦੀ ਉਤਰ ਪ੍ਰਦੇਸ਼ ਦੇ ਸ਼ਹਿਰ ਫਤਿਹਗੜ੍ਹ ਵਿਚ ਰਿਹਾਇਸ਼ ਕਰਵਾ ਦਿੱਤੀ। ਕੁਝ ਮਹੀਨਿਆਂ ਬਾਅਦ ਹੀ ਅੰਗਰੇਜ਼ੀ ਅਧਿਆਪਕ ਦੀਆਂ ਸਿੱਖਿਆਵਾਂ ਦੇ ਅਸਰ ਹੇਠ ਦਲੀਪ ਸਿੰਘ ਨੇ ਖਾਹਿਸ਼ ਪ੍ਰਗਟ ਕੀਤੀ ਕਿ

ਉਹ ਸਿੱਖ ਧਰਮ ਨੂੰ ਤਿਲਾਂਜਲੀ ਦੇ ਕੇ ਇਸਾਈ ਧਰਮ ਅਖ਼ਤਿਆਰ ਕਰਨਾ ਚਾਹੁੰਦਾ ਹੈ ਤੇ ਇੰਗਲੈਂਡ ਜਾਣਾ ਚਾਹੁੰਦਾ ਹੈ। ਡਲਹੌਜ਼ੀ ਇਹ ਜਾਣ ਕੇ ਖੁਸ਼ ਹੋਇਆ, ਇਸ ਕਰਕੇ ਨਹੀਂ ਕਿ ਚਰਚ ਨੂੰ ਇਕ ਵੱਡੀ ਹਸਤੀ ਦੀ ਸ਼ਮੂਲੀਅਤ ਦਾ ਲਾਭ ਹੋਵੇਗਾ ਬਲਕਿ ਇਸ ਕਰਕੇ ਹੁਣ ਸਿੱਖ ਉਸ ਨੂੰ ਆਪਣਾ ਮਹਾਰਾਜਾ ਮੰਨਣ ਦੀ ਗੱਲ ਕਦੇ ਨਹੀਂ ਕਰਨਗੇ। ਬਾਅਦ ਵਿਚ ਉਸ ਨੇ ਲਿਖਿਆ ਕਿ ਸਿਆਸੀ ਤੌਰ 'ਤੇ ਉਹ ਇਸ ਤੋਂ ਵਧ ਕੇ ਹੋਰ ਕੁਝ ਨਹੀਂ ਚਾਹੁੰਦਾ ਸੀ ਕਿਉਂਕਿ ਹੁਣ ਉਸ ਦਾ ਅਸਰ ਹਮੇਸ਼ਾ ਵਾਸਤੇ ਖ਼ਤਮ ਹੋ ਗਿਆ ਸੀ। ਦੋ ਸਾਲ ਦਾ ਆਰਜ਼ੀ ਵਕਤ ਪੂਰਾ ਹੋ ਜਾਣ ਬਾਅਦ ਮਹਾਰਾਜ ਦੇ ਵਾਲ ਕਟਵਾ ਦਿੱਤੇ ਤੇ ਉਸ ਨੂੰ ਇਸਾਈ ਧਰਮ ਦਾ ਕਲਮਾ ਪੜ੍ਹਾ ਦਿੱਤਾ ਗਿਆ। ਡਲਹੌਜ਼ੀ ਇਸ ਘਟਨਾ ਨਾਲ ਬਹੁਤ ਜਜ਼ਬਾਤੀ ਹੋ ਗਿਆ ਤੇ ਲਿਖਿਆ ਕਿ, 'ਜੇ ਰੱਬ ਨੇ ਕਦੇ ਆਪਣੀ ਉਂਗਲ ਨਾਲ ਦੀਵਾਰ ਉਪਰ ਕੁਝ ਲਿਖਿਆ ਤਾਂ ਉਹ ਇਸ ਬੱਚੇ ਬਾਰੇ ਜ਼ਰੂਰ ਲਿਖੇਗਾ ਤੇ ਇਸ ਉਪਰ ਆਪਣਾ ਹੱਥ ਰੱਖੇਗਾ।'

ਦਲੀਪ ਆਪਣੇ ਆਪ ਨੂੰ ਪੰਜਾਬੀ ਵੀ ਨਹੀਂ ਰੱਖਣਾ ਚਾਹੁੰਦਾ ਸੀ ਤੇ ਜਲਦੀ ਹੀ ਅੰਗਰੇਜ਼ ਜੈਂਟਲਮੈਨ ਬਣਨਾ ਚਾਹੁੰਦਾ ਸੀ। ਸ਼ੁਰੂ ਸ਼ੁਰੂ ਵਿਚ ਡਲਹੌਜ਼ੀ ਇਸ ਤਬਦੀਲੀ ਤੋਂ ਝਿਜਕਦਾ ਸੀ ਪਰ ਛੇਤੀ ਹੀ ਸੋਚਿਆ ਕਿ ਇਸ ਨਾਲ ਸਿੱਖ ਸ਼ਾਹੀ ਖਾਨਦਾਨ ਵਾਲੀ ਗੱਲ ਹੀ ਖ਼ਤਮ ਹੋ ਜਾਵੇਗੀ। ਉਸ ਨੇ ਦਲੀਪ ਸਿੰਘ ਨੂੰ ਇਕ ਸਾਥੀ, ਇਕ ਦੋਸਤ ਦੇਣ ਦੀ ਸੋਚੀ। ਉਹ ਸਵਰਗਵਾਸੀ ਮਹਾਰਾਜਾ ਸ਼ੇਰ ਸਿੰਘ ਦਾ ਪੁੱਤਰ ਸ਼ਿਵ ਦੇਵ ਸਿੰਘ ਸੀ ਜੋ ਮਹਾਰਾਜਾ ਰਣਜੀਤ ਸਿੰਘ ਦੇ ਖਾਨਦਾਨ ਨਾਲ ਜੁੜੀ ਇਕੋ ਇਕ ਜੀਵਤ ਹਸਤੀ ਸੀ। ਇਸ ਚੋਣ ਬਾਰੇ ਲਾਰਡ ਡਲਹੌਜ਼ੀ ਨੇ ਸਪੱਸ਼ਟ ਸ਼ਬਦਾਂ ਵਿਚ ਲਿਖਿਆ, "ਸ਼ਿਵ ਦੇਵ ਸਿੰਘ ਇਕ ਸਮਝਦਾਰ ਬੱਚਾ ਹੈ ਜੋ ਆਪਣੀ ਬੇਵਕੂਫ਼ ਮਾਂ ਨਾਲ ਰਹਿੰਦਾ ਹੈ ਜਿਹੜੀ ਦਲੀਪ ਸਿੰਘ ਦੇ ਇਸਾਈ ਬਣ ਜਾਣ ਨਾਲ ਉਸੇ ਨੂੰ ਮਹਾਰਾਜਾ ਬਣਨ ਦਾ ਇਕੋ ਇਕ ਉਮੀਦਵਾਰ ਸਮਝਦੀ ਹੈ। ਇਸ ਵਾਸਤੇ ਅਸਾਂ ਸੋਚਿਆ ਕਿ ਉਹ ਵੀ ਆਪਣੇ ਚਾਚਾ ਦੇ ਨਾਲ ਹੀ ਜਾਵੇ।"

ਡਲਹੌਜ਼ੀ ਨੇ ਦਲੀਪ ਨੂੰ ਵਿਦਾਇਗੀ ਵੇਲੇ ਬਾਈਬਲ ਭੇਂਟ ਕੀਤੀ ਤੇ ਕਿਹਾ ਕਿ 'ਇਹ ਸਭ ਤਰ੍ਹਾਂ ਦੇ ਤੋਹਫਿਆਂ ਤੋਂ ਉਤਮ ਹੈ। ਇਸ ਵਿਚ ਸੱਚੀ ਖੁਸ਼ੀ ਦੇ ਭੇਤ ਦਰਜ ਹਨ, ਇਸ ਦੁਨੀਆ ਵਾਸਤੇ ਵੀ ਤੇ ਬਾਅਦ ਦੀ ਦੁਨੀਆ ਵਾਸਤੇ ਵੀ।'

ਇੰਗਲੈਂਡ ਵਿਚ ਦਲੀਪ ਸਿੰਘ ਲਗਾਤਾਰ ਬਰਮਿੰਘਮ ਪੈਲੇਸ ਜਾਂਦਾ ਸੀ ਤੇ ਮਹਾਰਾਣੀ ਵਿਕਟੋਰੀਆ ਨੂੰ ਮਿਲਦਾ ਰਹਿੰਦਾ ਸੀ ਜੋ ਉਸ ਨੂੰ ਧਰਮ ਪੁੱਤਰ ਦਾ ਦਰਜਾ ਦੇਂਦੀ ਸੀ। ਉਸ ਨੂੰ 40 ਹਜ਼ਾਰ ਪੌਂਡ ਸਾਲਾਨਾ ਭੱਤਾ ਤੇ ਇੰਗਲੈਂਡ ਦੇ ਇਲਾਕੇ ਸੁੱਫੋਕ ਵਿਚ ਇਕ ਮਹੱਲ ਤੇ ਜਗੀਰ ਦਿੱਤੀ। ਉਹ 1861 ਵਿਚ ਥੋੜ੍ਹੇ ਵਕਤ ਵਾਸਤੇ ਭਾਰਤ ਆਇਆ ਤੇ ਆਪਣੀ ਮਾਂ ਨੂੰ ਆਪਣੇ ਨਾਲ ਇੰਗਲੈਂਡ ਲੈ

ਆਇਆ। ਦੋ ਸਾਲ ਬਾਅਦ ਉਹ ਫਿਰ ਭਾਰਤ ਆਇਆ, ਮਹਾਰਾਣੀ ਜਿੰਦਾਂ ਦੀ ਰਾਖ ਲੈ ਕੇ। ਭਾਰਤ ਦੇ ਰਸਤੇ ਵਿਚ ਉਸ ਨੂੰ ਇਥੋਪੀਅਨ ਕੁੜੀ ਬਾਂਬਾ ਮੂਲਰ ਮਿਲੀ ਜਿਸ ਦੀ ਮਾਂ ਏਸ਼ੀਅਨ ਤੇ ਪਿਤਾ ਜਰਮਨ ਸੀ ਤੇ ਉਹਨਾਂ ਨੇ ਸਿਕੰਦਰੀਆ ਵਿਚ ਸ਼ਾਦੀ ਕਰ ਲਈ। ਕੁਝ ਸਾਲ ਦੋਵੇਂ ਸੁੱਫੋਕ ਦੇ ਮਹੱਲ ਵਿਚ ਇਕੱਠੇ ਰਹੇ ਤੇ ਵੱਖ ਵੱਖ ਰੰਗਾਂ ਦੇ ਬੱਚੇ ਪੈਦਾ ਕੀਤੇ।

ਦਲੀਪ ਤੇ ਉਸ ਦੀ ਈਥੋਪੀਅਨ ਮਹਾਰਾਣੀ ਇੰਗਲੈਂਡ ਵਿਚ ਮਸ਼ਹੂਰ ਹਸਤੀਆਂ ਬਣ ਗਏ। ਉਹ ਆਪਣੇ ਅਲਾਊਂਸ ਨਾਲੋਂ ਵੱਧ ਖਰਚਾ ਕਰਨ ਲੱਗੇ। ਕਰਜਾ ਵਧਦਾ ਗਿਆ ਤੇ ਉਗਰਾਉਣ ਵਾਲਿਆਂ ਦਾ ਦਬਾਓ ਵੀ। ਦਲੀਪ ਦਾ ਯੂਰਪ ਦੀ ਸਮਾਜਕ ਜ਼ਿੰਦਗੀ ਤੋਂ ਵੀ ਮਨ ਉਕਤਾ ਚੁਕਾ ਸੀ। ਉਸ ਨੇ ਸੋਚਿਆ ਕਿ ਕਿਉਂ ਨਾ ਭਾਰਤ ਵਾਪਸ ਲੌਟਿਆ ਜਾਵੇ ਤੇ ਆਪਣੇ ਰਾਜ ਦਰਬਾਰ ਦੀ ਬਹਾਲੀ ਦੇ ਉਪਰਾਲੇ ਕੀਤੇ ਜਾਣ। ਉਸ ਨੇ ਬਹੁਤ ਸਾਰੇ ਭਾਰਤੀ ਰਿਆਸਤੀ ਰਾਜਿਆਂ ਤੇ ਸਿੱਖ ਸਰਦਾਰਾਂ ਨਾਲ ਖਤ ਪੱਤਰ ਕੀਤੇ। ਆਪਣੀਆਂ ਉਮੀਦਾਂ ਪੱਕੀਆਂ ਕਰਨ ਵਾਸਤੇ ਉਸ ਨੇ ਉਸੇ ਸ਼ਿੱਦਤ ਨਾਲ ਈਸਾਈਅਤ ਨੂੰ ਰੱਦ ਕੀਤਾ ਜਿਸ ਸ਼ਿੱਦਤ ਨਾਲ ਇਸ ਨੂੰ ਅਪਣਾਇਆ ਸੀ ਤੇ ਆਪਣੇ ਆਪ ਨੂੰ ਸਿੱਖ ਧਰਮ ਵਿਚ ਵਾਪਸ ਆ ਜਾਣ ਦਾ ਐਲਾਨ ਕੀਤਾ। ਉਸ ਨੇ ਹਿੰਦੁਸਤਾਨ ਆਉਣ ਦੀ ਕੋਸ਼ਿਸ਼ ਕੀਤੀ ਪਰ ਐਦਨ ਦੀ ਜਗ੍ਹਾ ਤੋ ਵਾਪਸ ਭੇਜ ਦਿੱਤਾ ਗਿਆ ਸੀ। ਉਸ ਨੇ ਫਰਾਂਸ ਦੀ ਸਰਕਾਰ, ਰੂਸ ਦੇ ਜ਼ਾਰ, ਜਰਮਨ ਦੇ ਕੈਸਰ ਤੇ ਹੋਰ ਯੂਰਪੀਨ ਤਾਕਤਾਂ ਦੀ ਹਿਮਾਇਤ ਹਾਸਲ ਕਰਨ ਦੀ ਵੀ ਕੋਸ਼ਿਸ਼ ਕੀਤੀ। ਉਸ ਨੇ ਇਕ ਆਦਮੀ ਦੀ ਪਰਵਾਸੀ ਸਰਕਾਰ ਵੀ ਬਣਾ ਲਈ ਤੇ ਸੰਧਾਵਾਲੀਆਂ ਵਿਚੋਂ ਇਕ ਸਰਦਾਰ ਨੂੰ ਆਪਣਾ ਪ੍ਰਧਾਨ ਮੰਤਰੀ ਮਕੱਰਰ ਕੀਤਾ। ਉਸ ਨੇ ਉਤਰ ਪੱਛਮੀ ਸਰਹੱਦ ਵੱਲੋਂ ਭਾਰਤ ਤੇ ਹਮਲੇ ਦੀ ਧਮਕੀ ਵੀ ਦਿੱਤੀ ਲੇਕਿਨ ਨਾ ਪੰਜਾਬ ਵਿਚ ਤੇ ਨਾ ਕਿਧਰੇ ਹੋਰ ਕਿਸੇ ਨੇ ਦਲੀਪ ਸਿੰਘ ਨੂੰ ਗੰਭੀਰਤਾ ਨਾਲ ਲਿਆ। ਇਹ ਸ਼ੇਖ ਚਿਲੀ ਵਾਲਾ ਦੌਰ ਕੁਝ ਸਾਲ ਚੱਲਦਾ ਰਿਹਾ। ਇਹ ਯਕੀਨ ਦਵਾਏ ਜਾਣ 'ਤੇ ਕਿ ਉਸ ਦੇ ਕਰਜੇ ਦਾ ਭੁਗਤਾਨ ਕਰ ਦਿੱਤਾ ਜਾਵੇਗੀ, ਉਸ ਨੇ ਆਪਣੇ ਕੰਮਾਂ ਬਾਰੇ ਮਹਾਰਾਣੀ ਤੋਂ ਮੁਆਫ਼ੀ ਮੰਗ ਲਈ ਤੇ ਆਪਣੀ ਫਜ਼ੂਲ ਖਰਚੀ ਵਾਲੀ ਜ਼ਿੰਦਗੀ ਦੋਬਾਰਾ ਸ਼ੁਰੂ ਕਰ ਦਿੱਤੀ। ਆਪਣੀ ਇਥੋਪੀਅਨ ਬੀਵੀ ਦੇ ਮਰਨ ਤੋਂ ਬਾਅਦ ਉਸ ਨੇ ਇਕ ਫਰਾਂਸੀਸੀ ਔਰਤ ਨਾਲ ਸ਼ਾਦੀ ਕਰ ਲਈ। ਦਲੀਪ ਸਿੰਘ 23 ਅਕਤੂਬਰ 1893 ਨੂੰ ਪੈਰਿਸ ਦੇ ਇਕ ਹੋਟਲ ਵਿਚ ਪੂਰਾ ਹੋ ਗਿਆ।

ਦਲੀਪ ਦੀ ਮਾਂ ਮਹਾਰਾਣੀ ਜਿੰਦਾਂ ਨੂੰ 1848 ਵਿਚ ਲਾਹੌਰ ਤੋਂ ਨਿਕਾਲਾ ਦੇ ਦਿੱਤਾ ਸੀ। ਉਸ ਦਾ ਭੱਤਾ ਲਗਾਤਾਰ ਪਹਿਲਾਂ ਡੇਢ ਲੱਖ ਤੋਂ ਘਟਾ ਕੇ 48 ਹਜ਼ਾਰ ਸਾਲਾਨਾ ਕੀਤਾ ਤੇ ਫਿਰ ਅਖੀਰ ਵਿਚ 12,000 ਹੀ ਰਹਿਣ ਦਿੱਤਾ

ਗਿਆ ਸੀ। ਬਨਾਰਸ ਭੇਜਣ ਤੋਂ ਪਹਿਲਾਂ ਉਸ ਦੇ ਸਾਰੇ ਜਾਤੀ ਜ਼ੇਵਰਾਤ ਵੀ ਜ਼ਬਤ ਕਰ ਲਏ ਗਏ ਸਨ। ਉਹ 18 ਅਪ੍ਰੈਲ 1849 ਨੂੰ ਆਪਣੇ ਪਹਿਰੇਦਾਰਾਂ ਨੂੰ ਚਕਮਾ ਦੇ ਕੇ ਕਾਠਮੰਡੂ ਪਹੁੰਚ ਗਈ। ਉਹ ਇਹ ਸਮਝਦੀ ਸੀ ਕਿ ਪੰਜਾਬ ਦੇ ਲੋਕ ਅੰਗਰੇਜ਼ਾਂ ਖਿਲਾਫ ਉਠ ਖੜੇ ਹੋਣਗੇ ਜਾਂ ਇਹ ਉਮੀਦ ਵੀ ਰੱਖਦੀ ਸੀ ਕਿ ਪੰਜਾਬ ਨੂੰ ਆਜ਼ਾਦ ਕਰਵਾਉਣ ਵਿਚ ਗੋਰਖੇ ਉਸ ਦੀ ਮਦਦ ਕਰਨਗੇ। ਇਹਨਾਂ ਸਾਰੀਆਂ ਉਮੀਦਾਂ ਉਪਰ ਪਾਣੀ ਫਿਰਦਾ ਵੇਖ ਕੇ ਉਸ ਨੇ ਪਨਾਂਹਗਿਰੀ ਛੱਡ ਦਿੱਤੀ ਤੇ 1861 ਵਿਚ ਉਸ ਨੂੰ ਇੰਗਲੈਂਡ ਜਾ ਕੇ ਆਪਣੇ ਪੁਤਰ ਨੂੰ ਮਿਲਣ ਦੀ ਆਗਿਆ ਦੇ ਦਿੱਤੀ। ਉਸ ਨੇ ਆਪਣਾ ਇਕ ਵੱਖਰਾ ਘਰ ਕੀਨਿੰਗਸਟਨ ਵਿਚ ਬਣਾਇਆ ਜਿੱਥੇ ਉਹ ਦੋ ਸਾਲ ਬਾਅਦ ਮਰ ਗਈ, ਇਕ ਬਹੁਤ ਉਦਾਸ ਤੇ ਬੇਚੈਨ ਔਰਤ। ਉਸ ਦੀ ਆਖਰੀ ਖਾਹਿਸ਼ ਸੀ ਕਿ "ਮੇਰੀਆਂ ਹੱਡੀਆਂ ਇਸ ਨਾਪਾਕ ਮੁਲਕ ਵਿਚ ਨਾ ਗਲਣ ਦੇਣੀਆਂ।" ਉਸ ਦਾ ਪੁੱਤਰ ਉਸ ਦੀ ਰਾਖ ਲੈ ਕੇ ਭਾਰਤ ਵਿਚ ਹਰਿਦੁਆਰ ਪਹੁੰਚਿਆ ਤੇ ਗੰਗਾ ਵਿਚ ਪਰਵਾਹ ਕਰ ਦਿੱਤੀਆਂ।

ਦੀਵਾਨ ਮੂਲ ਰਾਜ ਨੂੰ ਗਿਰਫਤਾਰ ਕਰਕੇ ਲਾਹੌਰ ਲੈ ਆਂਦਾ ਗਿਆ। ਉਸ ਉਪਰ ਵਾਂਸ ਐਗਨੀਊ ਤੇ ਐਂਡਰਸਨ ਦੇ ਕਤਲ ਦਾ ਮੁਕਦਮਾ ਚਲਾਇਆ ਗਿਆ। ਇਹ ਮੁਕਦਮਾ ਇਕ ਕਾਨੂੰਨੀ ਨਾਟਕ ਹੀ ਸੀ ਕਿਉਂਕਿ ਲਾਰਡ ਡਲਹੌਜ਼ੀ ਨੇ ਇਸ ਜੁਰਮ ਬਾਰੇ ਪਹਿਲਾਂ ਹੀ ਆਪਣਾ ਮਨ ਬਣਾਇਆ ਹੋਇਆ ਸੀ। ਇਸ ਦੀ ਸੁਣਵਾਈ ਤੋਂ ਤਿੰਨ ਮਹੀਨੇ ਪਹਿਲਾਂ ਡਲਹੌਜ਼ੀ ਨੇ ਲਿਖਿਆ ਸੀ ਕਿ, 'ਮੈਂ ਉਸ ਨੂੰ ਫਾਂਸੀ ਨਹੀਂ ਦੇ ਸਕਦਾ ਪਰ ਮੈਂ ਉਸ ਨੂੰ ਅਜਿਹੀ ਚੀਜ਼ ਦੇਵਾਂਗਾ ਜੋ ਉਹ ਵੀ ਸੋਚੇਗਾ ਕਿ ਫਾਂਸੀ ਨਾਲੋਂ ਹਜ਼ਾਰ ਗੁਣਾ ਭੈੜੀ ਹੈ। ਮੈਂ ਉਸ ਨੂੰ ਹਜ਼ਾਰਾਂ ਮੀਲ ਦੂਰ ਸਮੁੰਦਰੋਂ ਪਾਰ ਉਸ ਥਾਂ ਉਪਰ ਭੇਜਾਂਗਾ ਜਿਸ ਨੂੰ ਲੋਕ 'ਕਾਲਾ ਪਾਣੀ' ਕਹਿੰਦੇ ਹਨ ਤੇ ਉਹ ਮੌਤ ਨਾਲੋਂ ਜ਼ਿਆਦਾ ਭਿਅੰਕਰ ਹੈ।' ਤਿੰਨ ਜੱਜਾਂ ਦੇ ਬੈਂਚ ਵਾਲੀ ਅਦਾਲਤ ਨੇ ਮੂਲ ਰਾਜ ਨੂੰ ਇਹਨਾਂ ਦੋ ਅੰਗਰੇਜ਼ੀ ਅਫਸਰਾਂ ਦੀ ਮੌਤ ਵਿਚ ਸ਼ਾਮਿਲ ਮੰਨਿਆ ਤੇ ਮੌਤ ਦੀ ਸਜ਼ਾ ਸੁਣਾਈ ਜੋ ਬਾਅਦ ਵਿਚ ਬਦਲ ਕੇ ਕਾਲੇ ਪਾਣੀ ਦੀ ਕਰ ਦਿੱਤੀ। ਜਿਵੇਂ ਡਲਹੌਜ਼ੀ ਨੇ ਪਹਿਲਾਂ ਹੀ ਅੰਦਾਜ਼ਾ ਲਗਾਇਆ ਸੀ ਕਿ ਮੂਲ ਰਾਜ ਕਾਲੇ ਪਾਣੀ ਤੋਂ ਬਹੁਤ ਘਬਰਾ ਜਾਵੇਗਾ, ਉਹ ਕਲਕੱਤੇ ਵਿਚ ਕਿਸ਼ਤੀ ਦਾ ਇੰਤਜ਼ਾਰ ਕਰਦੇ ਬੀਮਾਰ ਹੋ ਗਿਆ। ਉਸ ਨੇ ਮਰਨ ਵਾਸਤੇ ਬਨਾਰਸ ਜਾਣ ਦੀ ਆਗਿਆ ਮੰਗੀ। ਇਹ ਆਗਿਆ ਮੰਨਜ਼ੂਰ ਕਰ ਲਈ ਤੇ ਉਹ ਪਵਿੱਤਰ ਸ਼ਹਿਰ ਦੇ ਰਸਤੇ ਵਿਚ ਹੀ 11 ਅਗਸਤ, 1851 ਨੂੰ ਮਰ ਗਿਆ। ਉਸ ਦੀ ਉਮਰ 36 ਸਾਲ ਦੀ ਸੀ।

ਅਸਲੀ ਕਾਤਲ ਗੋਦਰ ਸਿੰਘ ਵੀ ਫੜ੍ਹਿਆ ਹੋਇਆ ਸੀ। ਉਹ ਮੁਜਰਿਮ ਕਰਾਰ ਦਿੱਤਾ ਗਿਆ ਤੇ ਉਸ ਨੂੰ ਫਾਂਸੀ ਦੀ ਸਜ਼ਾ ਮਿਲੀ।

ਕਾਹਨ ਸਿੰਘ, ਜਿਸ ਨੇ ਮੂਲ ਰਾਜ ਦੀ ਜਗ੍ਹਾ ਮੁਲਤਾਨ ਦਾ ਗਵਰਨਰ ਬਣਨਾ ਸੀ, ਬਹੁਤ ਉਦਾਸੀ ਤੇ ਤਕਲੀਫ ਕੱਟ ਕੇ ਪੂਰਾ ਹੋਇਆ। ਅੰਗਰੇਜ਼ ਅਫਸਰਾਂ ਦੇ ਕਤਲ ਤੋਂ ਬਾਅਦ ਇਸ ਨੂੰ ਤੇ ਇਸ ਦੇ ਪੁੱਤਰ ਨੂੰ ਗਿਰਫਤਾਰ ਕਰਕੇ, ਹੱਥਕੜੀਆਂ ਤੇ ਬੇੜੀਆਂ ਲਗਾ ਕੇ ਕਿਲ੍ਹੇ ਦੀ ਕਾਲ ਕੋਠਰੀ ਵਿਚ ਕੈਦ ਕਰ ਦਿੱਤਾ ਸੀ। ਜਦੋਂ 30 ਦਸੰਬਰ, 1848 ਨੂੰ ਕਿਲ੍ਹੇ ਦੇ ਅੰਦਰ ਬਰੂਦ ਦੇ ਜ਼ਖੀਰੇ ਨੂੰ ਅੱਗ ਲੱਗੀ ਤਾਂ ਨਾ ਸਿਰਫ ਹਿਫ਼ਾਜ਼ਤੀ ਸਿਪਾਹੀਆਂ ਦੀ ਹੀ ਮੌਤ ਹੋਈ, ਅੰਦਰ ਬਣੇ ਕੈਦਖਾਨੇ ਦੀ ਛੱਤ ਵੀ ਡਿੱਗ ਪਈ। ਜਦੋਂ ਕਦੇ ਬਾਅਦ ਵਿਚ ਮਲਬਾ ਸਾਫ਼ ਕੀਤਾ ਤਾਂ ਉਸ ਵਿਚੋਂ ਹੱਡੀਆਂ ਦੇ ਦੋ ਪਿੰਜਰ ਮਿਲੇ, ਇਕ ਵੱਡੇ ਬੰਦੇ ਦਾ ਤੇ ਇਕ ਬੱਚੇ ਦਾ, ਦੋਹਾਂ ਦੇ ਹੱਥਾਂ ਤੇ ਪੈਰਾਂ ਵਿਚ ਸੰਗਲ ਲੱਗੇ ਹੋਏ ਸਨ।

ਚਤਰ ਸਿੰਘ ਤੇ ਸ਼ੇਰ ਸਿੰਘ ਨਾਲ ਜੰਗੀ ਕੈਦੀਆਂ ਵਾਲਾ ਸਲੂਕ ਕੀਤਾ ਗਿਆ ਸੀ। ਜਦੋਂ ਨਵੇਂ ਮਾਲਕਾਂ ਨੇ ਲਾਹੌਰ ਦੇ ਤਖਤ ਉਪਰ ਚੰਗੀ ਤਰ੍ਹਾਂ ਕਬਜ਼ਾ ਜਮਾ ਲਿਆ ਤਾਂ ਉਹਨਾਂ ਨੂੰ ਪੈਰੋਲ ਉਪਰ ਰਿਹਾ ਕਰ ਦਿੱਤਾ ਕਿ ਉਹ ਪਿੰਡ, ਅਟਾਰੀ, ਵਿਚ ਆਪਣੀ ਰੀਟਾਇਰ ਜ਼ਿੰਦਗੀ ਬਸਰ ਕਰ ਸਕਣ। ਬਵਜੂਦ ਅੰਗਰੇਜ਼ਾਂ ਵੱਲੋਂ ਰੋਕਣ ਦੀ ਪੂਰੀ ਕੋਸ਼ਿਸ਼ ਦੇ ਇਹਨਾਂ ਦੋਹਾਂ ਅਟਾਰੀਵਾਲਿਆਂ ਨੂੰ ਲੋਕ ਸ਼ੇਰ ਬਹਾਦਰ ਸਮਝਦੇ ਰਹੇ। ਪੰਜਾਬ ਬੋਰਡ ਦੇ ਪ੍ਰਧਾਨ ਨੇ ਇਹਨ੍ਹਾਂ ਤੋਂ ਛੁਟਕਾਰਾ ਹਾਸਿਲ ਕਰਨ ਵਾਸਤੇ ਇਕ ਅਜੀਬ ਕਿਸਮ ਦਾ ਬਹਾਨਾ ਬਣਾਇਆ। ਸੂਰਜ ਗ੍ਰਹਿਣ ਦੇ ਵਕਤ ਇਹਨਾਂ ਸਰਦਾਰਾਂ ਨੇ ਬ੍ਰਾਹਮਣਾ ਦਾ ਭੋਜਨ ਕੀਤਾ ਸੀ। ਇਸ ਨੂੰ ਪੈਰੋਲ ਦੀਆਂ ਸ਼ਰਤਾਂ ਦੀ ਉਲੰਘਣਾ ਕਰਾਰ ਦਿੱਤਾ ਗਿਆ। ਪ੍ਰਧਾਨ ਨੇ ਇਹਨਾਂ ਦੋਹਾਂ ਨੂੰ ਗਿਰਫਤਾਰ ਕਰਕੇ ਜਲਾਵਤਨ ਕਰ ਦਿੱਤਾ। ਇਹਨਾਂ ਦੇ ਨਾਲ ਹੀ ਕੁਝ ਹੋਰ ਜਿਵੇਂ ਕਿ ਲਾਲ ਸਿੰਘ ਮੋਰਾਨੀਆ ਨਾਲ ਵੀ ਇਸੇ ਤਰ੍ਹਾਂ ਕੀਤਾ। ਚਤਰ ਸਿੰਘ ਤੇ ਸ਼ੇਰ ਸਿੰਘ, ਦੋਹਾਂ ਦੀ, ਜਲਾਵਤਨੀ ਵਿਚ ਮੌਤ ਹੋਈ।

***

ਇਸ ਕਥਾ ਦੇ ਕੁਝ ਹੋਰ ਪਾਤਰ ਵੀ ਹਨ ਜਿਹਨਾਂ ਬਾਰੇ ਇਤਿਹਾਸ ਵਿਚ ਬਹੁਤ ਘੱਟ ਜਾਣਕਾਰੀ ਮਿਲਦੀ ਹੈ। ਜਦੋਂ ਅਟਾਰੀਵਾਲਾ ਸਰਦਾਰਾਂ ਨੇ ਹਥਿਆਰ ਸੁੱਟ ਦਿੱਤੇ ਸਨ, ਓਦੋਂ ਵੀ ਬਹੁਤ ਸਾਰੇ ਲੋਕ ਸਨ ਜਿਹਨਾਂ ਨੇ ਲੜਾਈ ਜਾਰੀ ਰੱਖਣ ਦਾ ਫੈਸਲਾ ਲਿਆ ਸੀ। ਉਹਨਾਂ ਵਿਚੋਂ ਮੁੱਖ ਭਾਈ ਮਹਾਰਾਜ ਸਿੰਘ, ਕਰਨਲ ਰਛਪਾਲ ਸਿੰਘ ਤੇ ਨਰਾਇਣ ਸਿੰਘ ਸ਼ਾਮਿਲ ਸਨ। ਉਹ ਪਿੰਡ ਪਿੰਡ ਜਾ ਕੇ ਕਿਸਾਨਾਂ ਵਿਚ ਪ੍ਰਚਾਰ ਕਰਦੇ ਰਹੇ ਕਿ ਉਹ ਅੰਗਰੇਜ਼ਾਂ ਨੂੰ ਤਸਲੀਮ ਨਾ ਕਰਨ। ਅੰਗਰੇਜ਼ਾਂ ਨੇ ਇਹਨਾਂ ਨੂੰ, ਜਿੰਦਾ ਜਾ ਮੁਰਦਾ, ਪਕੜਨ ਵਾਲੇ ਵਾਸਤੇ ਵੱਡੇ ਇਨਾਮ ਰੱਖੇ ਪਰ ਲੋਕਾਂ ਨੇ ਨਹੀਂ ਅਜਿਹਾ ਨਹੀਂ ਕੀਤਾ ਤੇ ਇਹਨਾਂ ਨੂੰ ਕੋਈ ਧੋਖਾ ਨਹੀਂ ਦਿੱਤਾ। ਆਖਿਰ ਇਹਨਾਂ ਦੇ ਖਿਲਾਫ਼ ਇਕ ਵੱਡਾ ਪੁਲਿਸ ਦਾ ਜਾਲ

ਵਿਛਾਇਆ ਗਿਆ। ਨਰਾਇਣ ਸਿੰਘ ਨੂੰ ਜ਼ਿੰਦਾ ਫੜ ਲਿਆ ਗਿਆ ਸੀ। ਕਰਨਲ ਰਛਪਾਲ ਸਿੰਘ ਨੂੰ ਜਦੋਂ ਫੜਿਆ ਤਾਂ ਉਹ ਬੁਰੀ ਤਰਾਂ ਜ਼ਖਮੀ ਸੀ। ਭਾਈ ਮਹਾਰਾਜ ਦੇ ਸਿਰ ਉਪਰ 10,000 ਰੁਪੈ ਦਾ ਇਨਾਮ ਸੀ। ਉਹ 28 ਦਸੰਬਰ, 1849 ਨੂੰ ਆਪਣੇ ਬਿਨਾਂ ਹਥਿਆਰਾਂ ਦੇ 30 ਸ਼ਰਧਾਲੂਆਂ ਸਮੇਤ ਫੜਿਆ ਗਿਆ ਸੀ। ਜਦੋਂ ਉਸ ਨੂੰ ਫੜ ਕੇ ਜਲੰਧਰ ਲਿਆਂਦਾ ਗਿਆ ਤਾਂ ਸਿਪਾਹੀਆਂ ਨੇ ਬੰਦੂਕਾਂ ਹੇਠਾਂ ਰੱਖ ਕੇ ਤੇ ਆਪਣੇ ਗੋਢੇ ਮੂਧੇ ਮਾਰ ਕੇ ਉਸ ਨੂੰ ਮੱਥਾ ਟੇਕਿਆ। ਅਗਲੇ ਕੁਝ ਦਿਨ ਬਹੁਤ ਸਾਰੇ ਲੋਕ, ਹਿੰਦੂ, ਸਿੱਖ ਤੇ ਮੁਸਲਮਾਨ, ਉਸ ਜੇਲ ਦੀ ਦਿਵਾਰ ਨਾਲ ਲੱਗ ਕੇ ਮੱਥਾ ਟੇਕਦੇ ਰਹੇ ਜਿੱਥੇ ਭਾਈ ਮਹਾਰਾਜ ਸਿੰਘ ਨੂੰ ਕੈਦ ਰੱਖਿਆ ਸੀ। ਮਿਸਟਰ ਵਾਨਸੀਟਾਰਟ ਜਿਸ ਨੇ ਉਸ ਨੂੰ ਗਿਰਫਤਾਰ ਕੀਤਾ ਲਿਖਦਾ ਹੈ ਕਿ, "ਗੁਰੂ ਕੋਈ ਸਧਾਰਨ ਵਿਅਕਤੀ ਨਹੀਂ ਹੈ। ਉਹ ਆਪਣੀ ਕੌਮ ਦੇ ਲੋਕਾਂ ਵਾਸਤੇ ਉਸੇ ਤਰ੍ਹਾਂ ਹੈ, ਜਿਸ ਤਰ੍ਹਾਂ ਕੱਟੜ ਇਸਾਈਆਂ ਵਾਸਤੇ ਜਸੂ ਮਸੀਹ ਹੈ।" ਸਰਕਾਰ ਭਾਰਤ ਵਿਚ ਹੀ ਉਸ ਵਿਰੁੱਧ ਖੁਲੀ ਅਦਾਲਤ ਦੇ ਮੁਕਦਮੇ ਦਾ ਖ਼ਤਰਾ ਨਹੀਂ ਲੈ ਸਕਦੀ ਸੀ। ਉਸ ਨੂੰ ਜਲਾਵਤਨ ਕਰ ਕੇ ਸਿੰਘਾਪੁਰ ਭੇਜ ਦਿੱਤਾ ਗਿਆ। ਤਿੰਨ ਸਾਲ ਵਾਸਤੇ ਭਾਈ ਨੂੰ ਜੇਲ ਦੇ ਇਕ ਵੱਖਰੇ ਸੈਲ ਵਿਚ ਰੱਖਿਆ ਗਿਆ ਜਿਥੇ 5 ਜੁਲਾਈ 1856 ਨੂੰ ਉਸ ਦੀ ਮੌਤ ਹੋ ਗਈ।

ਜਿੱਥੇ ਭਾਈ ਮਹਾਰਾਜ ਸਿੰਘ ਦਾ ਸਸਕਾਰ ਕੀਤਾ ਗਿਆ ਸੀ, ਉਥੇ ਅੱਜ ਇਕ ਨਿੱਕੀ ਜਿਹੀ ਸਮਾਧ ਹੈ। ਉਸ ਦੇ ਨਜ਼ਦੀਕ ਹੀ ਇਕ ਵੱਡਾ ਹਸਪਤਾਲ ਬਣਿਆ ਹੋਇਆ ਹੈ। ਦਿਨ ਤੇ ਰਾਤ ਦੇ ਹਰੇਕ ਵਕਤ, ਆਦਮੀਆਂ ਤੇ ਔਰਤਾਂ, ਚੀਨੀ, ਮਲੇ, ਤਾਮਿਲ ਤੇ ਪੰਜਾਬੀ ਉਸ ਸਮਾਧ ਉਪਰ ਸ਼ਰਦਾ ਲੈ ਕੇ ਜਾਂਦੇ ਹਨ। ਉਥੇ ਫੁੱਲ ਤੇ ਪੈਸਿਆਂ ਦੀ ਭੇਟ ਕਰਦੇ ਹਨ ਤੇ ਮੋਮਬੱਤੀਆਂ ਜਾ ਦੀਵੇ ਵੀ ਜਗਾਉਂਦੇ ਹਨ। ਉਥੇ ਇਹ ਵਿਸ਼ਵਾਸ ਫੈਲ ਗਿਆ ਹੈ ਕਿ ਇਸ ਸਮਾਧ ਦੀ ਬੰਦਗੀ ਕਰਨ ਨਾਲ ਹਸਪਤਾਲ ਦਾ ਮਰੀਜ਼ ਰਾਜੀ ਹੁੰਦਾ ਹੈ ਤੇ ਉਸ ਦਾ ਆਪਰੇਸ਼ਨ ਕਾਮਯਾਬ ਹੋ ਜਾਂਦਾ ਹੈ। ਹਾਲਾਂਕਿ ਉਹਨਾਂ ਵਿਚੋਂ ਕਿਸੇ ਨੂੰ ਵੀ ਉਸ ਦਾ ਨਾਮ ਭਾਈ ਮਹਾਰਾਜ ਸਿੰਘ ਕਰਕੇ ਨਹੀਂ ਪਤਾ। ਉਸ ਨੂੰ ਉਥੇ 'ਸਿਰਫ ਕਰਨੀ ਵਾਲਾ ਬਾਬਾ' ਕਿਹਾ ਜਾਂਦਾ ਹੈ।

ਪੰਜਾਬ ਦੇ ਅੰਦਰ ਜਿਹਨਾਂ ਲੋਕਾਂ ਨੇ ਫ਼ੀਰੋਜ਼ਸ਼ਾਹ, ਸਭਰਾਵਾਂ, ਚਿੱਲਿਆਂਵਾਲਾ ਤੇ ਗੁਜਰਾਤ ਵਿਚ ਲੜਾਈਆਂ ਲੜੀਆਂ, ਉਹਨਾਂ ਦੀਆਂ ਯਾਦਾਂ ਜਲਦੀ ਹੀ ਭੁਲਾ ਦਿੱਤੀਆਂ ਗਈਆਂ। ਪੰਜਾਬ ਉਪਰ ਕਬਜ਼ੇ ਤੋਂ ਸਿਰਫ਼ 8 ਸਾਲ ਬਾਅਦ ਹੀ 1857 ਦਾ ਗਦਰ ਹੋ ਗਿਆ ਸੀ ਜਿਸ ਵਿਚ ਪੰਜਾਬੀਆਂ ਨੇ ਆਪਣੇ ਭਾਰਤੀ ਭਰਾਵਾਂ ਨੂੰ ਹਰਾਉਣ ਵਾਸਤੇ ਨਵੇਂ ਮਾਲਕਾਂ, ਅੰਗਰੇਜ਼ਾਂ, ਦਾ ਸਾਥ ਦਿੱਤਾ। ਆਪਣੇ ਪਿਛਲੇ ਇਤਿਹਾਸ ਨੂੰ ਤਿਲਾਂਜਲੀ ਦੇਣ ਵਾਲੇ ਪੰਜਾਬੀਆਂ ਦੀ

ਨਵੀਂ ਨਸਲ ਪੈਦਾ ਹੋ ਗਈ ਸੀ। ਭਾਰਤ ਦੀ ਆਖਰੀ ਆਜ਼ਾਦ ਬਾਦਸ਼ਾਹਤ ਖ਼ਤਮ ਹੋਣ ਉਪਰ ਦੁਖੀ ਹੋਣ ਦੀ ਬਜਾਏ, ਬਹੁਤ ਸਾਰੇ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦੇ ਵੱਡੇ ਵਫ਼ਾਦਾਰ ਹੋਣ ਉਪਰ ਮਾਣ ਮਹਿਸੂਸ ਕਰਦੇ ਸਨ। ਅੰਗਰੇਜ਼ਾਂ ਵਿਰੁੱਧ ਲੜਨ ਵਾਲੇ ਆਪਣੇ ਬਹਾਦਰ ਬਜ਼ੁਰਗਾਂ ਪ੍ਰਤੀ ਸਰਧਾ ਰੱਖਣ ਦੀ ਬਜਾਏ ਉਹ ਆਪਣੇ ਆਪ ਨੂੰ 'ਮਹਾਨ ਬ੍ਰਤਾਨਵੀ ਸਲਤਨਤ ਦੀ ਤਲਵਾਰ' ਅਖਵਾ ਕੇ ਖ਼ੁਸ਼ ਸਨ। ਇਸ ਤਰ੍ਹਾਂ ਇਤਿਹਾਸ ਦੀ ਸਲੇਟ ਉਪਰ ਪੂੰਝਾ ਮਾਰ ਦਿੱਤਾ ਗਿਆ।

****



ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਲਾਹੌਰ ਦੇ ਸਿੱਖ ਰਾਜ ਦੇ ਅੰਤ ਬਾਰੇ ਬਹੁਤ ਕੁਝ ਲਿਖਿਆ ਗਿਆ ਹੈ ਪਰ ਇਤਨੇ ਥੋੜੇ ਲਫ਼ਜ਼ਾਂ ਵਿਚ ਤੇ ਇਤਨੀ ਬਰੀਕੀ ਨਾਲ ਹੋਰ ਕਿਸੇ ਨੇ ਨਹੀਂ ਲਿਖਿਆ ਜਿਸ ਤਰ੍ਹਾਂ ਖ਼ੁਸ਼ਵੰਤ ਸਿੰਘ ਨੇ ਇਸ ਕਿਤਾਬ ਵਿਚ ਲਿਖਿਆ ਹੈ। ਇਤਿਹਾਸ ਦੇ ਇਸ ਦੌਰ ਵਿਚ ਬਹੁਤ ਹੀ ਘਟਨਾਵਾਂ ਵਾਪਰੀਆਂ ਤੇ ਉਹਨਾਂ ਸਾਰੀਆਂ ਦਾ ਇਸ ਕਿਤਾਬ ਵਿਚ ਜ਼ਿਕਰ ਹੈ। ਇਹ ਕਿਤਾਬ ਖੋਜ ਕਰਤਾਵਾਂ ਵਾਸਤੇ ਵੀ ਉਤਨੀ ਹੀ ਫ਼ਾਇਦੇਮੰਦ ਹੈ ਜਿਤਨੀ ਇਤਿਹਾਸ ਵਿਚ ਦਿਲਚਸਪੀ ਰੱਖਣ ਵਾਲੇ ਕਿਸੇ ਵੀ ਵਿਅਕਤੀ ਵਾਸਤੇ। 'ਕੁੱਜੇ ਵਿਚ ਸਮੁੰਦਰ ਬੰਦ ਕਰਨਾ' ਪਤਾ ਨਹੀਂ ਕਿਹੋ ਜਿਹੀ ਕਹਾਵਤ ਹੈ, ਪਰ ਖ਼ੁਸ਼ਵੰਤ ਸਿੰਘ ਨੇ ਇਸ ਕਿਤਾਬ ਵਿਚ ਕਰ ਵਿਖਾਈ ਹੈ।

Forever Learning

ISBN 978-93-5113-484-8

9 789351 134848

www. unistarbooks.com ₹ 150/-